# ਤਫ਼ਤੀਸ਼

ਦਾ

# ਵਿਸ਼ਲੇਸ਼ਣ

ਸੰਪਾਦਕ
ਸੁਖਦੇਵ ਸਿੰਘ ਖਾਹਰਾ
ਪੀ.ਐਚ.ਡੀ.

ਵਾਰਿਸ ਸ਼ਾਹ ਫਾਉਂਡੇਸ਼ਨ
ਅੰਮ੍ਰਿਤਸਰ-143002

TAFTEESH DA VISHLESHAN
Ed. by
Dr.Sukhdev Singh Khahra
Ph.D.
School of Panjabi Studies
G.N.D. University, AMRITSAR.

**ਪਹਿਲੀ ਵਾਰ: 1992**
**ਮੁੱਲ: 30 ਰੁਪਏ**
**ਟਾਈਟਲ: ਵਿਮਲ ਤਿਵਾੜੀ**

**ਪ੍ਰਕਾਸ਼ਕ**
**ਵਾਰਿਸ ਸ਼ਾਹ ਫਾਉਂਡੇਸ਼ਨ**
**42, ਗੁਰੂ ਤੇਗ਼ ਬਹਾਦਰ ਨਗਰ,**
**ਡਾਕਖਾਨਾ ਖਾਲਸਾ ਕਾਲਜ,**
**ਅੰਮ੍ਰਿਤਸਰ**

**ਛਾਪਕ**
**ਚੰਨ ਪ੍ਰਿਟਿੰਗ ਪ੍ਰੈਸ**
**ਗੁਰੂ ਨਾਨਕਪੁਰਾ, ਅੰਮ੍ਰਿਤਸਰ।**

## ਤਤਕਰਾ


ਸੰਪਾਦਕੀ 4-6

ਪਿਛੋਕੜ ਅਤੇ ਪਰਿਪੇਖ: ਮੁੱਢਲੇ ਨਾਵਲ / ਡਾ. ਸੁਖਦੇਵ ਸਿੰਘ ਖਾਹਰਾ 7-11

ਤਫ਼ਤੀਸ਼: ਨਵੀਂ ਦਿਸ਼ਾ ਦਾ ਸੂਚਕ / ਪ੍ਰੋ. ਅਤਰ ਸਿੰਘ 12-13

ਤਫ਼ਤੀਸ਼: ਵਿਧੀ ਅਤੇ ਵਸਤੂ / ਪ੍ਰੋ. ਜੋਗਿੰਦਰ ਸਿੰਘ ਰਾਹੀ 14-20

'ਤਫ਼ਤੀਸ਼' ਅਤੇ ਗਲਪ-ਵਿਧਾ ਦਾ ਮੌਜੂਦਾ ਪੜਾਅ / ਪ੍ਰੋ. ਗੁਰਬਖਸ਼ ਸਿੰਘ ਫ਼ਰੈਂਕ 21-24

ਤਫ਼ਤੀਸ਼: ਵਿਧਾਗਤ ਸੰਰਚਨਾ ਅਤੇ ਦ੍ਰਿਸ਼ਟੀ-ਬਿੰਦੂ / ਡਾ.ਟੀ.ਆਰ. ਵਿਨੋਦ 25-30

ਤਫ਼ਤੀਸ਼: ਵਸਤੂ-ਵਿਸ਼ਲੇਸ਼ਣ ਅਤੇ ਵਿਧੀ-ਮੂਲਕ ਨੁਕਤੇ / ਡਾ.ਐਸ.ਐਸ. ਦੁਸਾਂਝ 31-35

ਪੰਜਾਬੀ ਨਾਵਲ-ਪਰੰਪਰਾ ਵਿਚ 'ਤਫ਼ਤੀਸ਼' ਦੀ ਵਿਲੱਖਣਤਾ / ਡਾ. ਰਘਬੀਰ ਸਿੰਘ (ਸਿਰਜਣਾ) 36-44

'ਤਫ਼ਤੀਸ਼'- ਗਲਪ ਦ੍ਰਿਸ਼ਟੀ ਅਤੇ ਤਕਨੀਕ / ਪ੍ਰੋ. ਨਰਿੰਜਨ ਤਸਨੀਮ 45-51

'ਤਫ਼ਤੀਸ਼' ਦੀ ਤਫ਼ਤੀਸ਼: ਮੀਤ ਦਾ ਯਥਾਰਥ-ਚਿਤ੍ਰਣ / ਡਾ. ਸ.ਨ. ਸੇਵਕ 52-56

'ਤਫ਼ਤੀਸ਼': ਯਥਾਰਥ ਅਤੇ ਕਲਪਣਾ ਦਾ ਦੋਮੇਲ / ਡਾ. ਚਮਨ ਲਾਲ 57-60

ਤਫ਼ਤੀਸ਼ ਦਾ ਯਥਾਰਥ-ਬੋਧ / ਡਾ. ਜੋਗਿੰਦਰ ਸਿੰਘ ਨਿਰਾਲਾ 61-68

'ਤਫ਼ਤੀਸ਼' ਦੇ ਯਥਾਰਥ-ਬੋਧ ਦੀ ਵਿਸ਼ੇਸ਼ਤਾ / ਨਾਵਲਕਾਰ ਇੰਦਰ ਸਿੰਘ ਖ਼ਾਮੋਸ਼ 69-71

'ਤਫ਼ਤੀਸ਼' ਦਾ ਯਥਾਰਥਵਾਦ / ਡਾ. ਅਨੂਪ ਸਿੰਘ 72-77

ਤਫ਼ਤੀਸ਼: ਗਲਪ-ਅਨੁਭਵ ਦੇ ਕੁਝ ਪੱਖ / ਬ੍ਰਹਮਜਗਦੀਸ਼ ਸਿੰਘ 78-81

ਤਫ਼ਤੀਸ਼: ਪੰਜਾਬੀ ਨਾਵਲ ਵਿਚ ਨਵਾਂ ਵਿਧਾਨ / ਮਹਿਲ ਸਿੰਘ 82-89

ਤਫ਼ਤੀਸ਼: ਦੁਖਾਂਤ ਕਿ ਸੁਖਾਂਤ / ਡਾ. ਰਮਿੰਦਰ 90-95

ਤਫ਼ਤੀਸ਼ ਦਾ ਵਿਸ਼ਲੇਸ਼ਣ / ਡਾ. ਸੁਖਦੇਵ ਸਿੰਘ ਖਾਹਰਾ 96-103

ਨਾਵਲਕਾਰ ਮਿੱਤਰ ਸੈਨ ਮੀਤ ਨਾਲ ਮੁਲਾਕਾਤ / ਮੁਲਾਕਾਤ ਕਰਤਾ: ਡਾ. ਸੁਖਦੇਵ ਸਿੰਘ ਖਾਹਰਾ 104-109

## ਸੰਪਾਦਕੀ

ਇਸ ਵੇਲੇ ਪੰਜਾਬੀ ਸਾਹਿਤ ਅਤੇ ਸਮੀਖਿਆ ਨੂੰ ਇਕ ਵੱਡਾ ਖਤਰਾ ਮੰਡੀ-ਕਲਚਰ ਦੇ ਵਧ ਰਹੇ ਰੁਝਾਣ ਤੋਂ ਹੈ। ਇਸ ਵਿਚ ਪਾਉਂਡਾਂ/ਡਾਲਰਾਂ/ਰੁਪਈਆਂ ਦੀ ਚਮਕ, ਮੁਫ਼ਤ ਦੀਆਂ ਦੇਸੀ/ਬਦੇਸ਼ੀ ਯਾਤਰਾਵਾਂ ਦਾ ਲਾਲਚ, ਅਹੁੱਦਿਆਂ ਦੇ ਦਬਾਉ, ਨਿੱਜੀ ਅਸਰ ਰਸੂਖ ਦੀ ਲਿਹਾਜ਼ਦਾਰੀ, ਸੰਚਾਰ/ਪ੍ਰਸਾਰ ਸਾਧਨਾਂ ਦੀ ਦੁਰਵਰਤੋਂ, ਹਉਂ ਆਧਾਰਿਤ ਧੜੇਬੰਦੀਆਂ ਦੀ ਬਦਲੇਖ਼ੋਰੀ, ਖਾਣ ਪਿਆਉਣ ਰਾਹੀਂ ਢਿੱਡ ਅਤੇ ਬੁਧੀ ਨੂੰ ਤੂਸ ਕੇ ਵਰਗਲਾਉਣ ਆਦਿ ਦੇ ਰੂਪ ਵਿਚ ਕਈ ਬੀਮਾਰੀਆਂ ਪ੍ਰਚਲਿਤ ਹੋ ਰਹੀਆਂ ਹਨ। ਇਹਨਾਂ ਬੀਮਾਰੀਆਂ ਦੇ ਮਾਧਿਅਮ ਰਾਹੀਂ ਸਾਹਿਤਕਾਰ ਅਤੇ ਵਿਦਵਾਨ ਥਾਪੇ ਜਾ ਰਹੇ ਹਨ ਅਤੇ ਸਾਧਾਰਣ ਲਿਖਤਾਂ ਨੂੰ ਉੱਤਮ ਕਿਰਤਾਂ ਸਿੱਧ ਕੀਤਾ ਜਾ ਰਿਹਾ ਹੈ। ਇਹ ਸਾਰਾ ਕੁਝ ਏਨੇ ਵਿਉਂਤਬਧ ਤਰੀਕੇ ਨਾਲ ਵਾਪਰ ਰਿਹਾ ਹੈ ਕਿ ਬਹੁਤੀ ਵਾਰ ਆਮ ਪਾਠਕ/ਸਰੋਤੇ/ਦਰਸ਼ਕ ਨੂੰ ਇਸ ਪਿਛੇ ਲੁਕੇ ਹਕੀਕੀ ਮਨਸ਼ਿਆਂ ਤੱਕ ਪਹੁੰਚਣ ਹੀ ਨਹੀਂ ਦਿੱਤਾ ਜਾਂਦਾ। ਇਕ ਅਜਿਹੇ ਭੁਲੇਵੇ ਦੀ ਘਾੜਤ ਕੀਤੀ ਜਾਂਦੀ ਹੈ ਕਿ ਉਹ ਇਸ ਨੂੰ ਤਰੱਕੀ ਦੇ ਨਵੀਨ ਚਿਹਨਾਂ ਦੇ ਰੂਪ ਵਿਚ ਗ੍ਰਹਿਣ ਕਰਨ ਲੱਗਦਾ ਹੈ। ਸਮੀਖਿਆਕਾਰੀ ਦੌਰਾਨ ਮੰਡੀ-ਕਲਚਰ ਦੇ ਉਕਤ ਰੁਝਾਣਾਂ ਨੂੰ ਕਾਊਂਟਰ ਕਰਨ ਲਈ ਸੁਚੇਤ ਪੱਧਰ ਉੱਤੇ ਕੇਵਲ ਸਾਹਿਤਕ ਮੈਰਿਟ ਦੇ ਆਧਾਰ ਉੱਪਰ ਹੀ ਸਾਹਿਤਕਾਰਾਂ ਅਤੇ ਸਾਹਿਤਕ ਰਚਨਾਵਾਂ ਦਾ ਇੰਤਖ਼ਾਬ ਕਰਨ ਦੀ ਯੋਜਨਾ ਬਣਾਈ ਗਈ ਹੈ। ਤਫ਼ਤੀਸ਼ ਬਾਰੇ ਇਹ ਪੁਸਤਕ ਇਸੇ ਯੋਜਨਾ ਦੀ ਇਕ ਕੜੀ ਵਜੋਂ ਤਿਆਰ ਕੀਤੀ ਗਈ ਹੈ।

ਇਹ ਸਾਹਿਤਕ ਮੈਰਿਟ ਹੈ ਕੀ? ਇਸ ਦੇ ਅੰਤਰਗਤ ਕਿਸੇ ਸਾਹਿਤਕਾਰ ਜਾਂ ਸਾਹਿਤਕ-ਰਚਨਾ ਦੇ ਸੁਹਜ-ਸ਼ਾਸਤ੍ਰੀ ਅਤੇ ਗਿਆਨ-ਸ਼ਾਸਤ੍ਰੀ ਸਮਿਨਵੈ ਦੀ ਉਸ ਪੱਧਰ ਦਾ ਅਧਿਐਨ ਆ ਜਾਂਦਾ ਹੈ, ਜੋ ਉਸ ਨੂੰ ਉਸ ਦੀ ਪਰੰਪਰਾ ਨਾਲ ਸੰਬਾਦਕ ਰਿਸ਼ਤੇ ਵਿਚ ਜੋੜਦੀ ਹੈ। ਇਸ ਸੰਬਾਦਕ ਰਿਸ਼ਤੇ ਰਾਹੀਂ ਉਸਦੀ ਵਿਲੱਖਣਤਾ ਨੂੰ ਵਿਭਿੰਨ ਨੁਕਤਿਆਂ ਤੋਂ ਪਛਾਣਨ ਦਾ ਯਤਨ ਕੀਤਾ ਜਾਂਦਾ ਹੈ। ਇਸ ਪ੍ਰਸੰਗ ਵਿਚ ਪੰਜਾਬੀ ਨਾਵਲ ਦੀ ਪਰੰਪਰਾ, ਵਿਸ਼ੇਸ਼ ਕਰਕੇ ਯਥਾਰਥਵਾਦੀ ਪੰਜਾਬੀ ਨਾਵਲ ਦੀ ਪ੍ਰਵਿਰਤੀ ਵਿਚ ਮਿੱਤਰ ਸੈਨ ਮੀਤ ਦੇ ਨਾਵਲ ਤਫ਼ਤੀਸ਼ ਦਾ ਪ੍ਰਕਾਸ਼ਨ ਕਈ ਪੱਖਾਂ ਤੋਂ ਮਹੱਤਵਪੂਰਣ ਸਾਹਿਤਕ ਘਟਨਾ ਹੈ। ਇਹ ਰਚਨਾ ਇਕੋ ਵੇਲੇ ਆਪਣੀ ਪਰੰਪਰਾ ਨਾਲ ਸਾਂਝ ਵੀ ਰੱਖਦੀ ਹੈ ਅਤੇ ਕਈ ਬਿੰਦੂਆਂ ਤੇ ਇਸ ਨਾਲੋਂ ਤੋੜ ਵਿਛੋੜਾ ਕਰਕੇ ਨਵੀਨ ਸਿਰਜਣਾਤਮਕ ਮਾਨਦੰਡਾਂ ਦਾ ਅਵਿਸ਼ਕਾਰ ਕਰਦੀ ਵੀ ਨਜ਼ਰ ਆਉਂਦੀ ਹੈ। ਇਸ ਪੁਸਤਕ ਵਿਚ ਵਿਦਵਾਨ ਆਲੋਚਕਾਂ ਅਤੇ ਖੋਜ-ਵਿਦਿਆਰਥੀਆਂ ਦੇ ਜਿੰਨੇ ਲੇਖ ਸ਼ਾਮਿਲ ਕੀਤੇ ਗਏ ਹਨ, ਉਹ ਸਾਰੇ 'ਸਾਂਝ' ਅਤੇ 'ਨਵੀਨ ਸਿਰਜਣਾਤਮਕ ਮਾਨਦੰਡਾਂ' ਦੇ ਦੋਵਾਂ ਪਹਿਲੂਆਂ ਨੂੰ ਅੰਤਰ-ਸੰਬੰਧਿਤ ਕਰਕੇ ਇਹਨਾਂ ਦੇ ਆਧਾਰਾਂ ਦੀ ਤਲਾਸ਼ ਪ੍ਰਤੀ ਰੁਚਿਤ ਹੁੰਦੇ ਹਨ। ਇਸ ਤਲਾਸ਼ ਵਿਚ ਗਲਪ-ਅਨੁਭਵ ਦੀ ਤਾਜ਼ਗੀ ਅਤੇ ਵਿਸਤ੍ਰਿਤ ਘੇਰੇ, ਗਲਪ-ਦ੍ਰਿਸ਼ਟੀ ਅਤੇ ਜੀਵਨ-ਦ੍ਰਿਸ਼ਟੀ ਦੇ ਸਹਿਜ ਸੁਮੇਲ, ਵਿਧੀ ਦੇ ਨਿਵੇਕਲੇਪਣ ਦੀ ਵਿਆਖਿਆ ਅਤੇ ਕਈ ਹੋਰ ਪੱਖਾਂ ਦਾ ਵਿਸ਼ਲੇਸ਼ਣ ਆ ਜਾਂਦਾ ਹੈ।

ਜਿਵੇਂ ਰਚਨਾ ਦੀ ਚੋਣ ਲਈ ਸਾਹਿਤਕ ਮੈਰਿਟ ਨੂੰ ਆਧਾਰ ਬਣਾਇਆ ਗਿਆ ਹੈ, ਉਸੇ ਤਰ੍ਹਾਂ ਲੇਖਾਂ ਦੀ ਚੋਣ ਸਮੇਂ ਵੀ ਵਿਦਵਾਨਾਂ ਦੀ ਆਲੋਚਨਾਤਮਕ ਯੋਗਤਾ ਨੂੰ ਮੱਦੇਨਜ਼ਰ ਰੱਖਿਆ ਗਿਆ ਹੈ। ਪੁਸਤਕ ਵਿਚ ਸ਼ਾਮਿਲ ਵਧੇਰੇ ਵਿਦਵਾਨ ਪੰਜਾਬੀ ਸਾਹਿਤ-ਚਿੰਤਨ ਦੇ ਪ੍ਰਮਾਣਿਤ ਅਤੇ ਅਧਿਕਾਰਤ ਹਸਤਾਖ਼ਰ ਹਨ। ਸੁਚੇਤ ਪੱਧਰ ਉੱਤੇ ਕੋਸ਼ਿਸ਼ ਇਹ ਕੀਤੀ ਗਈ

ਹੈ ਕਿ ਜ਼ਿਆਦਾਤਰ ਲੇਖ ਉਹਨਾਂ ਵਿਦਵਾਨਾਂ ਅਤੇ ਖੋਜ-ਵਿਦਿਆਰਥੀਆਂ ਦੇ ਲਏ ਜਾਣ, ਜੋ ਗਲਪ-ਅਧਿਐਨ ਦੀ ਵਿਸ਼ੇਸ਼ਗਤਾ ਨਾਲ ਜੁੜੇ ਹੋਏ ਹਨ। ਇਹਨਾਂ ਵਿਚ ਕੁਝ ਵਿਦਵਾਨ ਆਲੋਚਕ ਉਹ ਵੀ ਹਨ, ਜੋ ਪੰਜਾਬੀ ਗਲਪ ਦੇ ਪ੍ਰਮੁੱਖ ਪਾਰਖੂ ਹਨ ਅਤੇ ਜਿਹਨਾਂ ਨੂੰ ਹੁਣ ਤੱਕ ਗਲਪ-ਸ਼ਾਸਤ੍ਰੀਆਂ ਵਜੋਂ ਵੀ ਮਾਣਤਾ ਪ੍ਰਾਪਤ ਹੋ ਚੁੱਕੀ ਹੈ। ਇਸ ਪ੍ਰਕਾਰ ਇਹ ਸੰਕਲਨ ਇਕ ਰਚਨਾ ਦੇ ਹਵਾਲੇ ਨਾਲ ਪੰਜਾਬੀ ਗਲਪ-ਸਮੀਖਿਆ ਦੀ ਅਜੋਕੀ ਸਥਿਤੀ ਦਾ ਨਮੂਨਾ ਵੀ ਬਣ ਜਾਂਦਾ ਹੈ। ਪੰਜਾਬੀ ਨਾਵਲ ਦੀ ਸਮੀਖਿਆ ਸਮੇਂ ਸਮੇਂ ਸਾਡੇ ਨਾਵਲਕਾਰਾਂ ਦੇ ਸਨਮੁੱਖ ਆਦਰਸ਼ਕ ਰਚਨਾਤਮਕ ਪ੍ਰਤਿਮਾਨਾਂ ਦੇ ਰੂਪ ਵਿਚ ਚਣੌਤੀਆਂ ਪੇਸ਼ ਕਰਦੀ ਰਹੀ ਹੈ, ਜਿਸਦਾ ਉਹਨਾਂ ਨੇ ਆਪਣੀ ਕਲਾਤਮਕ ਪੁੱਜਤ ਮੁਤਾਬਿਕ ਪ੍ਰਤਿਉਤਰ ਦੇਣ ਦੀ ਕੋਸ਼ਿਸ਼ ਕੀਤੀ ਹੈ। ਪੰਜਾਬੀ ਨਾਵਲ-ਸਮੀਖਿਆ ਦੀ ਇਤਿਹਾਸਕਾਰੀ ਵਿਚ ਵਧੇਰੇ ਕਰਕੇ ਇਹ ਪ੍ਰਤਿਉਤਰ ਉਕਤ ਚਣੌਤੀ ਦਾ ਡੀਫੈਂਸ ਬਣਦਾ ਹੀ ਨਜ਼ਰ ਆਉਂਦਾ ਹੈ। ਤਫ਼ਤੀਸ਼ ਦੀ ਨਾਵਲੀਅਤਾ ਇਸ ਡੀਫੈਂਸ ਤੋਂ ਅੱਗੇ ਸਮੀਖਿਆ-ਵਿਧੀ ਦੀ ਤਲਾਸ਼ ਦਾ ਮਸਲਾ ਉਤਪੰਨ ਕਰਦੀ ਹੈ, ਜੋ ਇਸ ਨਾਵਲੀਅਤਾ ਦੇ ਹਰੇਕ ਪਾਸਾਰ ਨੂੰ ਉਸਦੇ ਸਹੀ ਪਰਿਪੇਖ ਸਮੇਤ ਵਿਸ਼ਲੇਸ਼ਣ ਦਾ ਭਾਗ ਬਣਾ ਸਕੇ। ਇਸ ਸੰਗ੍ਰਿਹ ਦੇ ਵਧੇਰੇ ਲੇਖ ਇਸ ਮਸਲੇ ਦੀ ਚੇਤਨਾ ਨਾਲ ਜੂਝਦੇ ਹਨ। ਇਕ ਹੋਰ ਚੁਣੌਤੀ ਇਹ ਕਿ ਇਹਨਾਂ ਲੇਖਾਂ ਦੇ ਪ੍ਰਕਾਸ਼ਨ ਦੇ ਸਮਾਨੰਤਰ ਤਫ਼ਤੀਸ਼ ਦਾ ਤੀਸਰਾ ਸੰਸਕਰਣ ਛਪ ਰਿਹਾ ਹੈ। ਧਰਮ, ਰੁਮਾਂਸ ਅਤੇ ਜਿਨਸ ਨਾਲ ਸੰਬੰਧਿਤ ਪੰਜਾਬੀ ਨਾਵਲਾਂ ਦੇ ਇਕ ਤੋਂ ਵਧੇਰੇ ਸੰਸਕਰਣਾਂ ਦਾ ਛਪਣਾ, ਵਿਕਣਾ ਅਤੇ ਪੜ੍ਹੇ ਜਾਣਾ ਤਾਂ ਸਮਝ ਵਿਚ ਆ ਜਾਂਦਾ ਹੈ ਪਰ ਤਫ਼ਤੀਸ਼ ਵਰਗੀ ਗੰਭੀਰ ਰਚਨਾ ਬਾਰੇ ਅਜਿਹਾ ਵਰਤਾਰਾ ਸਮੀਖਿਆਕਾਰਾਂ ਪਾਸੋਂ ਡੂੰਘੀ ਘੋਖ ਦੀ ਮੰਗ ਕਰਦਾ ਹੈ।

ਤਸੱਲੀ ਦੀ ਗੱਲ ਇਹ ਹੈ ਕਿ ਇਸ ਸੰਕਲਨ ਵਿਚਲੇ ਸਾਰੇ ਦੇ ਸਾਰੇ ਲੇਖ ਵਿਦਵਾਨਾਂ ਦੀ ਨਾਵਲੀ ਕ੍ਰਿਤ ਪ੍ਰਤੀ ਸੁਭਾਵਿਕ ਪ੍ਰਤਿਕਿਰਿਆ ਦਾ ਫ਼ਲ ਹਨ। ਇਹ ਲੇਖ ਪ੍ਰਸੰਸਾ ਜਾਂ ਨਿੰਦਿਆ ਦੇ ਦਾਇਰਿਆਂ ਵਿਚ ਸਿਮਟਨ ਦੇ ਉਲਟ ਵਿਭਿੰਨ ਕੋਣਾਂ ਅਤੇ ਵਿਧੀਆਂ ਦੀ ਮਦਦ ਨਾਲ ਰਚਨਾ ਦੇ ਮਰਮ ਤੱਕ ਪਹੁੰਚਣ ਦਾ ਉਪਰਾਲਾ ਕਰਦੇ ਹਨ। ਇਸ ਪ੍ਰਕਾਰ ਇਹ ਸੰਗ੍ਰਿਹ ਵਿਚਾਰਾਂ ਅਤੇ ਵਿਧੀਆਂ ਦੀ ਵੰਨ ਸਵੰਨਤਾ ਨੂੰ ਪ੍ਰਸਤੁਤ ਕਰਦਾ ਹੈ। ਧਾਰਨਾਵਾਂ ਦੀ ਵੰਨ ਸਵੰਨਤਾ ਵਿਚ ਇਕ ਦੂਜੇ ਦਾ ਸਮਰਥਨ ਵੀ ਹੈ ਅਤੇ ਭਿੰਨਤਾ ਵੀ। ਕਈ ਥਾਈਂ ਇਹ ਭਿੰਨਤਾ ਇਕ ਦੂਜੇ ਦੇ ਵਿਰੋਧੀ ਵਿਚਾਰਾਂ ਦਾ ਰੂਪ ਵੀ ਧਾਰਨ ਕਰ ਲੈਂਦੀ ਹੈ। ਜੇਕਰ ਕੁਝ ਲੇਖਾਂ ਵਿਚ ਨਾਵਲ ਵਿਚਲੇ ਵਿਸਤਾਰ ਨੂੰ ਇਸਦੇ ਮਹਾਂ-ਦ੍ਰਿਸ਼ ਦਾ ਆਧਾਰ ਸਵੀਕਾਰ ਕੀਤਾ ਗਿਆ ਹੈ ਤਾਂ ਦੂਜੇ ਪਾਸੇ ਇਸਦੀ ਇਕ ਉਕਾਈ ਵਜੋਂ ਵੀ ਦਲੀਲ ਦਿੱਤੀ ਗਈ ਹੈ। ਇਸੇ ਤਰ੍ਹਾਂ ਕਿਧਰੇ ਇਸ ਨੂੰ 'ਪੱਤਰਕਾਰੀ ਗਲਪ' ਦੇ ਤੌਰ ਤੇ ਪਰਖਣ ਦਾ ਸੁਝਾਅ ਦਿੱਤਾ ਗਿਆ ਹੈ ਅਤੇ ਕਿਧਰੇ ਇਸਨੂੰ ਮਸ਼ਕਰੀ ਨਾਵਲ ਦੀ ਵਿਧਾ ਦਾ ਮੋਢੀ ਨਾਵਲ ਕਿਹਾ ਗਿਆ ਹੈ। ਜਿਥੇ ਕੁਝ ਲੇਖਾਂ ਵਿਚ ਨਾਵਲ ਦੀ ਵਸਤੂ ਅਤੇ ਤਕਨੀਕ ਨੂੰ ਅਲੱਗ ਅਲੱਗ ਪੱਧਰ ਉੱਪਰ ਵਿਸ਼ਲੇਸ਼ਿਤ ਕੀਤਾ ਗਿਆ ਹੈ, ਉਥੇ ਇਹਨਾਂ ਦੋਵਾਂ ਪੱਖਾਂ ਨੂੰ ਇਕ ਦੂਜੇ ਨਾਲ ਜੁੜੇ ਹੋਏ ਰੂਪ ਵਿਚ ਗ੍ਰਹਿਣ ਕਰਕੇ ਅਧਿਐਨ ਕਰਨ ਦੀ ਵਿਧੀ ਵੀ ਅਪਣਾਈ ਗਈ ਹੈ। ਇਸ ਸਭ ਕੁਝ ਦਾ ਲਾਭ ਇਹ ਹੋਇਆ ਹੈ ਕਿ ਇਹ ਪੁਸਤਕ ਤਫ਼ਤੀਸ਼ ਬਾਰੇ ਅਕਾਦਮਿਕ ਵਾਦ ਵਿਵਾਦ ਨੂੰ ਪੈਦਾ ਕਰਨ ਵਾਲਾ ਸੰਕਲਨ ਬਣ ਗਈ ਹੈ। ਇਹ ਵਾਦ ਵਿਵਾਦ ਤਫ਼ਤੀਸ਼ ਤੋਂ ਸ਼ੁਰੂ ਹੋ ਕੇ ਪੰਜਾਬੀ ਗਲਪ ਅਤੇ ਪੰਜਾਬੀ ਜੀਵਨ-ਜੁਗਤ ਦੇ ਮਹੱਤਵਪੂਰਣ ਮਸਲਿਆਂ ਨੂੰ ਆਪਣੇ ਕਲਾਵੇ ਵਿਚ ਲੈਂਦਾ ਹੈ। ਇਹ ਸਾਰੇ ਮਸਲੇ ਗਲਪ ਅਤੇ ਜੀਵਨ ਬਾਰੇ ਯਥਾਰਥਵਾਦ ਦੀ ਦ੍ਰਿਸ਼ਟੀ ਦੇ ਘੇਰੇ ਵਿਚ ਹੀ ਸਾਕਾਰ ਬਣਦੇ ਹਨ।

ਮੈਂ ਉਹਨਾਂ ਸਾਰੇ ਵਿਦਵਾਨ ਚਿੰਤਕਾਂ, ਆਲੋਚਕਾਂ ਅਤੇ ਖੋਜ-ਵਿਦਿਆਰਥੀਆਂ ਦਾ ਤਹਿ ਦਿਲੋਂ ਸ਼ੁਕਰਗੁਜ਼ਾਰ ਹਨ, ਜਿਹਨਾਂ ਦੇ ਲੇਖ ਇਸ ਪੁਸਤਕ ਵਿਚ ਸ਼ਾਮਿਲ ਕੀਤੇ ਗਏ ਹਨ। ਡਾ.ਬਿਕਰਮ ਸਿੰਘ ਘੁੰਮਣ ਹੁਰਾਂ ਦਾ ਉਚੇਚੇ ਤੌਰ ਤੇ ਧੰਨਵਾਦ ਕਰਨਾ ਬਣਦਾ ਹੈ, ਜਿਹਨਾਂ ਦੀ ਪੁਸਤਕ-ਸਭਿਆਚਾਰ ਨੂੰ ਵਿਕਸਿਤ ਕਰਨ ਦੀ ਤੀਖਣ ਸੋਝੀ ਦੇ ਪਰਿਣਾਮ ਸਰੂਪ ਇਹ ਪੁਸਤਕ ਸੰਭਵ ਬਣ ਸਕੀ ਹੈ। ਪੁਸਤਕ ਬਾਰੇ ਅਕਾਦਮਿਕ ਪ੍ਰਤਿਕਰਮਾਂ ਦਾ ਸਵਾਗਤ ਹੈ।

**ਸੁਖਦੇਵ ਸਿੰਘ ਖਾਹਰਾ**

## ਪਿਛੋਕੜ ਅਤੇ ਪਰਿਪੇਖ: ਮੁੱਢਲੇ ਨਾਵਲ

**ਡਾ. ਸੁਖਦੇਵ ਸਿੰਘ ਖਾਹਰਾ**

**ਤਫ਼ਤੀਸ਼** (1990) ਦੇ ਪ੍ਰਕਾਸ਼ਨ ਨਾਲ ਪੰਜਾਬੀ ਪਾਠਕਾਂ ਅਤੇ ਆਲੋਚਕਾਂ ਵੱਲੋਂ ਜੋ ਹੁੰਗਾਰਾ ਅਤੇ ਪ੍ਰਤਿਕਿਰਿਆ ਸਾਹਮਣੇ ਆਉਂਦੀ ਹੈ, ਉਸ ਨਾਲ ਇਸ ਰਚਨਾ ਦੇ ਨਾਵਲੀ ਸ਼ਊਰ ਦੇ ਅਨੂਠੇਪਨ ਨੂੰ ਸਮਝਣ ਵਿਚ ਮੱਦਦ ਮਿਲਦੀ ਹੈ। ਵਿਦਵਾਨਾਂ ਨੇ ਇੱਕ ਤੋਂ ਵਧੇਰੇ ਕੋਣਾਂ ਤੋਂ ਇਸ ਅਨੂਠੇਪਨ ਦੀ ਵਿਆਖਿਆ ਕੀਤੀ ਹੈ। **ਕਟਹਿਰਾ** ਦੇ ਪ੍ਰਕਾਸ਼ਨ ਨਾਲ ਇਹ ਸਿਲਸਿਲਾ ਜਾਰੀ ਰਹਿੰਦਾ ਹੈ। ਇਨ੍ਹਾਂ ਦੋਵਾਂ ਨਾਵਲਾਂ ਬਾਰੇ ਜਿੰਨੀ ਵੀ ਸਮੀਖਿਆ ਹੋਈ ਹੈ, ਉਸ ਵਿਚ ਮਿੱਤਰ ਸੈਨ ਮੀਤ ਦੇ ਮੁੱਢਲੇ ਨਾਵਲਾਂ ਦਾ ਹਵਾਲਾ ਮਾਤਰ ਜਾਂ ਸੰਖਿਪਤ ਟਿੱਪਣੀਆਂ ਦੇ ਰੂਪ ਵਿਚ ਹੀ ਜ਼ਿਕਰ ਹੋਇਆ ਹੈ। ਇਹ ਹਵਾਲੇ ਅਤੇ ਟਿੱਪਣੀਆਂ ਮਹੱਤਵਪੂਰਣ ਹਨ ਪਰ ਇਨ੍ਹਾਂ ਨਾਲ **ਤਫ਼ਤੀਸ਼** ਅਤੇ **ਕਟਹਿਰਾ** ਦੇ ਰੂਪ ਵਿਚ ਨਾਵਲਕਾਰ ਦੀ ਪ੍ਰਾਪਤੀ ਦਾ ਪਿਛੋਕੜ ਅਤੇ ਪਰਿਪੇਖ ਪੂਰੀ ਤਰ੍ਹਾਂ ਉਜਾਗਰ ਨਹੀਂ ਹੁੰਦਾ। ਨਾਵਲ ਦੀ ਇਤਿਹਾਸਕਾਰੀ ਦੇ ਨੁਕਤੇ ਤੋਂ ਇੱਕ ਨਾਵਲਕਾਰ ਦੇ ਸਥਾਨ/ਦੇਣ ਨੂੰ ਨਿਰਧਾਰਿਤ ਕਰਨ ਲਈ ਅਜਿਹੀ ਵਿਚਾਰ ਚਰਚਾ ਵੱਖਰੇ ਤੌਰ ਤੇ ਲੋੜੀਂਦੀ ਹੈ।

**ਤਫ਼ਤੀਸ਼** ਅਤੇ **ਕਟਹਿਰਾ** ਦੇ ਪ੍ਰਕਾਸ਼ਨ ਤੋਂ ਪਹਿਲਾਂ ਮਿੱਤਰ ਸੈਨ ਮੀਤ ਦੇ ਦੋ ਨਾਵਲ ਪ੍ਰਕਾਸ਼ਿਤ ਹੋਏ- **ਅੱਗ ਦੇ ਬੀਜ** (1971) ਅਤੇ **ਕਾਫ਼ਲਾ** (1986)। **ਕਾਫ਼ਲਾ** 1973 ਵਿਚ ਲਿਖਿਆ ਗਿਆ ਪਰ ਕਿਸੇ ਕਾਰਨ ਉਸ ਵੇਲੇ ਛਪ ਨਾ ਸਕਿਆ। ਇਸ ਨਾਲ ਇਸਦੇ ਰਚਨ-ਕਾਲ ਅਤੇ ਪ੍ਰਕਾਸ਼ਨ-ਸਾਲ ਵਿਚਕਾਰ ਤੇਰ੍ਹਾਂ ਵਰ੍ਹਿਆਂ ਦਾ ਵਕਫ਼ਾ ਪੈ ਗਿਆ। ਅਧਿਐਨ ਲਈ ਦੋਵਾਂ ਕਾਲ-ਬਿੰਦੂਆਂ ਦੀ ਆਪੋ ਆਪਣੀ ਮਹੱਤਤਾ ਹੈ।

ਮੀਤ ਦੇ ਦੋਵੇਂ ਮੁੱਢਲੇ ਨਾਵਲ ਨਕਸਲਵਾਦੀ ਲਹਿਰ ਦੀ ਚੜ੍ਹਤ ਦੇ ਸਮੇਂ ਦੀ ਉਪਜ ਹਨ। ਲਹਿਰਾਂ ਨਾਲ ਸੰਬੰਧਿਤ ਪੰਜਾਬੀ ਨਾਵਲ ਦੀਆਂ ਆਪਣੀਆਂ ਸਮੱਸਿਆਵਾਂ ਹਨ। ਅਜਿਹੇ ਨਾਵਲ ਦੀ ਸ਼ਕਤੀ ਅਤੇ ਸੀਮਾ ਇਨ੍ਹਾਂ ਲਹਿਰਾਂ ਦੇ ਸਰੋਕਾਰਾਂ ਦੇ ਪ੍ਰਸੰਗ ਵਿਚ ਹੀ ਪ੍ਰਗਟ ਹੁੰਦੀ ਹੈ। ਇਹ ਨਾਵਲ ਧਰਮ, ਸੁਧਾਰ, ਰੁਮਾਂਸ, ਪ੍ਰਗਤੀ, ਰੋਹ/ਵਿਦ੍ਰੋਹ ਆਦਿ ਦੇ ਮਾਧਿਅਮ ਰਾਹੀਂ ਪੰਜਾਬੀ/ਭਾਰਤੀ ਸਮਾਜ ਵਿਚ ਤਬਦੀਲੀ ਲਿਆਉਣ ਦੀ ਪ੍ਰਬਲ ਅਕਾਂਖਿਆ ਨਾਲ ਜੁੜਿਆ ਰਿਹਾ ਹੈ। ਲਹਿਰਾਂ ਅਤੇ ਇਸ ਨਾਲ ਸੰਬੰਧਿਤ ਨਾਵਲ ਵੀ ਸੁਹਿਰਦਤਾ ਦੇ ਬਾਵਜੂਦ ਇੱਛਤ ਤਬਦੀਲੀ ਨਹੀਂ ਵਾਪਰੀ। ਅਸਲ ਵਿਚ ਤਬਦੀਲੀ ਦੀ ਇਹ ਪ੍ਰਬਲ ਅਕਾਂਖਿਆ ਹੀ ਇਸ ਨਾਵਲ ਵਿਚ ਹਕੀਕਤ ਦੀ ਪੇਸ਼ਕਾਰੀ ਅਤੇ ਇਸ ਲਈ ਲੋੜੀਂਦੇ ਵਿਧੀ-ਵਿਧਾਨ ਦੇ ਨਿਰਮਾਣ ਦੀ ਨਿਰਦੇਸ਼ਕ ਬਣਦੀ ਹੈ। ਇਸ ਨਿਰਦੇਸ਼ਨ ਦੇ ਤਹਿਤ ਹਕੀਕਤ ਨੂੰ ਆਤਮਪਰਕ ਢੰਗ ਨਾਲ ਛਾਂਗ ਕੇ ਮਨੋਇੱਛਤ ਪਾਤਰਾਂ, ਘਟਨਾਵਾਂ ਅਤੇ ਸਥਿਤੀਆਂ ਦੀਆਂ ਕੋਟੀਆਂ ਰਾਹੀਂ ਸਰਲੀਕ੍ਰਿਤ ਗਾਲਪਿਕ ਚੌਖਟਿਆਂ ਵਿਚ ਢਾਲਿਆ ਜਾਂਦਾ ਹੈ। ਆਧੁਨਿਕ ਕਾਲ ਦੇ ਵਿਭਿੰਨ ਦੌਰਾਂ ਦੌਰਾਨ ਹਕੀਕਤ ਵਿਚ ਇੱਛਤ ਤਬਦੀਲੀ ਨਾ ਹੋਣ ਕਾਰਣ, ਵਿਸ਼ੇਸ਼ ਕਰਕੇ ਸੁਤੰਤਰਤਾ ਤੋਂ ਦਸ-ਪੰਦਰਾਂ ਵਰ੍ਹੇ ਬਾਅਦ ਸਵਰਾਜ ਨਾਲ ਜੁੜੇ ਸੁਪਨਿਆਂ ਦੇ ਟੁੱਟਣ ਉਪਰੰਤ, ਹਕੀਕਤ ਨੂੰ ਹਕੀਕਤ ਪਸੰਦੀ ਦੇ ਨਜ਼ਰੀਏ ਤੋਂ ਅੰਕਿਤ ਕਰਨ ਵਾਲੀ ਨਾਵਲੀ ਪ੍ਰਵ੍ਰਿਤੀ ਦਾ ਉਦੈ ਹੁੰਦਾ ਹੈ। ਪਰ ਭਾਰਤ ਦੇ ਆਰਥਕ-ਰਾਜਨੀਤਕ ਚਿਤਰਪੱਟ ਉੱਪਰ ਨਕਸਲਵਾਦੀ ਲਹਿਰ ਦੇ ਉਭਾਰ ਨਾਲ ਇੱਕ ਵਾਰ ਫੇਰ ਤਬਦੀਲੀ ਦੀ ਪ੍ਰਬਲ ਅਕਾਂਖਿਆ ਪੰਜਾਬੀ ਸਮਾਜ ਅਤੇ ਨਾਵਲਕਾਰੀ ਨੂੰ ਆਪਣੇ ਕਲਾਵੇ ਵਿਚ ਲੈਂਦੀ ਹੈ। ਮੀਤ ਦੇ ਦੋਵੇਂ ਮੁੱਢਲੇ ਨਾਵਲ ਨਕਸਲਵਾਦੀ ਲਹਿਰ ਦੇ ਪ੍ਰਭਾਵ ਅਧੀਨ ਲਿਖੇ ਗਏ ਹਨ। ਇਸ ਦਾ ਭਾਵ ਨਹੀਂ ਕਿ ਇਹ ਨਾਵਲ ਕੇਵਲ ਨਕਸਲਵਾਦੀ ਲਹਿਰ ਦਾ

ਪ੍ਰਭਾਵ ਮਾਤਰ ਹੀ ਹਨ। ਇਨ੍ਹਾਂ ਦੀ ਰਚਨਾ-ਦ੍ਰਿਸ਼ਟੀ ਦੇ ਸਰੋਤ ਨਾਨਕ ਸਿੰਘ ਦੇ ਵਿਅਕਤੀਵਾਦੀ ਸੁਧਾਰ, ਕੰਵਲ ਦੇ ਰੁਮਾਂਟਿਕ ਪ੍ਰਗਤੀਵਾਦ ਅਤੇ ਗੁਰਦਿਆਲ ਸਿੰਘ- ਸੀਤਲ ਦੇ ਹਕੀਕਤ ਪਸੰਦੀ ਵਾਲੇ ਰੁਝਾਣਾਂ ਨਾਲ ਵੀ ਜੁੜੇ ਹੋਏ ਨਜ਼ਰ ਆਉਂਦੇ ਹਨ। ਮੁੱਢਲੇ ਨਾਵਲਾਂ ਦੀ ਰਚਨਾ-ਦ੍ਰਿਸ਼ਟੀ ਵਿਚਲੇ ਇਸ ਮਿਸ਼ਰਨ ਵਿਚ **ਤਫ਼ਤੀਸ਼** ਅਤੇ **ਕਟਹਿਰਾ** ਦੀ ਹਕੀਕਤ ਪਸੰਦੀ ਦੇ ਬੀਜ ਮੌਜੂਦ ਹਨ।

**ਅੱਗ ਦੇ ਬੀਜ** ਦਾ ਮੁਖ ਪਾਤਰ ਕਰਤਾਰ ਛੋਟੀ ਕਿਰਸਾਨੀ ਦਾ ਪ੍ਰਤਿਨਿਧ ਪਾਤਰ ਹੈ। ਉਸਦੇ ਹਿੱਸੇ ਕੇਵਲ ਤਿੰਨ ਕਿੱਲੇ ਜ਼ਮੀਨ ਦੇ ਆਏ ਸਨ। 'ਕਦੇ ਸੋਕਾ ਪੈ ਜਾਂਦਾ ਤੇ ਕਦੇ ਬਾਰਸ਼ਾਂ ਹੀ ਨਾ ਥੰਮਦੀਆਂ। ਪੱਕ ਕੇ ਤਿਆਰ ਹੋਈਆਂ ਫਸਲਾਂ ਭੰਗ ਦੇ ਭਾੜੇ ਰੁੜ੍ਹ ਜਾਂਦੀਆਂ। ਚੰਗੀ ਜ਼ਮੀਨ ਤਾਂ ਉਸਦੇ ਭਰਾ ਨੇ ਸਾਂਭ ਲਈ ਸੀ ਤੇ ਖੂਹ ਵੀ ਉਸਦੇ ਹੀ ਹਿੱਸੇ ਚਲਾ ਗਿਆ ਸੀ.... ਉਂਝ ਵੀ ਤਿੰਨ ਕਿੱਲਿਆਂ ਵਿਚੋਂ ਕੀ ਉਹ ਕਮਾਉਣ... ਵੱਡੇ ਮੀਂਹ ਪਏ। ਇਕ ਕੋਠਾ ਢਹਿ ਗਿਆ। ਹੇਠ ਆ ਕੇ ਬਲਦ ਨਕਾਰਾ ਹੋ ਗਿਆ। ਆਫ਼ਤ ਤੇ ਆਫ਼ਤ ਆਉਣ ਲੱਗੀ।' ਇਸ ਨਾਵਲ ਤੋਂ ਲਪਭਗ ਵੀਹ ਵਰ੍ਹੇ ਪਹਿਲਾਂ ਪ੍ਰਕਾਸ਼ਿਤ ਹੋਏ ਸੰਤ ਸਿੰਘ ਸੇਖੋਂ ਦੇ ਨਾਵਲ **ਲਹੂ ਮਿੱਟੀ** ਵਿਚਲੀ ਮੱਧ ਦਰਜੇ ਵਾਲੀ ਕਿਰਸਾਨੀ ਭੂਮੀ ਦੀ ਮਾਲਕੀ ਦੇ ਲਗਾਤਾਰ ਘਟਣ ਨਾਲ **ਅੱਗ ਦੇ ਬੀਜ** ਤੱਕ ਪਹੁੰਚਦਿਆਂ ਛੋਟੀ ਕਿਰਸਾਨੀ ਵਿਚ ਅਤੇ ਇਸ ਤੋਂ ਅੱਗੇ ਭੂਮੀਹੀਨ ਕਿਰਤੀਆਂ ਵਿਚ ਤਬਦੀਲ ਹੋ ਰਹੀ ਨਜ਼ਰ ਪੈਂਦੀ ਹੈ। 'ਤਿੰਨਾਂ ਵਿਚੋਂ ਦੋ ਕਿੱਲੇ ਗਹਿਣੇ ਟਿਕ ਗਏ। ਆਮਦਨ ਅੱਧੀ ਰਹਿ ਗਈ। ਜ਼ਮੀਨ ਦਾ ਮਾਲਕ ਕਾਮਾ ਬਣ ਗਿਆ।' ਜੀਵਨ ਦੀਆਂ ਇਨ੍ਹਾਂ ਕਠੋਰ ਪਰਿਸਥਿਤੀਆਂ ਦੇ ਬਾਵਜੂਦ ਕਿਰਸਾਨੀ ਦੀ **ਲਹੂ ਮਿੱਟੀ** ਤੋਂ ਲੈ ਕੇ **ਅੱਗ ਦੇ ਬੀਜ** ਤੱਕ ਤੇ ਇਸ ਤੋਂ ਬਾਅਦ ਹੁਣ ਤੱਕ ਵੀ ਆਪਣੀ ਅਣਸ ਦੀ ਵਿਦਿਆ ਦੇ ਮਾਧਿਅਮ ਰਾਹੀਂ ਜੀਵਨ ਦੇ ਬੇਹਤਰ ਹੋ ਜਾਣ ਦੀ ਖਾਹਿਸ਼ ਜਿਉਂ ਦੀ ਤਿਉਂ ਬਰਕਰਾਰ ਰਹਿੰਦੀ ਹੈ। ਇਹੀ ਖ਼ਾਹਿਸ਼ ਇਸ ਨੂੰ ਜੀਵਨ ਦੀਆਂ ਅਤਿ ਕਠੋਰ ਹਾਲਤਾਂ ਦੇ ਚੱਕਰਵਿਊ ਵਿਚੋਂ ਨਿਕਲਣ ਦੀ ਸਭ ਤੋਂ ਦਰੁੱਸਤ ਅਤੇ ਵਧੀਆ ਪਰਿਕਲਪਨਾ ਪ੍ਰਤੀਤ ਹੁੰਦੀ ਹੈ। ਕਰਤਾਰ ਦੇ ਪਿਉ ਨੂੰ 'ਸਭ ਕੁਝ ਵਿਕ ਜਾਣ ਦੀ ਵੀ... ਕੋਈ ਪ੍ਰਵਾਹ ਨਹੀਂ ਸੀ।... ਕਈ ਵਾਰ ਕਰਤਾਰ ਨੇ ਕਾਲਜ ਛੱਡ ਕੇ ਘਰ ਆਣ ਦੀ ਜ਼ਿਦ ਕੀਤੀ ਪਰ ਉਸ ਦਾ ਪਿਉ ਨਾ ਮੰਨਿਆ। ਪਿੰਡ ਦਾ ਇਕ ਮੁੰਡਾ ਕਵੀਲ ਬਣ ਗਿਆ ਸੀ ਤੇ ਇਕ ਪ੍ਰੋਫ਼ੈਸਰ। ਉਨ੍ਹਾਂ ਦੀਆਂ ਗੱਲਾਂ, ਅਟਕਾਂ ਮਟਕਾਂ ਤੇ ਕਮਾਈ ਨੇ ਉਸਦਾ ਦਿਲ ਲੂਹ ਲਿਆ ਸੀ। ਕਰਤਾਰ ਨੂੰ ਵੀ ਉਹ ਇਕ ਅਫ਼ਸਰ ਵੇਖਣਾ ਚਾਹੁੰਦਾ ਸੀ।... ਉਸ ਦੇ ਦਿਲ ਅੰਦਰ... ਅਟੱਲ ਵਿਸ਼ਵਾਸ ਸੀ ਉਹਦਾ ਪੁੱਤਰ ਸੈਂਕੜੇ ਵਿਘੇ ਜ਼ਮੀਨ ਖਰੀਦੇਗਾ ਟਰੈਕਟਰਾਂ ਦੀ ਘੂਕਰ ਪਿਆ ਕਰੇਗੀ, ਹਰ ਹਾੜੀ ਸਾਉਣੀ ਦਾਣਿਆਂ ਨਾਲ ਕੋਠੇ ਭਰਿਆ ਕਰਨਗੇ।' ਭਾਵੇਂ ਕਰਤਾਰ ਦਾ ਪਿਉ ਬਿਮਾਰੀ ਕਾਰਣ ਉਸਦੀ ਵਿਦਿਆ ਦੇ ਮੁਕੰਮਲ ਹੋਣ ਤੋਂ ਪਹਿਲਾਂ ਹੀ ਆਪਣੀ ਸੱਧਰ ਨੂੰ ਅਧੂਰਿਆਂ ਲੈ ਕੇ ਸਦਾ ਲਈ ਵਿਦਾਇਗੀ ਲੈ ਜਾਂਦਾ ਹੈ। ਪਰ ਸੱਤਾਸ਼ੀਲ ਸ਼੍ਰੇਣੀਆਂ ਦੀ ਪਦਾਰਥਕ ਖੁਸ਼ਹਾਲੀ ਦੀ ਸੰਕਲਪਨਾ ਪਿਉ ਦੀ ਤਰ੍ਹਾਂ ਪੁੱਤਰ ਦੀ ਪਰਿਕਲਪਨਾ ਦਾ ਵੀ ਸੁਭਾਵਿਕ ਅੰਗ ਹੈ: 'ਕੀ ਕਦੇ ਮੈਂ ਵੀ ਅਜਿਹੀਆਂ ਕੋਠੀਆਂ ਤੱਕ ਪਹੁੰਚ ਜਾਵਾਂਗਾ।.. ਪੰਜ ਦੇ ਜਦੋਂ ਪੰਜਾਹ ਕਿੱਲੇ ਜ਼ਮੀਨ ਬਣ ਗਈ ਤਾਂ ਪਿਉ ਦੀ ਆਤਮਾ ਨੂੰ ਆਪੇ ਸ਼ਾਂਤੀ ਮਿਲ ਜਾਊ।.. ਮੈਂ ਕਿਉਂ ਨਾ ਇਕ ਸਰਮਾਏਦਾਰ ਦੇ ਘਰ ਪੈਦਾ ਹੋਇਆ? ਕਾਸ਼। ਮੈਂ ਵੀ ਕਦੇ ਇਹੋ ਜਿਹੀਆਂ ਰੰਗੀਨੀਆਂ ਮਾਨਣ ਦੇ ਯੋਗ ਹੋ ਗਿਆ ਹੁੰਦਾ।'

ਕਰਤਾਰ ਅਤੇ ਉਸ ਦੇ ਪਿਉ ਦੀ ਵਿਦਿਆ ਦੇ ਮਾਧਿਅਮ ਰਾਹੀਂ ਪਦਾਰਥਕ ਖੁਸ਼ਹਾਲੀ ਨੂੰ ਪ੍ਰਾਪਤ ਕਰਨ ਦੀ ਉਕਤ ਪਰਿਕਲਪਨਾ ਜਦੋਂ ਵਿਵਸਥਾ ਦੀ ਹਕੀਕਤ ਨਾਲ ਟਕਰਾਉਂਦੀ ਹੈ ਤਾਂ ਸਾਰੇ ਭਰਮ ਭੁਲੇਖੇ ਦੂਰ ਹੋ ਜਾਂਦੇ ਹਨ।

ਵਿਆਪਕ ਪੱਧਰ ਉੱਪਰ ਫੈਲਿਆ ਭ੍ਰਿਸ਼ਟਾਚਾਰ, ਰਿਸ਼ਵਤਖੋਰੀ, ਬੇਰੋਜ਼ਗਾਰੀ, ਮਿਹਨਤ/ਯੋਗਤਾ/ਲਿਆਕਤ/ ਮੈਰਿਟ ਦੀ ਬੇਕਦਰੀ ਅਤੇ ਖੱਜਲ ਖੁਆਰੀ ਕਰਤਾਰ ਦੇ ਸੁਪਨਿਆਂ ਦਾ ਭੰਜਨ ਕਰਦੇ ਹਨ। ਸੁਪਨਿਆਂ ਦੇ ਇਸ ਭੰਜਨ ਨੂੰ ਸਮਾਜਕ-ਇਤਿਹਾਸਕ ਪੱਖ ਤੋਂ ਵਧੇਰੇ ਅਰਥ ਭਰਪੂਰ ਪੈਟਰਨ ਵਿਚ ਢਾਲਣ ਲਈ ਨਾਵਲਕਾਰ ਨੇ ਕਰਤਾਰ ਦੇ ਵਿਰੋਧ ਵਿਚ ਸਰਦਾਰ ਦੇ ਰੂਪ ਵਿਚ ਇਕ ਹੋਰ ਪਾਤਰ ਦੀ ਘਾੜਤ ਕੀਤੀ ਹੈ। ਇਸ ਪਾਤਰ ਦਾ ਸੰਬੰਧ ਪਿੰਡ ਦੇ ਸੀਨ ਉੱਪਰ 'ਹਰੀ ਕ੍ਰਾਂਤੀ' ਤੋਂ ਬਾਅਦ ਕਿਰਸਾਨੀ ਦੇ ਸੰਦਰਭ ਵਿਚ ਨਵੀਂ ਨਵੀਂ ਅਮੀਰ (neo-rich) ਬਣੀ ਸ਼੍ਰੇਣੀ ਨਾਲ ਹੈ। ਨਾਵਲਕਾਰ ਨੇ ਸਰਦਾਰ ਦੇ ਪਾਤਰ ਦੇ ਹਵਾਲੇ ਨਾਲ ਇਸ ਸ਼੍ਰੇਣੀ ਦੇ ਸ਼ੋਹਦੇ, ਫੁੱਕਰੇ, ਦੰਭੀ, ਵਿਭਚਾਰੀ ਅਤੇ ਦੱਲੇ ਚਰਿੱਤਰ ਨੂੰ ਸੱਤਾਸ਼ੀਲਾਂ ਅਤੇ ਅਵਾਮ ਵਿਚਲੀ ਮਧਿਅਸਥਤਾ ਵਜੋਂ ਸਾਕਾਰ ਕੀਤਾ ਹੈ। ਸਾਰੇ ਆਦਰਸ਼ਾਂ ਨੂੰ ਛਿੱਕੇ ਟੰਗ ਕੇ ਕਰਤਾਰ ਇਸ ਮਧਿਅਸਥਤਾ ਦੀ ਸਹਾਇਤਾ ਨਾਲ ਰਿਸ਼ਵਤ ਦੇ ਕੇ ਰਾਜਧਾਨੀ ਦੇ ਕਿਸੇ ਕਾਲਜ ਵਿਚ ਪ੍ਰਾਅਧਿਆਪਕ ਦੀ ਨੌਕਰੀ ਪ੍ਰਾਪਤ ਕਰਨ ਲਈ ਜਤਨਸ਼ੀਲ ਹੁੰਦਾ ਹੈ। ਪਰ ਸਿਫਾਰਸ਼ ਤੇ ਰਿਸ਼ਵਤਖੋਰੀ ਵਿਚ ਵੀ ਤਾਂ ਮੁਕਾਬਲੇ ਬਾਜ਼ੀ ਹੈ। ਮਧਿਅਸਥਤਾ ਧੋਖੇਬਾਜ਼ ਹੈ ਤੇ ਕਰਤਾਰ ਦੀ ਇਸ ਮੁਕਾਬਲੇਬਾਜ਼ੀ ਵਿਚ ਪੂਰੀ ਤਰ੍ਹਾਂ ਪੁੱਗ ਸਕਣ ਦੀ ਹੈਸੀਅਤ ਨਹੀਂ। ਨਤੀਜਾ ਅਸਫ਼ਲਤਾ ਵਿਚ ਨਿਕਲਦਾ ਹੈ। ਇਸੇ ਨਤੀਜੇ ਦੀ ਭਾਗੀ ਉਸ ਦੀ ਸ਼ੋਸ਼ਿਤ ਜਮਾਤਣ ਪਰਮਜੀਤ ਵੀ ਬਣਦੀ ਹੈ।

ਸੁਪਨਿਆਂ ਦਾ ਭੰਜਨ ਕਰਤਾਰ ਅਤੇ ਪਰਮਜੀਤ ਦੇ ਮਨਾਂ ਅੰਦਰ ਵਿਵਸਥਾ ਦੀ ਥਾਵੇਂ ਵਿਅਕਤੀਆਂ ਦੇ ਖਿਲਾਫ਼ ਨਿੱਜਗਤ ਰੋਹ/ਵਿਦਰੋਹ ਦੇ ਬਦਲਾ-ਭਾਵ ਨੂੰ ਜਨਮ ਦੇਣ ਵਾਲਾ ਹੈ। ਸ਼ਾਇਦ ਇਹ ਅਖੌਤੀ ਨਵੀਂ ਵਿਦਿਆ ਨਾਲ ਲੈਸ ਮੱਧ ਸ਼੍ਰੇਇਕ ਉਪਭਾਵੁਕਤਾ ਦੀ ਹੋਣੀ ਹੈ, ਜੋ ਵਿਅਕਤੀਆਂ ਨੂੰ ਸਥਿਤੀ ਦੀ ਵਸਤੂਪਰਕਤਾ ਦਾ ਬੌਧਿਕ ਵਿਸ਼ਲੇਸ਼ਣ ਕਰਨ ਦੀ ਯੋਗਤਾ ਪ੍ਰਦਾਨ ਕਰਨ ਦੀ ਬਜਾਏ ਕੇਵਲ ਉਤੇਜਨਾ ਨਾਲ ਜੋੜ ਦੇਂਦੀ ਹੈ। **ਅੱਗ ਦੇ ਬੀਜ** ਨਾਵਲ ਦੇ ਪਾਤਰਾਂ ਦੀਆਂ ਪਦਾਰਥਕ ਹਾਲਤਾਂ ਤੇ ਉਕਤ ਉਤੇਜਨਾ ਰਾਹੀਂ ਆਤੰਕ ਦੀ ਆਰਥਕ-ਸਮਾਜਕ ਵਿਆਖਿਆ ਦਾ ਮੁੱਲਮਾਨ ਗਲਪੀ ਸੰਦਰਭ ਸਿਰਜਨ ਵਿਚ ਤਾਂ ਮੱਦਦ ਮਿਲਦੀ ਹੈ, ਪਰ ਇਸ ਵਿਚੋਂ 'ਵੱਡੇ ਮਸਲੇ ਦੇ ਹੱਲ ਦੇ ਬੀਜਾਂ' ਦੀ ਤਲਾਸ਼ ਕਰਨੀ ਨਾਵਲਕਾਰ ਦੀ ਸ਼ੁੱਭ ਇੱਛਾ ਹੀ ਹੈ। ਨਾਵਲਕਾਰ ਨੇ ਇਸ ਸ਼ੁੱਭ ਇੱਛਾ ਨੂੰ ਜੱਥੇਬੰਦਕ ਉਪਰਾਲੇ ਰਾਹੀਂ ਵਿਵਹਾਰਕ ਪੱਧਰ ਉੱਪਰ ਮੂਰਤੀਮਾਨ ਬਣਾਉਣ ਲਈ ਨੌਜਵਾਨ ਸਭਾ ਅਤੇ ਇਸ ਦੇ ਨੇਤਾ 'ਅਜ਼ਾਦ' ਦੇ ਪ੍ਰਸੰਗ ਨੂੰ ਵੀ ਉਸਾਰਿਆ ਹੈ। ਲੋਕ ਇਸ ਸਭਾ ਵੱਲੋਂ ਪਿੰਡ ਨੂੰ 'ਸਵਰਗ' ਬਣਾਉਣ ਦੀ ਤਵੱਕੋ ਰੱਖਦੇ ਹਨ। ਪਰ ਦੋ ਦਹਾਕਿਆਂ ਤੋਂ ਵੱਧ ਦਾ ਸਮਾਂ ਬੀਤ ਜਾਣ ਤੋਂ ਬਾਅਦ ਵੀ ਸਵਰਗ ਦੀ ਇਹ ਤਵੱਕੋ ਸ਼ੁੱਭ ਇੱਛਾ ਹੀ ਹੈ।

ਮਿੱਤਰ ਸੈਨ ਮੀਤ ਦਾ ਦੂਜਾ ਨਾਵਲ **ਕਾਫ਼ਲਾ** ਉਸਦੇ ਪਹਿਲੇ ਨਾਵਲ **ਅੱਗ ਦੇ ਬੀਜ** ਤੋਂ ਅਗਲੇ ਪੜਾਅ ਦੀ ਰਚਨਾ ਹੈ। ਜਿੱਥੇ ਪਹਿਲੇ ਨਾਵਲ ਦੀ ਸੰਰਚਨਾ ਇਕਹਿਰੀ ਬਿਰਤਾਂਤ ਗਤੀ ਵਾਲੀ ਹੋਣ ਕਰਕੇ ਇਸ ਰਚਨਾ ਦੇ 'ਲੰਮੀ ਕਹਾਣੀ' ਜਾਂ 'ਨਾਵਲਿਟ' ਹੋਣ ਦਾ ਪ੍ਰਭਾਵ ਦੇਂਦੀ ਹੈ, ਉੱਥੇ **ਕਾਫ਼ਲਾ** ਦੀ ਬਿਰਤਾਂਤ ਗਤੀ ਇਕੋ ਵੇਲੇ ਇਕਾਲਕਤਾ ਤੇ ਬਹੁਕਾਲਕਤਾ ਦੀਆਂ ਦਿਸ਼ਾਵਾਂ ਵਿਚ ਫ਼ੈਲੀ ਹੋਣ ਕਰਕੇ ਨਾਵਲੀ ਚਰਿੱਤਰ ਦੀ ਧਾਰਨੀ ਹੈ। ਉਸ ਦੀ ਗਲਪੀ ਸੰਵੇਦਨਾ ਦਾ ਇਹ ਵਿਸਤਾਰ ਉਸ ਦੀ ਸਮਾਜਕ ਸੋਝੀ ਦੇ ਵਿਸਤਾਰ ਦਾ ਲਖਾਇਕ ਹੈ। ਸੰਵੇਦਨਾ ਅਤੇ ਸੋਝੀ ਦਾ ਇਹ ਵਿਸਤਾਰ ਪਾਤਰਾਂ ਦੀ ਗਿਣਤੀ ਨੂੰ ਵਧਾਉਣ, ਉਨ੍ਹਾਂ ਦੇ ਆਰਥਕ-ਸਮਾਜਕ ਰਿਸ਼ਤਿਆਂ ਦੀਆਂ ਵਧੇਰੇ ਪਰਤਾਂ ਨੂੰ ਫਰੋਲਣ ਅਤੇ ਉਨ੍ਹਾਂ ਦੀ ਮਾਨਸਿਕਤਾ ਉੱਪਰ ਵੀ ਝਾਤ ਪਵਾਉਣ ਪ੍ਰਤੀ ਰੁਚਿਤ ਹੋਣ ਰਾਹੀਂ ਪ੍ਰਗਟ ਹੁੰਦਾ ਹੈ। ਇਸ ਨਾਵਲ ਵਿਚ ਪਿੰਡ ਦੇ ਸੀਨ

ਉਪਰਲੀ ਆਰਥਕ-ਸਮਾਜਕ ਵੰਡ, ਇਸਦੇ ਅੰਤਰ-ਵਿਰੋਧਾਂ ਅਤੇ ਮਾਨਸਿਕ ਪ੍ਰਗਟਾਵਿਆਂ ਨੂੰ **ਅੱਗ ਦੇ ਬੀਜ** ਦੇ ਮੁਕਾਬਲੇ ਉੱਤੇ ਵਿਸਤ੍ਰਿਤ ਕੈਨਵਸ ਰਾਹੀਂ ਨਿਰੂਪਿਤ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ।

**ਕਾਫ਼ਲਾ** ਨਾਵਲ ਦੇ ਕੇਂਦਰ ਵਿਚ ਭੂਮੀਹੀਨ ਕਿਰਤੀ ਇਸਤਰੀ ਪਾਤਰ ਕਰਤਾਰੋ ਦਾ ਕਿਰਦਾਰ ਰਚਨਾ ਦਾ ਦ੍ਰਿਸ਼ਟੀਕੋਣ ਬਣ ਕੇ ਉਭਰਦਾ ਹੈ। ਉਹ ਜਾਗੀਰਦਾਰ ਸਰਦਾਰ ਅਤੇ ਚੌਧਰੀਆਂ ਹੱਥੋਂ ਕਿਰਤੀਆਂ ਅਤੇ ਮੁਜਾਰਿਆਂਦੇ ਬਹੁ ਪੱਧਰੇ ਆਰਥਿਕ-ਸਭਿਆਚਾਰਕ ਤੇ ਜਿਨਸੀ ਸ਼ੋਸ਼ਣ ਦੇ ਗੁੰਝਲਦਾਰ ਤਾਣੇ ਵਿਚ ਘਿਰੀ ਇਕ ਬੁਲੰਦ ਕਿਰਦਾਰ ਵਜੋਂ ਆਪਣਾ ਨਾਵਲੀ ਸਫ਼ਰ ਆਰੰਭ ਕਰਦੀ ਹੈ। ਨਾਵਲਕਾਰ ਨੇ ਉਪਰਾਲਿਆਂ ਵੱਲੋਂ ਕੀਤੇ ਜਾਂਦੇ ਸ਼ੋਸ਼ਣ ਦੀ ਵਿਉਂਤਕਾਰੀ ਅਤੇ ਸਾਜਿਸ਼ਾਂ ਉੱਤੇ ਓੜੀ ਜਾਂਦੀ ਮਾਨਵੀ ਅਤੇ ਸਾਂਸਕ੍ਰਿਤਕ ਪਰਦਾਦਾਰੀ ਨੂੰ ਜਿਸ ਕਲਾਤਮਕ ਕੁਸ਼ਲਤਾ ਨਾਲ ਵੰਗਾਰਿਆ ਹੈ, ਉਸ ਬਾਰੇ ਪੜ੍ਹਦਿਆਂ ਬੀਤਲ ਦੇ ਨਾਵਲ **ਜੁੱਗ ਬਦਲ ਗਿਆ** ਦਾ ਚੇਤਾ ਆ ਜਾਂਦਾ ਹੈ। ਕਰਤਾਰੋ ਦੇ ਪ੍ਰੇਮੀ/ਖਾਵੰਦ ਬਲਦੇਵ ਨੂੰ ਉਪਰਾਲਿਆਂ ਵੱਲੋਂ ਜਿਸ ਢੰਗ ਨਾਲ ਬਲਹੀਨ ਕਰਕੇ ਮੁਕਾ ਦਿੱਤਾ ਜਾਂਦਾ ਹੈ, ਨਾਵਲਕਾਰ ਨੇ ਇਸ ਨੂੰ ਸ਼੍ਰੇਣਿਕ ਵਿਵਸਥਾ ਵਿਚਲੇ ਅਮਾਨਵੀਕਰਣ ਦੀ ਅਨਿਵਾਰੀ ਪ੍ਰਕਿਰਿਆ ਵਜੋਂ ਉਘਾੜਿਆ ਹੈ। ਇਸ ਪ੍ਰਕਿਰਿਆ ਵਿਚ ਕਾਮੇ ਅਤੇ ਮੁਜਾਰਿਆਂ ਦੇ ਪਾਤਰ ਇਕ ਪਾਸੇ ਸਰਦਾਰ ਅਤੇ ਚੌਧਰੀਆਂ ਦੇ ਨਿੱਜਗਤ ਵਿਰੋਧ ਅਤੇ ਵੈਰ ਦੇ ਵਾਹਣ ਬਣਦੇ ਹਨ ਅਤੇ ਦੂਜੇ ਪਾਸੇ ਉਨ੍ਹਾਂ ਦੇ ਉੱਪਰਲਿਆਂ ਨਾਲ ਵਾਸਤਵਿਕ ਵਿਰੋਧਾਂ ਨੂੰ ਇਸ ਪ੍ਰਕਾਰ ਗੰਧਲਾ ਬਣਾ ਦਿੱਤਾ ਜਾਂਦਾ ਹੈ ਕਿ ਦੁੱਖਾਂ ਦੇ ਵਿਵੇਕ ਦੀ ਤਲਾਸ਼ ਦਾ ਮਸਲਾ ਹੋਰ ਉਲਝ ਜਾਂਦਾ ਹੈ। ਇਸ ਪੜਾਉ ਉੱਤੇ ਨਾਵਲ ਵਿਚ ਪੜ੍ਹੇ ਲਿਖੇ ਨੌਜਵਾਨ ਪਾਤਰਾਂ ਰਾਹੀਂ ਆਰਥਕ-ਰਾਜਨੀਤਕ ਸਰੋਕਾਰਾਂ ਵਾਲੀ ਕ੍ਰਾਂਤੀਕਾਰੀ ਲਹਿਰ ਦਾ ਪ੍ਰਵੇਸ਼ ਹੁੰਦਾ ਹੈ। ਇਹ ਪਾਤਰ ਕਾਮਿਆਂ ਅਤੇ ਮੁਜਾਰਿਆਂ ਨੂੰ ਉਨ੍ਹਾਂ ਦੇ ਦੁੱਖਾਂ ਦੇ ਕਾਰਣ ਵਿਵਸਥਾ ਦੀ ਬਣਤਰ ਦੀ ਸੁਚੇਤਨਾ ਰਾਹੀਂ ਸਮਝਾਉਣ ਦਾ ਉਪਰਾਲਾ ਕਰਦੇ ਹਨ। ਏਕੇ ਅਤੇ ਸੰਘਰਸ਼ ਦੀ ਗੱਲ ਕੀਤੀ ਜਾਂਦੀ ਹੈ ਪਰ ਵਿਵਹਾਰਕ ਪੱਖੋਂ ਸਭਾ ਅਤੇ ਪਾਰਟੀ ਵੱਲੋਂ ਵਿਸਵੇਦਾਰਾਂ ਅਤੇ ਜਾਗੀਰਦਾਰਾਂ ਦੇ ਵਿਅਕਤੀਗਤ ਕਤਲਾਂ ਦਾ ਰਾਹ ਅਪਣਾਇਆ ਜਾਂਦਾ ਹੈ। ਕਰਤਾਰੋ ਦਾ ਪੁੱਤਰ ਜੈਲਾ ਵੀ ਉੱਜਲੇ ਭਵਿੱਖ ਦੇ ਸੁਨਹਿਰੀ ਸੁਪਨਿਆਂ ਦੀ ਪ੍ਰੇਰਣਾ ਅਧੀਨ ਇਸ ਪਾਰਟੀ ਦਾ ਸਕ੍ਰਿਅ ਕਾਰਜ-ਕਰਤਾ ਬਣ ਜਾਂਦਾ ਹੈ। ਕਰਤਾਰੋ ਮਨ ਤੋਂ ਪੂਰੀ ਤਰ੍ਹਾਂ ਇਸ ਲਹਿਰ ਦੇ ਨਾਲ ਹੈ ਪਰ ਵਿਡੰਬਨਾ ਇਹ ਹੈ ਕਿ ਨਾਵਲ ਦੇ ਪਹਿਲੇ ਅੱਧ ਤੋਂ ਬਾਅਦ ਉਹ ਆਪਣੇ ਕਿਰਦਾਰ ਦੀ ਬੁਲੰਦੀ ਤੋਂ ਹੇਠਾਂ ਆ ਕੇ ਸਰਦਾਰ ਕੋਲ ਤਨ ਦਾ ਸਮਰਪਣ ਕਰ ਦੇਂਦੀ ਹੈ। ਨਾਵਲਕਾਰ ਅਨੁਸਾਰ ਉਸ ਦੀ ਮਨ ਦੇ ਸਮਰਪਣ ਦੀ ਝੂਠੀ ਅਦਾਕਾਰੀ ਅਤੇ ਤਨ ਦੇ ਸਮਰਪਣ ਦੀ ਵਾਸਤਵਿਕਤਾ ਉਕਤ ਲਹਿਰ ਦੇ ਮਨੋਰਥ ਨੂੰ ਹਾਸਿਲ ਕਰਨ ਨਾਲ ਦਾ ਹੀ ਦਾਅ ਪੇਚ ਹੈ। ਇਸ ਦਾ ਪ੍ਰਗਟਾਵਾ ਨਾਵਲ ਦੇ ਅਖ਼ੀਰਲੇ ਘਟਨਾ-ਪ੍ਰਸੰਗ ਵਿਚ ਹੁੰਦਾ ਹੈ, ਜਿਸ ਵਿਚ ਉਸ ਵੱਲੋਂ ਸਰਦਾਰ ਦੇ ਭੇਦ ਭਰੇ ਕਤਲ ਦਾ ਸੰਕੇਤ ਮਿਲਦਾ ਹੈ। ਇਸ ਉਪਰੰਤ ਉਹ ਲਹਿਰ ਦੇ ਸ਼ਹੀਦਾਂ, ਲਹਿਰ ਦੇ ਅੱਗੇ ਵਧਣ, ਕਾਫ਼ਲਾ ਬਣਨ ਅਤੇ ਮੰਜ਼ਿਲ ਤੇ ਪਹੁੰਚਣ ਆਦਿ ਬਾਰੇ ਅਤਿ ਭਾਵੁਕ ਅੰਦਾਜ਼ ਵਿਚ ਸਵੈ ਸੰਬੋਧਨ ਕਰਦੀ ਦਰਸਾਈ ਗਈ ਹੈ। ਨਾਵਲੀ ਪਾਠ ਵਿਚ ਲਹਿਰ ਦੇ ਖਿਲਾਫ਼ ਸਟੇਟ ਦੇ ਜਬਰ, ਏਕੇ ਅਤੇ ਸੰਘਰਸ਼ ਨੂੰ ਖੀਣ ਕਰਨ ਵਾਲੀਆਂ ਸ਼ਕਤੀਆਂ ਤੇ ਅੰਤਰ-ਵਿਰੋਧਾਂ ਨੂੰ ਪ੍ਰਤਿਬਿੰਬਤ ਕਰਦੇ ਗਲਪ-ਵੇਰਵੇ ਵੀ ਸਿਰਜੇ ਗਏ ਹਨ। ਸਮੱਸਿਆ ਇਹ ਹੈ ਕਿ ਇਸ ਸਭ ਕੁਝ ਦੇ ਪਰਿਣਾਮ ਸਰੂਪ ਲਾਜ਼ਮੀ ਤੌਰ ਤੇ ਉਪਜਣ ਵਾਲੀ ਤ੍ਰਾਸਦੀ ਨੂੰ ਨਾਵਲਕਾਰ ਦੀ ਸੁਧਾਰਕ ਤੇ ਪ੍ਰਗਤੀਸ਼ੀਲ ਰੁਮਾਂਟਿਕਤਾ ਬਦੋ-ਬਦੀ ਕਾਮਦੀ ਬਣਾਉਣ ਦੀ ਕੋਸ਼ਿਸ਼ ਕਰਦੀ ਹੈ। ਇਸ ਕੋਸ਼ਿਸ਼ ਅਧੀਨ ਨਾਵਲ ਨੂੰ ਉੱਚੇ

ਆਸ਼ਾਵਾਦੀ ਸੁਰ ਨਾਲ ਸਮਾਪਤ ਕੀਤਾ ਗਿਆ ਹੈ। ਇਹ ਸੁਰ ਸੱਤਾਸ਼ੀਲਾਂ ਵੱਲੋਂ ਦੋਵੇਂ ਬਾਹਾਂ ਕੱਟੇ ਬੇਵੱਸ ਜੈਲੇ ਦੀ ਮਾਨਵੀ ਵੇਦਨਾ ਦੀ ਗਹਿਰਾਈ ਮਾਪਣ ਤੋਂ ਉੱਕ ਜਾਂਦਾ ਹੈ।

ਮੀਤ ਦੇ ਦੋਵੇਂ ਮੁੱਢਲੇ ਨਾਵਲਾਂ ਵਿਚ ਹਕੀਕਤ ਦੀ ਪੇਸ਼ਕਾਰੀ, ਵਿਸ਼ੇਸ਼ ਕਰਕੇ ਜ਼ਮੀਨੀ ਰਿਸ਼ਤਿਆਂ ਦੇ ਇਰਦ-ਗਿਰਦ ਬੁਣੇ ਹੋਏ ਭਾਵ-ਸੰਸਕਾਰਾਂ ਦੇ ਅੰਤਰ-ਵਿਰੋਧਾਂ ਨੂੰ ਹਕੀਕਤ ਪਸੰਦੀ ਦੇ ਪੈਂਤੜੇ ਤੋਂ ਚਿਤ੍ਰਣ ਦੀ ਕੋਸ਼ਿਸ਼ ਕੀਤੀ ਗਈ ਹੈ, ਪਰ ਜਿੱਥੋਂ ਤੱਕ ਉਹ ਇਸ ਹਕੀਕਤ ਨੂੰ ਆਪਣੀ ਮਨ-ਪਸੰਦ ਵਿਚਾਰਧਾਰਾ ਦੀ ਮੱਦਦ ਨਾਲ ਮਨੋ ਇੱਛਤ ਦਸ਼ਾ ਵਿਚ ਸੁਧਾਰਨ ਜਾਂ ਤਬਦੀਲ ਕਰਨ ਦੀ ਕੋਸ਼ਿਸ਼ ਕਰਦਾ ਹੈ, ਉਸ ਚਿਤ੍ਰਣ ਨੂੰ ਮੈਗਨੀਫ਼ਾਈ ਕਰਨ ਦੀ ਰੁਚੀ ਹਕੀਕਤ ਪਸੰਦੀ ਤੋਂ ਮੁੱਖ ਮੋੜ ਲੈਂਦੀ ਹੈ। ਇਹ ਦਵੰਦ ਉਸ ਦੇ ਦੋਵੇਂ ਮੁੱਢਲੇ ਨਾਵਲਾਂ ਵਿਚ ਮੌਜੂਦ ਹੈ। ਇਹ ਦਵੰਦ ਇਨ੍ਹਾਂ ਮੁੱਢਲੇ ਨਾਵਲਾਂ ਦੀ ਰੂਪ-ਰਚਨਾ ਦਾ ਦਵੰਦ ਵੀ ਬਣ ਜਾਂਦਾ ਹੈ। ਪਰ ਜਿਸ ਦੌਰ ਵਿਚ ਇਨ੍ਹਾਂ ਨਾਵਲਾਂ ਦੀ ਰਚਨਾਕਾਰੀ ਹੋਈ, ਉਸ ਸਮੇਂ ਇਹ ਦਵੰਦ ਵੇਲੇ ਦੀ ਸਥਿਤੀ ਦਾ ਕਲਾਤਮਕ ਪਰਤੌ ਹੀ ਸੀ, ਜਿਸ ਦੀ ਗ੍ਰਿਫ਼ਤ ਵਿਚ ਉਸ ਵੇਲੇ ਦੇ ਬਹੁਤੇ ਪੰਜਾਬੀ ਲੇਖਕ ਆਏ ਹੋਏ ਸਨ। ਇਸ ਦੇ ਬਾਵਜੂਦ **ਅੱਗ ਦੇ ਬੀਜ** ਵਿਚ ਜਿੱਥੇ ਆਤੰਕ ਦੀ ਕਲਾਤਮਕ ਧਰਾਤਲ ਉੱਪਰ ਕੀਤੀ ਗਈ ਭਾਵਪੂਰਤ ਆਰਥਕ ਵਿਆਖਿਆ ਵਿਦਮਾਨ ਹੈ, ਉੱਥੇ **ਕਾਫ਼ਲਾ** ਦਾ ਪ੍ਰਕਾਸ਼ਨ-ਸਾਲ ਇਸ ਦੇ ਮਹੱਤਵ ਨੂੰ ਇਕ ਹੋਰ ਪੱਖ ਤੋਂ ਵੀ ਉਜਾਗਰ ਕਰਦਾ ਹੈ। ਇਸ ਦਾ ਸੰਬੋਧਨ ਆਪਣੇ ਸਮਕਾਲ ਦੇ ਉਸ ਪਾਠਕ ਨੂੰ ਹੈ, ਜਿਸ ਨੂੰ ਦਹਿਸ਼ਤਜ਼ਦਾ ਕਰਕੇ ਧਾਰਮਕ-ਸੰਪਰਦਾਇਕ ਲੀਹਾਂ ਉੱਪਰ ਬਣਾਏ ਜਾ ਰਹੇ ਕਾਫ਼ਲਿਆਂ ਵਿਚ ਜਬਰੀ ਸ਼ਾਮਿਲ ਕੀਤਾ ਜਾ ਰਿਹਾ ਸੀ। ਇਹ ਨਾਵਲ ਸਮਕਾਲੀ ਪਾਠਕ ਨੂੰ ਆਪਣੇ ਸੰਦੇਸ਼ ਵਿਚ ਇਹ ਕਹਿੰਦਾ ਜਾਪਦਾ ਹੈ ਕਿ ਜੇ ਉਸ ਨੇ ਕਿਸੇ ਕਾਫ਼ਲੇ ਵਿਚ ਸ਼ਾਮਿਲ ਹੋਣਾ ਹੀ ਹੈ ਤਾਂ ਉਹ ਆਰਥਕ-ਰਾਜਨੀਤਕ ਅਧਾਰਾਂ ਉੱਪਰ ਸੰਗਠਿਤ ਹੋਣਾ ਚਾਹੀਦਾ ਹੈ। ਸਹੀ ਵਿਕਲਪ ਦੇ ਸੁਝਾਅ ਦਾ ਸਾਹਸ ਨਿਸ਼ਚੇ ਹੀ **ਕਾਫ਼ਲਾ** ਦੇ ਪ੍ਰਕਾਸ਼ਨ-ਸਾਲ ਦੇ ਸਮਕਾਲੀ ਸੰਬੋਧਨ ਦੇ ਸੰਦਰਭ ਵਿਚ ਮੁੱਲਵਾਨ ਤੱਥ ਹੈ।

ਉਪਰੋਕਤ ਸਿਰਜਣਾਤਮਕ ਕਸ਼ਮਕਸ਼ ਅਤੇ ਦਵੰਦ ਵਿਚੋਂ ਲੰਘ ਕੇ ਹੀ ਮਿੱਤਰ ਸੈਨ ਮੀਤ **ਤਫ਼ਤੀਸ਼** ਅਤੇ **ਕਟਹਿਰਾ** ਦੀ ਰਚਨਾਕਾਰੀ ਤੱਕ ਅਪੜਿਆ ਹੈ।

## ਤਫ਼ਤੀਸ਼: ਨਵੀਂ ਦਿਸ਼ਾ ਦਾ ਸੂਚਕ

**ਪ੍ਰੋ. ਅਤਰ ਸਿੰਘ**

ਮੈਨੂੰ ਇਹ ਕਹਿਣ ਵਿਚ ਕੋਈ ਸੰਕੋਚ ਨਹੀਂ ਕਿ **ਤਫ਼ਤੀਸ਼** ਨਾਵਲ ਪੰਜਾਬੀ ਨਾਵਲ ਦੀ ਮੁੱਖ ਧਾਰਾ ਨੂੰ ਇਕ ਨਵੀਂ ਦਿਸ਼ਾ ਵੱਲ ਮੋੜਦਾ ਹੈ, ਉਚੇਚੇ ਮਨੋਰਥਵਾਦ ਦੀ ਥਾਂ ਮਾਨਵਵਾਦੀ ਸੰਵੇਦਨਾ ਵੱਲ, ਨਾਅਰੇਬਾਜ਼ੀ ਦੀ ਥਾਂ ਮਨੁੱਖੀ ਸੱਚ ਦੀ ਪਛਾਣ ਅਤੇ ਇਸਦੇ ਘੋਰ ਦੁਖਾਂਤ ਵੱਲ। ਵੈਸੇ ਤਾਂ ਪੰਜਾਬੀ ਨਾਵਲ ਦੇ ਖੇਤਰ ਵਿਚ ਗੁਰਦਿਆਲ ਸਿੰਘ ਤੋਂ ਪਿਛੋਂ ਕਈ ਕੁਸ਼ਲ ਨਾਵਲਕਾਰਾਂ ਨੇ ਇਸਨੂੰ ਨਵੇਂ ਵਿਸਥਾਰ ਤੇ ਪਾਸਾਰ ਪ੍ਰਦਾਨ ਕੀਤੇ ਹਨ। ਖ਼ਾਸ ਤੌਰ ਤੇ ਕਰਮਜੀਤ ਕੁੱਸਾ, ਨਿੰਦਰ ਗਿੱਲ, ਗੁਰਮੁਖ ਸਿੰਘ ਸਹਿਗਲ, ਸ. ਸੋਜ਼ ਨੇ। ਪਰ **ਤਫ਼ਤੀਸ਼** ਲਈ ਜੋ ਸਥਾਨ ਨਿਸ਼ਿਚਿਤ ਹੋਇਆ ਹੈ, ਉਹ ਅਲੈਕਿਕ ਅਤੇ ਬੇਮਿਸਾਲ ਹੈ।

ਉਰਦੂ ਦੇ ਪ੍ਰਸਿੱਧ ਬਜ਼ੁਰਗ ਕਵੀ ਜਸਟਿਸ ਆਨੰਦ ਨਰਾਇਣ ਮੁਲਾ ਨੇ ਆਪਣੇ ਅਲਾਹਾਬਾਦ ਹਾਈਕੋਰਟ ਦੇ ਇਕ ਅਦਾਲਤੀ ਫੈਸਲੇ ਵਿਚ ਭਾਰਤੀ ਪੁਲੀਸ ਨੂੰ ਅਪਰਾਧੀਆਂ ਦਾ ਸਭ ਤੋਂ ਵੱਧ ਸੰਯੋਜਿਤ ਸੰਗਠਨ ਕਿਹਾ ਹੈ। ਪਰੰਤੂ, ਇਹ ਸਭ ਕਹਿਣ ਦੀਆਂ ਗੱਲਾਂ ਹਨ। ਮਿੱਤਰ ਸੈਨ ਮੀਤ ਨੂੰ ਇਹ ਸੱਚ ਆਪਣੇ ਨਿੱਜੀ ਅਨੁਭਵ ਤੋਂ ਪ੍ਰਾਪਤ ਹੋਇਆ ਹੈ ਤੇ ਉਸਨੇ ਇਸਨੂੰ ਬੇਬਾਕੀ ਨਾਲੋਂ ਵੱਧ ਬਾਰੀਕ-ਬੀਨੀ ਨਾਲ ਦੇਖਿਆ, ਮਹਿਸੂਸ ਕੀਤਾ ਤੇ ਚਿਤਰਿਆ ਹੈ। ਉਸ ਲਈ ਇਹ ਇਕ ਖੋਖਲਾ ਨਾਅਰਾ ਨਹੀਂ, ਇਕ ਨਿਕਟ-ਵਿਆਪੀ ਸੰਤਾਪ ਹੈ। ਇਸ ਨਾਵਲ ਦੀ ਖ਼ੂਬੀ ਇਸ ਗੱਲ ਵਿਚ ਹੈ ਕਿ ਲੇਖਕ ਕਿਤੇ ਵੀ ਰਚਨਾਤਮ ਸੰਜਮ ਦਾ ਪੱਲਾ ਨਹੀਂ ਛੱਡਦਾ ਅਤੇ ਆਪਣੇ ਬਿਰਤਾਂਤ ਨੂੰ ਉਸੇ ਕਠੋਰਤਾ ਤੇ ਨਿਰਮਮਤਾ ਨਾਲ ਉਸਾਰਦਾ ਹੈ ਜੋ ਉਸ ਦੇ ਪਾਤਰਾਂ ਦੀ ਜ਼ਿੰਦਗੀ ਦਾ ਸਿੱਧ-ਪੁੱਠ ਹਨ। ਇਸ ਨਾਵਲ ਨਾਲ ਸੰਬੰਧਿਤ ਕੋਈ ਵੀ ਵਿਅਕਤੀ ਨਿਰਾਵਿਅਕਤੀ ਨਹੀਂ ਉਹ ਕਿਸੇ ਨਾ ਕਿਸੇ ਸੰਸਥਾ ਜਾਂ ਸੱਚ ਦਾ ਪ੍ਰਤੀਕ ਵੀ ਹੈ। ਠਾਣਾ, ਸਰਕਾਰੀ ਵਕੀਲ, ਰਾਜਨੀਤਕ ਨੇਤਾ, ਵਿਅਕਤੀ ਨਹੀਂ, ਸੰਸਥਾਵਾਂ ਹਨ, ਜਿਹੜੀਆਂ ਭ੍ਰਸ਼ਟ ਹੋ ਕੇ ਅੰਦਰੋਂ ਖ਼ੁਰ ਚੁੱਕੀਆਂ ਹਨ ਅਤੇ ਬਾਹਰਲੀ ਜ਼ਾਹਰਦਾਰੀ ਬਾਰੇ ਵੀ ਕੋਈ ਬਹੁਤੀਆਂ ਚਿੰਤਾਤੁਰ ਨਹੀਂ। ਇਹ ਸੰਸਥਾਵਾਂ ਆਪਣੀ ਅੰਨ੍ਹੀ-ਬੋਲੀ ਸ਼ਕਤੀ ਦੇ ਨਸ਼ੇ ਵਿਚ ਚੂਰ ਹੋ ਕੇ ਆਪਣਾ ਮੂਲ ਸਮਾਜਕ ਦਾਇਤੱਵ ਤਾਂ ਗੁਆ ਹੀ ਚੁੱਕੀਆਂ ਹਨ, ਆਪਣੇ ਝੂਠੇ ਕਾਰਿਆਂ ਤੋਂ ਇਨ੍ਹਾਂ ਨੂੰ ਕੋਈ ਸ਼ਰਮ ਵੀ ਨਹੀਂ ਰਹੀ। ਨਾਵਲ ਵਿਚ ਇਹ ਸੰਸਥਾਵਾਂ ਨਾਵਲ ਦੇ ਬਿਰਤਾਂਤ ਤੋਂ ਅੱਡ ਰਹਿ ਕੇ ਨਿਰੀਆਂ ਅਜਾਇਬ ਘਰ ਦੀਆਂ ਵਸਤਾਂ ਨਹੀਂ ਰਹੀਆਂ, ਸਗੋਂ ਜਿਉਂਦੇ ਪਾਤਰਾਂ ਦਾ ਰੂਪ ਧਾਰਨ ਕਰ ਗਈਆਂ ਹਨ। ਜੋ ਆਪਣੀ ਸਾਰੀ ਵਿਕਰਾਲਤਾ ਸਾਹਿਤ ਮਨੁੱਖ ਦੀ ਹੋਣੀ ਨੂੰ ਘੜਦੀਆਂ, ਢਾਲਦੀਆਂ ਅਤੇ ਮਲੀਆਮੇਟ ਕਰਦੀਆਂ ਹਨ।

ਮੇਰੀ ਇਹ ਧਾਰਨਾ ਰਹੀ ਹੈ ਕਿ ਉਨ੍ਹੀਵੀਂ ਸਦੀ ਦੇ ਰੂਸੀ ਨਾਵਲ ਨੇ ਪੰਜਾਬੀ, ਖ਼ਾਸ ਤੌਰ ਤੇ ਮਾਲਵੇ ਦੇ ਪੰਜਾਬੀ ਨਾਵਲਕਾਰਾਂ ਨੂੰ ਡੂੰਘਾ ਪ੍ਰਭਾਵਿਤ ਕੀਤਾ ਹੈ। ਤੁਰਜਨੀਫ਼, ਦਸਤਉਵਸਕੀ, ਟਾਲਸਟਾਏ ਅਤੇ ਵੀਹਵੀਂ ਸਦੀ ਦੇ ਆਰੰਭ ਦੀ ਗਲਪ ਵਿਚ ਚੈਖਵ ਤੇ ਗੋਰਕੀ ਦੀਆਂ ਰਚਨਾਵਾਂ ਵਿਚ ਜਿਸ ਰੂਸੀ ਯਥਾਰਥਵਾਦ ਨੂੰ ਕਲਾਸਕੀ ਦਰਜਾ ਪ੍ਰਾਪਤ ਹੋਇਆ ਹੈ, ਉਸ ਦੇ ਬਿਲਕੁਲ ਸਮਾਨਵਰਤੀ ਪੰਜਾਬੀ ਦੇ ਨਾਵਲਕਾਰ ਪੰਜਾਬ ਦੀ ਜ਼ਮੀਰ ਦੇ ਗਿਆਤਾ ਤੇ ਗਵਾਹ ਦੇ ਰੂਪ ਵਿਚ ਮਾਨਵਤਾਵਾਦੀ ਅਦਾਲਤ ਵਿਚ ਆਪਣੀ ਗਵਾਹੀ ਭੁਗਤ ਰਹੇ ਹਨ। ਹਜ਼ਾਰ ਕਾਰਨ ਸਨ ਕਿ ਮਿੱਤਰ ਸੈਨ ਮੀਤ ਇਹ ਨਾਵਲ ਨਾ ਲਿਖਦਾ, ਉਹ ਖ਼ੁਦ ਉਸ ਵਿਵਸਥਾ ਦਾ ਇਕ ਅੰਗ ਹੈ ਜਿਸਨੂੰ ਉਸਨੇ ਇਸ ਨਾਵਲ ਵਿਚ ਚਿਤਰਿਆ ਹੈ। ਫਿਰ

ਪੁਲੀਸ, ਰਾਜਨੀਤਕ ਨੇਤਾ ਅਤੇ ਨਵੇਂ ਸਰਮਾਏਦਾਰ ਕਿਸ ਤਰ੍ਹਾਂ ਰਲ ਮਿਲ ਕੇ ਇਕ ਝੂਠ ਤੋਂ ਹਜ਼ਾਰਾਂ ਝੂਠ ਘੜਦੇ, ਨਸ਼ਰ ਕਰਦੇ ਤੇ ਸੱਚ ਦੇ ਰੂਪ ਵਿਚ ਨਿਭਾਉਂਦੇ ਹਨ ਅਤੇ ਕਿਵੇਂ ਦੋ ਮਾਸੂਮ ਅਤੇ ਮਜ਼ਲੂਮ 'ਪਾਲਾ ਤੇ ਮੀਤਾ' ਅਨਿਆਂ ਦੀ ਇਸ ਚੱਕੀ ਵਿਚ ਬੇ-ਦਾਦੋ ਫਰਿਆਦ ਪਿਸ ਜਾਂਦੇ ਹਨ। ਨਾਵਲ ਦਾ ਮੂਲ ਨੈਤਿਕ-ਤੱਤ ਇਨ੍ਹਾਂ ਕਠੋਰ ਸੱਚਾਈਆਂ ਤੇ ਟਿਕਿਆ ਹੋਇਆ ਹੈ।

ਇਕ ਨਾਵਲੀ ਕਿਰਤ ਵਜੋਂ **ਤਫ਼ਤੀਸ਼** ਦੀ ਇਕ ਵਡਿਆਈ ਇਹ ਵੀ ਹੈ ਕਿ ਇਹ ਨਾਵਲ ਤੱਤਕਾਲੀ ਉਤੇਜਨਾ ਨੂੰ ਸਮਕਾਲੀ ਪ੍ਰਸੰਗ ਪ੍ਰਦਾਨ ਕਰਦਾ ਹੈ। ਇਸ ਦੀ ਘਟਨਾ ਦਾ ਸੰਬੰਧ ਸਮਕਾਲੀ ਪੰਜਾਬ ਦੇ ਮਹਾਂ-ਰੁਦਨ ਦੇ ਸੱਚ ਨਾਲ ਹੈ ਪਰ ਨਾਵਲ ਦਾ ਅਰਥ ਸਮੁੱਚੇ ਭਾਰਤ ਦੇ ਹੀ ਨਹੀਂ ਸਗੋਂ ਜਿੱਥੇ ਵੀ ਕੋਈ ਮਨੁੱਖ ਵਸਿਆ ਹੈ ਜਾਂ ਵੱਸਦਾ ਹੈ, ਉੱਥੇ ਰਾਜ ਤੇ ਵਿਅਕਤੀ ਦੀ ਅਨਿਵਾਰੀ ਟੱਕਰ ਦਾ ਮਾਰਮਿਕ ਬਣ ਗਿਆ ਹੈ। ਅਪਰਾਧ ਤੇ ਦੰਡ, ਨਿਆਂ ਤੇ ਅਨਿਆਂ, ਰਾਜ ਤੇ ਵਿਅਕਤੀਗਤ ਸੁਤੰਤਰਤਾ, ਕਰਤੱਵ ਤੇ ਕਿਰਦਾਰ, ਸੰਵੇਦਨਸ਼ੀਲ ਵਿਅਕਤੀ ਦੀ ਇਕੱਲਤਾ ਤੇ ਸਮੂਹਕ ਭੀੜ ਦੀ ਨਿਰਵਿਸ਼ੇਸ਼ਤਾ ਦੇ ਦਵੰਦਾਂ ਨੂੰ ਲੇਖਕ ਨੇ ਇਸ ਕਲਾਕਾਰੀ ਨਾਲ ਉਸਾਰਿਆ ਹੈ ਕਿ ਕਿਤੇ ਵੀ ਕੋਈ ਵਿਰਲ ਜਾਂ ਵਿਕਾਰ ਨਜ਼ਰ ਨਹੀਂ ਆਉਂਦਾ। ਨਿਰੋਲ ਪਾਠਕ ਦੇ ਪੱਖ ਤੋਂ ਇਹ ਰਚਨਾ ਇਤਨੀ ਰੌਚਿਕ ਅਤੇ ਜਗਿਆਸਾ ਭਰਪੂਰ ਹੈ ਕਿ ਇਕ ਵਾਰੀ ਸ਼ੁਰੂ ਕਰਕੇ ਨਾਵਲ ਅੰਤ ਤੱਕ ਪੜ੍ਹੇ ਬਿਨ੍ਹਾਂ ਚੈਨ ਨਹੀਂ ਆਉਂਦਾ। ਤੇ ਮੁਕਾ ਕੇ ਵੀ ਕਿਹੜਾ ਚੈਨ ਆਉਂਦਾ ਹੈ। ਪਾਲਾ ਤੇ ਮੀਤਾ ਤੇ ਗੁਰਮੀਤ ਅਤੇ ਬਾਬਾ ਗੁਰਦਿੱਤ ਸਿੰਘ ਦਾ ਸੰਤਾਪ ਹੋਰ ਅਨੇਕ ਮਨੁੱਖੀ ਪ੍ਰਸ਼ਨਾਂ ਨੂੰ ਨਿਰਾਰਥਕ ਬਣਾ ਕੇ ਪਾਠਕ ਨੂੰ ਆਪਣੀ ਸੱਚ ਦੀ ਘੜੀ ਦੇ ਪੇਸ਼ ਨੂੰ ਹੋਣ ਨੂੰ ਟੁੰਬਦਾ ਹੈ ਤਾਂ ਜੋ ਘੱਟੋ ਘੱਟ ਉਹ ਆਪਣੀ ਕੱਜਣਹੀਣ ਕਾਇਰਤਾ ਦੇ ਰੂਬਰੂ ਹੋ ਸਕੇ।

## ਤਫ਼ਤੀਸ਼: ਵਿਧੀ ਅਤੇ ਵਸਤੂ

**ਪ੍ਰੋ. ਜੋਗਿੰਦਰ ਸਿੰਘ ਰਾਹੀ**

ਪਿਛਲੇ ਦਸਾਂ-ਬਾਰਾਂ ਵਰ੍ਹਿਆਂ ਵਿਚ ਪੰਜਾਬੀ ਨਾਵਲ ਦੀ ਬਤੌਰ ਨਾਵਲ ਦੇ ਪਹਿਚਾਣ ਵਧੀ ਹੈ। ਨਾਵਲ ਸਾਡੇ ਅਜੋਕੇ ਸਾਹਿਤ ਦਾ ਪ੍ਰਮੁੱਖ ਰੂਪ ਬਣ ਰਿਹਾ ਹੈ। ਪਹਿਲਾਂ ਇਹ ਮਾਣ ਕਵਿਤਾ ਜਾਂ ਨਿੱਕੀ ਕਹਾਣੀ ਕੋਲ ਰਿਹਾ। ਹੁਣ ਇਹ ਸਾਡੇ ਨਾਵਲ ਨੂੰ ਮਿਲ ਰਿਹਾ ਹੈ।

ਇਹ ਸਿਲਸਿਲਾ ਸੱਠਵਿਆਂ ਵਿਚ ਛਪੇ ਗੁਰਦਿਆਲ ਸਿੰਘ ਦੇ ਨਾਵਲਾਂ **ਮੜ੍ਹੀ ਦਾ ਦੀਵਾ** ਅਤੇ **ਅਣਹੋਏ** ਨਾਲ ਹੀ ਸ਼ੁਰੂ ਹੋ ਗਿਆ ਸੀ। ਪਰ ਇਸਨੂੰ ਜਾਣਦਿਆਂ-ਪਛਾਣਦਿਆਂ ਤਕਰੀਬਨ ਦਸ-ਪੰਦਰਾਂ ਸਾਲ ਲੱਗ ਗਏ। ਨੌਵੇਂ ਦਹਾਕੇ ਵਿਚ ਹਾਲਾਤ ਬਦਲ ਗਏ। ਗੁਰਦਿਆਲ ਸਿੰਘ ਦੇ ਤਜਰਬੇ ਨਾਲ ਸਾਡੇ ਨਾਵਲ ਦੀ ਆਲੋਚਨਾ ਸਾਣ ਚੜ੍ਹਨ ਲੱਗੀ। ਸ਼ਿਲਪ ਦੀ ਸੋਝੀ ਤਿੱਖੀ ਹੋਣ ਲੱਗੀ ਜਿਸਦਾ ਸਿੱਟਾ ਅਣਛੋਹੇ ਮਜ਼ਮੂਨ ਤੇ ਤਰਕੀਬਾਂ ਸਾਡੇ ਨਾਵਲੀ ਮੁਸ਼ਾਹਦੇ ਵਿਚ ਆਉਣ ਲੱਗੀਆਂ ਤੇ ਇਸਨੂੰ ਪੁਖ਼ਤਗੀ ਮਿਲਣ ਲੱਗੀ।

ਮਿੱਤਰ ਸੈਨ ਮੀਤ ਦਾ ਨਾਵਲ **ਤਫ਼ਤੀਸ਼** ਇਸ ਅਮਲ ਦੀ ਇਕ ਉਘੜਵੀਂ ਮਿਸਾਲ ਹੈ। ਇਹ ਨਾਵਲ 1990 ਦੇ ਸ਼ੁਰੂ ਵਿਚ ਛਪਿਆ ਤੇ ਚੰਦ ਮਹੀਨਿਆਂ ਦੇ ਅੰਦਰ ਹੀ ਪਾਠਕਾਂ ਤੇ ਆਲੋਚਕਾਂ ਦੀ ਖ਼ਾਸ ਦਿਲਚਸਪੀ ਦਾ ਧੁਰਾ ਬਣ ਗਿਆ। ਕੀ ਤਾਰੀਖ਼ੀ ਤੇ ਕੀ ਅਦਬੀ, ਦੋਹਾਂ ਪਹਿਲੂਆਂ ਤੋਂ ਇਹ ਇਕ ਅਹਿਮ ਰਚਨਾ ਹੋ ਨਿਬੜਿਆ। ਇਸ ਤੋਂ ਪਹਿਲਾਂ ਵੀ ਮੀਤ ਦੇ ਦੋ ਨਾਵਲ ਛਪੇ: **ਅੱਗ ਦੇ ਬੀਜ** ਤੇ **ਕਾਫ਼ਲਾ। ਅੱਗ ਦੇ ਬੀਜ** ਪਹਿਲਾਂ 1971 ਵਿਚ ਛਪਿਆ ਤੇ ਦੁਬਾਰਾ 1981 ਵਿਚ। **ਕਾਫ਼ਲਾ** 1986 ਵਿਚ ਛਪਿਆ। ਦੋਵੇਂ ਨਾਵਲ ਪ੍ਰਗਤੀਵਾਦੀ ਰੰਗਤ ਵਾਲੇ ਮਕਬੂਲ ਵਿਸ਼ਿਆਂ ਤੇ ਤਰਕੀਬਾਂ ਨੂੰ ਲੈਂਦੇ ਹਨ। ਪਰ ਇਨ੍ਹਾਂ ਵਿਚੋਂ ਕਿਸੇ ਵੀ ਨਾਵਲ ਨੂੰ ਉਹ ਧਿਆਨ ਨਾ ਮਿਲਿਆ ਜੋ **ਤਫ਼ਤੀਸ਼** ਦਾ ਭਾਗ ਬਣਿਆ। ਇਨ੍ਹਾਂ ਦਾ ਜ਼ਿਕਰ ਦਰਮਿਆਨੇ ਦਰਜੇ ਦੀਆਂ ਰਚਨਾਵਾਂ ਵਿਚ ਵੀ ਨਹੀਂ ਹੁੰਦਾ ਜਿੱਥੇ ਕਿ **ਤਫ਼ਤੀਸ਼** ਪਹਿਲੀ ਸਫ਼ ਦੀ ਰਚਨਾ ਮੰਨਿਆ ਗਿਆ। ਇਹ ਅਹਿਮੀਅਤ ਰਿਆਇਤੀ ਨਹੀਂ ਹੋ ਸਕਦੀ। ਰਿਆਇਤੀ ਹੁੰਦੀ ਤਾਂ ਪਹਿਲੇ ਦੋ ਨਾਵਲ ਵੀ ਇਸ ਤੋਂ ਵਾਂਝੇ ਨਾ ਰਹਿੰਦੇ।

**ਤਫ਼ਤੀਸ਼**, ਨਿਰਸੰਦੇਹ, ਇਕ ਵਿਲੱਖਣ ਰਚਨਾ ਹੈ।

ਪਰੰਤੂ, ਇਸਦੀ ਵਿਲੱਖਣਤਾ ਦੀਆਂ ਜੜ੍ਹਾਂ ਖ਼ਾਸ ਕਿਸ ਗੁਣ ਵਿਚ ਹਨ ਇਹ ਇਕ ਘੋਖਣ-ਯੋਗ ਚੀਜ਼ ਹੈ। ਹੁਣ ਤੱਕ ਇਹ ਜੜ੍ਹਾਂ ਨਾਵਲ ਦੇ ਥੀਮ ਵਿਚ ਵੇਖੀਆਂ ਗਈਆਂ ਹਨ। ਪਰ ਨਾਵਲ ਦੀ ਸ਼ਨਾਖ਼ਤ ਨੂੰ ਇਸਦੇ ਥੀਮ ਤੱਕ ਮਹਿਦੂਦ ਕਰ ਦੇਣਾ ਵਾਜਬ ਨਹੀਂ ਲੱਗਦਾ। ਥੀਮ ਦੇ ਪੱਖੋਂ ਤਫ਼ਤੀਸ਼ ਸਾਡਾ ਪਹਿਲਾ ਨਾਵਲ ਹੈ ਜਿਸ ਵਿਚ ਇੰਤਜ਼ਾਮੀਆ ਦਾ ਬਹੁਪੱਖੀ ਆਲੋਚਨਾਤਮਕ ਚਿਤ੍ਰਣ ਮਿਲਦਾ ਹੈ। ਇਸ ਤੋਂ ਪਹਿਲਾਂ ਸਾਡੇ ਯਥਾਰਥਵਾਦੀ ਨਾਵਲ ਦੀ ਜ਼ਿਆਦਾ ਦਿਲਚਸਪੀ ਗ੍ਰਾਮ-ਸੰਸਕ੍ਰਿਤੀ ਦੇ ਮਸਲਿਆਂ ਵਿਚ ਰਹੀ। **ਤਫ਼ਤੀਸ਼** ਦੀ ਵਿਸ਼ੇਸ਼ਤਾ ਦਾ ਮਹਿਵਰ ਇਸਦੇ ਨਿਵੇਕਲੇ ਵਿਸ਼ੈ-ਖੇਤਰ ਤੇ ਉਸਦੇ ਵੇਰਵਿਆਂ ਨੂੰ ਬਾਰੀਕੀ ਨਾਲ ਚਿਤ੍ਰਨ ਵਿਚ ਨਿਸ਼ਚਿਤ ਕੀਤਾ ਗਿਆ।

ਪਰੰਤੂ, ਵਿਸ਼ੈ ਇਕ ਐਸੀ ਚੀਜ਼ ਹੈ ਜਿਸ ਬਾਰੇ ਲੇਖ ਵੀ ਲਿਖਿਆ ਜਾ ਸਕਦਾ ਹੈ। ਲੇਖ ਦੀ ਖ਼ਾਸ ਜੁਗਤ ਵਿਆਖਿਆ ਦੀ ਹੁੰਦੀ ਹੈ ਜੋ ਤੱਥਾਂ ਤੇ ਮਿਸਾਲਾਂ ਦੇ ਸਹਾਰੇ ਉਸਰਦੀ ਹੈ। ਪਰ ਐਸੀ ਤਹਿਰੀਰ ਨਾਵਲ ਨਹੀਂ ਬਣ ਸਕਦੀ। ਬਿਰਤਾਂਤ-ਉਸਾਰੀ ਦੀਆਂ ਜਿਨ੍ਹਾਂ ਜੁਗਤਾਂ ਨਾਲ ਨਾਵਲ ਵਿਚ ਜ਼ਿੰਦਗੀ ਦੀ ਤਖ਼ਲੀਕ ਨੂੰ ਤੀਖਣਤਾ, ਗਹਿਰਾਈ, ਆਕਾਰ, ਸੰਵੇਦਨਸ਼ੀਲਤਾ ਤੇ ਬਹੁਅਰਥਤਾ ਮਿਲਦੀ ਹੈ ਉਹ ਇਸ ਵਿਚ ਸਿਰਫ਼ ਚੇਪੀਆਂ ਹੋ ਸਕਦੀਆਂ ਹਨ, ਤਾਣਾ-ਬਾਣਾ ਨਹੀਂ।

**ਤਫ਼ਤੀਸ਼** ਦੀ ਵਿਸ਼ੇਸ਼ਤਾ ਇਸਦੀਆਂ ਬਿਰਤਾਂਤ-ਜੁਗਤਾਂ ਵਿਚ ਹੈ। ਨਾਵਲ ਵਿਚ ਜੀਊਂਦੇ-ਜਾਗਦੇ ਮਨੁੱਖਾਂ ਤੇ ਉਨ੍ਹਾਂ ਦੇ ਰਿਸ਼ਤਿਆਂ ਅਤੇ ਤਨਾਉ ਬਾਰੇ ਪ੍ਰਵਚਨ ਇਨ੍ਹਾਂ ਜੁਗਤਾਂ ਵਿਚ ਹੀ ਨਿਹਿਤ ਹੈ। **ਤਫ਼ਤੀਸ਼** ਦੇ ਪ੍ਰਵਚਨ ਨੂੰ ਜਾਣਨ ਲਈ ਇਸਦੀਆਂ ਜੁਗਤਾਂ ਅਤੇ ਉਨ੍ਹਾਂ ਦੀ ਅਦੁਤੀਅਤਾ ਵਿਚ ਉਤਰਨ ਦੀ ਲੋੜ ਹੈ।

ਅਸੀਂ ਆਪਣੀ ਗੱਲ ਬੂਮਿਰੈਂਗ (boomerang) ਦੀ ਜੁਗਤ ਤੋਂ ਸ਼ੁਰੂ ਕਰਾਂਗੇ। ਪੰਜਾਹਵਿਆਂ ਵਿਚ ਡਾ.ਗੁਰਚਰਨ ਸਿੰਘ ਨੇ ਆਪਣੀ ਪੁਸਤਕ **ਪੰਜਾਬੀ ਗਲਪਕਾਰ** ਵਿਚ ਨਾਨਕ ਸਿੰਘ ਦੇ **ਚਿੱਟਾ ਲਹੂ** ਦੇ ਹਵਾਲੇ ਵਿਚ ਇਸਨੂੰ 'ਬੂਮਰਿੰਗ' ਕਿਹਾ ਸੀ। ਬੂਮਿਰੈਂਗ ਇਕ ਕਮਾਨੀਦਾਰ ਛੜੀ ਹੁੰਦੀ ਹੈ ਜਿਸਨੂੰ ਆਸਟਰੇਲੀਆ ਦੇ ਆਦਿ ਵਾਸੀ ਕਿਸੇ ਜਾਨਵਰ ਜਾਂ ਪਰਿੰਦੇ ਦੇ ਸ਼ਿਕਾਰ ਲਈ ਦੂਰ ਤੱਕ ਕੁਝ ਇਸ ਤਰ੍ਹਾਂ ਸੁੱਟਦੇ ਹਨ ਕਿ ਉਹ ਇਕ ਲੰਮਾ ਘੇਰਾ ਬਣਾਉਂਦੀ ਹੋਈ ਵਾਪਸ ਉਸ ਥਾਂ ਆ ਡਿਗਦੀ ਹੈ ਜਿਥੋਂ ਉਹ ਸੁੱਟੀ ਜਾਂਦੀ ਹੈ। ਗੁਰਚਰਨ ਸਿੰਘ ਨੇ ਬੂਮਿਰੈਂਗ ਨੂੰ ਇਸਤਿਹਾਰੇ ਵਜੋਂ ਵਰਤਦੇ ਹੋਏ ਇਕ ਖ਼ਾਸ ਕਿਸਮ ਦੀ ਨਾਵਲੀ ਤਰਕੀਬ ਦੀ ਵਿਆਖਿਆ ਲਈ ਵਰਤਿਆ ਹੈ। **ਚਿੱਟਾ ਲਹੂ** ਦੀ ਕਹਾਣੀ ਸਮੇਂ ਦੇ ਜਿਸ ਬਿੰਦੂ ਤੋਂ ਆਰੰਭ ਹੁੰਦੀ ਹੈ, ਉਸ ਪਿੱਛੇ ਦੂਰ ਭੂਤ ਤੱਕ ਖਲੋਤੀਆਂ ਘਟਨਾਵਾਂ ਦਾ ਭੇਤ-ਭਰਿਆ ਚੱਕਰ ਕੱਟਦੀ ਹੋਈ ਨਾਵਲ ਦੇ ਨਬੇੜੇ ਤੋਂ ਕੁਝ ਪਲ ਪਹਿਲਾਂ ਵਾਪਿਸ ਉਸ ਬਿੰਦੂ ਉੱਤੇ ਹੀ ਆ ਸਿਮਟਦੀ ਹੈ। ਇਹ ਤਰਕੀਬ ਕਿਸੇ ਇਕ ਜਾਂ ਦੂਜੀ ਸ਼ਕਲ ਵਿਚ ਤਕਰੀਬਨ ਹਰ ਨਾਵਲ ਦੀ ਬਿਰਤਾਂਤ-ਉਜਾਰੀ ਵਿਚ ਵਰਤੀ ਜਾਂਦੀ ਹੈ। ਥੀਮ ਦੀ ਉਸਾਰੀ ਲਈ ਹਰ ਨਾਵਲ ਵਿਚ ਘਟਨਾਵਾਂ ਦੀ ਤਰਤੀਬ ਬਦਲਣੀ ਪੈਂਦੀ ਹੈ। ਉਹ ਹਮੇਸ਼ਾਂ ਇਤਿਹਾਸਕ ਕ੍ਰਮ ਵਿਚ ਨਹੀਂ ਸਿਰਜੀਆਂ ਜਾ ਸਕਦੀਆਂ। ਅਕਸਰ ਨਾਵਲ ਘਟਨਾ-ਸਮੂਹ ਦੀ ਕਿਸੇ ਵਿਚਕਾਰਲੀ ਗੁੰਝਲ ਤੋਂ ਸ਼ੁਰੂ ਹੁੰਦੇ ਹਨ। ਜਿਵੇਂ ਜਿਵੇਂ ਬਿਰਤਾਂਤ ਉਸਰਦਾ ਹੈ, ਬੀਤੇ ਦੀਆਂ ਘਟਨਾਵਾਂ ਦਿਲਚਸਪ ਢੰਗ ਨਾਲ ਵਰਤਮਾਨ ਨਾਲ ਜੋੜੀਆਂ ਜਾਂਦੀਆਂ ਹਨ ਤਾਂ ਕਿ ਗੁੰਝਲ ਨੂੰ ਸਿਰਜਿਆ ਵੀ ਜਾ ਸਕੇ ਤੇ ਖੋਲ੍ਹਿਆ ਵੀ। **ਚਿੱਟਾ ਲਹੂ** ਤੋਂ ਇਲਾਵਾ ਹੋਰ ਨਾਵਲਾਂ ਵਿਚ ਵੀ ਇਸਦੇ ਚਿਹਨ ਮਿਲ ਜਾਣਗੇ। **ਤਫ਼ਤੀਸ਼** ਵਿਚ ਇਸਦੀ ਵਰਤੋਂ ਆਪਣੀ ਕਿਸਮ ਦੀ ਹੈ।

ਬੂਮਿਰੈਂਗ ਦੀ ਤਰਕੀਬ ਮੂਲ ਰੂਪ ਵਿਚ ਸਭ ਨਾਵਲਕਾਰਾਂ ਦੀ ਸਾਂਝੀ ਸੰਪੱਤੀ ਹੈ। ਪਰ ਜੇ ਸ਼ਿਲਪ-ਦ੍ਰਿਸ਼ਟੀ ਵਿਚ ਤੇਜ ਨਹੀਂ ਤਾਂ ਇਹ ਮਿੱਟੀ ਹੈ, ਜੇ ਤੇਜ ਹੈ ਤਾਂ ਸੋਨਾ। ਨਾਨਕ ਸਿੰਘ ਤੋਂ ਬਾਅਦ ਇਹ ਸਾਡੇ ਇਕ ਤੋਂ ਜ਼ਿਆਦਾ ਪ੍ਰਤਿਭਾਵਾਨ ਨਾਵਲਕਾਰਾਂ ਦੇ ਹੱਥਾਂ ਵਿਚ ਉੱਸਰਦੀ ਤੇ ਵਿਗਸਦੀ ਹੈ। **ਤਫ਼ਤੀਸ਼** ਵਿਚ ਇਸਦਾ ਸਰੂਪ ਵਿਸ਼ੇਸ਼ ਵੱਖਰਾ ਹੈ। ਬਹੁਤੀਆਂ ਮਿਸਾਲਾਂ ਦੀ ਲੋੜ ਨਹੀਂ। ਸਿਰਫ਼ ਨਾਨਕ ਸਿੰਘ ਤੇ ਗੁਰਦਿਆਲ ਸਿੰਘ ਨਾਲ ਤੁਲਨਾ ਰਾਹੀਂ ਗੱਲ ਸਪੱਸ਼ਟ ਹੋ ਜਾਵੇਗੀ।

ਨਾਨਕ ਸਿੰਘ ਦੇ **ਚਿੱਟਾ ਲਹੂ** ਤੇ **ਪਵਿੱਤਰ ਪਾਪੀ** ਵਿਚ ਮੁੱਖ ਪਾਤਰਾਂ ਦੀ ਜ਼ਿੰਦਗੀ ਦਾ ਸਫ਼ਰ ਬੀਤੇ ਦੀ ਸਿਮ੍ਰਿਤੀ ਦੇ ਰੂਪ ਵਿਚ ਉਘੜਦਾ ਹੈ। ਸਿਮ੍ਰਿਤੀ ਉਨ੍ਹਾਂ ਦੇ ਵਰਤਮਾਨ ਅਤੇ ਭੂਤ ਨੂੰ ਅਰਥਾਂ ਦੀ ਗੋਲਾਈ ਵਿਚ ਬੰਨ੍ਹਦੀ ਹੈ। ਪਰੰਤੂ ਨਾਨਕ ਸਿੰਘ ਦੇ ਇਸ ਚੌਖਟੇ ਵਿਚ ਪਾਤਰ ਤੇ ਘਟਨਾਵਾਂ ਆਪਣੀ ਨੁਹਾਰ ਉਸਦੀ ਮੱਧ-ਸ਼੍ਰੇਣਿਕ ਸਦਾਚਾਰਕਤਾ ਤੋਂ ਲੈਂਦੇ

ਹਨ। ਸਦਾਚਾਰਕਤਾ ਦੀ ਪ੍ਰਭੁਤਾ ਕਰਕੇ ਉਹ ਵੀ ਸਦਾਚਾਰਕ ਕੋਟੀਆਂ ਵਿਚ ਢਲ ਜਾਂਦੇ ਹਨ। ਜ਼ਿੰਦਗੀ ਦੀ ਵਿਵਧਤਾ ਉਨ੍ਹਾਂ ਦਾ ਭਾਗ ਨਹੀਂ ਬਣਦੀ। ਸਾਖ਼ਤ ਵਿਚ ਉਹ ਨੇਕੀ ਤੇ ਬਦੀ ਆਦਿ ਵਰਗੇ ਰਵਾਇਤੀ ਸੂਤਰਾਂ ਦੇ ਦ੍ਰਿਸ਼ਟਾਂਤ ਮਾਤਰ ਪ੍ਰਤੀਤ ਹੁੰਦੇ ਹਨ। ਘਟਨਾ-ਪ੍ਰਬੰਧ ਵੀ ਜ਼ਿਹਨ ਉੱਤੇ ਉਨ੍ਹਾਂ ਨਾਲ ਮਿਲਦੇ-ਜੁਲਦੇ ਦ੍ਰਿਸ਼ਟਾਂਤ ਵਾਲਾ ਪ੍ਰਭਾਵ ਛੱਡਦਾ ਹੈ। ਦ੍ਰਿਸ਼ਟਾਂਤ ਵਾਂਗ ਹੀ ਇਸਦੀਆਂ ਅਕਸਰ ਕੜੀਆਂ ਵਿਚ ਅਸੰਗਤੀਆਂ ਦਿਸਣਗੀਆਂ। ਜ਼ਿੰਦਗੀ ਸੁੰਗੜੀ-ਸੁੰਗੜੀ ਦੇ ਦੇਸ਼-ਕਾਲ ਵਾਲੀ ਭਿੰਨਤਾ ਤੇ ਵੁਸਅਤ ਤੋਂ ਬੇਨਿਆਜ਼ ਮਹਿਸੂਸ ਹੋਵੇਗੀ। ਸਦਾਚਾਰਕਤਾ ਦੇ ਫ਼ੌਲਾਦੀ ਲਿਬਾਸ ਵਿਚ ਨਾਨਕ ਸਿੰਘ ਦੇ ਪਾਤਰ ਤੇ ਘਟਨਾਵਾਂ ਆਪਣੀ ਸੁਭਾਵਕਤਾ ਵਿਚ ਸੁਕੜ ਜਾਂਦੇ ਹਨ ਤੇ ਉਨ੍ਹਾਂ ਦੀ ਹੋਂਦ ਸੁਤੰਤਰਤਾ ਦੇ ਗੁਣ ਵਿਚ ਛਾਂਗੀ ਜਾਂਦੀ ਹੈ। ਉਹ ਵੰਨਗੀ ਵਿਚ ਮਹਿਰੂਮ ਤੇ ਗਿਣਤੀ ਵਿਚ ਮਹਿਦੂਦ ਰਹਿੰਦੇ ਹਨ। ਨਾਨਕ ਸਿੰਘ ਦੀ ਨਜ਼ਰ ਦਾ ਚੌਖਟਾ ਜ਼ਿੰਦਗੀ ਦੇ ਸਫ਼ਰ ਨੂੰ ਇਕ 'ਬਹੁਸੂਤਰੀ ਗੰਢ' ਦੇ ਰੂਪ ਵਿਚ ਗ੍ਰਹਿਣ ਕਰਨ ਦੀ ਆਗਿਆ ਨਹੀਂ ਦੇਂਦਾ। ਨਤੀਜੇ ਦੇ ਦੌਰ ਉੱਤੇ, ਬੂਮਿਰੈਂਗ ਦੀ ਤਰਕੀਬ ਉਸਦੀ ਸ਼ਿਲਪਕਾਰੀ ਵਿਚ ਇਕ ਦਿਲਚਸਪ ਪਰ ਅਸੁਭਾਵੁਕ ਕਹਾਣੀ ਉਸਾਰਨ ਤੋਂ ਅੱਗੇ ਘੱਟ ਹੀ ਵਧਦੀ ਹੈ। ਇਸ ਕਹਾਣੀ ਦਾ ਮੂੰਹ ਉਸਦੇ ਨਾਵਲਾਂ ਵਿਚ ਮਨੁੱਖੀ ਰਿਸ਼ਤਿਆਂ ਤੇ ਕਦਰਾਂ-ਕੀਮਤਾਂ ਦੀ ਹਕੀਕਤ ਵੱਲ ਥੋੜ੍ਹਾ ਤੇ ਦਰਮਿਆਨੇ ਤਬਕੇ ਦੀ ਅਖ਼ਲਾਕੀਅਤ ਦਾ ਰੁਮਾਂਸ ਉਸਾਰਨ ਵੱਲ ਵਧੇਰੇ ਹੈ।

ਰੁਮਾਂਸ ਭਰੋਸੇ ਅਤੇ ਵਿਸ਼ਵਾਸ ਦੇ ਪਹੀਆਂ ਉੱਤੇ ਚੱਲਣ ਵਾਲੀ ਗੱਡੀ ਹੈ। ਇਸਨੂੰ ਵਾਹੁਣ ਬਣਾਉਣ ਵਾਲੇ ਨਾਵਲਕਾਰ ਇਹ ਪਹੀਏ ਆਪਣੇ ਮਸੀਹਾਈ ਨਿਸ਼ਚਿਆਂ ਵਿਚੋਂ ਲੱਭਦੇ ਹਨ। ਇਹ ਨਿਸ਼ਚੇ ਖ਼ੁਦ ਨਾਵਲਕਾਰ ਜਾਂ ਨਾਇਕ ਪਾਤਰਾਂ ਦੇ ਮਸੀਹਾਈ ਅਧਿਕਾਰ ਨਾਲ ਦਿੱਤੇ ਪ੍ਰਵਚਨਾਂ ਦੀ ਸ਼ਕਲ ਲੈ ਲੈਂਦੇ ਹਨ। ਇਨ੍ਹਾਂ ਦਾ ਮਕਸਦ ਪਾਠਕ ਦੀ ਸੋਚ ਨੂੰ ਇਕ ਐਸੀ ਜਜ਼ਬਾਤੀਅਤ ਵਿਚ ਢਾਲਣਾ ਹੁੰਦਾ ਹੈ ਕਿ ਜਿਸ ਨਾਲ ਉਸਨੂੰ ਨਾਵਲਕਾਰ ਦੀ ਅਧਿਆਤਮਿਕਤਾ ਵਿਚ ਪਰਿਪੱਕ ਕੀਤਾ ਜਾ ਸਕੇ। ਪਾਤਰਾਂ ਤੇ ਘਟਨਾਵਾਂ ਵਿਚ ਨਿਤਾਣੇ ਨਾਵਲਾਂ ਲਈ ਇਹ ਮਸੀਹਾਈ ਪੈਂਤੜਾ ਵਸਾਖੀਆਂ ਦਾ ਕੰਮ ਕਰਦਾ ਹੈ।

ਨਾਨਕ ਸਿੰਘ ਤੋਂ ਅਗਲੀ ਪੀੜ੍ਹੀ ਦਾ ਨਾਵਲਕਾਰ ਗੁਰਦਿਆਲ ਸਿੰਘ ਮਸੀਹਾਈ ਪ੍ਰਵਚਨਾਂ ਨੂੰ ਵਸਾਖੀਆਂ ਨਹੀਂ ਬਣਾਉਂਦਾ। ਬੂਮਿਰੈਂਗ ਦੀ ਤਰਕੀਬ ਉਹ ਵੀ ਅਪਣਾਉਂਦਾ ਹੈ। ਪਰ ਉਸਨੂੰ ਇਸ ਵਿਚ ਮਸੀਹਾਈ ਪ੍ਰਵਚਨਾਂ ਦੇ ਰਲੇ ਦੀ ਲੋੜ ਨਹੀਂ ਪੈਂਦੀ। ਸਿਮ੍ਰਿਤੀ ਦੇ ਵਹਿਣ ਰਾਹੀਂ ਉਸਦੇ ਨਾਵਲਾਂ ਵਿਚ ਹੀ ਹਾਲਾਤ ਪਾਤਰਾਂ ਦੇ ਭੂਤ ਤੇ ਵਰਤਮਾਨ ਨੂੰ ਜੋੜਦੇ ਹਨ। ਨਾਨਕ ਸਿੰਘ ਵਿਚ ਇਸਦਾ ਬਿਰਤਾਂਤਕ ਪਿੜ ਸਦਾਚਾਰਕਤਾ ਦੀ ਵਲਗਣ ਵਿਚ ਬੱਝਦਾ ਹੈ। ਗੁਰਦਿਆਲ ਸਿੰਘ ਵਿਚ ਇਹ ਕਿਰਦਾਰ ਤੇ ਹਾਲਾਤ ਦੀ ਖਹਿ ਵਿਚੋਂ ਪੈਦਾ ਹੋਣ ਵਾਲੇ ਮਸਲਿਆਂ ਉੱਤੇ ਝਰੋਖਾ ਬਣ ਜਾਂਦਾ ਹੈ। ਇਸ ਖਹਿ ਵਿਚ ਪਏ ਬੰਦੇ ਦੀ ਹੋਂਦ ਜਿਨ੍ਹਾਂ ਦੁਵਿਧਾਵਾਂ ਤੇ ਗੁੰਝਲਾਂ ਵਿਚੋਂ ਗੁਜ਼ਰਦੀ ਹੈ, ਗੁਰਦਿਆਲ ਸਿੰਘ ਦੇ ਨਾਵਲ ਬੂਮਿਰੈਂਗ ਦੀ ਤਰਕੀਬ ਰਾਹੀਂ ਉਨ੍ਹਾਂ ਦੇ ਜਮਾਤੀ, ਮਾਨਵੀ ਤੇ ਇਤਿਹਾਸਕ ਪਹਿਲੂਆਂ ਨੂੰ ਫ਼ੋਕਸ ਵਿਚ ਲਿਆਉਂਦੇ ਹਨ। ਨਾਨਕ ਸਿੰਘ ਵਾਂਗ ਉਸਦੇ ਕਿਰਦਾਰ ਵਖ ਅਖ਼ਲਾਕ ਦੀ ਜ਼ਿੱਦ ਵਿਚ ਪੈਂਦੇ ਹਨ। ਪਰ ਨਾਨਕ ਸਿੰਘ ਇਸ ਜ਼ਿੱਦ ਨੂੰ ਅਖ਼ਲਾਕੀਅਤ ਦਾ ਮੋਰਚਾ ਬਣਾ ਲੈਂਦਾ ਹੈ। ਗੁਰਦਿਆਲ ਸਿੰਘ ਵਿਚ ਇਹ ਜ਼ਿੱਦ ਜੀਊਣ ਦੀਆਂ ਗੁੰਝਲਾਂ ਦੀ ਘੋਖ ਵਿਚ ਵਟ ਜਾਂਦੀ ਹੈ। ਇਸ ਘੋਖ ਵਿਚ ਉਸਦੇ ਪਾਤਰ ਨਾਨਕ ਸਿੰਘ ਵਾਂਗ ਦੁਹਰਾਉਮਈ ਨਹੀਂ ਰਹਿੰਦੇ, ਉਨ੍ਹਾਂ ਵਿਚ ਜ਼ਿੰਦਗੀ ਵਰਗੀ ਵਿਵਿਧਤਾ ਆ

ਜਾਂਦੀ ਹੈ। ਸਮੁੱਚੇ ਰੂਪ ਵਿਚ, ਉਹ ਵਿਅਕਤੀ ਵੀ ਹਨ ਤੇ ਹਾਲਾਤ ਦੇ ਕਿਸੇ ਇੱਕ ਜਾਂ ਦੂਜੇ ਪਹਿਲੂ ਦੇ ਪ੍ਰਤਿਨਿਧ ਵੀ। ਉਹ ਸਾਪੇਖ ਹੋਂਦਾਂ ਹਨ, ਸਿਰਫ਼ ਨਿਰਪੇਖ ਸੂਤਰ ਨਹੀਂ।

ਪਰੰਤੂ, ਵਿਵਿਧਤਾ ਦੇ ਬਾਵਜੂਦ ਗੁਰਦਿਆਲ ਸਿੰਘ ਦੀ ਕਿਰਦਾਰ-ਨਿਗਾਰੀ ਦਾ ਖੇਤਰ ਅਸੀਮ ਨਹੀਂ। ਕਥਾਨਕ ਦੀ ਉਸਾਰੀ ਵਿਚ ਉਹ ਬੂਮਿਰੈਂਗ ਦੀ ਤਰਕੀਬ ਅਕਸਰ ਦੋ ਜਾਂ ਤਿੰਨ ਮਰਕਜ਼ੀ ਪਾਤਰਾਂ ਦੇ ਸੰਦਰਭ ਵਿਚ ਵਰਤਦਾ ਹੈ, ਜਿਸਦਾ ਸਿੱਟਾ ਹੋਰ ਪਾਤਰ ਸੁਭਾਵਕ ਹੀ ਗਿਣਤੀ ਵਿਚ ਮਹਿਦੂਦ ਰਹਿ ਜਾਂਦੇ ਹਨ। ਇਸ ਸੀਮਾ ਕਰਕੇ ਉਸਦਾ ਪਾਤਰ-ਜਗਤ ਕਿਸੇ ਮਹਾਂ-ਦ੍ਰਿਸ਼ ਦਾ ਆਕਾਰ ਨਹੀਂ ਲੈ ਪਾਉਂਦਾ, ਭਾਵੇਂ ਇਹ ਨਾਨਕ ਸਿੰਘ ਨਾਲੋਂ ਭਿੰਨ ਤੇ ਵਿਸਤ੍ਰਿਤ ਹੈ।

**ਤਫ਼ਤੀਸ਼** ਵਿਚ ਪਾਤਰਾਵਲੀ ਅਸਾਧਾਰਣ ਭਾਂਤ ਵਿਸਤ੍ਰਿਤ ਤੇ ਮਹਾਂ-ਦ੍ਰਿਸ਼ ਦਾ ਪ੍ਰਭਾਵ ਦੇਣ ਵਾਲੀ ਹੈ।

ਵੇਖਣ ਨੂੰ ਨਾਵਲ ਦਾ ਕਥਾਨਕ ਇੱਕ ਬਾਲ ਪਾਤਰ ਦੁਆਲੇ ਬੁਣਿਆ ਗਿਆ ਹੈ। ਪਰ ਇਹ ਬਾਲ ਪਾਤਰ ਸਹੀ ਅਰਥਾਂ ਵਿਚ ਨਾ ਕਥਾਨਕ ਦਾ ਧੁਰਾ ਹੈ ਤੇ ਨਾ ਕੋਈ ਪਾਤਰ। ਇਹ ਸਿਰਫ਼ ਛਉਲਾ ਹੈ ਪਾਤਰ ਦਾ। ਜਾਂ ਇਕ ਅੜੇਸ ਜਿੱਥੋਂ ਕਥਾਨਕ ਚੁੰਗੀ ਭਰਦਾ ਹੈ। ਅਸਲ ਚੀਜ਼ ਇਹ ਚੁੰਗੀ ਹੈ, ਅੜੇਸ ਨਹੀਂ। ਪਾਤਰ ਉਹ ਹੋਵੇਗਾ ਜਿਸਦੇ ਖ਼ਿਆਲਾਤ, ਕਦਰਾਂ-ਕੀਮਤਾਂ, ਕਿਰਦਾਰ ਤੇ ਹੋਣੀ ਆਦਿ ਨਾਵਲ ਦੀ ਥੀਮਕ ਉਸਾਰੀ ਦਾ ਹਿੱਸਾ ਬਣਨ। **ਤਫ਼ਤੀਸ਼** ਦੇ ਬਾਲ ਪਾਤਰ ਦੀ ਹਾਲਤ ਵਿਚ ਅਜਿਹਾ ਕੁਝ ਵੀ ਨਹੀਂ ਵਾਪਰਦਾ। ਜੋ ਵੀ ਵਾਪਰਦਾ ਹੈ ਉਨ੍ਹਾਂ ਪਾਤਰਾਂ ਦੀ ਹਾਲਤ ਵਿਚ ਵਾਪਰਦਾ ਹੈ ਜੋ ਬਾਲ ਪਾਤਰ ਦੇ ਅਗਵਾ ਦਾ ਨਤੀਜਾ ਹਰਕਤ ਵਿਚ ਆਉਂਦੇ ਜਾਂ ਉਸ ਤੋਂ ਮੁਤਾਸਰ ਹੁੰਦੇ ਹਨ। ਇਨ੍ਹਾਂ ਦੀ ਗਿਣਤੀ ਲਾ-ਮਹਿਦੂਦ ਹੈ। ਗਿਣੇ ਜਾ ਸਕਣ ਵਾਲੇ ਪਾਤਰ ਅੰਦਾਜ਼ਨ ਦੋ ਸੌ ਦੇ ਕਰੀਬ ਹਨ। ਪਰ ਇਨ੍ਹਾਂ ਦੇ ਦਰਮਿਆਨ ਬਹੁਤ ਸਾਰੇ ਅਮੂਰਤ ਪਾਤਰ ਵੀ ਹਨ। ਨਾਵਲ ਦੀ ਥੀਮਕ ਯੋਜਨਾ ਵਿਚ ਕੁਝ ਖਾਲੀ ਥਾਵਾਂ ਹਨ। ਅਮੂਰਤ ਪਾਤਰਾਂ ਦੀ ਸੰਭਾਵਨਾ ਇਨ੍ਹਾਂ ਖਾਲੀ ਥਾਵਾਂ ਨੂੰ ਭਰਦੀ ਤੇ ਆਕਾਰ ਦੇਂਦੀ ਹੈ। ਇਹ ਅਮੂਰਤ ਪਾਤਰ ਮੂਰਤ ਪਾਤਰਾਂ ਵਾਂਗ ਹੀ ਸਾਡੀ ਸਿਆਸੀ ਤੇ ਪ੍ਰਸ਼ਾਸਕੀ ਅਵਸਥਾ ਦੀਆਂ ਗੁੰਝਲਾਂ ਦੇ ਵਿਅੰਗ-ਚਿਤਰ ਬਣਦੇ ਹਨ। ਇਨ੍ਹਾਂ ਚਿਤਰਾਂ ਵਿਚ ਸ਼ਾਸਿਤ ਤੇ ਸ਼ਾਸਕ ਵਰਗ, ਛੋਟੇ ਕਰਮਚਾਰੀ ਤੇ ਵੱਡੇ ਅਧਿਕਾਰੀ, ਸਮਾਜਕ ਕਾਰਕੁਨ, ਸਿਆਸੀ ਆਗੂ ਅਤੇ ਕਈ ਹੋਰ ਕੋਟੀਆਂ ਦੇ ਕਿਰਦਾਰ ਨਾਵਲੀ ਮੁਸ਼ਾਹਦੇ ਦਾ ਹਿੱਸਾ ਬਣਦੇ ਹਨ। ਇਨ੍ਹਾਂ ਦੀ ਬਹੁਪੱਖਤਾ ਹੀ ਨਾਵਲ ਦੇ ਕੈਨਵਸ ਵਿਚ ਮਹਾਂਦ੍ਰਿਸ਼ ਦਾ ਰੰਗ ਭਰਦੀ ਹੈ।

ਨਾਵਲ ਦੇ ਇਸ ਗੁਣ ਦਾ ਸਰਚਸ਼ਮਾ ਵੀ ਬੂਮਿਰੈਂਗ ਦੀ ਤਰਕੀਬ ਹੀ ਹੈ। ਪਰ ਮੀਤ ਦੇ ਹੱਥਾਂ ਵਿਚ ਇਹ ਤਰਕੀਬ ਚੰਦ ਕੇਂਦਰੀ ਪਾਤਰਾਂ ਤੱਕ ਸੀਮਿਤ ਨਹੀਂ ਰਹਿੰਦੀ। ਸਗੋਂ ਬੇਸ਼ੁਮਾਰ ਪਾਤਰਾਂ ਦੇ ਹਾਲਾਤ ਉੱਤੇ ਫੈਲ ਜਾਂਦੀ ਹੈ। ਸਮੇਂ ਦਾ ਸੰਕਟ ਇਨ੍ਹਾਂ ਪਾਤਰਾਂ ਦੀ ਦਿੱਖ ਅਤੇ ਹਕੀਕਤ ਵਿਚਲੇ ਅੰਤਰ ਦੀ ਵਿਡੰਬਨਾ ਵਿਚੋਂ ਖੁੱਲ੍ਹਦਾ ਹੈ। ਵਿਡੰਬਨਾ ਦੇ ਚੌਖਟੇ ਵਿਚ ਮਨਫ਼ੀ ਪਾਤਰ ਨਿਰੋਲ ਮਨਫ਼ੀ ਨਹੀਂ ਰਹਿੰਦੇ, ਹਾਲਾਤ ਦੀ ਅਲਾਮਤ ਬਣ ਜਾਂਦੇ ਹਨ। ਚੌਗਿਰਦੇ ਵਿਚੋਂ ਮਿਲੇ ਸੰਤਾਪਾਂ ਦੀ ਜਿਵੇਂ-ਕਿਵੇਂ ਨਵਿਰਤੀ ਦਾ ਮਸਲਾ ਉਨ੍ਹਾਂ ਦੀ ਜ਼ਿਹਨੀਅਤ ਵਿਚ ਗੰਦਲਾਹਟ ਪੈਦਾ ਕਰਦਾ ਹੈ। ਦੂਜੇ ਪਾਸੇ ਇਸ ਗੰਦਲਾਹਟ ਤੋਂ ਕੰਨੀ ਬਚਾ ਕੇ ਤੁਰਨ ਵਾਲੇ ਪਾਤਰ ਬਿਲਾ-ਵਜਹ ਪ੍ਰਸ਼ਾਸਕੀ ਜ਼ਿਆਦਤੀਆਂ ਹੱਥੋਂ ਖੱਜਲ ਹੁੰਦੇ ਹਨ। ਚਾਰ-ਚੁਫ਼ੇਰੇ ਆਪੋ-ਧਾਪੀ ਤੇ ਨਿਰਦਇਤਾ ਪਸਰੀ ਹੋਈ ਹੈ। ਭ੍ਰਿਸ਼ਟਾਚਾਰ ਤੇ ਡਰਾਮੇਬਾਜ਼ੀ ਦੀ ਬਾਲਾਦਸਤੀ ਹੈ। ਇਨ੍ਹਾਂ ਦੀ ਅਜਗਰ ਵਰਗੀ ਪਕੜ ਤੋਂ ਨਾ ਨੌਕਰਸ਼ਾਹੀ ਬਚੀ ਹੈ, ਨਾ ਸਮਾਜਕ ਕਾਰਕੁਨ ਤੇ ਨਾ ਹੀ ਸਿਆਸੀ ਆਗੂ।

ਇਨਕਲਾਬੀ ਜੱਥੇਬੰਦੀਆਂ ਵਿਚ ਵੀ ਸੁਹਿਰਦਤਾ ਦੀ ਥੁੜ ਹੈ, ਪਰ ਹੋਛੇਪਨ ਤੋਂ ਪ੍ਰੇਰਿਤ ਦੋਗਲੇ ਮੱਧਵਰਗੀ ਕਿਰਦਾਰਾਂ ਦੀ ਭੀੜ-ਭਾੜ। ਗਰਮਦਲੀਏ ਮਾਅਰਕੇਬਾਜ਼ੀ ਤੋਂ ਉੱਪਰ ਨਹੀਂ ਉੱਠ ਸਕਦੇ। ਵਕਤ ਦੀ ਹਾਕਮ ਜਮਾਤ ਤੇ ਨੌਕਰਸ਼ਾਹੀ ਹੇਠਲੇ ਤਬਕੇ ਵਿਚੋਂ ਕਈ ਜਾਤੀਆਂ ਨੂੰ ਜੁਰਾਇਮ-ਪੇਸ਼ਾ ਕਰਾਰ ਦੇ ਦੇਂਦੀ ਹੈ। ਗਰਮਦਲੀਏ ਇਨਕਲਾਬੀ ਦਾਈਏ ਬੰਨ੍ਹਦੇ ਹਨ, ਪਰ ਇਨ੍ਹਾਂ ਜਾਤੀਆਂ ਦੇ ਕਲਿਆਣ ਲਈ ਨਾ ਕੁਝ ਸੋਚਦੇ ਹਨ ਤੇ ਨਾ ਕਰਦੇ। ਪੁਲੀਸ ਕਰਮਚਾਰੀਆਂ ਨੂੰ ਗੰਭੀਰ ਜ਼ੁਰਮਾਂ ਦਾ ਸੁਰਾਗ ਲੱਭਣ ਨਾਲੋਂ ਮੁੱਖ ਮੰਤਰੀ ਦੀ ਸਿਆਸਤ ਨੂੰ ਪੱਠੇ ਪਾਉਣ ਦੀ ਫ਼ਿਕਰ ਜ਼ਿਆਦਾ ਹੈ। ਇਸ ਮਕਸਦ ਲਈ ਉਨ੍ਹਾਂ ਦਾ ਸਾਰਾ ਵਕਤ ਖ਼ਾਲੀ ਦਾਅਵਿਆ ਤੇ ਰਾਜਕੀ ਦਹਿਸ਼ਤ ਫੈਲਾਉਣ ਵਿਚ ਸਰਫ਼ ਹੁੰਦਾ ਹੈ। ਇਸ ਵਿਚੋਂ ਕੋਈ ਦਰਦ ਜਾਂ ਦਿਸ਼ਾਂ ਲੱਭਣੀ ਮੁਸ਼ਕਿਲ ਹੈ। ਸਕਤਿਆਂ ਦੀ ਇਸ ਸਲਤਨਤ ਵਿਚ ਸਮੇਂ ਜਾਂ ਸਮਾਜ ਦਾ ਕੋਈ ਸਿਰ ਪੈਰ ਨਹੀਂ ਦਿਸਦਾ। ਸੱਭਿਅਤਾ ਹੈ, ਪਰ ਸੱਭਿਆਚਾਰ ਨਹੀਂ।

ਨਾਵਲ ਵਿਚ ਇਹ ਦੁਖਾਂਤ ਸਥਿਤੀ ਇਕੋ ਸਮੇਂ ਘਿਰਣਾ ਅਤੇ ਸਹਾਨਭੂਤੀ ਨਾਲ ਸਿਰਜੀ ਗਈ ਹੈ। ਪਾਤਰਾਂ ਦਾ ਵਿਰੂਪਨ ਘਿਰਣਾ ਉਤਪੰਨ ਕਰਦਾ ਹੈ, ਜਿੱਥੇ ਕਿ ਉਨ੍ਹਾਂ ਦੇ ਸੁਪਨਿਆਂ ਦਾ ਇਨਸਾਨੀ ਪਿਛੋਕੜ ਸਹਾਨਭੂਤੀ ਦਾ ਵਿਸ਼ੈ ਬਣਦਾ ਹੈ। ਪਾਤਰਾਂ ਦੀ ਮਾਨਸਿਕਤਾ ਦਾ ਇਤਿਹਾਸ ਇਸ ਅੰਤਰ-ਵਿਰੋਧ ਨੂੰ ਵਿਰੋਧਾਭਾਸ ਵਿਚ ਬਦਲ ਦੇਂਦਾ ਹੈ। ਇਤਿਹਾਸ ਬੂਮਿਰੈਂਗ ਦੀ ਤਰਕੀਬ ਰਾਹੀਂ ਬੇਪਰਦ ਹੁੰਦਾ ਹੈ। ਪਾਤਰ ਆਪਣੇ ਵਰਤਮਾਨ ਵਿਚ ਬੇਸ਼ਕ ਇਨਸਾਨੀ ਜਜ਼ਬਿਆਂ ਦੀ ਪਹਿਚਾਣ ਵਿਚ ਊਣੈ ਦਿਸਦੇ ਹਨ, ਪਰ ਇਤਿਹਾਸ ਦੱਸਦਾ ਹੈ ਕਿ ਇਹ ਹਾਲਤ ਜਮਾਂਦਰੂ ਨਹੀਂ। ਉਨ੍ਹਾਂ ਦੀ ਅਧੋਗਤੀ ਉਨ੍ਹਾਂ ਦੇ ਸਮੇਂ ਦੇ ਜਮਾਤੀ ਸ਼ਊਰ ਵਿਚੋਂ ਉਪਜੀ ਦੁਖਾਂਤ ਹੋਣੀ ਹੈ। ਹੋਂਦ ਦੀ ਗੱਡੀ ਚਲਦੀ ਰੱਖਣ ਲਈ ਉਹ ਚਾਹੁੰਦੇ ਹੋਏ ਵੀ ਇਸਨੂੰ ਛੱਡ ਨਹੀਂ ਸਕਦੇ। ਇਸਦੀਆਂ ਜੜ੍ਹਾਂ ਉਨ੍ਹਾਂ ਦੀ ਬੌਣੀ ਸਮਝ ਦੇ ਗੋਰਖਧੰਦਿਆਂ ਵਿਚ ਹਨ। ਇਨ੍ਹਾਂ ਗੋਰਖਧੰਦਿਆਂ ਵਿਚ ਉਨ੍ਹਾਂ ਲਈ ਚੰਗੇ-ਮੰਦੇ ਦੀ ਪਛਾਣ ਉਲਝ ਜਾਂਦੀ ਹੈ। ਪਰੰਤੂ, ਨਾਵਲੀ ਪੱਧਰ ਉੱਤੇ ਇਹ ਸੰਕਟ ਅਰਥ ਵੀ ਇਨ੍ਹਾਂ ਗੋਰਖਧੰਦਿਆਂ ਵਿਚੋਂ ਹੀ ਲੈਂਦਾ ਹੈ। ਇਨ੍ਹਾਂ ਗੋਰਖਧੰਦਿਆਂ ਵਿਚ ਕੁਝ ਰਵੱਈਏ ਇੱਕੋ ਜਹੇ ਹਨ ਤੇ ਕੁਝ ਭਿੰਨ। ਨਾਵਲੀ ਅਰਥ ਇਨ੍ਹਾਂ ਸਾਂਝਾਂ ਤੇ ਫ਼ਰਕਾਂ ਦੀ ਰਗੜ ਵਿਚੋਂ ਉਪਜਦੇ ਹਨ। ਇਹ ਜੁਗਤ ਨਾਨਕ ਸਿੰਘ ਦੇ ਮਸੀਹਾਈ ਪ੍ਰਵਚਨ ਨਾਲੋਂ ਅੱਗੇ ਦੀ ਵਸਤ ਹੈ।

ਗੁਰਦਿਆਲ ਸਿੰਘ ਨਾਲ ਇਸਦੀ ਖ਼ਾਸੇ ਦੀ ਸਾਂਝ ਹੈ, ਪਰ ਕੈਨਵਸ ਦੀ ਵਿਭਿੰਨਤਾ। **ਤਫ਼ਤੀਸ਼** ਵਿਚ ਕੈਨਵਸ ਵਡੇਰਾ ਹੈ। ਕੇਸਰ ਸਿੰਘ ਦੇ ਜੰਗੀ ਕੈਦੀ ਵਿਚ ਵੀ ਕੈਨਵਸ ਵਡੇਰਾ ਹੈ ਤੇ **ਤਫ਼ਤੀਸ਼** ਵਾਂ ਹੀ ਮਹਾਂ-ਦ੍ਰਿਸ਼ ਦੀ ਝਲਕ ਦੇਂਦਾ ਹੈ। ਪਰ ਉਸਦੀ ਇਹ ਨਲਕ ਬੂਮਿਰੈਂਗ ਦੀ ਤਰਕੀਬ ਦੀ ਦੇਣ ਨਹੀਂ। ਇਸਦਾ ਮੂਲ ਪਾਤਰਾਂ ਦਾ ਖਿਲਾਰ ਹੈ। **ਜੰਗੀ ਕੈਦੀ** ਦੀ ਬੁਨਿਆਦੀ ਜੁਗਤ ਸਿੱਧੇ ਇਤਿਹਾਸਕ ਬਿਰਤਾਂਤ ਦੀ ਹੈ। ਇਸਦੇ ਵੇਰਵੇ ਸਮੇਂ ਵਿਚ ਖਿਲਰੇ ਹੋਏ ਹਨ ਤੇ ਇਨ੍ਹਾਂ ਵਿਚ ਕਲਾਤਮਕ ਬੰਧੇਜ ਪੋਪਲਾ ਹੈ। **ਤਫ਼ਤੀਸ਼** ਵਿਚ ਕਲਾਤਮਕ ਬੰਧੇਜ ਹੈ ਜੋ ਬਿਰਤਾਂਤਕ ਵੇਰਵਿਆਂ ਨੂੰ ਬੂਮਿਰੈਂਗ ਦੇ ਘੇਰੇ ਵਿਚ ਲਿਆਉਣ ਨਾਲ ਉਪਜਦਾ ਹੈ। ਮਹਾਂ-ਦ੍ਰਿਸ਼ ਤੇ ਸੰਘਣੇ ਕਲਾਤਮਕ ਸੰਗਠਨ ਦੀ ਇਹ ਸਾਂਝ **ਤਫ਼ਤੀਸ਼** ਦਾ ਖ਼ਾਸ ਪਛਾਣ-ਚਿੰਨ੍ਹ ਬਣ ਜਾਂਦੀ ਹੈ। ਇਸ ਸਾਂਝ ਰਾਹੀਂ **ਤਫ਼ਤੀਸ਼** ਵਿਚ ਗਲਪ ਦੀ ਇਕ ਬੁਨਿਆਦੀ ਜੁਗਤ ਦੀਆਂ ਸੰਭਾਵਨਾਵਾਂ ਫੈਲਦੀਆਂ ਤੇ ਵਿਗਸਦੀਆਂ ਹਨ।

ਨਾਵਲ ਦਾ ਦੂਜਾ ਵਿਲੱਖਣ ਪਛਾਣ-ਚਿੰਨ੍ਹ ਇਸਦੀ ਵਿਅੰਗ-ਚੇਤਨਾ ਹੈ। ਡਾ.ਟੀ.ਆਰ. ਵਿਨੋਦ ਤਾਂ ਇਸ ਨੂੰ ਨਾਵਲ ਦੀ ਪ੍ਰਮੁੱਖ ਜੁਗਤ ਮੰਨਦਾ ਹੈ। ਉਸ ਅਨੁਸਾਰ ਨਾਵਲ ਦਾ ਤਾਣਾ-ਬਾਣਾ ਮਸ਼ਕਰੀ ਦੀ ਜੁਗਤ ਵਿਚ ਢਲਿਆ ਹੋਇਆ ਹੈ। ਮਸ਼ਕਰੀ ਨੂੰ ਉਹ ਇਸ ਨਾਵਲ ਦੀ ਵਿਧੀ ਵੀ ਮੰਨਦਾ ਹੈ ਤੇ ਵਿਧਾ ਵੀ। ਨਾਵਲੀ ਜੁਗਤ ਦੇ ਰੂਪ ਵਿਚ ਮਸ਼ਕਰੀ ਉਸ ਲਈ ਇਕ ਬਹੁਧਾਰੀ ਸ਼ਸਤਰ। ਵਿਅੰਗ, ਟਿੱਚਰ ਤੇ ਵਿਡੰਬਨਾ ਆਦਿ ਉਸ ਨੂੰ ਮਸ਼ਕਰੀ ਦੇ ਹੀ ਵਿਭਿੰਨ ਰੂਪ ਦਿਸਦੇ ਹਨ। ਵਿਅੰਗ ਖ਼ਾਸ ਕਰਕੇ ਉਸ ਲਈ ਮਸ਼ਕਰੀ ਦਾ ਹੀ ਦੂਜਾ ਨਾਂ ਹੈ। **ਤਫ਼ਤੀਸ਼** ਤੋਂ ਪਹਿਲਾਂ ਉਹ ਪੰਜਾਬੀ ਨਾਵਲ ਦੀਆਂ ਦੋ ਪਰੰਪਰਾਵਾਂ ਮੰਨਦਾ ਹੈ, ਇਕ ਸੁਖਾਂਤ ਦੀ ਤੇ ਦੂਜੀ ਦੁਖਾਂਤ ਦੀ। **ਤਫ਼ਤੀਸ਼** ਨੂੰ ਉਹ ਇਕ ਮਸ਼ਕਰੀ ਨਾਵਲ ਕਹਿੰਦਾ ਹੋਇਆ ਤੀਜੀ ਪਰੰਪਰਾ ਦੀ ਸ਼ੁਰੂਆਤ ਮੰਨਦਾ ਹੈ। ਮਸ਼ਕਰੀ ਨਾਵਲ ਉਹ ਇਸ ਨੂੰ ਇਸ ਦੀ ਵਿਅੰਗ-ਚੇਤਨਾ ਦੀ ਖ਼ਾਸੀਅਤ ਕਰਕੇ ਕਹਿੰਦਾ ਹੈ। ਇਸ ਖ਼ਾਸੀਅਤ ਦੀ ਵਿਆਖਿਆ ਲਈ ਉਸਨੂੰ ਮਸ਼ਕਰੀ ਨਾਵਲ ਦਾ ਸਿਧਾਂਤ ਢੁਕਵਾਂ ਲੱਗਦਾ ਹੈ। ਮਸ਼ਕਰੀ ਨਾਵਲ ਦੇ ਵਾਕੰਸ਼ ਦੀ ਨਵੀਨਤਾ ਦਾ ਸਿੱਟਾ ਉਸਨੂੰ ਖ਼ੁਦ ਨਾਵਲ ਵੀ ਨਵੀਂ ਪਰੰਪਰਾ ਦੀ ਸ਼ੁਰੂਆਤ ਜਾਪਣ ਲੱਗ ਪੈਂਦਾ ਹੈ।

ਪਰੰਤੂ, ਸਾਡੀ ਸਮਝ ਅਨੁਸਾਰ ਇਸਨੂੰ ਨਵੀਂ ਪਰੰਪਰਾ ਦੀ ਸ਼ੁਰੂਆਤ ਕਹਿਣ ਨਾਲੋਂ ਪੰਜਾਬੀ ਦੇ ਯਥਾਰਥਵਾਦੀ ਨਾਵਲ ਦੀ ਪਰੰਪਰਾ ਨੂੰ ਵਿਸਤਾਰਨ ਅਤੇ ਅੱਗੇ ਤੋਰਨ ਵਾਲਾ ਨਾਵਲ ਕਹਿਣਾ ਬਿਹਤਰ ਹੋਵੇਗਾ। ਵਿਅੰਗ ਦਾ ਗੁਣ ਵੀ ਖ਼ਾਸ ਇਸ ਨਾਵਲ ਦੀ ਹੀ ਸੰਪੱਤੀ ਨਹੀਂ। ਇਸਦੀ ਸੰਪੱਤੀ ਇਸਦਾ ਅੰਦਾਜ਼ ਹੈ। ਵਿਅੰਗ ਤਾਂ ਨਾਨਕ ਸਿੰਘ, ਗੁਰਦਿਆਲ ਤੇ ਹੋਰ ਕਈ ਨਾਵਲਕਾਰਾਂ ਵਿਚ ਵੀ ਮਿਲ ਜਾਂਦਾ ਹੈ। ਪਰ **ਤਫ਼ਤੀਸ਼** ਵਿਚ ਇਸਦੀ ਪਹੁੰਚ, ਇਸੀ ਸਾਖ਼ਤ, ਪਾਣ ਅਤੇ ਧਾਰ ਵੱਖਰੀ ਕਿਸਮ ਦੀ ਹੈ।

ਨਾਨਕ ਸਿੰਘ ਦੀ ਵਿਅੰਗ-ਦ੍ਰਿਸ਼ਟੀ ਸਮਾਜ ਦੀ ਅਖ਼ਲਾਕੀ ਸੁਰ ਨੂੰ ਵਿਗਾੜਨ ਵਾਲੇ ਦੰਭੀ ਪਾਤਰਾਂ ਵਿਰੁੱਧ ਘਿਰਣਾ ਤੇ ਰੋਹ ਪੈਦਾ ਕਰਨ ਵਾਲੀ ਹੈ। ਉਸ ਵਰਗੀ ਨਿਖੇਧੀ ਦੀ ਕੁਝ ਅੰਸ਼ ਗੁਰਦਿਆਲ ਸਿੰਘ ਵਿਚ ਵੀ ਮਿਲ ਜਾਂਦੀ ਹੈ। ਪਰ ਗੁਰਦਿਆਲ ਸਿੰਘ ਵਿਚ ਵਿਅੰਗ ਅਛੋਪਲੇ ਹੀ ਵਿਡੰਬਨਾ ਵਿਚ ਬਦਲ ਜਾਂਦਾ ਹੈ। ਇਸ ਰੂਪਾਂਤ੍ਰਣ ਨਾਲ ਉਹ ਵਾਸਤਵਿਕਤਾ ਦੇ ਦਿਸਦੇ ਤੇ ਗਹਿਨ ਰੂਪਾਂ ਵਿਚਲੇ ਅੰਤਰ ਨੂੰ ਇਕ ਦਾਰਸ਼ਨਿਕ ਵਾਲੀ ਤਨਜ਼ ਨਾਲ ਉਘਾੜਨ ਵੱਲ ਪਰਤਦਾ ਹੈ। **ਤਫ਼ਤੀਸ਼** ਵਿਚ ਵਿਅੰਗ ਅਤੇ ਵਿਡੰਬਨਾ ਸੰਦਰਭ ਦੀ ਤਬਦੀਲੀ ਨਾਲ ਵਿਭਿੰਨ ਪ੍ਰਕਾਰਜ ਨਿਭਾਉਂਦੇ ਹਨ। ਮਨਫ਼ੀ ਪਾਤਰਾਂ ਦੇ ਕਿਰਦਾਰ ਦੀਆਂ ਜੜ੍ਹਾਂ ਉਨ੍ਹਾਂ ਦੀਆਂ ਨਿਮਨਵਰਗੀ ਲੋੜਾਂ ਅਤੇ ਹੀਣਤਾ ਵਿਚ ਮਿਲਦੀਆਂ ਹਨ। ਐਸੀ ਹਾਲਤ ਵਿਚ ਉਸਦੇ ਵਿਅੰਗ ਦਾ ਸਰੂਪ ਗੁਰਦਿਆਲ ਸਿੰਘ ਦੀ ਵਿਡੰਬਨਾ ਵਾਲਾ ਹੈ। ਸਰਕਾਰੀ ਅਧਿਕਾਰੀਆਂ ਦੀ ਨਾਟਕਬਾਜ਼ੀ ਉਨ੍ਹਾਂ ਦੀ ਸੰਸਥਾਈ ਅਧੋਗਤੀ ਦੀ ਅਲਾਮਤ ਹੈ। ਇਸਦੇ ਚਿਤ੍ਰਣ ਵਿਚ ਵਿਅੰਗ ਖਾੜਕੂ ਵਿਡੰਬਨਾ ਵਿਚ ਬਦਲ ਜਾਂਦਾ ਹੈ। ਸਮਾਜ-ਸੇਵੀ ਸੰਸਥਾਵਾਂ ਦੇ ਕਾਰਕੁਨਾਂ ਦੀ ਮਿੱਟੀ ਦੇ ਪੈਰਾਂ ਨੂੰ ਲੁਕਾਉਣ ਦੀ ਰੁਚੀ ਵੀ ਐਸੀ ਹੀ ਵਿਡੰਬਨਾ ਦਾ ਨਿਸ਼ਾਨਾ ਬਣਦੀ ਹੈ। ਨਾਵਲ ਦੇ ਕੁਝ ਪ੍ਰਕਰਣਾਂ ਵਿਚ ਭ੍ਰਿਸ਼ਟਾਚਾਰੀ ਪੁਲੀਸ ਅਧਿਕਾਰੀਆਂ ਦੇ ਜਿਸਮਾਨੀ ਕੁਢੱਬਾਂ ਦਾ ਮਜ਼ਾਕ ਉਡਾਇਆ ਗਿਆ ਹੈ। ਇਨ੍ਹਾਂ ਪ੍ਰਕਰਣਾਂ ਵਿਚ ਮਸ਼ਕਰੀ ਵਿਚ ਟਿੱਚਰ ਦੀ ਅੰਸ਼ ਆ ਜਾਂਦੀ ਹੈ। ਸੰਸਥਾਗਤ ਅਧਿਕਾਰਾਂ ਦੀ ਦੁਰਵਰਤੋਂ ਦੇ ਦ੍ਰਿਸ਼ਾਂ ਵਿਚੋਂ ਗੁਸੈਲ ਅਸੰਮਤੀ ਬਸਲਦੀ ਹੈ। ਵਿਅੰਗ ਦੀ ਇਹ ਪਹੁੰਚ ਵਿਭਿੰਨ ਰੂਪਾਂ ਵਾਲੀ ਅਤੇ ਸਾਡੇ ਸਮਕਾਲੀਨ ਸੰਕਟ ਦੇ ਲੰਮੇ-ਚੌੜੇ ਸੰਦਰਭਾਂ ਨੂੰ ਕੁਰੇਦਣ ਵਾਲੀ ਹੈ।

ਨਾਵਲ ਵਿਚ ਉੱਸਰੇ ਮਹਾਂ-ਦ੍ਰਿਸ਼ ਨੂੰ ਬੂਮਿਰੈਂਗ ਤੋਂ ਆਕਾਰ ਮਿਲਦਾ ਹੈ ਤੇ ਵਿਅੰਗ ਤੋਂ ਧਾਰ। ਆਕਾਰ ਤੇ ਧਾਰ ਦੇ ਇਸ ਨਾਵਲੀ ਜੋੜ ਦੀ ਧਾਰ ਨਿਰਸੰਦੇਹ ਨਵੀਂ ਹੈ।

ਪਰੰਤੂ, ਇਹ ਵਿਅੰਗ ਮੁੱਖ ਰੂਪ ਵਿਚ ਕਿਉਂਕਿ ਸਾਡੀ ਵਰਤਮਾਨ ਤਰਜ਼-ਇ-ਜ਼ਿੰਦਗੀ ਦੀ ਆਲੋਚਨਾ ਨਾਲ ਸੰਬੰਧਿਤ ਹੈ, ਇਸ ਲਈ ਇਸ ਵਿਚ ਮਨੁੱਖੀ ਹੋਂਦ ਦੇ ਵਧੇਰੇ ਬੁਨਿਆਦੀ ਮਸਲਿਆਂ ਦੀ ਉਸ ਪ੍ਰਕਾਰ ਦੀ ਘੋਖ ਨਹੀਂ ਮਿਲਦੀ ਜਿਸ ਪ੍ਰਕਾਰ ਦੀ ਘੋਖ ਦੇ ਦਰਸ਼ਨ ਗੁਰਦਿਆਲ ਸਿੰਘ ਦੇ ਨਾਵਲਾਂ ਵਿਚ ਹੁੰਦੇ ਹਨ। ਇਹ ਮਸਲੇ ਹਨ ਜ਼ਿੰਦਗੀ, ਮੌਤ, ਕਰਮ, ਨਰਕ, ਸਵਰਗ, ਰੱਬ, ਭਗਤੀ, ਮੁਕਤੀ, ਗਤੀ, ਦੁੱਖ, ਸੁੱਖ, ਜਾਤਪਾਤ, ਕਾਨੂੰਨ, ਨਿਆਂ ਤੇ ਅਨਿਆਂ ਆਦਿ ਦੇ। ਇਸ ਪੱਖੋਂ ਗੁਰਦਿਆਲ ਸਿੰਘ ਵਧੇਰੇ ਡੂੰਘਾ ਨਾਵਲਕਾਰ ਹੈ। ਪਰ ਸਾਡੀ ਜ਼ਿੰਦਗੀ ਦੇ ਫ਼ੌਰੀ ਮਸਲਿਆਂ ਬਾਰੇ ਸਿਧੀ ਅਪੀਲ ਦੇ ਪੱਖੋਂ **ਤਫ਼ਤੀਸ਼** ਇਕ ਵਧੇਰੇ ਸ਼ਕਤੀਸ਼ਾਲੀ ਰਚਨਾ ਹੈ।

ਨਾਵਲ ਦੇ ਅੰਤ ਵਿਚ ਇਕ ਚੀਜ਼ ਇਸ ਸ਼ਕਤੀ ਨੂੰ ਢਾਹ ਲਾਉਂਦੀ ਪ੍ਰਤੀਤ ਹੁੰਦੀ ਹੈ ਜਦੋਂ ਨਿਮਨ-ਵਰਗ ਦੇ ਦੋ ਨਿਰਦੋਸ਼ ਵਿਅਕਤੀਆਂ ਨੂੰ ਪੁਲੀਸ ਆਪਣੀ ਨਾਅਹਿਲੀਅਤ ਨੂੰ ਢੱਕਣ ਦੀ ਖ਼ਾਤਰ ਝੂਠੇ ਦੋਸ਼ ਵਿਚ ਅਦਾਲਤ ਸਾਹਵੇਂ ਦੋਸ਼ੀਆਂ ਵਜੋਂ ਪੇਸ਼ ਕਰਦੀ ਹੈ। ਪੁਲੀਸ ਦੇ ਇਸ ਰਵੱਈਏ ਨਾਲ ਅਸਹਿਮਤੀ ਵਜੋਂ ਸਰਕਾਰੀ ਵਕੀਲ ਆਪਣੇ ਅਹੁੱਦੇ ਤੋਂ ਅਸਤੀਫ਼ਾ ਦੇ ਦੇਂਦਾ ਹੈ। ਉਸਦਾ ਇਹ ਅਸਤੀਫ਼ਾ ਨਾਵਲ ਦੇ ਨਿਬੇੜੇ ਨੂੰ ਸਾਡੇ ਪ੍ਰਗਤੀਵਾਦੀ ਨਾਵਲ ਵਾਲੀਆਂ ਰੂੜ੍ਹੀਆਂ ਵਲ ਖਿਚਦਾ ਪ੍ਰਤੀਤ ਹੁੰਦਾ ਹੈ। ਨਾਵਲਕਾਰ ਤੋਂ ਮਿਲੀ ਨਿੱਜੀ ਸੂਚਨਾ ਅਨੁਸਾਰ ਸਰਕਾਰੀ ਵਕੀਲ ਦਾ ਇਹ ਅਸਤੀਫ਼ਾ ਸਾਡੇ ਅਦਾਲਤੀ ਤੇ ਜੇਲ੍ਹ ਪ੍ਰਬੰਧ ਬਾਰੇ **ਤਫ਼ਤੀਸ਼** ਵਰਗੇ ਹੀ ਦੋ ਹੋਰ ਵਿਅੰਗਾਤਮਕ ਨਾਵਲਾਂ ਦੀ ਰਚਨਾ ਦਾ ਆਧਾਰ ਬਣੇਗਾ। ਪਰੰਤੂ, ਜਦੋਂ ਤੱਕ ਇਹ ਦੋ ਨਾਵਲ ਸੱਚਮੁੱਚ ਰਚੇ ਨਹੀਂ ਜਾਂਦੇ, ਤਦੋਂ ਤੱਕ **ਤਫ਼ਤੀਸ਼** ਦੇ ਨਿਬੇੜੇ ਨੂੰ ਪ੍ਰਗਤੀਵਾਦੀ ਨਾਵਲ ਵਾਲੀ ਬਿਰਤਾਂਤ-ਰੂੜ੍ਹੀ ਤੋਂ ਸੁਰਖਰੂ ਮੰਨਣਾ ਮੁਸ਼ਕਿਲ ਹੋਵੇਗਾ।

## 'ਤਫ਼ਤੀਸ਼' ਅਤੇ ਗਲਪ-ਵਿਧਾ ਦਾ ਮੌਜੂਦਾ ਪੜਾਅ

**ਪ੍ਰੋ. ਗੁਰਬਖਸ਼ ਸਿੰਘ ਫ਼ਰੈਂਕ**

**ਤਫ਼ਤੀਸ਼** ਦੋ ਗੱਲਾਂ ਕਰਕੇ ਵਿਲੱਖਣ ਹੈ: ਇਕ, ਆਪਣੇ ਸਪਾਟ ਯਥਾਰਥ ਕਰਕੇ, ਅਤੇ ਦੂਜਾ ਆਪਣੀ ਵਾਰਤਕ ਸ਼ੈਲੀ ਕਰਕੇ। **ਤਫ਼ਤੀਸ਼** ਵਿਚਲਾ ਯਥਾਰਥ ਜੀਵਨ ਦੇ ਇਕ ਖ਼ਾਸ ਖੇਤਰ, ਪੁਲੀਸ-ਪ੍ਰਬੰਧ ਨੂੰ ਕੇਂਦਰ ਵਿਚ ਰੱਖਦਾ ਹੈ ਅਤੇ ਇਸ ਖੇਤਰ ਨੂੰ ਵੱਧ ਤੋਂ ਵੱਧ ਵਿਸ਼ਾਲਤਾ ਅਤੇ ਡੂੰਘਾਈ ਵਿਚ ਪੇਸ਼ ਕਰਦਾ ਹੈ। ਇਹ ਪੇਸ਼ਕਾਰੀ ਯਥਾਰਥ ਦੇ ਪ੍ਰਮਾਣਿਕ ਹੋਣ ਦਾ ਪ੍ਰਭਾਵ ਦੇਂਦੀ ਹੈ, ਕਿਉਂਕਿ ਇਸ ਵਿਚ ਦ੍ਰਿਸ਼ਟੀਕੋਣ, ਵਿਚਾਰਧਾਰਾ ਜਾਂ ਮੰਤਵ ਕਾਰਨ ਕੋਈ ਵੀ ਵਿਗਾੜ ਪਿਆ ਨਹੀਂ ਮਿਲਦਾ। ਇਹ ਇਕ ਵੱਖਰੀ ਗੱਲ ਹੈ ਕਿ ਸਮੁੱਚੀ ਪੇਸ਼ਕਾਰੀ ਵਿਚੋਂ ਇਹ ਤਿੰਨੇ ਚੀਜ਼ਾਂ ਫਿਰ ਵੀ ਉੱਘੜ ਆਉਂਦੀਆਂ ਹਨ। ਇਹ ਗੱਲ ਅੰਸ਼ਕ ਤੌਰ ਉੱਤੇ ਇਸਦੀ ਕਲਾਤਮਕਤਾ ਨੂੰ ਪੇਸ਼ ਕਰਦੀ ਹੈ।

ਇਹੋ ਜਿਹਾ ਸਪਾਟ ਯਥਾਰਥ ਅਲੰਕਾਰਕ ਭਾਸ਼ਾ ਵਿਚ ਵੀ ਪੇਸ਼ ਕੀਤਾ ਜਾ ਸਕਦਾ ਸੀ, ਪਰ ਅਲੰਕਾਰਕ ਗਹਿਣੇ ਪਾਠਕ ਦਾ ਧਿਆਨ ਯਥਾਰਥ ਵੱਲੋਂ ਲਾਂਭੇ ਹਟਾ ਕੇ ਉਸਨੂੰ ਇਸ ਯਥਾਰਥ ਦੇ ਜਿਉਂ ਦਾ ਤਿਉਂ ਰੁਬਰੂ ਹੋਣ ਵਿਚ ਰੁਕਾਵਟ ਬਣਦੇ। ਲੇਖਕ ਨੇ ਨਾਵਲ ਵਿਚ 'ਸ਼ੁਧ ਵਾਰਤਕ' ਦੀ ਵਰਤੋਂ ਕੀਤੀ ਹੈ, ਜਿਹੜੀ ਘਟਣਾ ਅਤੇ ਪਾਤਰਾਂ ਦਾ ਸਿੱਧਾ ਸਪਾਟ ਵਰਨਣ ਕਰਦੀ ਹੈ। ਭਾਸ਼ਾ ਦੀ ਪੱਧਰ ਉੱਤੇ ਭਾਵਕ ਪ੍ਰਤਿਕਰਮ ਜਗਾਉਣ ਦੀ ਬਹੁਤ ਹੀ ਘੱਟ ਕੋਸ਼ਿਸ਼ ਕੀਤੀ ਗਈ ਹੈ, ਇੱਕੋਂ ਤੱਕ ਕਿ ਜੱਥੇਦਾਰ, ਗਰੰਥੀ, ਪੰਡਤ, ਕਾਮਰੇਡ, ਸੰਘੀ ਆਦਿ ਸ਼ਬਦ ਵੀ, ਜਿਹੜੇ ਪੰਜਾਬੀ ਗਲਪ ਵਿਚ ਆਮ ਕਰਕੇ ਭਾਵਕ ਬੋਝ ਨਾਲ ਲੱਦੇ ਮਿਲਦੇ ਹਨ, ਇਸ ਨਾਵਲ ਵਿਚ ਨਿਰੋਲ ਵਰਨਣ ਦਾ ਸਾਧਨ ਹਨ। ਇਹ ਪਾਤਰ ਦੀ ਸਥਿਤੀ ਨੂੰ ਪੇਸ਼ ਕਰਦੇ ਹਨ, ਉਸ ਸਥਿਤੀ ਦੇ ਮੁਲਾਂਕਣ ਨੂੰ ਨਹੀਂ। ਇਹ ਮੁਲਾਂਕਣ ਉਸਦੇ ਕਾਰਜਾਂ ਦੇ ਆਧਾਰ ਉੱਤੇ ਹੁੰਦਾ ਹੈ, ਜਿਨ੍ਹਾਂ ਦਾ ਵਰਨਣ ਫਿਰ ਸਿੱਧੀ ਅਤੇ ਸ਼ੁੱਧ ਵਾਰਤਕ ਵਿਚ ਕੀਤਾ ਗਿਆ ਹੈ। ਇਸ ਕਰਕੇ ਇਹ ਮੁਲਾਂਕਣ ਵੀ ਲੇਖਕ ਨਹੀਂ, ਸਗੋਂ ਪਾਠਕ ਖੁਦ ਹੀ ਕਰਦਾ ਹੈ। ਪਰੰਤੂ, ਇਹ ਸ਼ੁੱਧ ਵਾਰਤਕ ਦੀ ਦੁਅਰਥਕਤਾ ਨਾਲ ਭਰੀ ਹੋਈ ਹੈ। ਇਸੇ ਦੁਅਰਥਕਤਾ ਵਿਚ ਲੇਖਕ ਦੀ ਟਿੱਪਣੀ ਲੁਕੀ ਹੋਈ ਹੈ ਅਤੇ ਇਹ ਟਿੱਪਣੀ ਆਮ ਕਰਕੇ ਕਟਾਖ਼ਸ਼ ਦੇ ਰੂਪ ਵਿਚ ਹੈ।

**ਤਫ਼ਤੀਸ਼** ਨਾਵਲ ਪੱਛੜੇ ਹੋਏ ਸਮਾਜ ਦੇ ਜੀਵਨ ਨੂੰ ਜੈੱਟ-ਯੁਗ ਦੀ ਰਫ਼ਤਾਰ ਨਾਲ ਪੇਸ਼ ਕਰਦਾ ਹੈ। ਇਸ ਵਿਚ ਵੀ ਇਸਦੀ ਵਾਰਤਕ ਸ਼ੈਲੀ ਪੂਰੀ ਤਰ੍ਹਾਂ ਸਹਾਈ ਹੁੰਦੀ ਹੈ। ਅਲੰਕਾਰਕ ਸ਼ਿੰਗਾਰ ਤੋਂ ਬਿਨਾਂ ਨਿੱਕੇ ਨਿੱਕੇ ਵਾਕ, ਆਮ ਕਰਕੇ ਸਿੱਧਾ ਅਤੇ ਵਿਚ ਵਿਚ ਵਾਰਤਾਲਾਪੀ ਢੰਗ, ਸੁਝਾਅ-ਪੂਰਨ ਵਕਫ਼ੇ, ਨਿੱਕੇ ਨਿੱਕੇ ਪੈਰ੍ਹੇ- ਇਹ ਸਾਰਾ ਕੁਝ ਮਿਲ ਕੇ ਵਾਰਤਕ ਵਿਚ ਇਕ ਤਿੱਖੀ ਰਵਾਨੀ ਲੈ ਆਉਂਦਾ ਹੈ। ਕਈ ਥਾਵਾਂ ਉੱਤੇ ਇਹ ਰਵਾਨੀ ਇਕ ਅਜੇਹੀ ਮਸ਼ੀਨ-ਗਨ ਵਾਂਗ ਲੱਗਦੀ ਹੈ, ਜਿਹੜੀ ਪਾਤਰਾਂ ਅਤੇ ਘਟਨਾਵਾਂ ਹੁਣ ਤੱਕ ਸ਼ਾਇਦ ਹੀ ਹੈ ਕਿਸੇ ਪੰਜਾਬੀ ਨਾਵਲ ਵਿਚ ਪੇਸ਼ ਹੋਈਆਂ ਹੋਣ। ਕਈ ਥਾਵਾਂ ਉੱਤੇ ਇਕ ਇਕ ਸਫ਼ੇ ਵਿਚ ਕਈ ਕਈ ਪਾਤਰ ਪੇਸ਼ ਹੁੰਦੇ ਹਨ ਅਤੇ ਕਈ ਕਈ ਘਟਨਾਵਾਂ ਵਾਪਰ ਜਾਂਦੀਆਂ ਹਨ। ਇੰਝ ਲੱਗਦਾ ਹੈ ਜਿਵੇਂ ਹੱਥ ਵਿਚ ਲਏ ਖੇਤਰ ਨਾਲ ਸੰਬੰਧਤ ਆਪਣੀ ਸਾਰੀ ਸਮੱਗਰੀ ਲੇਖਕ ਇਕੋ ਨਾਵਲ ਦੀ ਸਤਹ ਉੱਤੇ ਫੈਲਾ ਦੇਣੀ ਚਾਹੁੰਦਾ ਹੈ, ਜਾਂ ਵਧੇਰੇ ਠੀਕ ਹੋਵੇਗਾ, ਇਕੋ ਨਾਵਲ ਵਿਚ ਵਰਤ ਲੈਣੀ ਚਾਹੁੰਦਾ ਹੈ।

ਉਪ੍ਰੋਕਤ ਸਭ ਇਸ ਨਾਵਲ ਦੀਆਂ ਵਿਲੱਖਣਤਾਈਆਂ ਹਨ, ਪਰ ਗਲਪ-ਵਿਧਾ ਦੇ ਅੰਦਰ ਇਹਨਾਂ ਦੀ ਤੁਲਨਾਤਮਕ ਮਹੱਤਤਾ ਦਾ ਨਿਤਾਰਾ ਕਰਨ ਤੋਂ ਪਹਿਲਾਂ ਇੱਥੇ ਇਸ ਗੱਲ ਵੱਲ ਧਿਆਨ ਦੁਆਉਣਾ ਜ਼ਰੂਰੀ ਹੈ ਕਿ ਇਹ

ਸਾਰੀਆਂ ਵਿਲੱਖਣਤਾਈਆਂ ਇਸ ਨਾਵਲ ਨੂੰ ਗਲਪ ਦੀ ਉਸ ਵੰਨਗੀ ਦਾ ਅੰਗ ਬਣਾ ਦੇਂਦੀਆਂ ਹਨ, ਜਿਸਨੂੰ ਪੱਤਰਕਾਰੀ ਗਲਪ ਕਿਹਾ ਜਾ ਸਕਦਾ ਹੈ। ਪੱਤਰਕਾਰੀ ਗਲਪ ਵਿਚ ਸਮਾਜਕ ਤੱਥ ਆਪਣੀ ਪੂਰਨ ਨਗਨਤਾ ਵਿਚ ਪੇਸ਼ ਹੁੰਦਾ ਹੈ, ਜਿਵੇਂ ਕਿ ਪੱਤਰਕਾਰੀ ਦਾ ਦਾਅਵਾ ਹੁੰਦਾ ਹੈ, ਜਦ ਕਿ ਇਹਨਾਂ ਤੱਥਾਂ ਨੂੰ ਜੋੜਨ ਵਾਲੀ ਵਿਧੀ ਗਲਪ ਵਾਲੀ ਹੁੰਦੀ ਹੈ। ਇਸ ਤੱਥ ਦੀ ਗਲਪ ਵਿਚਲੀ ਹੋਂਦ ਅਤੇ ਸਮਾਜ ਵਿਚ ਹੋਂਦ ਵਿਚਕਾਰ ਇਕਰੂਪਤਾ ਮਿਲਦੀ ਹੈ। ਗਲਪ ਵਿਚ ਇਸਦੀ ਭੰਨ-ਤੋੜ ਅਕਸਰ ਕਹਾਣੀ ਦੀਆਂ ਲੋੜਾਂ ਨੂੰ ਮੁੱਖ ਰੱਖ ਕੇ ਕੀਤੀ ਗਈ ਹੁੰਦੀ ਹੈ: ਇਹ ਭੰਨ-ਤੋੜ ਪੱਤਰਕਾਰੀ ਵਿਚ ਵੀ ਹੁੰਦੀ ਹੈ, ਪਰ ਉੱਥੇ ਮੰਤਵ ਕੋਈ ਰਾਜਸੀ ਹੁੰਦਾ ਹੈ। ਪੰਜਾਬੀ ਵਿਚ ਇਸ ਉਪ-ਵਿਧਾ ਦਾ ਆਰੰਭ **ਪ੍ਰੀਤਲੜੀ** ਵਿਚ ਨਵਤੇਜ ਸਿੰਘ ਦੇ ਕਾਲਮ 'ਮੇਰੀ ਧਰਤੀ ਮੇਰੇ ਲੋਕ' ਨਾਲ ਹੁੰਦਾ ਹੈ, ਜਦ ਕਿ ਪਿਛਲੇ ਦਹਾਕੇ ਦੇ ਦੌਰਾਨ ਇਸ ਉਪ-ਵਿਧਾ ਵਿਚ ਭਰਪੂਰ ਸਿਰਜਣਾ ਹੋਈ ਹੈ। ਇਸਦਾ ਕਾਰਨ ਵਾਪਰਦੀਆਂ ਘਟਨਾਵਾਂ ਦੀ ਪ੍ਰਭਾਵਕ ਤੀਖਣਤਾ ਅਤੇ ਇਹਨਾਂ ਨੂੰ ਰੀਪੋਰਟ ਕਰਨ ਦੀ ਕਾਹਲ ਸੀ, ਜੋ ਕਿ ਦੋਵੇਂ ਹੀ, ਫਿਰ ਪੱਤਰਕਾਰੀ ਦੀਆਂ ਮਜ਼ਬੂਰੀਆਂ ਹਨ।

ਇੱਥੇ ਇਕ ਅਜੀਬ ਵਰਤਾਰਾ ਦੇਖਣ ਵਿਚ ਆਉਂਦਾ ਹੈ। ਕਲਪਣਾ, ਜੋ ਕਿ ਰਚਣੇਈ ਸਾਹਿਤ ਦਾ ਲਾਜ਼ਮੀ ਅੰਸ਼ ਹੈ, ਹੁਣ ਰਚਣੇਈ ਸਾਹਿਤ ਵਿਚੋਂ ਹਿਜਰਤ ਕਰਕੇ ਪੱਤਰਕਾਰੀ ਅਤੇ ਸਿਆਸਤ ਵਿਚ ਚਲੀ ਗਈ ਹੈ। ਨਤੀਜੇ ਵਜੋਂ, ਗਲਪ ਅਤੇ ਪੱਤਰਕਾਰੀ, ਗਲਪ ਅਤੇ ਸਿਆਸਤ ਇਕ ਦੂਜੇ ਦੀ ਥਾਂ ਲੈ ਰਹੇ ਹਨ। ਪੇਸ਼ ਕੀਤੇ ਤੱਥ ਦੀ ਦਿੱਖ ਅਤੇ ਤੱਤ ਵਿਚਲਾ ਫ਼ਰਕ ਗਲਪ ਵਿਚ ਮਿਟ ਰਿਹਾ ਹੈ। ਇਹ ਫ਼ਰਕ ਅਤੇ ਇਸਨੂੰ ਸਮਝਣਾ ਗਲਪ ਵਿਚ ਸੋਹਜਾਤਮਕ ਅਤੇ ਬੋਧਾਤਮਕ ਕਾਰਜ ਨਿਭਾਉਂਦਾ ਹੈ। ਇਸ ਫ਼ਰਕ ਦਾ ਮਿਟਾਣਾ ਸਾਹਿਤ (ਇੱਥੇ, ਗਲਪ) ਨੂੰ ਸੌਖੀ ਖ਼ਪਤ ਦੀ ਸਾਮਗਰੀ ਬਣਾ ਦੇਂਦਾ ਹੈ।

ਦੂਜੇ ਪਾਸੇ ਸਿਆਸਤ ਅਤੇ ਪੱਤਰਕਾਰੀ ਵਿਚ ਪੇਸ਼ ਕੀਤੇ ਤੱਥ ਦੀ ਦਿੱਖ ਅਤੇ ਤੱਤ ਵਿਚਲਾ ਫ਼ਰਕ ਏਨਾ ਵਧਦਾ ਜਾ ਰਿਹਾ ਹੈ ਕਿ ਕਈ ਵਾਰੀ ਦੋਹਾਂ ਵਿਚਕਾਰ ਕੋਈ ਤਨਾਸਬ ਹੀ ਦਿਖਾਈ ਨਹੀਂ ਦੇਂਦੀ। ਅਸੀਂ ਇਹ ਕਹਿ ਸਕਦੇ ਹਾਂ ਕਿ ਇਹ ਦੋਵੇਂ ਖੇਤਰ ਹੁਣ ਨਿਰੰਤਰ ਗਲਪ-ਸਿਰਜਣਾ ਦੇ ਖੇਤਰ ਬਣ ਗਏ ਹਨ। ਸਾਡੀ ਬਹੁਤੀ ਪੱਤਰਕਾਰੀ-ਗਲਪ ਇਸ ਨਿਰੰਤਰ ਸਿਰਜੀ ਜਾ ਰਹੀ ਗਲਪ ਨੂੰ ਆਪਣਾ ਆਧਾਰ ਬਣਾਉਂਦੀ ਹੈ। ਇਸ ਲਈ ਇਸ ਤੋਂ ਇਹ ਆਸ ਰੱਖਣੀ ਵਿਅਰਥ ਹੈ ਕਿ ਇਹ ਸਾਨੂੰ ਹਕੀਕਤ ਦਾ ਬੋਧ ਕਰਾਏਗੀ। ਬਹੁਤੀਆਂ ਹਾਲਤਾਂ ਵਿਚ ਇਹ ਛਾਵਲੇ ਅਤੇ ਭੁਲੇਖੇ ਨੂੰ ਬੇਨਕਾਬ ਕਰਨ ਦੇ ਨਾਂ ਉੱਤੇ ਇਸਨੂੰ ਹੋਰ ਪੁਖ਼ਤਾ ਕਰਦੀ ਹੈ। ਅੱਸੀਵਿਆਂ ਦੀਆਂ ਘਟਨਾਵਾਂ ਨੂੰ ਲੈ ਕੇ ਲਿਖੀ ਗਈ ਗਲਪ ਵਧੇਰੇ ਇਸ ਪ੍ਰਕਾਰ ਦੀ ਹੈ।

ਲੋੜ ਇਸ ਗੱਲ ਦੀ ਸੀ ਕਿ ਸਾਡੇ ਗਲਪਕਾਰ ਸਾਰੀ ਸਥਿਤੀ ਦਾ ਜਾਇਜ਼ਾ ਲੈਂਦੇ ਅਤੇ ਬਲਦੀਆਂ ਹਾਲਤਾਂ ਅਨੁਸਾਰ ਆਪਣੀਆਂ ਵਿਧੀਆਂ ਅਤੇ ਸੰਦਾਂ ਵਿਚ ਤਬਦੀਲੀ ਲਿਆਉਂਦੇ, ਪਰ ਵਾਪਰ ਇਹ ਰਿਹਾ ਹੈ ਕਿ ਗਲਪ ਖੇਤਰ ਵਿਚ ਬਣ ਚੁੱਕੀਆਂ ਅਤੇ ਚਲੀਆਂ ਆ ਰਹੀਆਂ ਪ੍ਰੰਪਰਾਵਾਂ ਨੂੰ ਤੋੜਣਾ ਉਹਨਾਂ ਲਈ ਅਸੰਭਵ ਹੁੰਦਾ ਜਾ ਰਿਹਾ ਹੈ।

ਇਹ ਸਾਰੀ ਟਿੱਪਣੀ ਉਸ ਪੱਤਰਕਾਰੀ ਗਲਪ ਉੱਤੇ ਵਧੇਰੇ ਢੁੱਕਦੀ ਹੈ, ਜਿਸਦਾ ਖੇਤਰ ਰਾਜਨੀਤੀ ਹੈ, ਪਰ ਕਾਫ਼ੀ ਹੱਦ ਤੱਕ **ਤਫ਼ਤੀਸ਼** ਦੀ ਇਸਦੀ ਪ੍ਰੋੜਤਾ ਕਰਦਾ ਲੱਗਦਾ ਹੈ।

**ਤਫ਼ਤੀਸ਼** ਦਾ ਧੁਰਾ ਇਕ ਘਟਣਾ ਹੈ- ਇਕ ਬੱਚੇ ਦਾ ਚੁੱਕਿਆ ਜਾਣਾ। ਬਾਕੀ ਸਭ ਘਟਨਾਵਾਂ ਇਸ ਧੁਰੇ ਦੁਆਲੇ ਘੁਮਾਈਆਂ ਗਈਆਂ ਹਨ। ਇਹ ਘਟਨਾ-ਪ੍ਰਧਾਨਤਾ ਅਜੇ ਤੱਕ ਸਾਡੀ ਗਲਪ ਦਾ ਪ੍ਰਧਾਨ ਲੱਛਣ ਬਣੀ ਹੋਈ ਹੈ। ਘਟਣਾ-

ਪ੍ਰਧਾਨਤਾ ਗਲਪ ਦੀ ਕਲਾ ਨੂੰ ਉੱਚਾ ਨਹੀਂ ਉੱਠਣ ਦੇ ਰਹੀ। ਘਟਣਾ ਦੀ ਵਿਲੱਖਣਤਾ ਇਸਦੇ ਵਾਪਰਣ ਵਿਚ ਨਹੀਂ ਹੁੰਦੀ। ਘਟਣਾਵਾਂ ਸਭ ਇਕੋ ਜਿਹੀਆਂ ਹੀ ਹੁੰਦੀਆਂ ਹਨ, ਭਾਵੇਂ ਬੰਟੀ ਚੁੱਕਿਆ ਜਾਏ।, ਭਾਵੇਂ ਰਿੰਪੀ, ਕਤਲ ਕਤਲ ਵਰਗਾ ਹੀ ਹੁੰਦਾ ਹੈ, ਮੌਤ ਮੌਤ ਵਰਗੀ ਹੀ ਹੁੰਦੀ ਹੈ। ਘਟਣਾਵਾਂ ਨੂੰ ਵੱਖੋ ਵੱਖਰੇ ਪੈਟਰਨਜ਼ ਵਿਚ ਮੇਲਣਾ ਇਹਨਾਂ ਵਿਚ ਦਿਲਚਸਪੀ ਤਾਂ ਭਰ ਸਕਦਾ ਹੈ, ਇਹਨਾਂ ਦੀ ਵਿਲੱਖਣਤਾ ਅਤੇ ਮਹੱਤਾ ਨੂੰ ਸ਼ਾਇਦ ਏਨਾ ਉਜਾਗਰ ਨਹੀਂ ਕਰ ਸਕਦਾ। ਘਟਣਾ ਦੀ ਵਿਲੱਖਣਤਾ ਅਤੇ ਮਹੱਤਾ ਉਸ ਪ੍ਰਭਾਵ ਵਿਚ ਹੁੰਦੀ ਹੈ, ਜਿਹੜਾ ਇਹ ਵਿਅਕਤੀ ਦੇ ਮਨ ਉੱਤੇ ਪਾਉਂਦੀ ਹੈ, ਉਸ ਖਰੂੰਢ ਵਿਚ ਹੁੰਦੀ ਹੈ ਜਿਹੜਾ ਇਹ ਮਨੁੱਖੀ ਆਤਮਾ ਉੱਤੇ ਪਾ ਦੇਂਦੀ ਹੈ, ਉਸ ਘੋਲ ਅਤੇ ਕਸ਼ਮਕਸ਼ ਵਿਚ ਹੁੰਦੀ ਹੈ, ਜਿਹੜਾ ਇਹ ਮਨੁੱਖੀ ਮਨ ਅਤੇ ਆਤਮਾ ਵਿਚ ਛੇੜ ਦੇਂਦੀ ਹੈ। ਗਲਪ ਦਾ ਰਣਖੇਤਰ ਮਨੁੱਖੀ ਮਨ ਅਤੇ ਆਤਮਾ ਹੋਣਾ ਚਾਹੀਦਾ ਹੈ। ਘਟਣਾ ਦਾ ਸ਼ਰੀਰਕ ਪੱਖ ਸਿਰਫ਼ ਇਥੋਂ ਤੱਕ ਮਹੱਤਵਪੂਰਨ ਹੈ ਕਿ ਇਸ ਤੋਂ ਬਿਨਾਂ ਘਟਣਾ ਦੀ ਹੋਂਦ ਸੰਭਵ ਨਹੀਂ, ਨਾ ਹੀ ਇਸ ਤੋਂ ਬਿਨਾਂ ਆਤਮਾ ਅਤੇ ਦਿਲ ਵਿਚ ਚੱਲ ਰਹੇ ਘੋਲ ਨੂੰ ਉਜਾਗਰ ਕੀਤਾ ਜਾ ਸਕਦਾ ਹੈ, ਪਰ ਅਸਲ ਮਹੱਤਾ ਦਿਲ ਅਤੇ ਆਤਮਾ ਵਿਚ ਵਾਪਰਦੇ ਇਹਨਾਂ ਅਮਲਾਂ ਦੀ ਹੁੰਦੀ ਹੈ।

ਪੱਤਰਕਾਰੀ ਗਲਪ ਵਾਂਗ **ਤਫ਼ਤੀਸ਼** ਵਿਚਲੀਆਂ ਘਟਣਾਵਾਂ ਉਹੀ ਹਨ ਜਿਹੜੀਆਂ ਅਖ਼ਬਾਰਾਂ ਰਾਹੀਂ ਸਾਡੇ ਗਿਆਨ ਦਾ ਅੰਗ ਬਣ ਚੁੱਕੀਆਂ ਹਨ। ਵਖਰੇਵਾਂ ਉਹਨਾਂ ਵਿਸਥਾਰਾਂ ਵਿਚ ਹੈ ਜਿਹੜੇ ਪੱਤਰਕਾਰੀ ਦਾ ਅੰਗ ਨਹੀਂ ਬਣਦੇ, ਜਿਵੇਂ ਕਿ ਤਸੀਹੇ ਦੇਣ ਦੇ ਢੰਗ-ਤਰੀਕੇ, ਰਿਸ਼ਵਤ ਲੈਣ-ਦੇਣ ਦਾ ਮੈਕਾਨਿਜ਼ਮ ਆਦਿ। ਇਹ ਵਿਸਥਾਰ ਮਹੱਤਵਪੂਰਨ ਹਨ, ਪਰ ਇਹਨਾਂ ਦੀ ਸੀਮਾ ਬੋਧ ਕਰਾਉਣ ਤੱਕ ਦੀ ਹੀ ਹੈ।

ਪਾਤਰਾਂ ਅਤੇ ਘਟਣਾਵਾਂ ਦੀਚ ਬੁਛਾੜ ਜਿਸ ਵੇਲੇ ਮੱਠੀ ਪੈਂਦੀ ਹੈ ਅਤੇ ਨਾਵਲ ਆਪਣੇ ਆਪ ਨੂੰ ਸਮੇਟਣ ਵੱਲ ਵਧਦਾ ਹੈ, ਤਾਂ ਜਿਹੜਾ ਪਾਤਰ ਅੱਗੇ ਲਿਆਂਦਾ ਗਿਆ ਹੈ, ਉਹ ਹੈ ਗੁਰਮੀਤ। ਗੁਰਮੀਤ, ਫਿਰ ਪ੍ਰਗਤੀਵਾਦ ਪ੍ਰੰਪਰਾ ਵੱਲੋਂ ਵਿਰਸੇ ਵਿਚ ਮਿਲਿਆ ਪਾਤਰ ਹੈ, ਜਿਹੜਾ ਪ੍ਰਗਤੀਵਾਦੀ ਸਾਹਿਤ ਵਿਚਲੇ ਆਸ਼ਾਵਾਦ ਦਾ, ਸਾਹਿਤ ਵਿਚਲੇ 'ਸ਼ਿਵਮ' ਪੱਖ ਦਾ ਪ੍ਰੰਪਰਾਈ ਪ੍ਰਤੀਕ ਹੈ। ਪ੍ਰਗਤੀਵਾਦੀ ਸਾਹਿਤ ਨੇ ਆਸ਼ਾਵਾਦ ਨੂੰ ਨਿਰਪੇਖ ਥਾਂ ਦੇ ਕੇ ਮਨੁੱਖੀ ਫ਼ਿਤਰਤ ਬਾਰੇ ਇਕ ਭਰਾਂਤੀ ਸਿਰਜੀ ਹੋਈ ਹੈ। ਨਿਰਾਸ਼ਾਜਨਕ ਹਾਲਤਾਂ ਵਿਚ ਨਿਰਾਸ਼ ਨਾ ਹੋਣਾ ਵੀ ਓਨਾ ਹੀ ਅਮਾਨਵੀ ਹੈ, ਜਿੰਨਾ ਮੌਤ ਉੱਤੇ ਭੰਗੜਾ ਪਾਉਣਾ ਜਾਂ ਵਿਆਹ ਵਿਚ ਵੈਣ ਪਾਉਣਾ। ਬੁਨਿਆਦੀ ਮਹੱਤਾ ਘੋਲ ਦੀ ਹੁੰਦੀ ਹੈ। ਇਸ ਘੋਲ ਦਾ ਅੰਤ ਹਾਲਾਤ ਉੱਤੇ ਨਿਰਭਰ ਕਰਦਾ ਹੈ। ਪ੍ਰਤਿਕੂਲ ਹਾਲਤਾਂ ਨਾਲ ਲੜ ਕੇ ਹਾਰਦੀ ਚੰਗਿਆਈ ਵੀ ਪਾਠਕ ਵਿਚ ਨਿਰਾਸ਼ਾ ਪੈਦਾ ਨਹੀਂ ਕਰਦੀ, ਜੇ ਲੇਖਕ ਉਚੇਚਾ ਇਹ ਚਾਹੁੰਦਾ ਨਾ ਹੋਵੇ, ਸਗੋਂ ਇਹਨਾਂ ਪ੍ਰਤਿਕੂਲ ਹਾਲਤਾਂ ਬਾਰੇ ਬੋਧ ਕਰਾਉਂਦੀ ਇਹਨਾਂ ਦਾ ਟਾਕਰਾ ਕਰਨ ਲਈ ਪ੍ਰੇਰ ਵੀ ਸਕਦੀ ਹੈ। ਅਸੀਂ ਹਾਲਾਤ ਦੇ ਮੰਤਕ ਨੂੰ ਲਾਂਭੇ ਕਰਕੇ ਗਲਪ-ਰਚਨਾ ਦੇ ਅੰਦਰ ਹੀ ਕਿਸੇ ਪਾਤਰ ਵਿਚ ਆਸ਼ਾਵਾਦ ਸਿਰਜ ਕੇ ਸੰਤੁਸ਼ਟ ਹੋ ਜਾਂਦੇ ਹਾਂ। ਪਿਛਲੇ ਪੰਜਾਹ ਸਾਲਾਂ ਦੇ ਦੌਰਾਨ ਸਾਡੀ ਗਲਪ ਦੇ ਕਿੰਨੇ ਹੀ ਨਾਇਕਾਂ ਨੂੰ 'ਠੀਕ ਰਸਤੇ' ਦਾ ਗਿਆਨ ਹੋਇਆ ਹੈ, ਕਿੰਨੀਆਂ ਹੀ ਰਚਨਾਵਾਂ ਇਸ ਸੰਤੁਸ਼ਟਤਾ ਦੀ ਸੁਰ ਉੱਤੇ ਆ ਕੇ ਮੁੱਕਦੀਆਂ ਹਨ ਕਿ ਉਹਨਾਂ ਨੇ 'ਠੀਕ ਰਸਤੇ' ਦਾ ਬੋਧ ਕਰਾ ਦਿੱਤਾ ਹੈ, ਪਰ ਇਹ 'ਠੀਕ ਰਸਤਾ' ਹੈ ਕਿ ਹਕੀਕੀ ਜ਼ਿੰਦਗੀ ਵਿਚ ਸਾਨੂੰ ਅਜੇ ਤੱਕ ਡਾਹੀ ਨਹੀਂ ਦੇ ਰਿਹਾ।

ਪੁਲੀਸ ਸਮੇਤ, ਇਸ ਰਚਨਾ ਵਿਚ ਪੇਸ਼ ਹਾਲਤਾਂ ਦੇ ਸਮਾਜ-ਵਿਗਿਆਨਕ ਅਧਿਐਨ ਪਹਿਲਾਂ ਕੀਤੇ ਜਾ ਚੁੱਕੇ ਹਨ। ਇਹਨਾਂ ਬਾਰੇ ਸਰਕਾਰੀ ਕਮਿਸ਼ਨਾਂ, ਰਾਜਸੀ ਅਤੇ ਸਮਾਜਕ ਨੇਤਾਵਾਂ ਵੱਲੋਂ ਨਿਰਣੇ ਕੱਢੇ ਜਾ ਚੁੱਕੇ ਹਨ ਕਿ 'ਪੁਲੀਸ

ਸਾਡੇ ਦੇਸ਼ ਵਿਚ ਮੁਜਰਮਾਂ ਦਾ ਸਭ ਤੋਂ ਵੱਧ ਸੰਗਠਿਤ ਟੋਲਾ ਹੈ।' ਇਹਨਾਂ ਨਿਰਣਿਆਂ ਦੀ ਰੌਸ਼ਨੀ ਵਿਚ ਇਹ ਨਾਵਲ ਸਿਰਫ ਇਕ ਵਿਆਖਿਆ ਜਾਂ ਇਲਸਟ੍ਰੇਸ਼ਨ ਬਣ ਕੇ ਹੀ ਰਹਿ ਜਾਂਦਾ ਹੈ, ਜੋ ਕਿ ਚੰਗੇ ਰਚਣੇਈ ਸਾਹਿਤ ਦੀ ਨਿਸ਼ਾਨੀ ਨਹੀਂ।

ਨਾਵਲ ਵਿਚ ਪੇਸ਼ ਯਥਾਰਥ ਦੀ ਵਿਸ਼ਾਲਤਾ ਅਤੇ ਡੂੰਘਾਈ ਵਿਧੀ ਅਤੇ ਵਿਧਾਨ ਦੇ ਪੱਖੋਂ ਇਕ ਹੋਰ ਸਮੱਸਿਆ ਵੀ ਪੈਦਾ ਕਰਦੀ ਹੈ। ਜੇ ਮਸਲਾ ਸਿਰਫ਼ ਪੁਲੀਸ ਦਾ ਚਿਹਰਾ-ਮੁਹਰਾ ਪੂਰੀ ਤਰ੍ਹਾਂ ਬੇਨਕਾਬ ਕਰਨਾ ਹੀ ਸੀ, ਤਾਂ ਉਹ ਕੁਝ ਇਕ ਪ੍ਰਤਿਨਿਧ ਘਟਣਾਵਾਂ ਲੈ ਕੇ ਵੀ ਕੀਤਾ ਜਾ ਸਕਦਾ ਸੀ। ਸਮੁੱਚੇ ਸਮਾਜ ਵਿਚ ਜੋ ਕੁਝ ਵਾਪਰ ਰਿਹਾ ਹੈ, ਉਸ ਵਾਸਤੇ ਪੁਲੀਸ ਜ਼ਿੰਮੇਵਾਰ ਨਹੀਂ। ਪੁਲੀਸ ਕਿਸੇ ਸਿਸਟਮ ਦੀ ਪੈਦਾਵਾਰ ਅਤੇ ਉਸਦਾ ਆਸਰਾ ਹੁੰਦੀ ਹੈ, ਨਾ ਕਿ ਇਸਤੋਂ ਉਲਟਾ। ਨਾਵਲ ਵਿਚ ਪੇਸ਼ ਸਾਰੀ ਵਿਸ਼ਾਲਤਾ ਦਾ ਮਕਸਦ ਮੌਜੂਦਾ ਸਿਸਟਮ ਅਤੇ ਇਸਦੇ ਪਿੱਛੇ ਕੰਮ ਕਰਦੀਆਂ ਸ਼ਕਤੀਆਂ ਦੀ ਕਰੂਰਤਾ ਨੂੰ ਸਾਹਮਣੇ ਲਿਆਉਣਾ ਹੋ ਸਕਦਾ ਸੀ, ਪਰ ਨਾਵਲ ਵਿਚ ਇਹ ਪੱਖ ਉੱਘੜਦਾ ਨਹੀਂ।

ਇਹ ਨਾਵਲ **ਇਕ ਖ਼ਾਸ ਤਰ੍ਹਾਂ ਦੀ ਆਂਚਲਿਕਤਾ** ਨੂੰ ਸਿਖਰ ਉੱਤੇ ਲਿਜਾਂਦਾ ਹੈ। ਇਸ ਆਂਚਲਿਕਤਾ ਦਾ ਆਧਾਰ ਭੂਗੋਲਿਕ ਖੇਤਰ ਨਹੀਂ, ਸਗੋਂ ਸਮਾਜਿਕ ਖੇਤਰ ਹੈ। ਇਹਨਾਂ ਅਰਥਾਂ ਵਿਚ ਆਂਚਲਿਕ ਨਾਵਲ ਵੀ ਲਿਖੇ ਮਿਲਦੇ ਹਨ, ਖ਼ਾਸ ਕਰਕੇ ਵਿਦਿਅਕ ਖੇਤਰ ਨਾਲ ਸੰਬੰਧਿਤ। ਇਸ ਤਰ੍ਹਾਂ ਦੀ ਸਰਬ-ਸਮੇਟਵੀਂ ਆਂਚਲਿਕ ਰਚਨਾ ਇਕ ਖੇਤਰ ਨਾਲ ਸੰਬੰਧਿਤ ਕੋਈ ਇਕ ਹੀ ਕੀਤੀ ਜਾ ਸਕਦੀ ਹੈ।

ਆਪਣੀ ਵਿਸ਼ਾਲਤਾ ਅਤੇ ਡੂੰਘਾਈ ਦੇ ਪੱਖੋਂ **ਤਫ਼ਤੀਸ਼** ਇਕ ਬੇਮਿਸਾਲ ਰਚਨਾ ਹੈ। ਬਾਵਜੂਦ ਇਸ ਤੱਥ ਦੇ ਕਿ ਇਸਦਾ ਕਾਰਜ-ਖੇਤਰ ਇਕ ਕਸਬਾ ਹੈ, ਇਸ ਵਿਚ ਅੰਕਿਤ ਕਾਰਜ ਹਰ ਥਾਂ ਇਹੋ ਜਿਹਾ ਸਰੂਪ ਹੀ ਰੱਖਣਗੇ- ਨਗਰਾਂ ਅਤੇ ਮਹਾਂਨਗਰਾਂ ਵਿਚ ਵੀ। ਇਸ ਪੱਖੋਂ ਇਹਨਾਂ ਵਿਚ ਇਕ ਸਰਬ-ਵਿਆਪਕਤਾ ਹੈ। ਆਪਣੇ ਇਹਨਾਂ ਗੁਣਾਂ ਕਰਕੇ ਇਹ ਪ੍ਰਮਾਣਿਕ ਪਾਠ-ਪੁਸਤਕ ਬਣਨ ਦੀ ਸਮਰੱਥਾ ਰੱਖਦੀ ਹੈ। ਪੁਲੀਸ ਦੀ ਕਾਰਜ-ਵਿਧੀ ਵਿਚ ਦਿਲਚਸਪੀ ਰੱਖਦਾ ਕੋਈ ਵੀ ਰਾਜਸੀ, ਸਮਾਜਕ, ਇਨਕਲਾਬੀ ਕਾਰਜ-ਕਰਤਾ ਜਾਂ ਇਸ ਬਾਰੇ ਡੂੰਘਾਈ ਵਿਚ ਜਾਨਣ ਦਾ ਅਭਿਲਾਸ਼ੀ ਸੱਜਰਾ ਬਣਿਆ ਪੁਲੀਸ ਕਰਮਚਾਰੀ ਇਸਨੂੰ ਪੜ੍ਹ ਕੇ ਲਾਭ ਉਠਾ ਸਕਦਾ ਹੈ। ਇਸ ਤਰ੍ਹਾਂ ਇਹ ਇਕ ਮਹੱਤਵਪੂਰਨ ਸਾਹਿਤ-ਰਚਨਾ ਹੈ। ਪਰ ਗਲਪ-ਰਚਨਾ ਵਜੋਂ ਸ਼ਾਇਦ ਇਸ ਬਾਰੇ ਇੰਝ ਨਾ ਕਿਹਾ ਜਾ ਸਕੇ।

## ਤਫ਼ਤੀਸ਼: ਵਿਧਾਗਤ ਸੰਰਚਨਾ ਅਤੇ ਦ੍ਰਿਸ਼ਟੀ-ਬਿੰਦੂ

**ਡਾ.ਟੀ.ਆਰ. ਵਿਨੋਦ**

ਮਿੱਤਰ ਸੈਨ ਮੀਤ ਦਾ ਤੀਜਾ ਨਾਵਲ **ਤਫ਼ਤੀਸ਼** ਪੰਜਾਬੀ ਦਾ ਪਹਿਲਾ ਨਾਵਲ ਹੈ ਜੋ 'ਮਸ਼ਕਰੀ' ਦੀ ਢਾਲ ਤੇ ਢਲਿਆ ਹੋਇਆ ਹੈ। ਮਸ਼ਕਰੀ ਕਾਮਦੀ-ਸਾਹਿਤ ਦੀ ਇਕ ਵੰਨਗੀ ਹੈ ਜੋ ਸਥਿਤੀਆਂ ਪਰਿਸਥਿਤੀਆਂ ਦੀ ਹਸਾਉਣੀ (laughable) ਅਤੇ ਹਾਸੋਹੀਣੀ (ridiculous) ਪੇਸ਼ਕਾਰੀ ਰਾਹੀਂ ਪੇਸ਼ ਵਸਤੂ ਦਾ ਮਖੌਲ ਉਡਾਉਂਦੀ ਹੈ। ਨਕਲ, ਪ੍ਰਹਸਨ (farce), ਪੈਰੋਡੀ, ਵਿਅੰਗ-ਕਥਾ, ਸਿੱਠਣੀ, ਵਿਅੰਗ-ਚਿਤਰ (caricature) ਕਾਰਟੂਨ-ਮਸ਼ਕਰੀ ਦੇ ਹੀ ਭਿੰਨ ਭਿੰਨ ਰੂਪ ਹਨ। ਵੇਖਣ ਨੂੰ ਇਹ ਦੋ ਘੜੀਆਂ ਦਾ ਮਨੋਰੰਜਨ ਹੀ ਜਾਪਦੀ ਹੈ ਪਰ ਇਸ ਦਾ ਮੰਤਵ ਬਹੁਤ ਗੰਭੀਰ ਹੁੰਦਾ ਹੈ। ਇਹ ਵਿਅਕਤੀ ਅਤੇ ਵਿਵਸਥਾ ਦੀ ਸਿੱਧੜਤਾ (naivety), ਮੂਰਖਤਾ (Folly), ਪਾਖੰਡ ਅਤੇ ਖ਼ੁਦਗਰਜ਼ੀ ਦਾ ਪਾਜ ਖੋਲ੍ਹਦੀ ਹੈ ਅਤੇ ਇਉਂ ਸਥਿਤੀ ਦੇ ਅੰਤਰ-ਵਿਰੋਧਾਂ ਬਾਰੇ ਸੁਚੇਤ ਕਰਨ ਦਾ ਪ੍ਰਕਾਰਜ਼ ਨਿਭਾਉਂਦੀ ਹੈ। ਤਨਜ਼ ਅਤੇ ਮਜ਼ਾਹ ਦੀ ਚਤੁਰ ਵਰਤੋਂ ਨਾਲ ਵੱਡਿਆਂ-ਵੱਡਿਆਂ ਦੀ ਐਸੀ-ਤੈਸੀ ਫੇਰ ਦਿੰਦੀ ਹੈ। ਪੰਜਾਬ ਦੇ ਨਕਲੀਏ, ਭੰਡ, ਮਰਾਸੀ ਅਤੇ ਸੁਥਰੇ ਇਸ ਕਲਾ ਦੇ ਮੋਢੀ ਕਲਾਕਾਰ ਹੁੰਦੇ ਸਨ ਜੋ ਨਵੇਂ ਹਾਲਾਤ ਦੀ ਮਾਰ ਹੇਠਾਂ ਮੁਕਦੇ ਜਾ ਰਹੇ ਹਨ ਪਰ ਜਿਨ੍ਹਾਂ ਦੇ ਵਿਰਸ ਨੂੰ ਬੁੱਧੀਮਾਨ, ਵਿਵੇਕੀ, ਚਤੁਰ ਅਤੇ ਪ੍ਰਤਿਬੱਧ ਕਲਾਕਾਰ ਵਿਦਮਾਨ ਵਿਵਸਥਾ ਦੇ ਮਾਨਵ-ਵਿਰੋਧੀ ਕਿਰਦਾਰ ਦੇ ਸਮੂਰਤਨ ਲਈ ਬੜੀ ਸਿਆਣਪ ਨਾਲ ਵਰਤ ਰਹੇ ਹਨ। **ਤਫ਼ਤੀਸ਼** ਦਾ ਲੇਖਕ ਮਿੱਤਰ ਸੈਨ ਮੀਤ ਇਸੇ ਤਰ੍ਹਾਂ ਦਾ ਕਲਾਕਾਰ ਪ੍ਰਤੀਤ ਹੋਇਆ ਹੈ।

ਮਸ਼ਕਰੀ ਵਿਧੀ ਵੀ ਹੈ ਵਿਧਾ ਵੀ। ਇਕ ਵਿਧੀ ਦੇ ਤੌਰ ਤੇ ਪੰਜਾਬੀ ਨਾਵਲਕਾਰ ਇਸ ਦੀ ਵਰਤੋਂ ਪਹਿਲਾਂ ਵੀ ਕਰਦੇ ਰਹੇ ਹਨ। ਮਿਸਾਲ ਵਜੋਂ ਨਾਨਕ ਸਿੰਘ ਆਪਣੇ ਨਾਵਲ **ਪਵਿੱਤਰ ਪਾਪੀ** ਵਿਚ ਦੁਕਾਨਦਾਰ ਅਤਰ ਸਿੰਘ ਦੀ ਕੰਜੂਸੀ ਦਾ ਵਿਅੰਗ-ਚਿਤਰ ਮਸ਼ਕਰੀ ਦੀ ਵਿਧੀ ਰਾਹੀਂ ਹੀ ਉਘਾੜਦਾ ਹੈ। ਤਾਂ ਵੀ ਇਸ ਨਾਵਲ ਦਾ ਸਮੁੱਚਾ ਪ੍ਰਭਾਵ ਦੁਖਾਂਤ ਵਾਲਾ ਹੈ, ਮਸ਼ਕਰੀ ਵਾਲਾ ਨਹੀਂ। ਪਰ **ਤਫ਼ਤੀਸ਼** ਤਾਂ ਮੁੱਢ ਤੋਂ ਲੈ ਕੇ ਅਖੀਰ ਤੱਕ ਮਸ਼ਕਰੀ ਰੂਪ ਵਿਚ ਢਲਿਆ ਹੋਇਆ ਹੈ ਜਿਸ ਦਾ ਤਕਰੀਬਨ ਹਰ ਵੇਰਵਾ ਸਮਾਜ ਦੇ 'ਸਾਊ' ਅੰਗ ਨੂੰ ਵਿਅੰਗ ਅਤੇ ਕਟਾਖਸ਼ (satire and irony) ਦੀ ਦ੍ਰਿਸ਼ਟੀ ਤੋਂ ਮੂਰਤੀਮਾਨ ਕਰਦਾ ਹੈ। ਨਾਵਲਕਾਰ ਦੀ ਇਹ ਦ੍ਰਿਸ਼ਟੀ ਨਾਵਲ ਵਿਚ ਅਤਿਕਥਨੀ, ਵਿਰੂਪਨ, ਵਿਰੋਧਾਭਾਸ, ਵਿਡੰਬਨਾ, ਸਮਵਿੱਥ ਚਿਤ੍ਰਣ ਅਤੇ ਭਾਸ਼ਕ ਟਿੱਪਣੀਆਂ ਆਦਿ ਗਲਪੀ ਜੁਗਤਾਂ ਦੇ ਮਾਧਿਅਮ ਰਾਹੀਂ ਰੂਪਮਾਨ ਹੋਈ ਹੈ।

ਨਾਵਲ ਦੀ ਕੇਂਦਰੀ ਘਟਨਾ ਬੰਟੀ ਦੇ ਅਗਵਾ ਦੀ ਹੈ। ਲਾਲਾ ਜੀ ਦੇ ਪੋਤਰੇ, ਵਿਧਵਾ ਕਾਂਤਾ ਦੇ ਪੁੱਤਰ ਮਾਸੂਮ ਬੰਟੀ ਨੂੰ ਅਗਵਾ ਕਰ ਲਿਆ ਜਾਂਦਾ ਹੈ। ਉਹਦੀ ਤਲਾਸ਼ ਲਈ ਅਨੇਕ ਯਤਨ ਕੀਤੇ ਜਾਂਦੇ ਹਨ, ਪਰ ਸਭ ਬੇ-ਅਰਥ। ਬੰਟੀ ਦੀ ਲਾਸ਼ ਹੀ ਹੱਥ ਲੱਗਦੀ ਹੈ। ਉਹਦੇ ਕਤਲ ਦਾ ਕੇਸ ਦੋ ਬੇਗੁਨਾਹਾਂ ਪਾਲੇ ਅਤੇ ਮੀਤੇ ਉੱਤੇ ਪਾ ਦਿੱਤਾ ਜਾਂਦਾ ਹੈ। ਇਹ ਕਥਾ ਮੇਰੀ ਘਾੜਤ ਹੈ ਭਾਵੇਂ ਇਹਦਾ ਆਧਾਰ ਨਾਵਲ ਹੀ ਹੈ। ਮੇਰੀ ਇਹ ਘਾੜਤ ਹਮਦਰਦੀ ਪੈਦਾ ਕਰਦੀ ਹੈ ਪਰ ਨਾਵਲ ਦੇ 415 ਸਫ਼ਿਆਂ ਵਿਚ ਜਿਵੇਂ ਇਸ ਨੂੰ ਫੈਲਾਇਆ ਗਿਆ ਹੈ ਅਤੇ ਜਿਸ ਪੈਂਤੜੇ ਤੋਂ ਸੁਣਾਇਆ ਗਿਆ ਹੈ, ਉਹ ਜੁਗਤ ਅਤੇ ਪੈਂਤੜਾ ਇਸ ਕਰੁਣ-ਕਥਾ ਨੂੰ ਮਸ਼ਕਰੀ ਵਿਚ ਬਦਲ ਦਿੰਦੇ ਹਨ। ਮੇਰੀ ਘਾੜਤ ਅਤੇ ਨਾਵਲੀ ਪਾਠ ਵਿਚਲਾ

ਇਹ ਨਿਖੇੜ ਸਪਸ਼ਟ ਕਰਦਾ ਹੈ ਕਿ ਨਾਵਲ ਕਹਾਣੀ ਨਹੀਂ ਹੁੰਦਾ, ਵਿਸ਼ੇਸ਼ ਵਿਧੀ ਅਨੁਸਾਰ ਸੁਣਾਈ ਕਹਾਣੀ ਹੁੰਦਾ ਹੈ। ਇਹ ਵਿਧੀ ਹੀ ਹੈ ਜੋ ਇਸ ਨਾਵਲ ਪ੍ਰਤੀ ਪਾਠਕ ਦੇ ਹੁੰਗਾਰੇ ਨੂੰ ਨਿਸ਼ਚਿਤ ਕਰਦੀ ਹੈ ਅਤੇ ਇਸ ਨੂੰ ਇਕ ਸਫ਼ਲ ਮਸ਼ਕਰੀ ਬਣਾਉਂਦੀ ਹੈ।

ਲਗਦੇ ਹੱਥ ਇਕ ਹੋਰ ਗੱਲ ਆਖਣੀ ਚਾਹਾਂਗਾ। ਨਾਵਲ ਵਾਸਤਵ (actual) ਨਹੀਂ ਹੁੰਦਾ, ਵਾਸਤਵ ਦਾ ਅਨੁਭਵ ਹੁੰਦਾ ਹੈ। ਹੱਥਲੇ ਨਾਵਲ ਵਿਚ ਕਿਤੇ ਕਿਤੇ ਵਾਸਤਵਿਕ ਸੰਸਥਾਵਾਂ (ਪਲਸ ਮੰਚ, ਰੈਸ਼ਨਲ ਸੋਸਾਇਟੀ) ਅਤੇ ਵਿਅਕਤੀਆਂ (ਭਾ ਜੀ) ਦਾ ਸਿੱਧਾ ਜ਼ਿਕਰ ਹੋਇਆ ਹੈ ਜੋ ਇਸ ਨਾਵਲ ਦਾ ਗੁਣ ਨਹੀਂ, ਖੋਟ ਹੈ। ਨਾਵਲ ਦੀ ਵਫ਼ਾ ਵਾਸਤਵ ਨੂੰ ਨਹੀਂ, ਯਥਾਰਥ ਨੂੰ ਹੁੰਦੀ ਹੈ ਅਤੇ ਯਥਾਰਥ ਤੱਥ ਨਹੀਂ, ਸੰਭਾਵਨਾ ਹੁੰਦਾ ਹੈ। ਇਕ ਨਾਵਲਕਾਰ ਦੀ ਵਡਿਆਈ ਹੀ ਇਸ ਗੱਲ ਵਿਚ ਹੁੰਦੀ ਹੈ ਕਿ ਉਹ ਵਸਤੂ-ਤੱਥ ਨੂੰ ਗਲਪੀ-ਸੱਚ ਵਿਚ ਪੇਸ਼ ਕਰਨ ਦੇ ਯੋਗ ਹੋਵੇ। ਇਸ ਨਾਵਲ ਦੇ ਵਾਸਤਵਿਕ ਆਧਾਰ ਨਿਰਸੰਦੇਹ ਹਨ। ਪਰ ਸਾਡਾ ਸਰੋਕਾਰ ਤਾਂ ਨਾਵਲ ਦੇ ਸੰਸਾਰ ਨਾਲ ਹੈ ਜਿਸ ਵਿਚ ਸਥਿਤੀਆਂ ਦੇ ਵਿਅਕਤੀਕ੍ਰਿਤ ਸਿਰਜਨ ਰਾਹੀਂ ਵਸਤੂ-ਸੰਸਾਰ ਦੇ ਅਨੁਭਵਾਂ ਦਾ ਵਿਅੰਗਭਾਵੀ ਸਮੂਰਤਨ ਹੋਇਆ ਹੈ।

ਨਾਵਲ ਦੀ ਮੁੱਖ ਸਮੱਸਿਆ ਬੰਟੀ ਦੀ ਤਲਾਸ਼ ਦੀ ਹੈ। ਇਹ ਤਲਾਸ਼ ਲਗਾਤਾਰ ਸੰਜੀਦਾ ਹੁੰਦੀ ਜਾਂਦੀ ਹੈ ਅਤੇ ਉਸੇ ਅਨੁਪਾਤ ਵਿਚ ਮਸ਼ਕਰੀ ਦੀ ਭਾਵਨਾ ਵੀ ਤਿੱਖੀ ਹੁੰਦੀ ਜਾਂਦੀ ਹੈ। ਅੰਤ ਵਿਚ ਇਹ ਐਸੀ ਟਿੱਚਰ ਹੋ ਨਿਬੜਦੀ ਹੈ ਜੋ ਹਸਾਉਂਦੀ ਨਹੀਂ, ਹਕਾਰਤ ਪੈਦਾ ਕਰਦੀ ਹੈ।

ਤਲਾਸ਼ ਦਾ ਮੁੱਢ ਲਾਲਾ ਜੀ ਦੇ 'ਹਮਦਰਦਾਂ' ਰਾਹੀਂ ਬੱਝਦਾ ਹੈ। ਮਸ਼ਕਰੀ ਦਾ ਰੰਗ ਬੰਨ੍ਹਣ ਲਈ ਨਾਵਲਕਾਰ ਅਖਬਾਰਾਂ ਵਿਚ ਛਪੀ ਇਕ ਖਬਰ ਦਾ ਵੇਰਵਾ ਦਿੰਦਾ ਹੈ- 'ਗਰਮੀਆਂ ਦੀਆਂ ਛੁੱਟੀਆਂ ਸ਼ੁਰੂ ਹੋਣ ਵਾਲੇ ਦਿਨ ਇਕ ਬੱਚਾ ਕਲਾਸ-ਰੂਮ ਵਿਚ ਸੁੱਤਾ ਰਹਿ ਗਿਆ। ਮਾਪਿਆਂ ਅਤੇ ਸਕੂਲ ਵਾਲਿਆਂ ਨੇ ਸ਼ਹਿਰ ਦਾ ਕੋਣਾ-ਕੋਣਾ ਤਾਂ ਛਾਣ ਮਾਰਿਆ ਪਰ ਪੀੜ੍ਹੀ ਹੇਠਾਂ ਸੋਟਾ ਨਾ ਮਾਰਿਆ। ਛੁੱਟੀਆਂ ਪਿਛੋਂ ਜਦੋਂ ਸਕੂਲ ਖੁਲ੍ਹਾ ਤਾਂ ਬੱਚੇ ਦਾ ਪਿੰਜਰ ਹੀ ਹੱਥ ਲੱਗਾ।' ਸੋ 'ਸਕੂਲ ਦਾ ਇਕ ਇਕ ਕਮਰਾ ਖੋਲ੍ਹਿਆ ਗਿਆ ਇਕ ਇਕ ਕੁਰਸੀ ਅਤੇ ਬੈਂਚ ਦੀ ਪੜਤਾਲ ਹੋਈ। ਲੈਟਰਿਨ, ਕੈਂਟੀਨ, ਪਾਣੀ ਵਾਲੀ ਟੈਂਕੀ ਅਤੇ ਸਾਇਕਲ ਸਟੈਂਡ।'

ਤਲਾਸ਼ ਦਾ ਇਹ ਸਿਲਸਿਲਾ ਸ਼ਹਿਰ ਦੀ ਗਲੀ ਗਲੀ ਅਤੇ ਘਰ ਘਰ ਨੂੰ ਆਪਣੀ ਵਲ੍ਹੇਟ ਵਿਚ ਲੈ ਲੈਂਦਾ ਹੈ। ਯੁਵਾ ਸੰਘ ਦਾ ਪ੍ਰਧਾਨ ਰਾਮ ਸਰੂਪ ਇਸ ਨੂੰ ਦਿਖਾਵਾ ਸਮਝਦਾ ਹੈ ਪਰ ਖੁਦ ਨੂੰ ਸਿਆਣਾ ਅਤੇ ਵੱਡਾ ਹਮਦਰਦ ਸਿੱਧ ਕਰਨ ਲਈ ਵਰਕਰਾਂ ਨੂੰ ਟੋਲੀਆਂ ਵਿਚ ਵੰਡ ਕੇ ਟੈਕਸੀਆਂ, ਬੱਸਾਂ ਅਤੇ ਗੱਡੀਆਂ ਰਾਹੀਂ ਚਾਰੇ ਪਾਸੀਂ ਭਜਾਉਂਦਾ ਹੈ ਪਰ 'ਸਾਰੀ ਰਾਤ 'ਚ ਨਾ ਲਾਲਾ ਜੀ ਦੇ ਕਾਫ਼ਲੇ ਨੂੰ ਕੋਈ ਸਫਲਤਾ ਮਿਲੀ ਨਾ ਹੀ ਯੁਵਾ ਸੰਘ ਨੂੰ। ਔਰਤਾਂ ਦਾ ਟੋਲਾ ਵੀ ਹੰਭ ਕੇ ਘਰ ਆ ਬੈਠਾ।' ਇੰਨੀ ਭੱਜ-ਨੱਠ ਨਿਰੀ ਵਿਅੰਗ ਦਾ ਵਿਸ਼ਾ ਬਣ ਕੇ ਰਹਿ ਜਾਂਦੀ ਹੈ ਜਦੋਂ ਨਾਵਲਕਾਰ ਦੱਸਦਾ ਹੈ ਕਿ 'ਮਸਲਾ ਬੰਟੀ ਨੂੰ ਲੱਭਣ ਦਾ ਨਹੀਂ ਸੀ, ਲਾਲਾ ਜੀ ਦੇ ਅਹਿਸਾਨ ਦਾ ਭਾਰ ਉਤਾਰਨ ਦਾ ਸੀ ਜਿਨ੍ਹਾਂ ਨੂੰ ਪਹਿਲੀ ਵਾਰੀ ਭੀੜ ਪਈ ਸੀ।' ਜਿਵੇਂ ਭੀੜ ਦਾ ਇਹ ਮੌਕਾ ਰੱਬੀ ਰਹਿਮਤ ਬਣ ਕੇ ਟੱਕਰਿਆ ਹੋਵੇ। ਸਿਰਫ਼ ਇਹੀ ਨਹੀਂ ਹਰ ਕੋਈ ਕੂਹਣੀ ਮਾਰ ਕੇ ਜਾਂ ਧੱਕਾ ਮਾਰ ਕੇ ਲਾਲਾ ਜੀ ਦੇ ਅੱਗੇ ਜਾ ਖਲੋਂਦਾ ਹੈ ਤਾਂ ਜੋ ਹਮਦਰਦਾਂ ਦੀ ਸੂਚੀ ਵਿਚ ਉਹਦਾ ਨਾਂ ਦਰਜ ਹੋ

ਸਕੇ। ਇੱਥੇ ਹੀ ਬੱਸ ਨਹੀਂ, ਲਾਲਾ ਜੀ ਦੇ ਵਾਰ ਵਾਰ ਕਹਿਣ ਤੇ ਵੀ, 'ਸਾਰੇ ਧਰਨਾ ਮਾਰਨ ਵਾਲਿਆਂ ਵਾਂਗ ਢੀਠ ਬਣ ਕੇ ਬੈਠੇ ਰਹੇ', ਅਤੇ 'ਹਮਦਰਦਾਂ ਲਈ ਥਾਂ ਬਣਾਉਂਦੇ ਬਣਾਉਂਦੇ ਲਾਲਾ ਜੀ ਕੰਧ ਨਾਲ ਜਾ ਲੱਗੇ ਸਨ।'

ਇੱਥੇ ਹੀ ਬਿਰਤਾਂਤਕਾਰ ਲਾਲਾ ਜੀ ਦੀ ਸੋਚ ਅਤੇ ਲੋਕਾਂ ਦੀ ਸੋਚ ਵਿਚਲੇ ਫ਼ਰਕ ਦੇ ਵੇਰਵੇ ਰਾਹੀਂ ਅੰਧ ਵਿਸ਼ਵਾਸ ਦਾ ਮਖੌਲ ਉਡਾਉਂਦਾ ਹੈ, 'ਗਿਆਨੀ ਧਿਆਨੀ ਬੰਦਾ ਹੈ, ਕੀ ਪਤੈ ਉਪਰਲੇ ਨਾਲ ਹੀ ਲਿਵ ਲੱਗੀ ਹੋਵੇ। ਕੋਈ ਰੱਬੀ ਹੁਕਮ ਹੋ ਜਾਵੇ। ਕੋਈ ਦੇਵੀ ਦੇਵਤਾ ਕਿਸੇ ਭੁੱਲ ਚੁੱਕ ਦੀ ਯਾਦ ਦਿਵਾ ਦੇਵੇ। ਬੰਟੀ ਦੇ ਲੁਕੋਣ ਵਾਲੀ, ਜਗ੍ਗਾ ਦੇ ਦਰਸ਼ਨ ਹੀ ਹੋ ਜਾਣ।'

ਨਾਵਲ ਦੀ ਮਸ਼ਕਰੀ ਦਾ ਕੇਂਦਰੀ ਨਿਸ਼ਾਨਾ ਪੁਲਿਸ ਹੈ ਜੋ ਬੰਟੀ ਦੀ ਤਫ਼ਤੀਸ਼ ਦਾ ਕਾਰਜ ਸਾਂਭਦੀ ਹੈ। ਐਫ.ਆਈ.ਆਰ. ਦਰਜ ਕਰਨ ਤੋਂ ਲੈ ਕੇ ਮੁਜਰਮਾਂ ਦਾ ਚਲਾਨ ਪੇਸ਼ ਕਰਨ ਤੱਕ ਦੇ ਪੁਲਿਸ ਦੇ ਸਾਰੇ ਕੰਮਾਂ ਨੂੰ ਨਾਵਲਕਾਰ ਅਜਿਹੇ ਚੁਭਵੇਂ ਅਤੇ ਕਾਟਵੇਂ ਅੰਦਾਜ਼ ਵਿਚ ਪੇਸ਼ ਕਰਦਾ ਹੈ ਕਿ ਪੁਲਿਸ ਤਫ਼ਤੀਸ਼ੀ ਨਾ ਰਹਿ ਕੇ ਤਫ਼ਤੀਸ਼ ਦਾ ਵਿਸ਼ਾ ਹੋ ਨਿਬੜਦੀ ਹੈ। ਸਿਪਾਹੀ ਤੋਂ ਲੈ ਕੇ ਡੀ.ਜੀ. ਤੱਕ ਪੁਲਿਸ ਦਾ ਇਕ ਵੀ ਕਰਮਚਾਰੀ ਐਸਾ ਨਹੀਂ ਜੋ ਨਾਵਲਕਾਰ ਦੇ ਵਿਅੰਗ ਦਾ ਸ਼ਿਕਾਰ ਨਾ ਬਣਿਆ ਹੋਵੇ। ਪੁਲਿਸ ਦੀ ਨਾ ਅਹਿਲੀਅਤ, ਦਰਿੰਦਗੀ, ਭ੍ਰਿਸ਼ਟਾਚਾਰ, ਲੁੱਟ ਅਤੇ ਕੁੱਟ ਵਰਗੇ ਔਗੁਣ ਹੀ ਜੇ ਨਾਵਲਕਾਰ ਦੀ ਵਿਅੰਗ-ਦ੍ਰਿਸ਼ਟੀ ਦਾ ਨਿਸ਼ਾਨਾ ਬਣੇ ਹੁੰਦੇ ਤਾਂ ਨਾਵਲਕਾਰ ਨਿਰਾ-ਪੁਰਾ ਸੁਧਾਰਵਾਦੀ ਹੀ ਬਣ ਕੇ ਰਹਿ ਜਾਣਾ ਸੀ। ਅਸਲ ਵਿਚ ਨਾਵਲਕਾਰ ਦੀ ਪਹੁੰਚ, ਵਿਅੰਗਮਈ ਹੋਣ ਦੇ ਨਾਲ ਨਾਲ ਕਟਾਖਸ਼ਮਈ (ironic) ਵੀ ਹੈ ਜੋ ਯਥਾਰਥ ਦੀਆਂ ਲੁਕਵੀਆਂ ਪਰਤਾਂ ਦੇ ਉਘਾੜ ਰਾਹੀਂ ਵਿਅਕਤੀ ਨਾਲੋਂ ਵਿਵਸਥਾ ਦੇ ਖੋਟ ਉਤੇ ਉਂਗਲ ਧਰਦੀ ਹੈ ਅਤੇ ਦੱਸਦੀ ਹੈ ਕਿ ਵਿਵਸਥਾ ਆਪਣੇ ਕਲ-ਪੁਰਜ਼ਿਆਂ ਕੋਲੋਂ ਆਪਣੀ ਮਨ-ਮਰਜ਼ੀ ਕਿਵੇਂ ਕਰਵਾਉਂਦੀ ਹੈ ਤੇ ਜਾਂ ਫਿਰ ਉਹ 'ਮਿੱਟੀ ਦੇ ਮਾਧੋ' ਕਿਵੇਂ ਹੋ ਨਿਬੜਦੇ ਹਨ। ਇਸ ਪ੍ਰਸੰਗ ਵਿਚ ਇਕ ਪੁਲਿਸ ਕਰਮਚਾਰੀ ਸ਼ਿਵ ਪ੍ਰਸ਼ਾਦ ਦੀ ਮਿਸਾਲ ਲਈ ਜਾ ਸਕਦੀ ਹੈ। ਬਿਰਤਾਂਤਕਾਰ ਉਹਦਾ ਚਿੱਤਰ ਇਉਂ ਖਿੱਚਦਾ ਹੈ:

> ਰੱਬ ਮੋਟਾ ਸਰੀਰ ਵੀ ਕਿਸੇ ਨੂੰ ਨਾ ਦੇਵੇ। ਸਾਰੀ ਉਮਰ ਦੀ ਸਜ਼ਾ ਹੈ। ਉਹਦਾ ਵਜ਼ਨ ਵੀ ਸਵਾ ਕੁਇੰਟਲ ਤੋਂ ਉੱਪਰ ਸੀ। ਪੇਟ ਢੋਲ ਵਾਂਗ ਬਾਹਰ ਨੂੰ ਨਿਕਲਿਆ ਪਿਐ। ਕਈ ਵਾਰ ਸਹੁੰ ਖਾਧੀ ਹੈ ਘਟ ਖਾਵੇ ਅਤੇ ਕਸਰਤ ਵੱਧ ਕਰੇ। ਪਰ ਸ਼ਰਾਬ ਉਹਦੀ ਕਮਜ਼ੋਰੀ ਬਣ ਚੁੱਕੀ ਹੈ। ਨਾਲ ਮਸਾਲੇਦਾਰ ਮੀਟ ਬਣਿਆ ਹੋਵੇ ਤਾਂ ਸਭ ਕਸਮਾਂ ਭੁੱਲ ਜਾਂਦੀਆਂ ਹਨ। ਖਾ ਪੀ ਕੇ ਖੜਨਾ ਔਖਾ ਹੋ ਜਾਂਦਾ ਹੈ। ਪੇਟ ਵਿਚ ਹਵਾ ਭਰ ਜਾਂਦੀ ਹੈ। ਕਈ ਕਈ ਦਿਨ ਕਬਜ਼ ਰਹਿੰਦੀ ਹੈ। ਦਵਾਈਆਂ ਵੀ ਅਸਰ ਨਹੀਂ ਕਰਦੀਆਂ।

ਬਾਣੀਆ ਹੋਣ ਕਰਕੇ ਉਹ ਬੜ੍ਹਕ ਵੀ ਮਾਰਦਾ ਹੈ ਮੋਕ ਵੀ, ਰਿਸ਼ਵਤ ਲੈਂਦਾ ਹੈ ਪਰ ਡਰਦਾ ਡਰਦਾ, ਬੁਲਾਉਣ ਆਏ **ਸੰਤਰੀ** ਨੂੰ ਘੁਰਕੀ ਦਿੰਦਾ ਹੈ ਪਰ ਕੰਬਦਾ ਕੰਬਦਾ। 'ਰਿਕਸ਼ੇ ਵਾਲੇ' ਮੁਫਤ ਦੀ ਵਗਾਰ 'ਗੱਡੇ ਦੇ ਲੱਦ' ਨੂੰ ਵੇਖ ਕੇ ਛਾਈਂ-ਮਾਈਂ ਹੋ ਜਾਂਦੇ ਹਨ। ਅਤੇ 'ਸਾਹਿਬ' ਰਿਕਸ਼ਿਆਂ ਦੇ ਪਹੀਆਂ ਵਿਚੋਂ ਹਵਾ ਕੱਢ ਵਾਲ ਅਤੇ ਢਿਬਰੀਆਂ ਜੇਬ ਵਿਚ ਪਾ ਲੈਂਦਾ ਹੈ- ਦੋ ਦੋ ਰੁਪਈਏ ਵੀ ਖਰਚ ਹੋਣਗੇ ਅਤੇ ਘੰਟਾ ਘੰਟਾ ਖਰਾਬ ਵੀ ਹੋਵੇਗਾ। ਉਸਦੇ ਪੁਲਸੀਆ ਰੋਅਬ ਦਾ ਇਹ

ਹਾਲ ਹੈ ਕਿ ਇਕ ਰਿਕਸ਼ੇ ਵਾਲੇ ਨੂੰ ਟੈਗੋਰ ਸਟਰੀਟ ਜਾਣ ਦਾ ਹੁਕਮ ਦੇ ਕੇ ਮੁੱਛਾਂ ਨੂੰ ਵੱਟ ਦੇਣ ਲੱਗ ਪੈਂਦਾ ਹੈ ਪਰ ਪਿਆਕੜਾਂ ਤੋਂ ਵੀ ਪੀਤੀ ਦਾਰੂ ਨੂੰ ਲੁਕੋਣ ਲਈ ਮੁਫਤ ਦਾ ਪਾਨ ਚੱਬ ਨਾਢੂ ਖਾਂ ਦਾ ਸਾਲਾ ਬਣ ਜਾਂਦਾ ਹੈ।

ਸ਼ਿਵ ਪ੍ਰਸ਼ਾਦ ਦਾ ਮੌਜੂ ਬਣਾਉਣ ਲਈ ਨਾਵਲਕਾਰ ਨੇ 'ਬੰਬ ਡਿਸਪੋਜ਼ਲ' ਦੀ ਸਥਿਤੀ ਦੀ ਸਿਰਜਨਾ ਐਸੇ ਕਲਾਮਈ ਢੰਗ ਨਾਲ ਕੀਤੀ ਹੈ ਕਿ ਉਹ ਇਸ ਸਥਿਤੀ ਉਤੇ ਕਾਬੂ ਪਾ ਕੇ ਆਪਣੇ ਆਪ ਨੂੰ 'ਲੁਕਾਮਾਨ' ਸਮਝਦਾ ਹੈ, ਮੌਕੇ ਤੇ ਹਾਜ਼ਰ ਦਰਸ਼ਕ ਵੀ ਇਵੇਂ ਮਹਿਸੂਸਦੇ ਹਨ, ਪਰ ਪਾਠਕਾਂ ਨੂੰ ਉਹ 'ਘੁੱਗੂ' ਲੱਗਦਾ ਹੈ ਅਤੇ ਦਰਸ਼ਕਾਂ ਨੂੰ 'ਘੋਗੜ'। ਅਗਵਾਕਾਰ ਲਾਲਾ ਜੀ ਦੇ ਦਰਵਾਜ਼ੇ ਤੇ ਇਕ ਟੋਪੀਆ ਰੱਖ ਗਏ ਹਨ ਜਿਸ ਵਿਚ ਬੰਟੀ ਦੇ ਕੱਪੜੇ ਹਨ ਅਤੇ ਟੋਪੀਏ ਦੇ ਉੱਪਰ ਬਸਤਾ ਪਿਆ ਹੈ। ਟੋਪੀਏ ਵਿਚ ਬੰਬ ਹੋਣ ਦੇ ਡਰੋਂ 'ਬੰਬ ਡਿਸਪੋਜ਼ਲ ਸੁਕਾਅਡ' ਨੂੰ ਇਤਲਾਹ ਦੇ ਦਿੱਤੀ ਗਈ ਹੈ, ਟੋਪੀਏ ਦੀ ਆਲੇ ਦੁਆਲੇ ਰੇਤਾ ਦੀਆਂ ਬੋਰੀਆਂ ਚਿਣ ਦਿੱਤੀਆਂ ਗਈਆਂ ਹਨ, ਸਿਪਾਹੀ ਪਹਿਰਾ ਦੇ ਰਹੇ ਹਨ। ਲੋਕ ਘਰਾਂ ਦੀਆਂ ਛੱਤਾਂ ਤੇ ਚੜ੍ਹ ਬੈਠੇ ਹਨ। ਸ਼ਿਵ ਮੌਕੇ ਦੀ ਪੜਤਾਲ ਕਰਦਾ ਹੈ। ਉਹਦੀ ਅਕਲ ਕਹਿੰਦੀ ਹੈ, ਟੋਪੀਏ ਵਿਚ ਬੰਬ ਸੰਭਵ ਨਹੀਂ। ਪਰ ਅੰਦਰੋਂ ਡਰਦਾ ਵੀ ਹੈ। ਇਕ ਲੰਬਾ ਬਾਂਸ ਮੰਗਵਾ ਉਹਦੇ ਇਕ ਸਿਰੇ ਤੇ ਮੇਖ ਗੱਡ ਕੇ ਕੋਠੇ ਤੇ ਚੜ੍ਹ ਜਾਂਦਾ ਹੈ। 'ਪੂਰੀ ਸਾਵਧਾਨੀ ਅਤੇ ਧੜਕਦੇ ਦਿਲ ਨਾਲ' ਪਹਿਲਾਂ ਬੈਗ ਖਿੱਚਦਾ ਹੈ, ਫੇਰ ਗੈਲਸ ਅਤੇ ਟੋਪੀਆ ਮੂਧਾ ਹੋ ਜਾਂਦਾ। ਬਿਰਤਾਂਤਕਾਰ ਟਿੱਪਣੀ ਕਰਦਾ ਹੈ: 'ਆਪਣੀ ਸਫਲਤਾ ਤੇ ਫੁੱਲ ਕੇ ਕੁੱਪਾ ਹੋਏ ਸ਼ਿਵ ਨੇ ਜੇਤੂ ਨਜ਼ਰਾਂ ਨਾਲ ਸੰਘ ਦੇ ਵਰਕਰਾਂ ਵੱਲ ਤੱਕਿਆ। ਸਭ ਦੀਆਂ ਅੱਖਾਂ ਵਿਚ ਖੁਸ਼ੀ ਦੀ ਚਮਕ ਸੀ।'

ਟਿੱਪਣੀ ਦੀ ਵਿਅੰਗਮਈ ਵਰਤੋਂ ਦਾ ਚਮਤਕਾਰ ਉਦੋਂ ਵੀ ਉਘੜਦਾ ਹੈ ਜਦੋਂ ਐਫ.ਆਈ.ਆਰ. ਦਰਜ ਕਰਵਾਉਣ ਗਏ ਪੱਤਰਕਾਰ ਦਰਵੇਸ਼ ਜੀ ਨੂੰ **ਸੰਤਰੀ** ਸਲੂਟ ਮਾਰਦਾ ਹੈ, 'ਮਿਲੀ ਸਲਾਮੀ ਨਾਲ ਦਰਵੇਸ਼ ਦੀ ਹਿੱਕ ਚੌੜੀ ਹੋ ਗਈ... ਪਿੱਛੇ ਆਉਂਦੇ ਸੇਠਾਂ ਵੱਲ ਉਸਨੇ ਮੁਸਕਰਾ ਕੇ ਦੇਖਿਆ। ਜਿਵੇਂ ਆਖ ਰਿਹਾ ਹੋਵੇ 'ਕਿਉਂ ਦੇਖਿਆ?'

ਕਰਫਿਊ, ਨਾਕਾਬੰਦੀ, ਤਲਾਸ਼ੀ, ਤਸੀਹੇ, ਰਿਸ਼ਵਤਖੋਰੀ, ਭ੍ਰਿਸ਼ਟਾਚਾਰ, ਅੱਤਿਆਚਾਰ ਅਤੇ ਦੁਰਾਚਾਰ ਤਾਂ ਇਸ ਨਾਵਲ ਵਿਚ ਵਿਅੰਗ ਦਾ ਨਿਸ਼ਾਨਾ ਬਣਦੇ ਹੀ ਹਨ ਪਰਸਪਰ ਈਰਖਾ, ਇਕ ਦੂਜੇ ਤੋਂ ਅੱਗੇ ਨਿਕਲ ਜਾਣ ਦੀ ਹੋੜ ਅਤੇ ਬੰਟੀ ਦੇ ਮੁੱਦੇ ਨੂੰ ਆਪਣੀ ਤਰੱਕੀ ਲਈ ਵਰਤਣ ਦੀ ਲਾਲਸਾ ਦਾ ਵੀ ਬੇਦਰੇਗੀ ਨਾਲ ਮਖੌਲ ਉਡਾਇਆ ਗਿਆ ਹੈ, ਇਥੋਂ ਤੱਕ ਕਿ ਅਮੀ ਚੰਦ ਅਤੇ ਖਾਨ ਵਰਗੇ ਲਾਇਕ, ਈਮਾਨਦਾਰ ਅਤੇ ਦਲੇਰ ਅਫਸਰਾਂ ਦੀਆਂ ਸਿਰਤੋੜ ਪਰ ਅਸਫਲ ਕੋਸ਼ਿਸ਼ਾਂ ਨੂੰ ਵੀ ਕਟਾਖਸ਼ ਨਾਲ ਚਿਤਰਿਆ ਗਿਆ ਹੈ।

ਪੁਲਿਸ ਦੇ ਕਿਰਦਾਰ ਦੀ ਸਭ ਤੋਂ ਘਿਣਾਉਣੀ ਪਰ ਯਥਾਰਥਕ ਝਾਕੀ ਮੁੱਖ ਮੰਤਰੀ ਦੇ ਹੁਕਮਾਂ ਦੀ ਪਾਲਣਾ ਲਈ ਉਠਾਏ ਗਏ ਕਦਮਾਂ ਦੀ ਕਟਾਖਸ਼ਮਈ ਸਥਿਤੀ ਵਿਚੋਂ ਉਜਾਗਰ ਹੁੰਦੀ ਹੈ। ਲਾਲਾ ਜੀ ਦੇ ਪਰਿਵਾਰ ਨਾਲ ਹਮਦਰਦੀ ਜਤਾਉਣ ਲਈ ਆਇਆ ਮੁੱਖ ਮੰਤਰੀ ਐਲਾਨ ਕਰ ਜਾਂਦਾ ਹੈ ਕਿ ਬੰਟੀ ਦੇ ਭੋਗ ਤੋਂ ਪਹਿਲਾਂ ਪਹਿਲਾਂ ਬੰਟੀ ਦੇ ਕਾਤਲ ਫੜੇ ਜਾਣੇ ਚਾਹੀਦੇ ਹਨ। ਘਬਰਾਹਟ ਵਿਚ ਆਈ ਪੁਲਿਸ ਸ਼ਹਿਰ ਦੀਆਂ ਗਰੀਬ ਬਸਤੀਆਂ, 'ਸਾਊ' ਘਰਾਣਿਆਂ ਦੇ ਮੁੰਡਿਆਂ, ਖਾੜਕੂ ਜੱਥੇਬੰਦੀਆਂ ਦੇ ਵਰਕਰਾਂ ਅਤੇ ਅਗਵਾੜ ਦੇ ਘਰਾਂ ਉੱਤੇ ਜਿਵੇਂ 'ਬਘਿਆੜਾਂ' ਵਾਂਗ ਟੁੱਟਦੀ ਹੈ ਉਹ ਦਾਸਤੋਵਸਕੀ ਦੇ ਨਾਵਲ **ਲੈਟਰਜ਼ ਫਰਾਮ ਦਿ ਡੈਡ ਹਾਊਸ** ਦੀ ਭਿਆਨਕ ਯਾਦ ਤਾਜ਼ਾ ਕਰ ਦਿੰਦੀ ਹੈ। ਇੰਜ ਲੱਗਦਾ ਹੈ ਜਿਵੇਂ ਵਹਿਸ਼ਤ ਉਨ੍ਹਾਂ ਦੇ ਸਿਰ ਉੱਤੇ ਸਵਾਰ ਹੋ ਗਈ ਹੋਵੇ ਅਤੇ ਲਾਲ ਸਿੰਘ/ਨਾਜਰ ਸਿੰਘ ਜੁੰਡਲੀ ਮਨੁੱਖਤਾ ਅਤੇ ਇਨਸਾਫ਼ ਦੀਆਂ ਸਾਰੀਆਂ ਹੱਦਾਂ ਉਲੰਘ ਕੇ ਹਾਸੋਹੀਣਤਾ ਦੀ ਹੱਦ ਤੱਕ ਦਰਿੰਦਗੀ ਤੇ ਉਤਰ ਆਈ ਹੋਵੇ। ਪੁਲਿਸ ਤਸ਼ੱਦਦ ਦੀ ਇਹ

ਕਰੂਰ ਸਥਿਤੀ ਮਸ਼ਕਰੀ ਉਦੋਂ ਬਣਦੀ ਹੈ ਜਦੋਂ ਨਾਵਲੀ ਪਾਠ ਵਿਚੋਂ ਗਿਆਤ ਹੁੰਦਾ ਹੈ ਕਿ ਪੁਲਿਸ ਇਹ ਸਭ ਕਾਰੇ ਆਪਣੇ 'ਭੈ' ਵਿਚੋਂ ਕਰ ਰਹੀ ਹੈ। ਸਥਿਤੀ ਦਾ ਕਟਾਖਸ਼ ਇਸ ਵਿਅੰਗਮਈ ਵਿਰੋਧਾਭਾਸ ਵਿਚ ਲੁਕਿਆ ਹੋਇਆ ਹੈ ਕਿ ਮੁੱਖ ਮੰਤਰੀ ਦੇ ਹੁਕਮਾਂ ਨਾਲ ਬੰਟੀ ਦੇ ਕਾਤਲ ਤਾਂ ਭਾਵੇਂ ਨਹੀਂ ਫੜੇ ਜਾਂਦੇ, ਬੇਦੋਸ਼ਿਆਂ ਦੀ ਲੁੱਟ ਅਤੇ ਕੁੱਟ ਦਾ ਮੌਕਾ ਜ਼ਰੂਰ ਪੈਦਾ ਹੋ ਜਾਂਦਾ ਹੈ। ਇਸ ਤੋਂ ਵੀ ਵੱਧ ਹਾਸੋਹੀਣੀ ਸਥਿਤੀ ਉਦੋਂ ਬਣਦੀ ਹੈ ਜਦੋਂ ਆਪਣੇ ਵਕਾਰ ਨੂੰ ਕਾਇਮ ਰੱਖਣ ਲਈ ਅਤੇ ਮੁੱਖ ਮੰਤਰੀ ਦੇ ਗੁੱਸੇ ਤੋਂ ਬਚਣ ਲਈ ਪਹਿਲੋਂ ਝੂਠਾ ਪੁਲਿਸ ਮੁਕਾਬਲਾ ਬਣਾਇਆ ਜਾਂਦਾ ਹੈ, ਫੇਰ ਬੰਟੀ ਦੇ ਕਤਲ ਦਾ ਕੇਸ ਬੇਗੁਨਾਹ ਪਾਲੇ ਅਤੇ ਮੀਤੇ ਦੇ ਸਿਰ ਮੜ੍ਹ ਦਿੱਤਾ ਜਾਂਦਾ ਹੈ। ਇਸ ਤੋਂ ਵੀ ਅੱਗੇ ਰੱਬ ਦੇ ਕਹਿਰ ਤੋਂ ਡਰਨ ਵਾਲੇ ਲਾਲ ਜੀ ਜਦੋਂ ਪੁਲਿਸ ਨੂੰ ਤਫ਼ਤੀਸ਼ ਬੰਦ ਕਰਨ ਦੀ ਬੇਨਤੀ ਕਰਦੇ ਹਨ ਤਾਂ ਪੁਲਿਸ ਆਪਣੇ 'ਵਕਾਰ' ਦਾ ਮਸਲਾ ਬਣਾ ਲੈਂਦੀ ਹੈ ਅਤੇ 'ਸਾਰਾ' ਸ਼ਹਿਰ ਪੁਲਿਸ-ਤਸ਼ੱਦਦ ਨਾਲ ਕਰਾਹ ਉੱਠਦਾ ਹੈ।

...ਅਤੇ ਮੁੱਖ ਮੰਤਰੀ। ਉਹਨੂੰ ਵੀ ਆਪਣਾ ਸਿਆਸੀ ਰਸੂਖ ਬਣਾਈ ਰੱਖਣ ਲਈ ਹੀ ਇਸ ਮੁੱਦੇ ਨਾਲ ਜੁੜਨਾ ਪੈਂਦਾ ਹੈ। ਨਾਵਲ ਦੇ ਕਾਂਡ 22 ਵਿਚ ਬਿਰਤਾਂਤਕਾਰ ਮੁੱਖ ਮੰਤਰੀ ਦੇ 'ਮਗਰਮੱਛੀ' ਹੰਝੂਆਂ ਦਾ ਪਾਜ ਤਾਂ ਖੋਲ੍ਹਦਾ ਹੀ ਹੈ (ਉਹ ਬੰਟੀ ਦੀ ਮਾਂ ਕਾਂਤਾ ਲਈ ਇਕ ਲੱਖ ਰੁਪਏ ਦਾ ਚੈਕ ਤਿਆਰ ਕਰਕੇ ਨਾਲ ਲਿਆਏ ਹਨ ਅਤੇ ਉਹਦੀ ਨੌਕਰੀ ਦਾ ਹੁਕਮ ਵੀ) ਨਾਲੋ-ਨਾਲ ਸਮੁੱਚੀ ਅਫਸਰਸ਼ਾਹੀ ਦਾ ਭਾਂਡਾ ਵੀ ਚੌਰਾਹੇ ਵਿਚ ਭੰਨਦਾ ਹੈ। ਇਸੇ ਕਾਂਡ ਵਿਚ ਸਿਆਸੀ ਪਾਰਟੀਆਂ ਦੇ ਆਗੂਆਂ ਦੇ ਕਿਰਦਾਰ ਦਾ ਪਾਜ ਵੀ ਖੋਲ੍ਹਿਆ ਗਿਆ ਹੈ ਜੋ ਮੁੱਖ ਮੰਤਰੀ ਨਾਲ ਫੋਟੋਆਂ ਖਿਚਵਾਉਣ ਅਤੇ ਚਾਹ-ਪਾਰਟੀ ਦਾ ਮਜ਼ਾ ਲੈਣ ਲਈ ਸਭ ਤੋਂ ਵੱਧ ਕਾਹਲੇ ਨਜ਼ਰ ਆਉਂਦੇ ਹਨ।

ਨਾਵਲ ਵਿਚ ਵਿਅੰਗ ਦਾ ਨਿਸ਼ਾਨਾ ਜੱਜ ਵੀ ਬਣਦੇ ਹਨ, ਮਾਡਲ ਟਾਊਨ ਦੇ ਵਸਨੀਕ 'ਸਾਊ' ਲੋਕ ਵੀ। ਪੈਸੇ ਲਈ ਤੀਵੀਆਂ ਪੇਸ਼ ਕਰਨਾ, ਮੁਜਰਮਾਂ ਨਾਲ ਯਾਰੀ ਪਾ ਕੇ ਰੱਖਣਾ, ਰਿਸ਼ਤੇਦਾਰਾਂ ਦੀ ਲੁੱਟ-ਖਸੁੱਟ ਕਰਨਾ, ਗਰੀਬ ਅਤੇ ਕਮਜ਼ੋਰ ਵਰਗਾਂ ਨੂੰ ਜੱਦੀ-ਪੁਸ਼ਤੀ ਜਰਾਇਮ-ਪੇਸ਼ਾ ਲੋਕ ਸਮਝਣਾ, ਇਕ-ਦੂਜੇ ਨੂੰ ਬਲੈਕ ਮੇਲ ਕਰਨਾ, ਵਪਾਰ ਵਿਚ ਇਕ ਦੇ ਦਸ ਬਣਾਉਣਾ, ਵਿਆਹੀਆਂ ਨੂੰ ਮਾਰ ਕੇ ਨਵੇਂ ਵਿਆਹ ਕਰਵਾਉਣੇ ਅਤੇ ਦੂਜਿਆਂ ਦੀਆਂ ਤੀਵੀਆਂ ਨਾਲ ਯਾਰੀਆਂ ਪਾਉਣੀਆਂ, ਕਾਨੂੰਨੀ ਲੁੱਟ ਅਤੇ ਗੈਰ-ਕਾਨੂੰਨੀ ਖੋਹ ਵਿਚੋਂ ਦਾਨ ਦੇ ਕੇ ਆਪਣੀ ਪੈਂਠ ਬਣਾਈ ਰੱਖਣਾ ਅਤੇ ਇਕ ਦੂਜੇ ਦੇ ਕੀੜੇ ਕੱਢਣੇ- ਇਹ ਹੈ ਜੀਵਨ-ਜਾਂਚ ਜੋ 'ਸਾਊ' ਸਮਾਜ ਦੀ 'ਸ਼ਰਾਫਤ' ਦੀ ਮੂੰਹ-ਬੋਲਦੀ ਤਸਵੀਰ ਹੈ ਅਤੇ ਨਵੇਂ ਬਣੇ ਅਮੀਰਾਂ ਦੇ 'ਕਾਰਨਾਮਿਆਂ ਰਾਹੀਂ' ਆਜ਼ਾਦ ਭਾਰਤ ਦੀ ਤਰੱਕੀ ਦੀ ਤਸਵੀਰ ਖਿੱਚਦੀ ਹੈ। ਇਉਂ ਲੱਗਦਾ ਹੈ ਜਿਵੇਂ ਗੱਲ ਇਕ-ਅੱਧ ਕੱਚੀ-ਪੱਕੀ ਜਾਂ ਖੰਘਰ ਬਣੀ ਇੱਟ ਦੀ ਨਾ ਹੋ ਕੇ ਸਾਰੇ ਆਵੇ ਦੇ ਊਤ ਜਾਣ ਦੀ ਹੋਵੇ। ਇਹ 'ਸਾਊ' ਸਮਾਜ ਧਰਮ, ਸਦਾਚਾਰ, ਸਿਆਸਤ ਸਭ ਨੂੰ ਡਕਾਰ ਗਿਆ ਹੈ। ਇਕ ਨਿਰੰਤਰ ਸਿਲਸਿਲਾ ਹੈ ਜਿਸ ਦੀ ਹਰੇਕ ਕੜੀ ਪਰਸਪਰ-ਵਿਰੋਧੀ ਵੀ ਹੈ ਅਤੇ ਫਿਰਨੀ ਤੇ ਵਸਦੇ ਬਹੁ-ਗਿਣਤੀ ਲੋਕਾਂ ਲਈ ਮਜ਼ਬੂਤ ਸੰਗਲ ਵੀ। ਨਾਵਲ ਵਿਚ ਕੁਸ਼ਟ ਆਸ਼ਰਮ ਦੇ ਰੋਗੀ ਹਨ ਜਿਨ੍ਹਾਂ ਦਾ ਸਗਲਾ ਮਾਸ ਕਾਵਾਂ ਨੇ ਚੂੰਡ ਲਿਆ ਹੈ, ਪਰ ਕਾਵਾਂ ਦੀਆਂ ਨਜ਼ਰਾਂ ਵਿਚ ਉਹ ਜੱਦੀ-ਪੁਸ਼ਤੀ ਮੁਜਰਮ ਹਨ। ਸਾਂਸੀ, ਰਮਦਾਸੀਏ ਅਤੇ ਬਾਣਵੱਟੀਏ ਕਾਨੂੰਨੀ ਜੀਵਨ ਜੀਉਣਾ ਚਾਹੁੰਦੇ ਹਨ ਪਰ ਉਨ੍ਹਾਂ ਕੋਲ ਰੋਟੀ-ਰੋਜ਼ੀ ਦਾ ਵੀ ਕੋਈ ਹੀਲਾ-ਵਸੀਲਾ ਨਹੀਂ। ਉਹ ਨਿੱਕੀਆਂ ਨਿੱਕੀਆਂ ਚੋਰੀਆਂ ਕਰਕੇ ਪੇਟ ਦੀ ਅੱਗ ਬੁਝਾਉਣ ਵਾਲੇ 'ਮੁਜਰਮ' ਹਨ ਜਿਨ੍ਹਾਂ ਦਾ ਨਾਮ ਪੁਲਿਸ-ਰਿਕਾਰਡ ਵਿਚ ਪੱਕੇ ਤੌਰ ਤੇ ਚੜ੍ਹ ਚੁੱਕਿਆ ਹੈ।

ਸਮਾਜ ਦੇ ਇਹ ਲੋਕ ਨਾ ਸਿਆਸਤ ਜਾਣਦੇ ਹਨ ਨਾ ਧਰਮ, ਨਾ ਇਨ੍ਹਾਂ ਨੂੰ ਜੁਰਮ ਕਰਨ ਦੀ ਸਾਰ ਹੈ, ਨਾ ਜ਼ੁਲਮ ਨਾਲ ਟੱਕਰ ਲੈਣ ਦੀ। ਇਹ ਤਰਸ ਦੇ ਪਾਤਰ ਬਣ ਕੇ ਉਭਰੇ ਹਨ, ਪਰ ਇਨਕਲਾਬ ਦੀ ਤਾਕਤ ਦੇ ਚਿੰਨ੍ਹ ਵੀ ਇਨ੍ਹਾਂ ਵਿਚ ਹੀ ਨਜ਼ਰ ਆਉਂਦੇ ਹਨ। ਇਨ੍ਹਾਂ ਨੂੰ ਸੁਚੇਤ ਕਰਨ ਦਾ ਕਾਰਜ ਇਕ ਤੋਂ ਜ਼ਿਆਦਾ ਜੱਥੇਬੰਦੀਆਂ ਨਿਭਾ ਰਹੀਆਂ ਹਨ ਜਿਨ੍ਹਾਂ ਵਿਚ ਰੈਸ਼ਨਲ ਸੋਸਾਇਟੀ ਵੀ ਹੈ, ਪਲਸ ਮੰਚ ਵੀ, ਪ੍ਰਗਤੀਵਾਦੀ ਸੰਗਠਨ ਵੀ ਹਨ, ਜਨਵਾਦੀ ਜੱਥੇਬੰਦੀਆਂ ਵੀ। ਨਾਵਲ ਦੇ ਦੂਸਰੇ ਭਾਗ ਵਿਚ ਇਨ੍ਹਾਂ ਸ਼ਕਤੀਆਂ ਦੀ ਤਸਵੀਰਕਸ਼ੀ ਕੀਤੀ ਗਈ ਹੈ ਜਿਨ੍ਹਾਂ ਵਿਚੋਂ ਸਮੂਹਕ ਨਾਇਕਤਵ ਦੇ ਉਭਾਰ ਦੇ ਦੀਦਾਰ ਹੁੰਦੇ ਹਨ।

ਵਿਦਮਾਨ ਸਮਾਜਕ ਆਰਥਿਕ ਵਿਵਸਥਾ ਵਿਚੋਂ ਹਿੱਸਾ ਵੰਡਾਉਣ ਵਾਲੇ ਬੁੱਧੀਜੀਵੀਆਂ ਨੂੰ ਇਹ ਭਾਗ ਨਾਵਲੀ ਰਚਨਾ-ਵਿਧੀ ਤੋਂ ਥਿੜਕਿਆ ਹੋਇਆ ਪ੍ਰਤੀਤ ਹੁੰਦਾ ਹੈ, ਜੋ ਉਨ੍ਹਾਂ ਦੀਆਂ ਨਜ਼ਰਾਂ ਵਿਚ ਸਥਿਤੀ ਦਾ ਸਰਲੀਕਰਨ ਵੀ ਕਰਦਾ ਹੈ ਅਤੇ ਮਿੱਥ-ਭੰਜਕ ਦਾ ਪ੍ਰਕਾਰਜ ਨਿਭਾਉਣ ਦੀ ਬਜਾਏ ਮਿੱਥ-ਸਿਰਜਨ ਦੀ ਭ੍ਰਾਂਤੀ ਦਾ ਵਾਹਕ ਵੀ ਬਣਦਾ ਹੈ। ਅਸਲ ਵਿਚ ਇਹ ਖੱਸੀ ਹੋ ਚੁੱਕੀ ਜਮਾਤ ਦੀਆਂ ਧਾਰਨਾਵਾਂ ਵਿਚੋਂ ਉਗਮਿਆ ਹੋਇਆ ਦੋਸ਼ ਹੈ। ਇਹ ਜਮਾਤ ਸੁਮੱਚੀ ਲੋਕਾਈ ਨੂੰ ਆਪਣੇ ਵਸਤੂ-ਬਿੰਬ ਅਨੁਸਾਰ ਹੀ ਵੇਖਦੀ ਹੈ। ਇਸ ਨੂੰ ਲੱਗਦਾ ਹੈ ਜਿਵੇਂ ਬੰਦਾ ਦੁਨੀਆ ਵਿਚ ਦੁੱਖ ਭੋਗਣ ਲਈ ਹੀ ਪੈਦਾ ਹੁੰਦਾ ਹੈ। ਦੁੱਖ ਤੋਂ ਬੰਦੇ ਦਾ ਛੁਟਕਾਰਾ ਸੰਭਵ ਹੀ ਨਹੀਂ, ਇਸ ਲਈ ਕੋਈ ਵੀ ਯਤਨ ਫਜ਼ੂਲ ਹੈ। ਲੋਕਾਂ ਦੀ ਮਿਹਨਤ ਉੱਤੇ ਪਲਣ ਵਾਲੀ ਇਹ ਜਮਾਤ ਹੀ ਅਸਲ ਵਿਚ ਨਾਵਲਕਾਰ ਦੇ ਵਿਅੰਗ ਦਾ ਨਿਸ਼ਾਨਾ ਬਣਦੀ ਹੈ ਅਤੇ ਨਾਵਲ ਨੂੰ ਮਸ਼ਕਰੀ ਦਾ ਰੂਪ ਪ੍ਰਦਾਨ ਕਰਦੀ ਹੈ।

ਇਹ ਮਸ਼ਕਰੀ ਨਾਵਲ ਦੀਆਂ ਹਾਸੋਹੀਣੀਆਂ ਸਥਿਤੀਆਂ ਵਿਚੋਂ ਹੋਂਦ ਧਾਰਨ ਕਰਦੀ ਹੈ ਪਰ ਨਾਲੋ-ਨਾਲ ਨਾਵਲਕਾਰ ਨੂੰ ਵਿਅੰਗਮਈ ਭਾਸ਼ਾ ਉੱਤੇ ਵੀ ਪੂਰੀ ਪਕੜ ਹੈ। ਉਹ ਵਿਸ਼ੇਸ਼ਣਾਂ ਅਤੇ ਕਿਰਿਆਵਾਂ ਦਾ ਅਜੇਹਾ ਵਿਆਕਰਣ ਉਸਾਰਦਾ ਹੈ ਜੋ ਵਿਅੰਗ ਦੀ ਧਾਰ ਨੂੰ ਹੋਰ ਵੀ ਤਿੱਖਾ ਕਰ ਦਿੰਦਾ ਹੈ।

ਪੰਜਾਬੀ ਨਾਵਲ ਵਿਚ ਸੁਖਾਂਤ ਅਤੇ ਦੁਖਾਂਤ ਦੀਆਂ ਦੋ ਪਰੰਪਰਾਵਾਂ ਪ੍ਰਚਲਿਤ ਹਨ। ਇਸ ਨਾਵਲ ਨਾਲ ਇਕ ਤੀਸਰੀ ਪਰੰਪਰਾ ਦਾ ਮੁੱਢ ਬੱਝਦਾ ਪ੍ਰਤੀਤ ਹੁੰਦਾ ਹੈ ਜਿਸ ਨੂੰ ਮਸ਼ਕਰੀ-ਨਾਵਲ ਦੀ ਪਰੰਪਰਾ ਦਾ ਨਾਮ ਦਿੱਤਾ ਜਾ ਸਕਦਾ ਹੈ। ਮੈਨੂੰ ਖੁਸ਼ੀ ਹੈ ਕਿ ਮੀਤ ਨੇ ਇਸ ਪਰੰਪਰਾ ਦਾ ਮੁੱਢ ਬੰਨ੍ਹਿਆ ਹੈ।

## ਤਫ਼ਤੀਸ਼: ਵਸਤੂ-ਵਿਸ਼ਲੇਸ਼ਣ ਅਤੇ ਵਿਧੀ-ਮੂਲਕ ਨੁਕਤੇ

**-ਡਾ.ਐਸ.ਐਸ. ਦੁਸਾਂਝ**

ਮਿੱਤਰ ਸੈਨ ਮੀਤ ਦਾ ਨਾਵਲ **ਤਫ਼ਤੀਸ਼** ਪੰਜਾਬੀ ਨਾਵਲ ਦੇ ਖੇਤਰ ਵਿਚ ਇਕ ਨਵਾਂ ਤਜਰਬਾ ਹੈ। **ਤਫ਼ਤੀਸ਼** ਇਕ ਨਿੱਕਜੀ ਜਿਹੀ ਘਟਨਾ ਨੂੰ ਬਿੰਦੂ ਬਣਾ ਕੇ ਸਾਰੇ ਪਾਸਿਆਂ ਵੱਲ ਨਿੱਕੀਆਂ ਨਿੱਕੀਆਂ ਘਟਨਾਵਾਂ, ਟਿੱਪਣੀਆਂ ਅਤੇ ਪਿਛਲ ਝਾਤੀਆਂ ਆਸਰੇ ਫੈਲਦਾ ਹੈ। ਇਕ ਬੱਚਾ ਬੰਟੀ ਅਗਵਾਹ ਕਰ ਲਿਆ ਜਾਂਦਾ ਹੈ। ਬੰਟੀ ਦੇ ਅਗਵਾਹ ਦੀ ਇਹ ਘਟਨਾ ਨਾਵਲ ਦੇ ਕਥਾ-ਪਟ ਦਾ ਬਿੰਦੂ ਬਣਦੀ ਹੈ। ਨਾਵਲ ਦੀ ਕਹਾਣੀ ਇਕ ਲਕੀਰ ਵਾਂਗ ਨਹੀਂ ਵਧਦੀ ਸਗੋਂ ਕਈ ਛੋਟੀਆਂ ਮੋਟੀਆਂ ਘਟਨਾਵਾਂ ਆਸਰੇ ਬਿੰਦੂ ਦੇ ਆਲੇ ਦੁਆਲੇ ਸਾਰੇ ਪਾਸਿਆਂ ਵੱਲ ਫੈਲਦੀ ਹੈ। ਸਪਸ਼ਟ ਹੈ ਇਸ ਨਾਵਲ ਵਿਚ ਕੋਈ ਇਕ ਲੰਮੀ ਕਹਾਣੀ ਨਹੀਂ ਹੈ। ਇਹ ਨਾਵਲ ਘਟਨਾਵਾਂ ਅਤੇ ਪ੍ਰਤੀਨਿਧ ਪਾਤਰਾਂ ਦੇ ਉਘਾੜ ਨੂੰ ਲੈ ਕੇ ਮੂਲ ਘਟਨਾ ਦੀ ਤਫ਼ਤੀਸ਼ ਕਰਨ ਦੇ ਨਾਲ ਨਾਲ ਸਾਰੇ ਸਮਾਜ ਦੀ ਤਫ਼ਤੀਸ਼ ਕਰਨ ਤੱਕ ਫੈਲਿਆ ਹੋਇਆ ਹੈ। ਨਿਰਸੰਦੇਹ ਪਰੰਪਰਕ ਨਾਵਲ ਦੀ ਲੀਹ ਤੋੜ ਕੇ ਇਹ ਨਾਵਲ ਨਵਾਂ ਤਜਰਬਾ ਕਰਦਾ ਹੈ।

ਬੰਟੀ ਕਿਸੇ ਨੇ ਅਗਵਾਹ ਕਰ ਲਿਆ ਹੈ। ਬੰਟੀ ਲਾਲਾ ਜੀ ਦਾ ਪੋਤਾ ਹੈ। ਲਾਲਾ ਜੀ ਜੋ ਸਾਰੇ ਸ਼ਹਿਰ ਵਿਚ ਹਰਮਨ ਪਿਆਰਾ ਹੈ। ਰਾਮ ਲੀਲਾ ਦਾ ਪ੍ਰਬੰਧ ਕਰਤਾ, ਸਮਾਜ ਸੇਵਕ, ਹਸਪਤਾਲ ਵਿਚ ਲੋੜਵੰਦ ਮਰੀਜ਼ਾਂ ਦੀ ਸਹਾਇਤਾ ਕਰਨ ਵਾਲਾ, ਕੋਹੜੀਆਂ ਨੂੰ ਇਕ ਬਸਤੀ ਵਸਾ ਕੇ ਦੇਣ ਵਾਲਾ, ਹਰ ਲੋਕ ਭਲਾਈ ਦੇ ਕਾਰਜ ਵਿਚ ਵਧ ਚੜ੍ਹ ਕੇ ਹਿੱਸਾ ਲੈਣ ਵਾਲਾ ਹਰਦਿਆਲ ਸਭ ਲਈ ਲਾਲਾ ਜੀ ਬਣ ਚੁੱਕਾ ਹੈ। ਇਸ ਭਲੇ ਲੋਕ ਦੇ ਸਦਮੇ ਵਿਚ ਸਾਰਾ ਸ਼ਹਿਰ ਸ਼ਰੀਕ ਹੈ। ਬਹੁਤ ਸਾਰੇ ਲੋਕ ਇਸ ਚਿੰਤਾ ਵਿਚ ਹਨ ਕਿ ਅਜਿਹੇ ਸਮੇਂ ਕਿਤੇ ਉਹ ਲਾਲਾ ਜੀ ਦੀ ਨਜ਼ਰ ਤੋਂ ਪਰ੍ਹੇ ਨ ਰਹਿ ਜਾਣ। ਬਹੁਤ ਸਾਰੇ ਲੋਕ ਲਾਲਾ ਜੀ ਦੇ ਅਹਿਸਾਨਾਂ ਦਾ ਇਸ ਸਮੇਂ ਬਦਲਾ ਚੁਕਾਣਾ ਚਾਹੁੰਦੇ ਹਨ ਅਤੇ ਸੱਚੇ ਮਨੋ ਓਹੜ ਪੋਹੜ ਕਰ ਰਹੇ ਹਨ। ਇਸ ਤਰ੍ਹਾਂ ਮਿੱਤਰ ਸੈਨ ਮੀਤ ਨੇ ਲੋਕਾਂ ਦੇ ਪ੍ਰਤੀਕਰਮ ਵਿਖਾ ਕੇ ਜੀਂਦੇ ਜਾਗਦੇ ਆਲੇ ਦੁਆਲੇ ਦਾ ਮਾਹੌਲ ਸਿਰਜਿਆ ਹੈ। ਇਸ ਨਾਵਲ ਵਿਚ ਪਾਤਰਾਂ ਦਾ ਵਿਅਕਤਿਤਵ ਨਹੀਂ ਉਘੜਦਾ ਸਗੋਂ ਹਰ ਵਿਅਕਤਿਤਵ ਕਿਸੇ ਨਾ ਕਿਸੇ ਸਮਾਜਕ ਸਥਿਤੀ ਦੇ ਸੱਚ ਨੂੰ ਚਿਤਰਦਾ ਹੈ।

ਬੰਟੀ ਦੇ ਅਗਵਾਹ ਹੋਣ ਦੀ ਰਿਪੋਰਟ ਪੁਲੀਸ ਵਿਚ ਦਰਜ ਕਰਾਈ ਜਾਂਦੀ ਹੈ। ਰਿਪੋਰਟ ਦਰਜ ਕਰਾਣ ਲਈ ਥਾਣੇ ਦਾ ਗੇਟ ਲੰਘਣ ਤੋਂ ਹੀ ਪੁਲੀਸ ਦੀ 'ਤਫ਼ਤੀਸ਼' ਸ਼ੁਰੂ ਹੋ ਜਾਂਦੀ ਹੈ। ਗੇਟ ਅੱਗੇ ਖੜ੍ਹਾ ਸੰਤਰੀ, ਮੁਨਸ਼ੀ, ਥਾਣੇਦਾਰ ਸਭ ਵੱਖੋ ਵੱਖਰੇ ਕਿਰਦਾਰ ਹਨ ਪਰ ਸਾਰੇ ਰਲ ਕੇ ਸਾਡੀ ਪੁਲੀਸ ਦੇ ਕਿਰਦਾਰ ਨੂੰ ਹੀ ਉਜਾਗਰ ਕਰਦੇ ਹਨ। ਗੇਟ ਤੇ ਖੜ੍ਹਾ ਸੰਤਰੀ ਮੁਖਤਿਆਰ ਸਿੰਘ ਰਿਪੋਰਟ ਦਰਜ ਕਰਾਣ ਆਏ ਵਿਅਕਤੀਆਂ ਤੋਂ ਝਾਕ ਰੱਖਦਾ ਹੈ ਕਿ ਉਹ ਉਸਨੂੰ ਕੁਝ ਦੇ ਕੇ ਹੀ ਮੁਨਸ਼ੀ ਤੱਕ ਪਹੁੰਚਣ। ਪੈਸੇ ਲੈਣ ਲਈ ਪੁਲੀਸ ਨੇ ਕੁਝ ਵਿਚੋਲੇ ਰੱਖੇ ਹੋਏ ਹਨ ਅਤੇ ਹਰ ਆਏ ਗਏ ਨੂੰ ਪੁਲੀਸ ਵਾਲੇ ਹਦਾਇਤ ਕਰਦੇ ਹਨ ਕਿ ਕਿਸੇ ਮੋਹਤਬਰ ਨੂੰ ਨਾਲ ਲੈ ਕੇ ਆਣ। ਇਹ ਮੋਹਤਬਰ ਸ਼ਕਾਇਤ ਲਿਖਵਾਣ ਆਇਆਂ ਤੋਂ ਆਪੇ ਪੈਸੇ ਦਵਾ ਦਿੰਦੇ ਹਨ। ਮੁਖਤਿਆਰ ਸਿੰਘ ਇਸ ਥਾਣੇ ਦਾ ਸੰਤਰੀ ਲੱਗਣ ਤੋਂ ਪਹਿਲਾਂ ਨਾਇਬ ਕੋਰਟ ਰਹਿ ਚੁੱਕਾ ਹੈ ਅਤੇ ਜੱਜਾਂ ਨਾਲ ਰਲ ਕੇ ਰੱਜਵੀਂ ਰਿਸ਼ਵਤ ਖਾਂਦਾ ਰਿਹਾ ਹੈ। ਕਿਸੇ ਈਮਾਨਦਾਰ ਜੱਜ ਦੀ ਕਰੋਪੀ ਦਾ ਸ਼ਿਕਾਰ ਹੋ ਕੇ ਥਾਣੇ ਲੱਗ

ਗਿਆ ਹੈ। ਨਾਇਬ ਕੋਰਟ ਹੁੰਦਿਆਂ ਮੁਖਤਿਆਰ ਨੇ ਥਾਣੇ ਦੇ ਮੁਨਸ਼ੀ ਨਾਲ ਕਦੇ ਵਧੀਕੀ ਕੀਤੀ ਸੀ। ਅੱਜ ਉਹੋ ਮੁਨਸ਼ੀ ਮੁਖਤਿਆਰ ਤੋਂ ਗਿਣ ਗਿਣ ਬਦਲੇ ਲੈ ਰਿਹਾ ਸੀ। ਮੁਖਤਿਆਰ ਥਾਣੇ ਦੇ ਮੁਨਸ਼ੀ, ਹੈੱਡ ਕਾਂਸਟੇਬਲ ਜਾਂ ਥਾਣੇਦਾਰ ਤੋਂ ਕੋਈ ਬਹੁਤਾ ਵੱਖਰਾ ਕਿਰਦਾਰ ਨਹੀਂ ਪਰ ਨਾਇਬ ਕੋਰਟ ਹੋਣ ਕਰਕੇ ਜਾਂ ਗੇਟ ਦਾ ਸੰਤਰੀ ਹੋਣ ਕਰਕੇ ਉਸਦੇ ਖਾਣ ਪੀਣ ਤੇ ਸੋਚਾਂ ਦੇ ਢੰਗ ਜ਼ਰੂਰ ਕੁਝ ਵੱਖਰੇ ਭਾਸਦੇ ਹਨ। ਇਸ ਨਾਵਲ ਦੇ ਪਾਤਰ ਨਾਂ ਪੱਖੋਂ ਵੱਖਰੇ ਹਨ, ਘਟਨਾਵਾਂ ਵੀ ਇਹਨਾਂ ਨਾਲ ਵੱਖੋ ਵੱਖਰੀਆਂ ਵਾਪਰਦੀਆਂ ਹਨ ਪਰ ਚਰਿਤਰ ਉਸਾਰੀ ਪੱਖੋਂ ਇਹ ਜਮਾਤੀ ਪ੍ਰਤੀਨਿਧਤਾ ਕਰਦੇ ਹਨ। ਇਹ ਜਮਾਤੀ ਪ੍ਰਤੀਨਿਧਤਾ ਕਿਸੇ ਅਹੁੱਦੇ ਦੀ ਲਖਾਇਕ ਵੀ ਹੋ ਸਕਦੀ ਹੈ ਅਤੇ ਕਿਸੇ ਧੰਦੇ ਦੀ ਵੀ। ਥਾਣੇਦਾਰ ਮਨਬੀਰ ਸਿੰਘ ਹੋਵੇ ਜਾਂ ਲਾਲ ਸਿੰਘ ਸੋਚਾਂ ਤੇ ਕੰਮ ਕਰਨ ਦੇ ਢੰਗ ਵੱਖਰੇ ਨਹੀਂ ਹੋ ਸਕਦੇ ਪਰ ਡੀ.ਐਸ.ਪੀ. ਜਾਂ ਐਸ.ਪੀ. ਹੋਣ ਦੀ ਸੂਰਤ ਵਿਚ ਸਾਜ਼ਿਸ਼ਾਂ ਦੀ ਪੱਧਰ ਜ਼ਰੂਰ ਬਦਲ ਸਕਦੀ ਹੈ।

ਪੁਲੀਸ ਨੇ ਤਫ਼ਤੀਸ਼ ਤਾਂ ਬੰਟੀ ਦੇ ਲੱਭਣ ਲਈ ਕਰਨੀ ਹੈ ਪਰ ਹਰ ਪੁਲੀਸ ਕਰਮਚਾਰੀ ਹੌਲਦਾਰ ਤੋਂ ਡੀ.ਐਸ.ਪੀ. ਤੱਕ ਇਸੇ ਤਾਕ ਵਿਚ ਹੈ ਕਿ ਇਸ ਅਵਸਰ ਨੂੰ ਆਪਣੀ ਕਮਾਈ ਦੇ ਸਾਧਨ ਵਿਚ ਬਦਲਣ ਲਈ ਕਿਵੇਂ ਵਰਤਿਆ ਜਾਏ। ਬੰਟੀ ਦੀ ਭਾਲ ਵਿਚ ਉਹਨਾਂ ਬਦਮਾਸ਼ਾਂ ਤੇ ਰੇਡ ਕੀਤੇ ਜਾਂਦੇ ਹਨ ਜੋ ਡੋਡੇ ਵੇਚਦੇ ਹਨ ਅਤੇ ਥਾਣੇਦਾਰ ਨੂੰ ਜਾਂ ਡੀ.ਐਸ.ਪੀ. ਨੂੰ ਪੂਰਾ ਹਿੱਸਾ ਨਹੀਂ ਦਿੰਦੇ। ਇਸੇ ਤਰ੍ਹਾਂ ਸ਼ਰਾਬ ਦੇ ਠੇਕੇਦਾਰ, ਸਮਗਲਰ, ਟਰੱਕ ਯੂਨੀਅਨ ਵਾਲੇ, ਆੜਤੀਏ, ਜਰਾਇਮ ਪੇਸ਼ਾ ਲੋਕ ਪੁਲੀਸ ਦੀ ਸਾੜਸਤੀ ਦਾ ਸ਼ਿਕਾਰ ਇਸ ਲਈ ਨਹੀਂ ਬਣਦੇ ਕਿ ਉਹਨਾਂ ਬੰਟੀ ਅਗਵਾਹ ਕੀਤਾ ਹੈ ਸਗੋਂ ਇਸ ਲਈ ਕਿ ਪੁਲੀਸ ਹਾਕਮਾਂ ਨੂੰ ਉਹ ਲੁੱਟ ਵਿਚੋਂ ਪੂਰਾ ਹਿੱਸਾ ਨਹੀਂ ਦਿੰਦੇ। ਪੁਲੀਸ ਇਕ ਮੋਟੇ ਅਸੂਲ ਤੇ ਚੱਲਦੀ ਹੈ 'ਜਿੰਨਾ ਡੰਡਾ ਵਰ੍ਹਾਓ ਓਨੇ ਹੀ ਪੈਸੇ ਝੜਨਗੇ।' ਪੁਲੀਸ ਬੰਟੀ ਦੇ ਅਗਵਾਹਕਾਰਾਂ ਵੱਲੋਂ ਮਿਲੀਆਂ ਧਮਕੀਆਂ ਦੀਆਂ ਚਿੱਠੀਆਂ ਤੇ ਬਹੁਤਾ ਗੌਰ ਨਹੀਂ ਕਰਦੀ ਸਗੋਂ ਸਾਰੇ ਸ਼ਹਿਰ ਨੂੰ ਆਪਣੇ ਕਹਿਰ ਦਾ ਸ਼ਿਕਾਰ ਬਣਾ ਲੈਂਦੀ ਹੈ ਤਾਂ ਕਿ ਤਫ਼ਤੀਸ਼ ਵਿਚ ਜੇ ਬੰਟੀ ਦਾ ਪਤਾ ਨਹੀਂ ਲੱਗਿਆ ਤਾਂ ਹਰ ਕੋਈ ਇਸ ਮਾਰ ਤੋਂ ਬਚਣ ਲਈ ਪੁਲੀਸ ਦੀਆਂ ਜੇਬਾਂ ਭਰੇਗਾ।

ਪੁਲੀਸ ਵਿਚ ਹਰ ਤਰ੍ਹਾਂ ਦੇ ਲੋਕ ਹਨ। ਬਘੇਲ ਸਿੰਘ ਵਰਗੇ ਮੁਨਸ਼ੀ ਜੋ ਬਚ ਬਚ ਕੇ ਰਿਸ਼ਵਤ ਲੈਂਦੇ ਹਨ, ਉਨ੍ਹਾਂ ਵਿਚੋਲਿਆਂ ਰਾਹੀਂ ਜਿਨ੍ਹਾਂ ਨਾਲ ਬੁਕਲ ਸਾਂਝੀ ਹੈ, ਸ਼ਿਵ ਪ੍ਰਸ਼ਾਦ ਵਰਗੇ ਜੋ ਆਪਣੀ ਔਕਾਤ ਅਨੁਸਾਰ ਥੋੜ੍ਹੀ ਰਕਮ ਤੇ ਹੀ ਹੱਥ ਮਾਰਦੇ ਹਨ। ਸ਼ਿਵ ਪ੍ਰਸ਼ਾਦ ਅਨੁਸਾਰ ਵੱਡੀ ਰਕਮ ਵੱਡੇ ਅਫ਼ਸਰ ਹੀ ਪਚਾ ਸਕਦੇ ਹਨ। ਮਨਬੀਰ ਸਿੰਘ ਭੁੱਲਰ ਵਰਗੇ ਥਾਣੇਦਾਰ ਜੋ ਰਾਜਨੀਤੀ ਵਿਚ ਪੂਰੀ ਦਿਲਚਸਪੀ ਲੈਂਦੇ ਹਨ, ਆਪਣੇ ਤੋਂ ਵੱਡੇ ਅਫ਼ਸਰਾਂ ਨੂੰ ਖੁਸ਼ ਰੱਖਦੇ ਹਨ ਅਤੇ ਖਾਣ ਪੀਣ ਲਈ ਧਾਂਦਲੀ ਮਚਾ ਸਕਦੇ ਹਨ। ਤਰੱਕੀ ਲਈ ਹਰ ਮੌਕੇ ਦੀ ਭਾਲ ਵਿਚ ਰਹਿੰਦੇ ਹਨ ਅਤੇ ਤਰੱਕੀ ਵਾਸਤੇ ਜੇ ਅਤਿਵਾਦੀ ਮਾਰਨੇ ਪੈਣ ਤਾਂ ਵੀ ਤਿਆਰ ਹਨ। ਡੀ.ਐਸ.ਪੀ. ਬਸ ਡਿਪਟੀ ਹੈ ਅਤੇ ਡਿਪਟੀ ਦਾ ਆਂਢਾ ਸਾਂਢਾ ਸਾਰੇ ਸਮਗਲਰਾਂ ਨਾਲ ਹੈ। ਹਰ ਥਾਣੇ ਤੋਂ ਹਿੱਸਾ ਪੱਤੀ ਲੈਂਦਾ ਹੈ। ਜਿਹੜਾ ਥਾਣੇਦਾਰ ਸਮੇਂ ਸਿਰ ਮਹੀਨਾ ਨਾ ਪਹੁੰਚਾਵੇ ਉਸ ਵਿਰੁੱਧ ਸਮਗਲਰਾਂ, ਸ਼ਰਾਬ ਦੇ ਠੇਕੇਦਾਰਾਂ ਤੋਂ ਸ਼ਕਾਇਤਾਂ ਕਰਵ ਕੇ ਆਪ ਹੀ ਇਨਕੁਆਰੀ ਰਿਪੋਰਟ ਭੇਜ ਕੇ ਉਸਦੀ ਬਦਲੀ ਕਰਵਾ ਦਿੰਦਾ ਹੈ। ਜ਼ਮੀਨਾਂ ਤੇ ਕਬਜ਼ੇ ਕਰਾਣ ਦੀ ਦਲਾਲੀ ਲੈ ਲੈਂਦਾ ਹੈ ਅਤੇ ਮਾੜੇ ਧੀੜੇ ਲੋਕਾਂ ਦੀਆਂ ਜ਼ਮੀਨਾਂ ਤੇ ਕਬਜ਼ੇ ਕਰਕੇ ਜਾਇਦਾਦ ਬਣਾ ਲੈਂਦਾ ਹੈ। ਜਿਹੜੇ ਅਤਿਵਾਦੀ ਪੇਸ਼ ਹੋ ਜਾਣ ਉਹਨਾਂ ਨੂੰ ਮੁਕਾਬਲਿਆਂ ਵਿਚ ਫੜੇ ਵਿਖਾ ਦਿੰਦਾ ਹੈ। ਆਪਣੇ ਆਪ ਨੂੰ ਹਿਟ-ਲਿਸਟ ਤੇ ਹੋਣ ਦਾ ਢੰਡੋਰਾ ਪਿਟ ਕੇ ਗਾਰਦ ਲਵਾਈ ਹੋਈ ਹੈ ਅਤੇ ਆਮ ਕਰਕੇ

ਆਪਣੀ ਕੋਠੀ ਹੀ ਦਰਬਾਰ ਲਾਂਦਾ ਹੈ। ਇਸ ਨਾਵਲ ਵਿਚ ਭਾਵੇਂ ਬਹੁਤੇ ਪੁਲਸੀਏ ਇਕ ਨੰਬਰ ਦੇ ਕਰੱਪਟ ਹਨ ਪਰ ਸਾਰੇ ਅਜਿਹੇ ਨਹੀਂ। ਹੇਠਲੇ ਰੈਂਕਾਂ ਵਿਚ ਅਮੀ ਚੰਦ ਸਬ ਇੰਨਸਪੈਕਟਰ ਹੈ, ਜੋ ਵੱਡੇ ਤੋਂ ਵੱਡੇ ਲਾਲਚ ਅੱਗੇ ਵੀ ਨਹੀਂ ਝੁਕਦਾ। ਝੂਠੇ ਕੇਸਾਂ ਵਿਚ ਹਜ਼ਾਰਾਂ ਦੀ ਰਿਸ਼ਵਤ ਠੁਕਰਾ ਕੇ ਵੀ ਸੱਚ ਦਾ ਸਾਥ ਦਿੰਦਾ ਹੈ। ਇਹ ਜਾਣਦਾ ਹੋਇਆ ਵੀ ਕਿ ਜਿਹਨਾਂ ਕੋਠੀਆਂ ਦੀ ਉਹ ਤਲਾਸ਼ੀ ਲੈ ਰਿਹਾ ਹੈ, ਉਥੇ ਹਰਾਮ ਦੀ ਕਮਾਈ ਪ੍ਰਤੱਖ ਹੈ ਪਰ ਆਪਣੀ ਡਿਊਟੀ ਤੋਂ ਬਾਹਰ ਜਾ ਕੇ ਕਿਸੇ ਨੂੰ ਨਜਾਇਜ਼ ਤੰਗ ਕਰਨਾ ਉਸਦੀ ਆਦਤ ਨਹੀਂ। ਜਿਹਨਾਂ ਲੋਕਾਂ ਨੇ ਆਪਣੀਆਂ ਗਲਤ ਕਾਰ-ਕਰਦਗੀਆਂ ਤੇ ਪਰਦੇ ਪਾਣ ਲਈ ਅਮੀ ਚੰਦ ਦੀ ਰਾਤੋ ਰਾਤ ਬਦਲੀ ਕਰਵਾ ਦਿੱਤੀ ਉਹਨਾਂ ਨਾਲ ਵੀ ਕੋਈ ਨਜਾਇਜ਼ ਹਰਕਤ ਕਰਕੇ ਆਪਣਾ ਬਦਲਾ ਲੈਣ ਨੂੰ ਤਿਆਰ ਨਹੀਂ। ਕਿਸੇ ਦੀ ਸਿਫ਼ਾਰਸ਼ ਮੰਨ ਕੇ ਬਦੀ ਦਾ ਸਾਥ ਨਹੀਂ ਦਿੰਦਾ। ਰਿਸ਼ਵਤਾਂ ਦੇਣ ਦੀ ਹਿੰਮਤ ਕਰਨ ਵਾਲਿਆਂ ਨੂੰ ਭਰੀ ਕਚਹਿਰੀ ਵਿਚ ਨੰਗਾ ਕਰਨ ਦੀ ਹਿੰਮਤ ਰੱਖਣ ਵਾਲਾ ਇੰਨਸਪੈਕਟਰ ਹੈ ਅਮੀ ਚੰਦ। ਵੱਡੇ ਰੈਂਕਾਂ ਵਿਚ ਐਸ.ਪੀ. ਖਾਨ ਹੈ ਜੋ ਕੇਵਲ ਆਪਣੀ ਜ਼ਮੀਰ ਦੀ ਆਵਾਜ਼ ਸੁਣਦਾ ਹੈ। ਵੱਡੀਆਂ ਵੱਡੀਆਂ ਸਿਫ਼ਾਰਸ਼ਾਂ ਦੇ ਹੁੰਦਿਆਂ ਵੀ ਸੱਚ ਨੂੰ ਛੁਪਾਣ ਦੀ ਗੱਲ ਨਹੀਂ ਕਰਦਾ। ਸਗੋਂ ਨਿਧੜਕ ਹੋ ਕੇ ਗੁਨਾਹ ਨੂੰ ਨੰਗਾ ਕਰ ਦਿੰਦਾ ਹੈ। ਇਸ ਤਰ੍ਹਾਂ ਇਹ ਨਾਵਲ ਪੁਲੀਸ ਮਹਿਕਮੇ ਵਿਚ ਹਰ ਪੱਖੋਂ ਆਈ ਗਿਰਾਵਟ ਨੂੰ ਨੰਗਾ ਕਰਦਾ ਹੋਇਆ ਵੀ ਉਲਾਰ ਨਹੀਂ ਹੁੰਦਾ। ਖਾਨ ਪੂਰਾ ਈਮਾਨਦਾਰ ਹੁੰਦਾ ਹੋਇਆ ਵੀ ਸਥਿਤੀ ਵਿਚ ਉਲਝ ਜਾਂਦਾ ਹੈ ਅਤੇ ਬੰਟੀ ਦੀ ਮੌਤ ਦਾ ਸੱਚ ਲੋਕਾਂ ਸਾਹਮਣੇ ਪੇਸ਼ ਕਰਨ ਤੋਂ ਡਰ ਜਾਂਦਾ ਹੈ। ਖਾਨ ਸਥਿਤੀ ਨੂੰ ਵਿਗੜਨ ਤੋਂ ਬਚਾਣ ਲਈ ਅਤੇ ਪੁਲੀਸ ਦੀ ਜ਼ਾਹਰਾ ਹਾਰ ਅਤੇ ਅਯੋਗਤਾ ਤੇ ਪਰਦਾ ਪਾਣ ਲਈ ਬੰਟੀ ਦੀ ਮੌਤ ਜ਼ਾਹਰ ਕਰਨ ਲਈ ਕਹਾਣੀ ਘੜਦਾ ਹੈ। ਇਸ ਤਰ੍ਹਾਂ ਇਸ ਨਾਵਲ ਵਿਚ ਪਾਤਰ ਕਾਲੇ ਚਿੱਟੇ ਰੰਗਾਂ ਵਿਚ ਨਹੀਂ ਰੰਗੇ ਹੋਏ ਸਗੋਂ ਜ਼ਿੰਦਗੀ ਵਾਂਗ ਆਪਣੇ ਗੁਣਾਂ ਔਗੁਣਾਂ ਸਮੇਤ ਨਿਰੋਲ ਮਨੁੱਖੀ ਕਿਰਦਾਰ ਦੀ ਪ੍ਰਤੀਨਿਧਤਾ ਕਰਦੇ ਹਨ।

ਪੁਲੀਸ ਬੰਟੀ ਦੀ ਤਲਾਸ਼ ਦੇ ਬਹਾਨੇ ਆਪਣਾ ਉੱਲੂ ਸਿੱਧਾ ਕਰਦੀ ਹੈ ਅਤੇ ਨਾਵਲਕਾਰ ਨਾਵਲ ਦੇ ਚਿਤਰ-ਪਟ ਨੂੰ ਮੋਕਲਾ ਕਰਦਾ ਹੈ। ਪੁਲੀਸ ਬੰਟੀ ਦੀ ਭਾਲ ਵਿਚ ਉਹਨਾਂ ਲੋਕਾਂ ਤੇ ਵੀ ਛਾਪੇ ਮਾਰਦੀ ਹੈ ਜਿਹੜੇ ਪੁਲੀਸ ਨੂੰ ਹਿੱਸਾ ਦਿੱਤੇ ਬਗੈਰ ਹੀ ਵਜ਼ੀਰਾਂ ਦੀ ਯਾਰੀ ਦੀ ਆੜ ਵਿਚ ਆਪਣਾ ਨਜਾਇਜ਼ ਧੰਦਾ ਚਲਾ ਰਹੇ ਹਨ। ਇਸ ਤਰ੍ਹਾਂ ਨਾਵਲ ਵਿਚ ਸਮਾਜ ਦੇ ਉਸ ਵਰਗ ਦੀਆਂ ਪਰਤਾਂ ਖੁਲ੍ਹਦੀਆਂ ਹਨ ਜੋ ਵੇਖਣ ਨੂੰ ਪੈਸੇ ਵਾਲੇ, ਸਰਕਾਰੇ ਦਰਬਾਰੇ ਪਹੁੰਚ ਰੱਖਣ ਵਾਲੇ ਹਨ ਪਰ ਧੰਦੇ ਵੱਲੋਂ ਗ਼ੈਰ ਸਮਾਜੀ ਕੰਮ ਕਰਦੇ ਹਨ। ਖੁੱਡੀ ਵਾਲਾ ਨੰਬਰਦਾਰ ਤਾਂ ਉਸ ਇਲਾਕੇ ਦਾ ਹਾਜੀ ਮਸਤਾਨ ਹੀ ਸੀ। ਡੋਡਿਆਂ ਦਾ ਧੰਦਾ ਵੱਡੀ ਪੱਧਰ ਤੇ ਕਰਦਾ ਹੈ। ਵੱਡੇ ਅਫ਼ਸਰਾਂ ਨਾਲ ਮਿਲ ਕੇ ਟਰੱਕਾਂ ਦੇ ਟਰੱਕ ਡੋਡਿਆਂ ਦੇ ਏਧਰੋਂ ਓਧਰ ਕਰ ਦਿੰਦਾ ਹੈ। ਉਸਦੇ ਟਰੱਕਾਂ ਨਾਲ ਸਿਪਾਹੀ ਜਾਂਦੇ ਹਨ। ਇਸ ਤਰ੍ਹਾਂ ਨਾਕਿਆਂ ਤੇ ਟਰੱਕਾਂ ਦੀ ਚੈਕਿੰਗ ਨਹੀਂ ਹੁੰਦੀ। ਨੰਬਰਦਾਰ ਦੀ ਵੱਡੀ ਪਹੁੰਚ ਹੋਣ ਕਰਕੇ ਉਹ ਡਿਪਟੀ ਸੁਪਰਡੈਂਟ ਪੁਲੀਸ ਤੱਕ ਨੂੰ ਟਿੱਚ ਸਮਝਦਾ ਹੈ। ਏਸੇ ਤਰ੍ਹਾਂ ਮੇਜਰ ਹੈ ਜੋ ਸ਼ਰਾਬ ਦੇ ਠੇਕੇ ਲੈਂਦਾ ਹੈ। ਐਕਸਾਈਜ਼ ਮਨਿਸਟਰ ਦਾ ਰਿਸ਼ਤੇਦਾਰ ਹੋਣ ਕਰਕੇ ਠੇਕੇ ਵੀ ਸਸਤੇ ਭਾਅ ਮਿਲ ਜਾਂਦੇ ਹਨ ਅਤੇ ਪੁਲੀਸ ਵਾਲਿਆਂ ਨੂੰ ਵੀ ਹਫ਼ਤਾ ਨਹੀਂ ਦੇਣਾ ਪੈਂਦਾ।

ਇਹ ਨਾਵਲ ਪੁਲੀਸ ਮਹਿਕਮੇ ਦੀ ਤਫ਼ਤੀਸ਼ ਦੇ ਢੰਗਾਂ ਤੇ ਰੌਸ਼ਨੀ ਪਾਂਦਾ ਹੋਇਆ ਸਮਾਜ ਦੀਆਂ ਕਈ ਪਰਤਾਂ ਨੰਗੀਆਂ ਕਰਦਾ ਹੈ। ਦੰਗਾ ਪੀੜਤ ਸਿੱਖ ਪਰਵਾਰ ਜੋ ਪੰਜਾਬ ਵਿਚ ਆ ਵਸੇ ਹਨ, ਉਹਨਾਂ ਪ੍ਰਤੀ ਪੰਜਾਬ ਪੁਲੀਸ ਦਾ

ਵਤੀਰਾ ਨਿਹਾਇਤ ਨਿੰਦਣਯੋਗ ਹੈ। ਖੁਫੀਆ ਪੁਲੀਸ ਕਿਆਸਾਂ ਦੇ ਆਧਾਰ ਤੇ ਰਿਪੋਰਟਾਂ ਭੇਜਦੀ ਹੈ। ਬਿਨ੍ਹਾਂ ਕਿਸੇ ਬਸਤੀ ਦਾ ਦੌਰਾ ਕੀਤਿਆਂ ਪਹਿਲੀਆਂ ਰਿਪੋਰਟਾਂ ਨੂੰ ਦੁਹਰ ਪਾਣਾ ਜਾਂ ਕਿਸੇ ਤੋਂ ਬਦਲਾ ਲੈਣ ਲਈ ਝੂਠੀਆਂ ਰਿਪੋਰਟਾਂ ਦੇਣਾ ਖੁਫੀਆ ਪੁਲੀਸ ਦਾ ਕੰਮ ਹੈ। ਸਰਕਾਰ ਵੀ ਜਿਸ ਪੁਲੀਸ ਅਫਸਰ ਜਾਂ ਪੁਲੀਸ ਕਰਮਚਾਰੀ ਨੂੰ ਸਜ਼ਾ ਦੇਣਾ ਚਾਹੁੰਦੀ ਹੈ, ਉਸਨੂੰ ਥਾਣਿਆਂ ਤੋਂ ਬਦਲ ਕੇ ਖੁਫੀਆ ਪੁਲੀਸ ਦੀ ਡਿਊਟੀ ਦੇ ਦਿੰਦੀ ਹੈ। ਇਹੀ ਕਾਰਨ ਹੈ ਕਿ ਸਾਡੀਆਂ ਖੁਫੀਆ ਏਜੰਸੀਆਂ ਸਭ ਤੋਂ ਨਿਕੰਮੀਆਂ ਹਨ। ਇਹ ਨਾਵਲ ਨਿੱਕੀਆਂ ਨਿੱਕੀਆਂ ਟਿੱਪਣੀਆਂ ਰਾਹੀਂ ਸਮਾਜ ਦੀਆਂ ਅਜਿਹੀਆਂ ਪਰਤਾਂ ਤੋਂ ਵੀ ਪਰਦਾ ਚੁੱਕਦਾ ਹੈ ਜਿਨ੍ਹਾਂ ਵਿਚ ਬੇਰੁਜ਼ਗਾਰੀ, ਮੁਕਾਬਲੇ ਦੀ ਭਾਵਨਾ ਵਿਚ ਮਰ ਰਿਹਾ ਛੋਟਾ ਕਾਰੋਬਾਰੀ, ਸਮਾਜ ਵਿਚ ਪੜ੍ਹਿਆਂ ਲਿਖਿਆਂ ਦੀ ਦੁਰਗਤੀ ਆਦਿ ਦਾ ਸਬੰਧ ਜੁਰਮਾਂ ਦੀ ਦੁਨੀਆ ਨਾਲ ਸੁਭਾਵਕ ਹੀ ਜੁੜ ਜਾਂਦਾ ਹੈ। ਸਮਾਜ ਦੀ ਆਰਥਕ ਦੌੜ ਵਿਚੋਂ ਪੱਛੜੇ ਲੋਕ ਜੁਰਮ ਜਾਂ ਧਰਮ ਵਿਚ ਪਨਾਹ ਲੈਂਦੇ ਹਨ ਅਤੇ ਇਸ ਤਰ੍ਹਾਂ ਧਰਮ ਵਿਚ ਪਨਾਹ ਲੈਣ ਵਾਲੇ ਕਈ ਵਾਰ ਦਹਿਸ਼ਤਗਰਦੀ ਦੇ ਰਾਹ ਵੀ ਪੈ ਜਾਂਦੇ ਹਨ। ਬਹੁਤੀ ਵੇਰ ਧਰਮ ਵਿਚ ਪਨਾਹ ਲੈਣ ਵਾਲਿਆਂ ਨਾਲ ਪੁਲੀਸ ਵੱਲੋਂ ਕੀਤੀਆਂ ਵਧੀਕੀਆਂ ਹੀ ਉਹਨਾਂ ਨੂੰ ਹਥਿਆਰਬਧ ਜੰਗ ਕਰਨ ਤੇ ਮਜਬੂਰ ਕਰਦੀਆਂ ਹਨ।

ਪੁਲੀਸ ਦੀ ਗ਼ੈਰ ਸਮਾਜੀ ਅਨਸਰਾਂ ਨਾਲ ਮਿਲੀ ਭੁਗਤ ਹੈ। ਇਹ ਗੈਰ ਸਮਾਜੀ ਅਨਸਰ ਚੋਰ, ਲੁਟੇਰੇ, ਜੇਬ ਕਤਰੇ, ਸਮਗਲਰ ਅਤੇ ਕਈ ਮੁਹਤਬਰ ਬੰਦੇ ਹੋ ਸਕਦੇ ਹਨ। ਇਹ ਮੁਹਤਬਰ ਪੁਲੀਸ ਦੀ ਰਿਸ਼ਵਤਖੋਰੀ ਲਈ ਵਿਚੋਲੇ ਦਾ ਕੰਮ ਕਰਦੇ ਹਨ। ਪੁਲੀਸ ਮੌਕਾ ਬੇਮੌਕਾ ਵਧੀਕੀਆਂ ਕਰਦੀ ਹੈ ਅਤੇ ਇਹਨਾਂ ਮੁਹਤਬਰ ਲੋਕਾਂ ਦੇ ਕਾਰਨ ਪੈਸੇ ਖਾ ਕੇ ਬੰਦਿਆਂ ਨੂੰ ਛੱਡ ਦਿੰਦੀ ਹੈ। ਪੁਲੀਸ ਲੋਕਾਂ ਦੀਆਂ ਅੱਖਾਂ ਵਿਚ ਘੱਟਾ ਪਾਣ ਲਈ ਬਹੁਤ ਸਾਰੀਆਂ ਦਿਖਾਵੇ ਦੀਆਂ ਕਾਰਵਾਈਆਂ ਕਰਦੀ ਹੈ ਅਤੇ ਰਾਜਨੀਤਕ ਨੇਤਾਵਾਂ ਦੇ ਬਚਨ ਨਿਭਾਣ ਲਈ ਝੂਠ ਫਰੇਬ ਤੋਂ ਕੰਮ ਲੈਣ ਲਈ ਵੀ ਗੁਰੇਜ਼ ਨਹੀਂ ਕਰਦੀ। ਸਮਾਜ ਦਾ ਸਾਰਾ ਪ੍ਰਬੰਧਕੀ ਢਾਂਚਾ ਸਿਪਾਹੀ ਤੋਂ ਲੈ ਕੇ ਮੁੱਖ ਮੰਤਰੀ ਤੱਕ ਲੋਕਾਂ ਨਾਲ ਧ੍ਰੋਹ ਕਰਨ ਵਾਲਾ ਬਣ ਗਿਆ ਹੈ। ਇਸ ਤਰ੍ਹਾਂ ਮਿੱਤਰ ਸੈਨ ਮੀਤ ਨੇ ਇਕ ਘਟਨਾ ਦੀ ਤਫ਼ਤੀਸ਼ ਕਰਦਿਆਂ ਸਾਰੇ ਪ੍ਰਬੰਧਕੀ ਢਾਂਚੇ ਨੂੰ ਹੀ ਤਫ਼ਤੀਸ਼ ਅਧੀਨ ਲੈ ਆਂਦਾ ਹੈ।

ਤਰਕਸ਼ੀਲ ਸੁਸਾਇਟੀਆਂ ਜਾਂ ਇਨਕਲਾਬ ਲਈ ਜੂਝਦੇ ਲੋਕ ਜੋ ਭ੍ਰਸ਼ਟ ਪ੍ਰਬੰਧਕੀ ਢਾਂਚੇ ਨਾਲ ਟਕਰਾਂਦੇ ਹਨ, ਉਹਨਾਂ ਨਾਲ ਵੀ ਬਦਸਲੂਕੀ ਕੀਤੀ ਜਾਂਦੀ ਹੈ। ਝੂਠੇ ਕੇਸ ਬਣਾ ਕੇ ਬਾਬੇ ਵਰਗੇ ਕਿਰਦਾਰਾਂ ਨੂੰ ਵੀ ਪੁਲੀਸ ਜ਼ਲੀਲ ਕਰਨਾ ਚਾਹੁੰਦੀ ਹੈ। ਇਹ ਨਾਵਲ ਇਸ ਗੱਲ ਨੂੰ ਵੀ ਸਪਸ਼ਟ ਕਰਦਾ ਹੈ ਕਿ ਕੋਈ ਵੀ ਬਾਜ਼ਮੀਰ ਬੰਦਾ ਇਸ ਪ੍ਰਬੰਧਕੀ ਢਾਂਚੇ ਵਿਚ ਫਿਟ ਨਹੀਂ ਹੋ ਸਕਦਾ। ਪ੍ਰਬੰਧਕੀ ਢਾਂਚਾ ਮੁੱਖ ਮੰਤਰੀ ਦੇ ਦਿੱਤੇ ਵਚਨਾਂ ਨੂੰ ਨਿਭਾਣ ਲਈ ਸਾਜ਼ਿਸ਼ ਰਚਦਾ ਹੈ ਅਤੇ ਥਾਣੇਦਾਰ ਤੋਂ ਲੈ ਕੇ ਜੱਜ ਤੱਕ ਮਿਲੀ ਭੁਗਤ ਕਰਕੇ ਦੋ ਗਰੀਬ ਬੇਸਹਾਰਾ ਬੰਦਿਆਂ ਨੂੰ ਖਤਰਨਾਕ ਮੁਜਰਮ ਬਣਾ ਕੇ ਪੇਸ਼ ਕੀਤਾ ਜਾਂਦਾ ਹੈ। ਸਰਕਾਰੀ ਵਕੀਲ ਗੁਰਮੀਤ ਇਸ ਸਾਜ਼ਿਸ਼ ਵਿਚ ਸ਼ਾਮਿਲ ਨਹੀਂ ਹੋਣਾ ਚਾਹੁੰਦਾ। ਇਸ ਲਈ ਉਸਨੂੰ ਮਜਬੂਰਨ ਅਸਤੀਫਾ ਦੇਣਾ ਪੈਂਦਾ ਹੈ।

**ਤਫ਼ਤੀਸ਼** ਵਿਚ ਲੇਖਕ ਨੇ ਭਾਵੇਂ ਨਾਵਲੀ ਚਿਤਰਪਟ ਤੇ ਸਮਾਜ ਦੀ ਤਫ਼ਤੀਸ਼ ਕੀਤੀ ਹੈ ਪਰ ਇਕ ਛੋਟੀ ਜਿਹੀ ਘਟਨਾ ਨੂੰ ਨਾਵਲ ਦੇ ਵਿਸ਼ੇ ਦਾ ਧੁਰਾ ਬਣਾਨ ਕਰਕੇ ਅਤੇ ਕਹਾਣੀ ਨੂੰ ਪਰੰਪਰਾਗਤ ਨਾਵਲ ਵਾਂਗ ਕਿਸੇ ਤਰਤੀਬ ਵਿਚ ਪੇਸ਼ ਨਾ ਕਰਨ ਕਰਕੇ ਇਹ ਨਾਵਲ ਜਿੱਥੇ ਪੰਜਾਬੀ ਨਾਵਲ ਦੇ ਖੇਤਰ ਵਿਚ ਇਕ ਨਵਾਂ ਤਜਰਬਾ ਕਰਦਾ ਹੈ, ਓਥੇ ਕੁਝ

ਦੋਸ਼ਾਂ ਦਾ ਭਾਗੀ ਵੀ ਬਣਦਾ ਹੈ। ਇਸ ਨਾਵਲ ਨੂੰ ਪੜ੍ਹਦਿਆਂ ਇਹ ਗੱਲ ਅਖਰਦੀ ਹੈ ਕਿ ਨਾਵਲਕਾਰ ਘਟਨਾ ਨੂੰ ਯਥਾਰਥ ਤੋਂ ਵੱਧ ਖਿਲਾਰਾ ਦੇ ਰਿਹਾ ਹੈ। ਪੁਲੀਸ ਚੌਂਕੀ ਦਾ ਕੁਝ ਮਹੀਨੇ ਇਕੋ ਘਟਨਾ ਨਾਲ ਮਸਰੂਫ਼ ਰਹਿਣਾ ਅਤੇ ਇਕ ਕੇਸ ਲਈ ਸਿਪਾਹੀਆਂ ਤੋਂ ਲੈ ਕੇ ਮੁੱਖ ਮੰਤਰੀ ਤੱਕ ਸਾਰੇ ਅਮਲੇ ਫੈਲੇ ਨੂੰ ਇਸ ਘਟਨਾ ਵਿਚ ਲਪੇਟਣਾ ਸੁਭਾਵਕ ਨਾਲੋਂ ਵੱਧ ਲੇਖਕ ਦੀ ਮਜਬੂਰੀ ਲੱਗਦਾ ਹੈ। ਪੁਲੀਸ ਦੇ ਕਿਰਦਾਰ ਦੇ ਵੱਖ ਵੱਖ ਪਹਿਲੂਆਂ ਤੇ ਚਾਨਣਾ ਪਾਣ ਲਈ ਨਾਵਲਕਾਰ ਨੂੰ ਮਜਬੂਰਨ ਤਫ਼ਤੀਸ਼ ਵਾਸਤੇ ਕਈ ਟੋਲੀਆਂ ਬਣਾਈਆਂ ਪੈਂਦੀਆਂ ਹਨ। ਕਹਾਣੀ ਨੂੰ ਇਕ ਨੁਕਤੇ ਤੋਂ ਸਾਰੇ ਪਾਸੇ ਫੈਲਾਣ ਦੀ ਤਕਨੀਕ ਵਰਤਣ ਲਈ ਨਾਵਲਕਾਰ ਦੀ ਮਜਬੂਰੀ ਹੋ ਜਾਂਦੀ ਹੈ ਕਿ ਤਫ਼ਤੀਸ਼ ਨੂੰ ਲਮਕਾਇਆ ਜਾਏ। ਨਾਵਲਕਾਰ ਨੂੰ ਕਿਰਦਾਰਾਂ ਦੇ ਨਿੱਜੀ ਜੀਵਨ ਵਿਚ ਝਾਕਣ ਦੀ ਲੋੜ ਕਹਾਣੀ ਦੀ ਸੁਭਾਵਕਤਾ ਨੂੰ ਕਾਇਮ ਰੱਖਣ ਲਈ ਨਹੀਂ, ਸਗੋਂ ਸਮਾਜ ਦੀਆਂ ਵੱਧ ਤੋਂ ਵੱਧ ਪਰਤਾਂ ਖੋਹਲਣ ਲਈ ਪੈਂਦੀ ਹੈ। ਇਹੀ ਕਾਰਨ ਹੈ ਕਿ ਕਹਾਣੀ ਦੇ ਧੁਰੇ ਤੋਂ ਬਾਹਰੀਆਂ ਕਥਾ ਕਹਾਣੀਆਂ ਕਰਨ ਤੇ ਵੀ ਨਾਵਲ ਦੇ ਕਿਰਦਾਰ ਸਮਾਜਕ ਵਿਅਕਤੀਆਂ ਵਾਂਗ ਨਹੀਂ, ਸਗੋਂ ਸਮਾਜਕ ਵਰਗਾਂ ਦੇ ਪ੍ਰਤੀਨਿਧਾਂ ਵਾਂਗ ਉਸਰੇ ਹਨ। ਜਦੋਂ ਕਿਰਦਾਰ ਵਰਗਾਂ ਦੀ ਗੱਲ ਕਰਨ ਤਾਂ ਪਾਤਰਾਂ ਦੀ ਗਿਣਤੀ ਘੱਟ ਜਾਣੀ ਸੁਭਾਵਕ ਹੁੰਦੀ ਹੈ ਪਰ ਇਸ ਨਾਵਲ ਵਿਚ ਇਕ ਤੋਂ ਵੱਧ ਪਾਤਰ ਇਕੋ ਵਰਗ ਦੀ ਗੱਲ ਕਰਦੇ ਹਨ। ਨਾਵਲਕਾਰ ਕੋਲ ਪੁਲੀਸ ਦੇ ਕਿਰਦਾਰ ਦਾ ਵਗਰੀਕਰਨ ਨਹੀਂ ਹੈ ਸਗੋਂ ਵੱਖ ਵੱਖ ਘਟਨਾਵਾਂ ਵਿਚੋਂ ਉਭਰਿਆ ਨਾਵਲਕਾਰ ਲੋੜ ਅਨੁਸਾਰ ਪਾਤਰ ਘੜ ਲੈਂਦਾ ਹੈ ਪਰ ਉਸਦੀ ਨਜ਼ਰ ਪਾਤਰਾਂ ਤੇ ਨਹੀਂ ਸਗੋਂ ਵੱਖ ਵੱਖ ਘਟਨਾਵਾਂ ਰਾਹੀਂ ਪੁਲੀਸ ਦੇ ਕਿਰਦਾਰ ਨੂੰ ਉਘਾੜਨ ਤੱਕ ਹੀ ਸੀਮਤ ਰਹਿੰਦੀ ਹੈ। ਇਹ ਨਾਵਲ ਜਿੱਥੇ ਸਾਡੇ ਪ੍ਰਬੰਧਕੀ ਢਾਂਚੇ ਨੂੰ ਯਥਾਰਥਕ ਪੱਧਰ ਤੇ ਪੇਸ਼ ਕਰਨ ਵਿਚ ਸਫ਼ਲ ਹੁੰਦਾ ਹੈ ਓਥੇ ਪਾਤਰਾਂ ਦੀ ਬਹੁਤਾਤ ਅਤੇ ਨਾਵਲ ਦੀ ਕਹਾਣੀ ਨੂੰ ਵਿਸਥਾਰ ਦੇਣ ਦੀ ਮਜਬੂਤੀ ਦਾ ਸ਼ਿਕਾਰ ਵੀ ਦਿਸਦਾ ਹੈ। ਜਦੋਂ ਸਮਾਜ ਦਾ ਯਥਾਰਥ ਸੁਭਾਵਕਤਾ ਵਿਚੋਂ ਨਾ ਉਘੜੇ ਤਾਂ ਨਾਵਲ ਦੀ ਕਹਾਣੀ ਨੂੰ ਕਈ ਵਾਰ ਬਨਾਵਟੀ ਮੋੜ ਦੇਣੇ ਪੈਂਦੇ ਹਨ। ਨਾਵਲ **ਤਫ਼ਤੀਸ਼** ਵੀ ਇਸ ਦੋਸ਼ ਤੋਂ ਮੁਕਤ ਨਹੀਂ ਹੈ।

## ਪੰਜਾਬੀ ਨਾਵਲ-ਪਰੰਪਰਾ ਵਿਚ 'ਤਫ਼ਤੀਸ਼' ਦੀ ਵਿਲੱਖਣਤਾ

**ਡਾ. ਰਘਬੀਰ ਸਿੰਘ (ਸਿਰਜਣਾ)**

**ਤਫ਼ਤੀਸ਼** ਮਿੱਤਰ ਸੈਨ ਮੀਤ ਦੀ ਇਕ ਮੁੱਲਵਾਨ ਗਲਪ-ਰਚਨਾ ਹੈ ਜਿਸ ਉੱਪਰ ਉਹ ਵਾਜਬ ਤੌਰ ਤੇ ਮਾਣ ਕਰ ਸਕਦਾ ਹੈ। ਇਸ ਨਾਵਲ ਰਾਹੀਂ ਉਹ ਪ੍ਰਮਾਣਿਕ ਅਨੁਭਵ ਦੀ ਕਲਾਤਮਕ ਪੇਸ਼ਕਾਰੀ ਦਾ ਜਿਹੋ ਜਿਹਾ ਸਬੂਤ ਦਿੰਦਾ ਹੈ, ਉਸ ਸਦਕਾ ਉਹ ਪੰਜਾਬੀ ਦੇ ਪਹਿਲੀ ਸਫ਼ ਦੇ ਨਾਵਲਕਾਰਾਂ ਵਿਚ ਸ਼ਾਮਲ ਹੋਣ ਦਾ ਅਧਿਕਾਰੀ ਬਣ ਜਾਂਦਾ ਹੈ। ਸੋਹਣ ਸਿੰਘ ਸ਼ੀਤਲ ਵਾਂਗ ਇਕ ਗਲਪਕਾਰ ਵਜੋਂ ਮਿੱਤਰ ਸੈਨ ਮੀਤ ਨੇ ਅਚੰਭਾਦਾਇਕ ਛੜੱਪੇ ਨਾਲ ਵਿਕਾਸ ਕੀਤਾ ਹੈ। ਜਿਵੇਂ ਸੀਤਲ ਦੀਆਂ ਪਹਿਲੀਆਂ ਗਲਪ-ਰਚਨਾਵਾਂ ਅਤੇ **ਜੰਗ ਜਾਂ ਅਮਨ, ਤੂਤਾਂ ਵਾਲਾ ਖੂਹ** ਤੇ **ਜੁੱਗ ਬਦਲ ਗਿਆ** ਆਦਿ ਮਗਰਲੀਆਂ ਨਾਵਲ-ਲਿਖਤਾਂ ਵਿਚ ਕਲਾ-ਪੱਧਰ ਦਾ ਇਕ ਵੱਡਾ ਅੰਤਰ ਦੋ ਨਾਵਲਾਂ **ਅੱਗ ਦੇ ਬੀਜ** ਤੇ **ਕਾਫ਼ਲਾ** ਦੇ ਟਾਕਰੇ ਰੱਖ ਕੇ ਵਾਚਿਆ ਬਹੁਤ ਹੈਰਾਨੀ ਭਰੀ ਖੁਸ਼ੀ ਹੁੰਦੀ ਹੈ।

ਮੀਤ ਦਾ ਇਹ ਨਾਵਲ ਉਸਦੀ ਆਪਣੀ ਇਕ ਗੌਰਵਸ਼ਾਲੀ ਸਾਹਿਤਕ ਪ੍ਰਾਪਤੀ ਤਾਂ ਹੈ ਹੀ, ਪੰਜਾਬੀ ਨਾਵਲ-ਸਾਹਿਤ ਦੀ ਵੀ ਇਕ ਨਿਵੇਕਲੀ ਪ੍ਰਾਪਤੀ ਹੈ। **ਤਫ਼ਤੀਸ਼** ਜਿਥੇ ਕੁਝ ਜਾਣੀਆਂ ਪਛਾਣੀਆਂ ਰੂੜ੍ਹੀਆਂ ਦੇ ਤਿਆਗ ਦੁਆਰਾ ਪੰਜਾਬੀ ਨਾਵਲ ਰਚਨਾ ਦੇ ਨਵੇਂ ਦਿਸਹੱਦੇ ਉਜਾਗਰ ਕਰਦਾ ਹੈ, ਉਥੇ ਕੁਝ ਹੋਰਨਾਂ ਪੱਖਾਂ ਵਿਚ ਇਹ ਪੰਜਾਬੀ ਨਾਵਲ-ਸਾਹਿਤ ਵਿਚ ਉਭਰੀਆਂ ਨਵੀਆਂ ਪ੍ਰਵਿਰਤੀਆਂ ਨੂੰ ਹੋਰ ਸਿਤਾਰਦਾ ਤੇ ਵਿਕਸਿਤ ਕਰਦਾ ਹੈ। ਉਦਾਹਰਣ ਵਜੋਂ ਕਿਸੇ ਭਾਂਤ ਦੀ ਪ੍ਰੀਤ-ਕਥਾ ਨੂੰ ਨਾਵਲ-ਰਚਨਾ ਦੀ ਮੂਲ ਟੇਕ ਬਣਾਉਣ ਜਾਂ ਘੱਟੋ ਘੱਟ ਇਕ ਅਹਿਮ ਤੰਦ ਬਣਾਉਣ ਅਤੇ ਫਿਰ ਪਾਤਰਾਂ ਨੂੰ ਦੋ ਵਿਰੋਧੀ ਧਿਰਾਂ ਵਿਚ ਰੱਖ ਕੇ ਨਾਇਕ ਦੀ ਧਿਰ ਉਤੇ ਬਹੁਤਾ ਧਿਆਨ ਕੇਂਦ੍ਰਿਤ ਕਰਨ ਦੀ ਰੂੜ੍ਹੀ ਭਾਈ ਵੀਰ ਸਿੰਘ ਤੋਂ ਆਰੰਭ ਹੋ ਕੇ ਜਸਵੰਤ ਸਿੰਘ ਕੰਵਲ ਤੱਕ ਪੰਜਾਬੀ ਨਾਵਲ-ਜਗਤ ਵਿਚ ਪ੍ਰਵਾਨ ਚੜ੍ਹਦੀ ਰਹੀ ਹੈ। ਇਸ ਰੂੜ੍ਹੀ ਨੂੰ ਸੋਹਣ ਸਿੰਘ ਸੀਤਲ ਤੇ ਗੁਰਦਿਆਲ ਸਿੰਘ ਨੇ ਤੋੜਿਆ ਸੀ, ਅਤੇ ਇੰਝ ਨਾਵਲ ਉਤੋਂ ਆਦਰਸ਼ਵਾਦ ਤੇ ਰੁਮਾਂਸਵਾਦ ਦੀ ਪੁੱਠ ਨੂੰ ਉਤਾਰਨ ਦਾ ਯਤਨ ਕੀਤਾ ਸੀ। ਐਪਰ ਔਰਤ ਮਰਦ ਦੇ ਸੰਬੰਧਾਂ ਨੂੰ ਨਾਵਲ ਦੀ ਕਥਾ ਵਿਚ ਮਹੱਤਵਪੂਰਨ ਸਥਾਨ ਦੇਣ ਦੀ ਪਿਰਤ ਕਿਸੇ ਨਾ ਕਿਸੇ ਰੂਪ ਵਿਚ ਫੇਰ ਵੀ ਕਾਇਮ ਰਹੀ। ਏਥੋਂ ਤਕ ਕਿ ਅਸਲੋਂ ਨਵੀਂ ਪੀੜ੍ਹੀ ਦਾ ਇਕ ਹੋਰ ਸਮਰੱਥ ਗਲਪਕਾਰ ਕਰਮਜੀਤ ਸਿੰਘ ਕੁੱਸਾ ਵੀ ਰੁਮਾਂਸ ਤੇ ਆਦਰਸ਼ ਤੋਂ ਮੁਕਤ ਹੋ ਕੇ ਪੇਂਡੂ ਕਿਰਸਾਣੀ ਸਮਾਜ ਦੀ ਆਰਥਿਕ ਤੇ ਸਮਾਜਕ ਦਸ਼ਾ ਦੀ ਕਲਾਤਮਕ ਪੇਸ਼ਕਾਰੀ ਰਾਹੀਂ ਆਪਣੇ ਯਥਾਰਥ ਮੁੱਖ ਹੋਣ ਦੀ ਗਵਾਹੀ ਤਾਂ ਦਿੰਦਾ ਹੈ, ਪਰ ਉਹ ਵੀ ਔਰਤ ਤੇ ਮਰਦ ਦੇ ਸੰਬੰਧਾਂ ਨੂੰ ਕਹਾਣੀ ਦੀ ਮੂਲ ਚੂਲ ਬਣਾਉਣ ਦੀ ਰੂੜ੍ਹੀ ਤੋਂ ਪੱਲਾ ਨਹੀਂ ਛੁੜਾ ਸਕਿਆ। ਤਦ ਵੀ ਇਸ ਤੱਥ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਜਾਣੇ-ਪਛਾਣੇ ਤੇ ਚਰਚਿਤ ਨਾਵਲਕਾਰਾਂ ਤੋਂ ਬਿਨਾ ਇੱਕਾ ਦੁੱਕਾ ਨਾਵਲ-ਰਚਨਾ ਕਰਨ ਵਾਲੇ ਕਈ ਹੋਰ ਲੇਖਕਾਂ ਨੇ ਪਰੰਪਰਕ ਵਿਸ਼ਿਆਂ ਤੋਂ ਹਟ ਕੇ ਪੰਜਾਬੀ ਨਾਵਲ ਨੂੰ ਕੁਝ ਵਿਸ਼ੈਗਤ ਪਾਸਾਰ ਅਵੱਸ਼ ਦਿੱਤਾ ਹੈ। ਮਿੱਤਰ ਸੈਨ ਮੀਤ ਦੇ ਨਾਵਲ **ਤਫ਼ਤੀਸ਼** ਨੂੰ ਪੰਜਾਬੀ ਨਾਵਲ ਦੇ ਵਿਸ਼ੈਗਤ ਪਾਸਾਰ ਦੀ ਇਸ ਨਵੀਂ ਪ੍ਰਵਿਰਤੀ ਦੀ ਇਕ ਅਗਲੀ ਕੜੀ ਵੀ ਆਖਿਆ ਜਾ ਸਕਦਾ ਹੈ। ਐਪਰ ਇਸ ਨਾਵਲ ਦੇ ਵਿਸ਼ੈ-ਵਸਤੂ ਦੀ ਚੋਣ ਤੇ ਇਸ ਦੀ ਸਮੁੱਚੀ ਪੇਸ਼ਕਾਰੀ ਅਥਵਾ ਇਸ ਦੀ ਨਾਵਲੀ ਜੁਗਤ ਅਜਿਹੀ ਹੈ ਕਿ ਮੈਂ ਇਸ ਨੂੰ ਇਕ ਅਸਲੋਂ ਨਵੀਂ ਪ੍ਰਵਿਰਤੀ ਕਹਿਣਾ ਵਧੇਰੇ ਉਚਿਤ ਸਮਝਦਾ ਹਾਂ।

ਪ੍ਰੀਤ-ਕਥਾ ਬਿਆਨ ਕਰਨ ਜਾਂ ਨਾਇਕ ਸਿਰਜਣ ਦੀ ਰੂੜ੍ਹੀ ਦਾ ਤਿਆਗ ਤਾਂ ਸਾਡੇ ਹੋਰਨਾਂ ਨਾਵਲਕਾਰਾਂ ਨੇ ਵੀ ਕੀਤਾ ਹੈ, ਪਰ **ਤਫ਼ਤੀਸ਼** ਇਕ ਅਜਿਹਾ ਨਾਵਲ ਹੈ ਜਿਸ ਵਿਚ ਸ਼ਬਦ ਦੇ ਪ੍ਰਵਾਣਿਤ ਅਰਥਾਂ ਵਿਚ ਨਾਇਕ ਤਾਂ ਕੀ ਮੁੱਖ ਪਾਤਰ ਵੀ ਮੌਜੂਦ ਨਹੀਂ। ਵੈਸੇ ਨਾਵਲ **ਤਫ਼ਤੀਸ਼** ਵਿਚ ਪਾਤਰਾਂ ਦੀ ਭਰਮਾਰ ਹੈ। ਏਨੇ ਜ਼ਿਆਦਾ ਗਿਣਤੀ ਵਿਚ ਪਾਤਰ ਇਸ ਨਾਵਲ ਵਿਚ ਮੌਜੂਦ ਹਨ ਕਿ ਉਹਨਾਂ ਸਭਨਾਂ ਨੂੰ ਕੁਸ਼ਲਤਾ ਸਹਿਤ ਪੇਸ਼ ਕਰ ਸਕਣ ਵਿਚ ਲੇਖਕ ਦੀ ਕਾਮਯਾਬੀ ਉਤੇ ਰਸ਼ਕ ਕਰਨਾ ਬਣਦਾ ਹੈ। ਐਪਰ ਇਸ ਨਾਵਲ ਵਿਚ ਨਾਇਕ ਜਾਂ ਮੁੱਖ ਪਾਤਰ ਦਾ ਅਭਾਵ ਕਹਿਣ ਦਾ ਅਰਥ ਇਹ ਹੈ ਕਿ ਇਸ ਵਿਚ ਕੋਈ ਵਿਅਕਤੀ ਮੌਜੂਦ ਨਹੀਂ ਜਿਸ ਦੁਆਲੇ, ਆਮ ਰੂਪ ਵਿਚ, ਨਾਵਲ ਦੀ ਕਹਾਣੀ ਉਸਾਰੀ ਗਈ ਹੁੰਦੀ ਹੈ। ਸ਼ਬਦ ਦੇ ਰਵਾਇਤੀ ਅਰਥਾਂ ਵਿਚ ਨਾਵਲ ਦਾ ਮੁੱਖ ਪਾਤਰ ਬੰਟੀ ਹੋਣਾ ਚਾਹੀਦਾ ਸੀ, ਉਹ ਬਾਲਕ ਜਿਸ ਨੂੰ ਅਗਵਾ ਕੀਤਾ ਗਿਆ ਹੈ ਅਤੇ ਜਿਸ ਦਾ ਕਤਲ ਹੋਇਆ ਹੈ। ਪਰ ਉਹ ਤਾਂ ਨਾਵਲ ਵਿਚ ਕਿਤੇ ਵੀ ਸਾਹਵੇਂ ਨਹੀਂ ਆਉਂਦਾ। ਵਾਸਤਵ ਵਿਚ ਨਾਵਲ ਦਾ ਮੁੱਖ ਪਾਤਰ ਕੋਈ ਇਕ ਵਿਅਕਤੀ ਨਹੀਂ, ਸਮੁੱਚੀ ਵਿਵਸਥਾ ਹੈ- ਸਮਾਜ-ਵਿਵਸਥਾ ਤੇ ਰਾਜ-ਵਿਵਸਥਾ, ਪੁਲਸ ਜਿਸ ਦਾ ਇਕ ਅੰਗ ਹੈ। ਅਤੇ ਵਿਵਸਥਾ ਦੇ ਰੂਪ ਵਿਚ ਉਭਰਿਆ ਇਹ ਪਾਤਰ ਰਵਾਇਤੀ ਅਰਥਾਂ ਵਿਚ ਨਾਇਕ ਨਹੀਂ, ਸਗੋਂ ਖਲਨਾਇਕ ਹੈ। ਵਿਵਸਥਾ ਦੇ ਇਸ ਖਲਨਾਇਕ ਵਾਲੇ ਚਰਿੱਤਰ ਨੂੰ ਪੇਸ਼ ਕਰਨਾ ਹੀ ਇਸ ਨਾਵਲ ਦਾ ਮਨੋਰਥ ਹੈ। ਇੰਞ ਵਿਅਕਤੀ ਦੀ ਥਾਂ ਵਿਵਸਥਾ ਨੂੰ ਪਾਤਰ ਦਾ ਰੋਲ ਦੇਣ ਅਤੇ ਨਾਇਕ ਧਿਰ ਦੀ ਥਾਂ ਖਲਨਾਇਕ ਧਿਰ ਉਤੇ ਹੀ ਸਮੁੱਚੇ ਨਾਵਲ ਦੀ ਰਚਨਾ ਕਰਨ ਰਾਹੀਂ ਮਿੱਤਰ ਸੈਨ ਮੀਤ ਨੇ, ਅਚੇਤ ਜਾਂ ਸੁਚੇਤ, ਪੰਜਾਬੀ ਨਾਵਲ ਸਾਹਿਤ ਦੀ ਬਣਤ ਤੇ ਬੁਣਤ ਵਿਚ ਕਾਫ਼ੀ ਕੁਝ ਨਵਾਂ ਲੈ ਆਂਦਾ ਹੈ, ਜਿਸ ਦੇ ਅਗਾਂਹ ਹੋਰ ਵਿਕਸਿਤ ਹੋਣ ਦੀ ਸੰਭਾਵਨਾ ਹੈ।

ਨਾਵਲ ਦੀ ਕਥਾ ਅਨੁਸਾਰ ਇਕ ਛੋਟੇ ਜਿਹੇ ਬਾਲਕ ਬੰਟੀ ਨੂੰ ਕੁਛ ਅਣਪਛਾਤੀਆਂ ਸ਼ਕਤੀਆਂ ਵੱਲੋਂ ਅਗਵਾ ਕਰਕੇ ਉਸਦਾ ਕਤਲ ਕਰ ਦਿੱਤਾ ਜਾਂਦਾ ਹੈ। ਪਹਿਲਾਂ ਬੰਟੀ ਦੀ ਤਲਾਸ਼ ਵਿਚ ਤੇ ਫੇਰ ਉਸਦੀ ਲਾਸ਼ ਮਿਲਣ ਪਿੱਛੋਂ ਉਸਦੇ ਕਾਤਲਾਂ ਦੀ ਭਾਲ ਵਿਚ ਵਿਵਸਥਾ ਦਾ ਜੋ ਰੂਪ ਦ੍ਰਿਸ਼ਟੀਗੋਚਰ ਹੁੰਦਾ ਹੈ, ਉਹ ਦੰਭ, ਕਪਟ ਤੇ ਭਰਿਸ਼ਟਾਚਾਰ ਨਾਲ ਏਨਾ ਗਲਿਆ-ਸੜਿਆ ਹੋਇਆ ਹੈ ਕਿ ਉਸ ਤੋਂ ਕਚਿਆਣ ਤੇ ਘ੍ਰਿਣਾ ਆਉਂਦੀ ਹੈ। ਬੰਟੀ ਦੇ ਕਾਤਲ ਤਾਂ ਪਕੜੇ ਨਹੀਂ ਜਾ ਸਕਦੇ। ਹਾਂ ਦੋ ਨਿਰਦੋਸ਼ ਵਿਅਕਤੀ ਬਹੁਤ ਨਾਟਕੀ ਜਿਹੇ ਰੂਪ ਵਿਚ ਕਾਤਲਾਂ ਵਜੋਂ ਪੇਸ਼ ਅਵੱਸ਼ ਕੀਤੇ ਜਾਂਦੇ ਹਨ। ਪ੍ਰਾਚੀਨ ਕਥਾਵਾਂ ਵਿਚ ਵਹਿਸ਼ੀ ਕਿਸਮ ਦੀ ਰਾਜ-ਵਿਵਸਥਾ ਵੱਲੋਂ ਕਿਸੇ ਮੁਜਰਮ ਨੂੰ ਫਾਂਸੀ ਚੜ੍ਹਾਉਣ ਲਈ ਰਾਜੇ ਦੇ ਹੁਕਮਾਂ ਦੀ ਪਾਲਣਾ ਕਰਨ ਹਿੱਤ ਜਿਸ ਵੀ ਵਿਅਕਤੀ ਦੇ ਗਲ ਰੱਸਾ ਮੇਚ ਆ ਜਾਵੇ, ਉਸ ਨੂੰ ਹੀ ਫਾਹੇ ਲਾ ਦੇਣ ਵਾਂਗ ਪ੍ਰਾਪਤ ਵਿਵਸਥਾ ਜਾਂਗਲੀ ਚਰਿੱਤਰ ਦਾ ਪਰਿਚਯ ਦਿੰਦੀ ਹੈ।

ਬੰਟੀ ਦੇ ਕਤਲ ਤੇ ਉਸਦੇ ਕਾਤਲਾਂ ਨੂੰ ਫੜਨ ਦੀ ਨਾਵਲ ਦੀ ਇਹ ਕਹਾਣੀ ਕੇਵਲ ਦੋ ਹਫਤਿਆਂ ਦੇ ਸਮੇਂ ਅੰਦਰ ਨੇਪਰੇ ਚੜ੍ਹ ਜਾਂਦੀ ਹੈ। ਇਸ ਤਰ੍ਹਾ ਕਾਲਗਤ ਰੂਪ ਵਿਚ ਭਾਵੇਂ ਇਸ ਕਹਾਣੀ ਦਾ ਵਿਸਤਾਰ ਹੋਇਆ ਨਹੀਂ ਦਿਸਦਾ ਪਰ ਪ੍ਰੇਖ ਵਿਚ ਇਹ ਕਹਾਣੀ ਇਹਨਾਂ ਪੰਦਰਾਂ ਦਿਨਾਂ ਦੇ ਆਰ ਪਾਰ ਦੂਰ ਤੱਕ ਵਰ੍ਹਿਆਂ ਵਿਚ ਫੈਲੇ, ਤਥਾ ਕਥਿਤ ਲੋਕਤੰਤਰੀ ਪ੍ਰਣਾਲੀ ਵਾਲੇ, ਇਕ ਸਮੁੱਚੇ ਕਾਲ-ਖੰਡ ਨੂੰ ਆਪਣੇ ਕਲਾਵੇ ਵਿਚ ਲੈਂਦੀ ਹੈ। ਕਤਲ ਦੀ ਇਕ ਘਟਨਾ ਤੇ ਪੰਦਰਾਂ ਦਿਨਾਂ ਵਿਚ ਇਸਦੇ ਖਿਲਾਰ ਦੀ ਸੀਮਾ ਦੇ ਅੰਦਰ ਅੰਦਰ ਮਿੱਤਰ ਸੈਨ ਮੀਤ ਨੇ ਜੋ ਕੁਝ ਨਾਵਲ ਦੀ ਕਥਾ-ਵਸਤੂ ਵਿਚ ਸਮੋਇਆ ਹੈ, ਉਹ ਉਸਦੀ ਕਹਾਣੀ ਗੁੰਦਣ ਦੀ ਸਮਰੱਥਾ ਦੀ ਭਰਪੂਰ ਗਵਾਹੀ ਦਿੰਦਾ ਹੈ। ਤੇ ਨਾਲ ਦੀ ਨਾਲ ਹੀ ਪ੍ਰਾਪਤ ਸਮਾਜ ਤੇ

ਰਾਜ-ਵਿਵਸਥਾ ਦੀ ਜਿੰਨਾ ਕਰੂਰ ਯਥਾਰਥਮਈ ਚਿਤਰ ਇਕ ਸਥਾ ਵਿਚੋਂ ਉਭਰਦਾ ਹੈ ਉਸ ਤੋਂ ਲੇਖਕ ਦੀ ਨੀਝ, ਉਸਦੇ ਅਨੁਭਵ ਤੇ ਉਸਦੀ ਦ੍ਰਿਸ਼ਟੀਗਤ ਪ੍ਰੌਢਤਾ ਦਾ ਵੀ ਪਰਿਚਯ ਮਿਲਦਾ ਹੈ।

ਜੇ ਵਿਵਸਥਾ ਏਨੀ ਗਲ ਸੜ ਚੁੱਕੀ ਹੋਵੇ ਕਿ ਉਸ 'ਚੋਂ ਭਾਲਿਆਂ ਵੀ ਕੁਝ ਵੀ ਅਜਿਹਾ ਨਾ ਲੱਭੇ ਜਿਸਨੂੰ ਸਾਰਥਕ ਜਾਂ ਸਲਾਹੁਣਯੋਗ ਮਿਥਿਆ ਜਾ ਸਕੇ ਤਾਂ ਅਜਿਹੀ ਵਿਵਸਥਾ ਦੇ ਯਥਾਰਥ ਨੂੰ ਉਭਾਰਨ ਲਈ ਲੇਖਕ ਕਿਹੋ ਜਿਹੀ ਸ਼ੈਲੀ ਦਾ ਪ੍ਰਯੋਗ ਕਰੇ- ਇਹ ਇਕ ਬੜਾ ਹੀ ਅਹਿਮ ਸਵਾਲ ਹੈ ਜਿਸਦਾ ਦਰੁਸਤ ਉਤਰ ਲੇਖਕ ਦੀ ਆਪਣੀ ਬੌਧਿਕ ਤੇ ਕਲਾਤਮਕ ਸਮਰੱਥਾ ਉਤੇ ਨਿਰਭਰ ਕਰਦਾ ਹੈ। ਕੀ ਉਹ ਇਸ ਵਰਤਾਰੇ ਨੂੰ ਗਹਿਰ-ਗੰਭੀਰ ਪੰਡਤਾਊ ਮੁਦਰਾ ਵਿਚ ਪੇਸ਼ ਕਰੇ, ਕੀ ਸੜੀ-ਗਲੀ ਵਿਵਸਥਾ ਦੇ ਸਮਾਨਾਂਤਰ ਆਦਰਸ਼ ਵਿਵਸਥਾ ਦਾ ਮਾਡਲ ਸਿਰਜੇ ਜਾਂ ਉਸਦੇ ਸੁਧਾਰ ਲਈ ਸੁਝਾਅ ਭਰੀਆਂ ਕੁਝ ਆਲੋਚਨਾਤਮਕ ਟਿੱਪਣੀਆਂ ਦੇਵੇ ਅਥਵਾ ਲੇਖਕ ਇਕ ਗੁਣਵਾਨ ਤੇ ਆਦਰਸ਼ ਪਾਤਰ ਦਾ ਰੋਲ ਨਿਭਾਵੇ? ਮਿੱਤਰ ਸੈਨ ਮੀਤ ਨੇ ਅਵੱਸ਼ ਇਹਨਾਂ ਸਾਰੀਆਂ ਹੀ ਵਿਧੀਆਂ ਬਾਰੇ ਸੋਚਿਆ ਹੋਵੇਗਾ ਪਰ ਅੰਤਿਮ ਰੂਪ ਵਿਚ ਜੋ ਵਿਧੀ ਜਾਂ ਸ਼ੈਲੀ ਉਸਨੇ ਚੁਣੀ ਹੈ, ਕਟਾਖਸ਼ ਤੇ ਵਿਅੰਗ ਵਾਲੀ ਕਠੋਰ ਯਥਾਰਥਵਾਦ ਦੀ ਸ਼ੈਲੀ- ਉਹੀ ਸ਼ੈਲੀ ਹੀ, ਵਾਸਤਵ ਵਿਚ, ਇਸ ਤਰ੍ਹਾਂ ਦੇ ਵਿਸ਼ੈ ਦੇ ਨਿਭਾਅ ਲਈ ਉਪਯੁਕਤ ਸ਼ੈਲੀ ਹੈ। ਜਦੋਂ ਰੋਗ ਬਹੁਤ ਦੀਰਘ ਹੋਵੇ, ਤਾਂ ਆਦਰਸ਼ਵਾਦੀ ਬਿਰਤੀ ਕੁਝ ਨਹੀਂ ਸੰਵਾਰ ਸਕਦੀ, ਉਸ ਲਈ ਕਠੋਰ ਜਰਾਹੀ ਦਰਕਾਰ ਹੈ ਜਿਸ ਨਾਲ ਰੋਗ ਦੀ ਭਿਆਨਕਤਾ ਇੰਝ ਉਜਾਗਰ ਹੋਵੇ ਕਿ ਪਾਠਕ ਮੰਤਰ-ਮੁਗਧ ਹੋਣ ਦੀ ਥਾਂ ਪਰੇਸ਼ਾਨ ਹੋਵੇ, ਦੁਖੀ ਹੋਵੇ ਅਤੇ ਰੋਗ ਦੇ ਜੜ੍ਹੋਂ ਪੁੱਟੇ ਜਾਣ ਦੀ ਸੰਭਾਵਨਾ ਬਣੇ।

ਪ੍ਰਗਟ ਤੌਰ ਤੇ ਪੁਲਸ, ਇਸ ਨਾਵਲ ਵਿਚ ਪ੍ਰਾਪਤ ਵਿਵਸਥਾ ਦੇ ਮੁਖੀ ਅੰਗ ਵਜੋਂ ਉਭਰ ਕੇ ਸਾਹਵੇਂ ਆਉਂਦੀ ਹੈ ਤੇ ਉਚਿਤ ਰੂਪ ਵਿਚ ਪੁਲਸ ਦੇ ਵਿਹਾਰ ਉੱਤੇ ਨਾਵਲਕਾਰ ਨੇ ਸਰਚਲਾਈਟ ਸੁੱਟੀ ਹੈ ਜਿਸ ਵਿਚ ਡੀ.ਆਈ.ਜੀ., ਐਸ.ਐਸ.ਪੀ., ਡਿਪਟੀ ਸੁਪਰਡੈਂਟ ਪੁਲਸ, ਐਸ.ਐਚ.ਓ., ਇੰਸਪੈਕਟਰ, ਸਬ ਇੰਸਪੈਕਟਰ, ਹਵਾਲਦਾਰ, ਮੁਨਸ਼ੀ, ਸੰਤਰੀ ਤੇ ਸਾਧਾਰਨ ਸਿਪਾਹੀਆਂ ਤੱਕ ਉਪਰ ਤੋਂ ਹੇਠਾਂ ਤੱਕ ਸਭ ਅਧਿਕਾਰੀ ਤੇ ਕਰਮਚਾਰੀ ਸਾਹਵੇਂ ਆਉਂਦੇ ਹਨ, ਜੋ ਵਿਅਕਤੀ ਹੋਣ ਨਾਲੋਂ ਵੱਧ ਪੁਲਸ ਦੇ ਸਮੁੱਚੇ ਚਰਿੱਤਰ ਨੂੰ ਉਘਾੜਨ ਦਾ ਕੰਮ ਕਰਦੇ ਹਨ।

ਸਮਾਜ ਤੇ ਰਾਜ-ਵਿਵਸਥਾ ਦੇ ਚਿਤਰ ਦੇ ਅੰਤਰਗਤ ਪੁਲਸ ਦੇ ਚਰਿਤਰ ਦੀ ਚੀਰ ਫਾੜ ਕਰਨ ਦੇ ਕੁਝ ਵੇਰਵੇ ਸਾਨੂੰ ਪੰਜਾਬੀ ਨਾਵਲ-ਸਾਹਿਤ ਵਿਚ ਹੋਰ ਥਾਈਂ ਵੀ ਪ੍ਰਾਪਤ ਹਨ ਪਰ ਜਿਸ ਤਰ੍ਹਾਂ ਦਾ ਪਰਿਪੂਰਨ ਚਿਤਰ ਨਾਵਲ **ਤਫ਼ਤੀਸ਼** 'ਚੋਂ ਉਭਰਦਾ ਹੈ ਉਹ ਹੋਰ ਕਿਧਰੇ ਪ੍ਰਾਪਤ ਨਹੀਂ। ਵਿਆਪਕ ਲੁੱਟ ਦੇ ਇਸ ਵਾਤਾਵਰਨ ਵਿਚ ਵਿਵਸਥਾ ਦਾ ਹਰ ਵੱਡੇ ਤੋਂ ਵੱਡਾ ਤੇ ਛੋਟੇ ਤੋਂ ਛੋਟਾ ਕਲ-ਪੁਰਜ਼ਾ, ਇਕ ਦੋ ਅਪਵਾਦਾਂ ਤੋਂ ਬਿਨਾਂ, ਇਕ ਦੌੜ ਵਿਚ ਲੱਗਾ ਹੋਇਆ ਹੈ ਕਿ ਕਿਵੇਂ ਨਾ ਕਿਵੇਂ ਉਹ ਲੁੱਟ ਵਿਚ ਆਪਣੇ ਸਾਥੀਆਂ ਤੋਂ ਪਿੱਛੇ ਨਾ ਰਹਿ ਜਾਵੇ।

ਵੈਸੇ ਤਾਂ ਲੋਕ ਦੁਆ ਕਰਦੇ ਹਨ ਕਿ ਉਹਨਾਂ ਨੂੰ ਕਦੇ ਥਾਣੇ ਦਾ ਮੂੰਹ ਨਾ ਵੇਖਣਾ ਪਏ- ਪਰ ਬੱਚਾ ਗੁੰਮ ਜਾਣ ਤੇ ਰਪਟ ਤਾਂ ਲਿਖਾਉਣੀ ਹੀ ਪੈਂਦੀ ਹੈ। ਬੰਟੀ ਦੇ ਗੁੰਮ ਹੋਣ ਤੇ ਰਪਟ ਲਿਖਾਉਣ ਲਈ ਪੁੱਜੇ ਵਿਅਕਤੀਆਂ ਨੂੰ ਸੰਤਰੀ ਗੇਟ ਤੋਂ ਅਗਾਂਹ ਨਹੀਂ ਲੰਘਣ ਦਿੰਦਾ, ਅਖੇ ਉਹ ਕਿਸੇ 'ਮੋਹਤਬਰ' ਨੂੰ ਨਾਲ ਲੈ ਕੇ ਆਉਣ- 'ਮੋਹਤਬਰ', ਯਾਨੀ ਉਹ ਵਿਅਕਤੀ ਜੋ ਮੁਸੀਬਤ ਵਿਚ ਫਸੇ ਲੋਕਾਂ ਨਾਲ ਹਮਦਰਦੀ ਦਾ ਦਿਖਾਵਾ ਕਰਦਾ ਹੋਇਆ ਉਹਨਾਂ ਕੋਲੋਂ ਆਪ ਛਕੇ ਤੇ ਕੁਝ ਪੁਲਸ ਨੂੰ ਛਕਾਵੇ। ਜੇ ਥਾਣੇ ਦੇ ਅੰਦਰ ਜਾਣਾ ਹੈ ਤਾਂ ਸੰਤਰੀ ਦੇ ਹੱਥ ਉੱਤੇ ਕੁਝ ਧਰਨਾ ਹੀ ਪਏਗਾ। ਹਾਈਕੋਰਟ ਤੇ ਆਇਆ ਵਾਰੰਟ ਅਫ਼ਸਰ ਇਕ ਫਰਿਆਦੀ ਦੀ ਵੇਸ ਵਿਚ ਏਸੇ ਤਰ੍ਹਾਂ ਹੀ ਥਾਣੇ ਵਿਚ ਪ੍ਰਵੇਸ਼ ਕਰਨ ਵਿਚ ਸਫਲ ਰਹਿੰਦਾ ਹੈ। ਥਾਣੇ ਅੰਦਰ

ਰਪਟ ਮੁਨਸ਼ੀ ਨੇ ਲਿਖਣੀ ਹੈ ਪਰ ਉਸ ਉਤੇ ਅਨੇਕਾਂ ਵੱਡੀਆਂ ਜ਼ਿੰਮੇਵਾਰੀਆਂ ਹਨ- ਅਫਸਰਾਂ ਦੀਆਂ ਵਗਾਰਾਂ ਪੂਰਨ ਦੀਆਂ। ਕਿਸੇ ਜੱਜ ਨੂੰ ਪਰਿਵਾਰ ਕੰਮਾਂ ਲਈ ਜੋ ਕਾਰ ਉਸਨੇ ਪੁਚਾਉਣੀ ਹੈ ਤਾਂ ਕਿਸੇ ਸਰਦਾਰ ਨੂੰ ਵਧੀਆ ਕਿਸਮ ਦੀ ਅਫੀਮ ਪੁਚਾਉਣ ਦੀ ਜ਼ਿੰਮੇਵਾਰੀ ਵੀ ਉ ਦੀ ਹੈ ਅਤੇ ਇਸ ਤਰ੍ਹਾਂ ਹੋਰ ਕਈ ਕੁਝ। ਇਸ ਹਾਲਾਤ ਵਿਚ ਉਹ ਮਾਲ ਮੁਕੱਦਮਾ ਯਾਨੀ ਮੁਜਰਮਾਂ ਤੋਂ ਬਰਾਮਦ ਹੋਈ ਅਫੀਮ, ਸ਼ਰਾਬ, ਭੁੱਕੀ ਆਦਿ ਦਾ ਰੀਕਾਰਡ ਠੀਕ ਕਿਵੇਂ ਰੱਖੇ? ਉਸ ਨੂੰ ਹਿਰਖ ਹੈ ਕਿ ਉਸਦੇ ਨਾਲ ਦੇ ਕਈ ਹੋਰ ਪੁਲਸੀਏ ਤਾਂ ਪੈਸੇ ਦੇ ਜ਼ੋਰ ਨਾਲ ਜਾਂ ਰੀਜ਼ਰਵੇਸ਼ਨ ਕਾਰਨ ਉਚੀਆਂ ਤਰੱਕੀਆਂ ਪਾ ਕੇ ਥਾਣੇਦਾਰ ਬਣ ਗਏ ਹਨ ਜਦਕਿ ਉਹ ਹਾਲੇ ਮੁਣਸ਼ੀ ਹੀ ਹੈ।

ਸ਼ਿਵ ਪ੍ਰਸ਼ਾਦ ਬਾਣੀਆ ਹੋ ਕੇ ਕੀ ਥਾਣੇਦਾਰੀ ਕਰੇਗਾ? ਦਾਰੂ ਮੁਰਗੇ ਛਕ ਛਕਾ ਕੇ ਉਸਨੇ ਆਪਣਾ ਸਰੀਰ ਤਾਂ ਭਾਵੇਂ ਬੇਢਬਾ ਬਣਾ ਲਿਆ ਹੋਇਆ ਹੈ ਪਰ ਥਾਣੇਦਾਰੀ ਉਸਨੂੰ ਚੰਗੀ ਤਰ੍ਹਾਂ ਕਰਨੀ ਨਹੀਂ ਆਉਂਦੀ। ਲੱਖ ਚਾਹੁੰਦਾ ਹੋਇਆ ਵੀ ਉਹ ਕਦੇ ਚੰਗੀ ਮਾਰ ਨਹੀਂ ਮਾਰ ਸਕਿਆ। ਅਠਾਹੀ ਸਾਲਾਂ ਦੀ ਨੌਕਰੀ ਵਿਚ ਜੇ ਇਕ ਅੱਧ ਵਾਰ ਦਲੇਰੀ ਵਿਖਾਈ ਵੀ ਤਾਂ ਉਹੀ ਉਲਟੀ ਪੈ ਗਈ ਤੇ ਉਹ ਮੁਅਤਲ ਹੋ ਗਿਆ। ਹੁਣ ਸੰਭਲ ਸੰਭਲ ਕੇ ਚੱਲਣ ਵਾਲਾ ਇਹ ਥਾਣੇਦਾਰ ਮਹੀਨੇ ਦਾ ਮਸਾਂ ਦੋ ਢਾਈ ਹਜ਼ਾਰ ਰੁਪਈਆ ਹੀ ਉਪਰੋਂ ਬਣਾ ਸਕਦਾ ਹੈ ਜਦ ਕਿ ਵਗਾਰ ਦੀ ਤਫ਼ਤੀਸ਼ ਵਾਲੇ ਸਾਰੇ ਕੰਮ ਹਮੇਸ਼ਾਂ ਉਸਦੇ ਜਿੰਮੇ ਪੈ ਜਾਂਦੇ ਹਨ। ਇਸ ਹਾਲਤ ਵਿਚ ਉਹ ਰਿਕਸ਼ਾ ਵਾਲਿਆਂ ਜਾਂ ਪਾਨ ਬੀੜੀ ਵਾਲਿਆਂ ਉਤੇ ਰੋਅਬ ਨਾ ਪਾਏ ਤਾਂ ਹੋਰ ਕੀ ਕਰੇ। ਸਿਟੀ ਇਨਚਾਰਜ ਸਬ ਇੰਸਪੈਕਟਰ ਮਨਬੀਰ ਸਿੰਘ ਭੁੱਲਰ ਸ਼ਿਵ ਪ੍ਰਸ਼ਾਦ ਵਾਂਗ ਟੁੱਟਿਆ ਜਿਹਾ ਪੁਲਸੀਆ ਨਹੀਂ। ਉਹ ਖਾਂਦਾ ਪੀਂਦਾ ਜੱਟ ਹੈ। ਪੰਜਾਹ ਹਜ਼ਾਰ ਰੁਪਈਆ ਕਿਸੇ ਦੇ ਮੱਥੇ ਮਾਰ ਕੇ ਉਹ ਭਰਤੀ ਹੋਇਆ ਸੀ। ਮਲੰਗਾਂ ਦਾ ਮੁੰਡਾ ਤਾਂ ਉਹ ਹੈ ਨਹੀਂ, ਪੰਜਾਹ ਏਕੜ ਜ਼ਮੀਨ ਉਹਦੀ ਭਰਤੀ ਹੋਣ ਤੋਂ ਪਹਿਲਾਂ ਹੀ ਸੀ। ਇੰਨੀ ਕੁ ਨੌਕਰੀ ਦੌਰਾਨ ਉਸਨੇ ਹੋਰ ਬਣਾ ਲਈ ਹੈ। ਬਹੁਤਾ ਲਾਲਚ ਕਰਕੇ ਉਹ ਹੁਣ ਤਰੱਕੀ ਦਾ ਮੌਕਾ ਨਹੀਂ ਗੁਆਏਗਾ ਤੇ ਉਹ ਬੰਟੀ ਦੇ ਕੇਸ ਦੀ ਪੂਰੀ ਤਫ਼ਤੀਸ਼ ਕਰੇਗਾ, ਜਿਸ ਕੇਸ ਬਾਰੇ ਸਾਰਾ ਸ਼ਹਿਰ ਚਿੰਤਾਗ੍ਰਸਤ ਹੈ ਤੇ ਮੁੱਖ ਮੰਤਰੀ ਵੀ, ਜੋ ਏਸੇ ਸ਼ਹਿਰ 'ਚੋਂ ਵਿਧਾਨ ਸਭਾ ਦੀ ਚੋਣ ਜਿੱਤ ਕੇ ਗਿਆ ਹੈ।

ਬੰਟੀ ਦੇ ਅਗਵਾ ਦੀ ਬਾਤ ਦਾ ਬਤੰਗੜ ਬਣ ਜਾਣ ਨਾਲ ਸਭ ਤੋਂ ਜ਼ਿਆਦਾ ਤਕਲੀਫ਼ ਐਸ.ਐਚ.ਓ. ਪ੍ਰੀਤਮ ਸਿੰਘ ਨੂੰ ਹੋਈ ਹੈ। ਬਾਹਰੋਂ ਫੋਰਸ ਆਉਣ ਨਾਲ ਤੇ ਸ਼ਹਿਰ ਦੇ ਵੱਖ ਵੱਖ ਖੇਤਰਾਂ ਦੀ ਤਲਾਸ਼ੀ ਨਾਲ ਉਹਨਾਂ 'ਸ਼ਰੀਫ਼' ਆਦਮੀਆਂ ਦੇ ਫਸ ਜਾਣ ਦਾ ਡਰ ਹੈ ਜੋ ਬਾਕਾਇਦਗੀ ਨਾਲ 'ਮਹੀਨਾ' ਤਾਰਦੇ ਰਹੇ ਹਨ। ਅਤੇ ਫੇਰ ਜੇ ਤਫ਼ਤੀਸ਼ ਦਾ ਰੁੱਖ ਦਹਿਸ਼ਤਗਰਦਾ ਵੱਲ ਹੋ ਜਾਵੇ ਯਾਨੀ ਜੇ ਇਹ ਸ਼ੱਕ ਹੋਵੇ ਕਿ ਯੁਵਾ ਸੰਮਤੀ ਦੇ ਸੰਸਥਾਪਕ ਰਾਮ ਲੀਲਾ ਤੇ ਸੇਵਾ ਸੰਮਤੀ ਦੇ ਕਰਤਾ-ਧਰਤਾ ਬਜ਼ੁਰਗ ਲਾਲਾ ਹਰਦਿਆਲ ਦੇ ਪੋਤਰੇ ਬੰਟੀ ਦੇ ਕਤਲ ਪਿੱਛੇ ਦਹਿਸ਼ਤਗਰਦ ਹੋ ਸਕਦੇ ਹਨ ਤਾਂ ਉਹ ਕਿਉਂ ਇਸ ਪਾਸੇ ਤੁਰੇ। ਯੁਵਾ ਸੰਮਤੀ ਦੀ ਨਜ਼ਰ ਵਿਚ ਉਹ ਕੱਟੜ ਸਿੱਖ ਹੈ ਤੇ ਇਸ ਲਈ ਉਹਨਾਂ ਅਨੁਸਾਰ ਉਹ ਕਾਤਲਾਂ ਨੂੰ ਲੱਭਣ ਵਿਚ ਭਲਾ ਦਿਲਚਸਪੀ ਕਿਉਂ ਲਵੇਗਾ। ਤੇ ਫਿਰ ਬਦਬਖਤੀ ਇਹ ਕਿ ਉਸਦੇ ਉਤੇ ਡੀ.ਐਸ.ਪੀ. ਨੌਨਿਹਾਲ ਸਿੰਘ ਬੈਠਾ ਹੈ ਜੋ ਸੌਦੇ ਖੁਦ ਤੈਅ ਕਰਕੇ ਥਾਣੇ ਦੇ ਅਧਿਕਾਰੀਆਂ ਨੂੰ ਵੱਡੇ ਆਦਮੀਆਂ ਨਾਲ ਸੰਬੰਧਿਤ ਮਾਮਲਿਆਂ ਵਿਚ ਕੁਝ ਕਰਨ ਜਾਂ ਨਾ ਕਰਨ ਦੇ ਆਦੇਸ਼ ਦੇ ਛੱਡਦਾ ਹੈ। ਡਿਪਟੀ ਸੁਪਰਡੈਂਟ ਮਿਲਣਸਾਰ ਹੈ ਤੇ ਦਾਨੀ ਵੀ। ਜਦੋਂ ਵੀ ਉਹ ਜ਼ਮੀਨ ਦਾ ਕੋਈ ਸੌਦਾ ਕਰਦਾ ਹੈ ਤਾਂ ਅਖੰਡ ਪਾਠ ਜ਼ਰੂਰ ਕਰਾਉਂਦਾ ਹੈ। ਹੁਣ ਪੈਸਿਆਂ ਦੀ ਕਮੀ ਕਰਕੇ ਪਿੰਡ ਦੀ ਨਿਆਈਂ ਵਾਲੀ ਜ਼ਮੀਨ ਦੇ ਨਾਲ ਲੱਗਦੀ ਝੋਟੇ ਦੇ ਸਿਰ ਵਰਗੀ ਪੰਝੀ ਕਿਲੇ ਜ਼ਮੀਨ ਦਾ ਸੌਦਾ ਵਿਚੇ ਪਿਆ ਹੈ,

ਉਹ ਬੰਟੀ ਦੀ ਤਫ਼ਤੀਸ਼ ਦੇ ਅਜਿਹੇ ਮੌਕੇ ਨੂੰ ਹੱਥੋਂ ਨਹੀਂ ਜਾਣ ਦੇਵੇਗਾ ਅਤੇ ਪੂਰਾ ਤਾਣ ਲਾਵੇਗਾ ਕਿ ਸਾਰੇ ਕੰਮ ਇਸ ਤਫ਼ਤੀਸ਼ ਦੌਰਾਨ ਰਾਸ ਹੋ ਜਾਣ।

ਐਸ.ਐਸ.ਪੀ. ਖਾਨ ਦੂਰ ਸ਼ਹਿਰ ਦਾ ਜੰਮਪਲ ਹੈ ਤੇ ਖਾਨਦਾਨੀ ਰਈਸ। ਉਹ ਵੀ ਈਮਾਨਦਾਰੀ ਨਾਲ ਤਫ਼ਤੀਸ਼ ਕਰਨ ਤੇ ਛੇਤੀ ਹੀ ਕੁਝ ਸਾਰਥਕ ਪ੍ਰਾਪਤੀ ਕਰਨ ਲਈ ਪੂਰੀ ਪਾਹ ਲਾਵੇਗਾ। ਐਪਰ ਡੀ.ਆਈ.ਜੀ. ਨਿਰਭੈ ਸਿੰਘ ਲਈ ਬੰਟੀ ਦੇ ਕਾਤਲ ਲੱਭਣਾ ਸ਼ਾਇਦ ਏਨਾ ਮਹੱਤਵਪੂਰਨ ਨਹੀਂ ਜਿੰਨਾ ਡੀ.ਐਸ.ਪੀ. ਨੌਨਿਹਾਲ ਸਿੰਘ ਨੂੰ ਸਿੱਧਾ ਕਰਨਾ। ਕਿਸੇ ਸਮੇਂ ਡੀ.ਐਸ.ਪੀ. ਹੁੰਦਿਆਂ ਹੋਇਆਂ ਨਕਸਲੀ ਨੌਜਵਾਨਾਂ ਨੂੰ ਝੂਠੇ ਮੁਕਾਬਲਿਆਂ ਵਿਚ ਮਾਰ ਕੇ ਹੁਣ ਡੀ.ਆਈ.ਜੀ. ਦੇ ਪਦ ਤਕ ਪਹੁੰਚਿਆ ਨਿਰਭੈ ਸਿੰਘ ਕਈ ਕਾਰਨਾਂ ਕਰਕੇ ਨੌਨਿਹਾਲ ਨਾਲ ਦੁਖੀ ਹੈ। ਬੰਟੀ ਦੇ ਕਤਲ ਦਾ ਮੌਕੇ ਤੇ ਮੁਆਇਨਾ ਕਰਨ ਲਈ ਤਾਂ ਉਹ ਜਾਵੇਗਾ ਹੀ ਪਰ ਨਾਲ ਦੀ ਨਾਲ ਉਹ ਰਾਏਸਰ ਵਿਚ ਝਗੜੇ ਵਾਲੀ ਪੰਜਾਹ ਕਿਲੇ ਜ਼ਮੀਨ ਉਤੇ ਗਰੇਵਾਲਾਂ ਦਾ ਕਬਜ਼ਾ ਕਰਾਉਣ ਅਤੇ ਖੁੱਡੀ ਵਾਲੇ ਨੰਬਰਦਾਰ ਨੂੰ ਤੰਗ ਕਰਨ ਬਦਲੇ ਡਿਪਨੀ ਨੌਨਿਹਾਲ ਸਿੰਘ ਨੂੰ ਸਬਕ ਸਿਖਾਉਣ ਦਾ ਕੰਮ ਵੀ ਕਰੇਗਾ।

ਬੰਟੀ ਦੇ ਕਤਲ ਦੀ ਤਫ਼ਤੀਸ਼ ਲਈ ਥਾਣੇ ਦੇ ਅਮਲੇ ਤੋਂ ਬਿਨਾਂ ਹੋਰ ਵੀ ਬਹੁਤ ਸਾਰੀ ਫੋਰਸ ਲਾਈ ਗਈ ਹੈ ਜਿਸ ਵਿਚ ਸਬ ਇੰਸਪੈਕਟਰ ਅਮੀ ਚੰਦ ਸ਼ਰਮਾ, ਏ.ਐਸ.ਆਈ. ਗੱਜਣ ਸਿੰਘ ਅਤੇ ਹੌਲਦਾਰ ਦੇਸ ਰਾਜ ਤੋਂ ਬਿਨਾ ਸਬ ਇੰਸਪੈਕਟਰ ਬੂਝਾ ਸਿੰਘ ਵੀ ਸ਼ਾਮਲ ਹਨ। ਬੂਝਾ ਸਿੰਘ ਲੰਮੇ ਸਮੇਂ ਤੋਂ ਸੀ.ਆਈ.ਡੀ. ਵਿਚ ਹੈ, ਜਿਥੇ ਖਾਣ ਪੀਣ ਲਈ ਕੀ ਹੈ- ਖੇਹ ਤੇ ਸੁਆਹ, ਕਿਸੇ ਇਕ ਬਦਮਾਸ਼ ਨੂੰ ਤਸੀਹੇ ਦੇ ਕੇ ਮਾਰ ਦੇਣ ਕਰਕੇ ਉਹ ਕਿੰਨਾ ਚਿਰ ਮੁਅਤਲ ਰਿਹਾ ਹੈ। ਤੇ ਹੁਣ ਉਹ ਪੂਰੇ ਜ਼ੋਰ ਸ਼ੋਰ ਨਾਲ ਬੰਟੀ ਦੇ ਕਾਤਲਾਂ ਨੂੰ ਲੱਭਣ ਦਾ ਯਤਨ ਤਾਂ ਕਰ ਹੀ ਰਿਹਾ ਹੈ। ਪਰ ਨਾਲ ਹੀ ਐਸ.ਐਚ.ਓ. ਪ੍ਰੀਤਮ ਸਿੰਘ ਨਾਲ ਦੁਸ਼ਮਣੀ ਵੀ ਪੁਗਾ ਰਿਹਾ ਹੈ। ਪ੍ਰੀਤਮ ਸਿੰਘ ਨੂੰ ਜੇ ਉਹ ਨਾ ਅਹਿਲ ਸਿੱਧ ਕਰ ਸਕੇ ਤਾਂ ਉਸ ਦੇ ਐਸ.ਐਚ.ਓ. ਬਣ ਜਾਣ ਦੀ ਸੰਭਾਵਨਾ ਵਧ ਜਾਂਦੀ ਹੈ। ਛੋਟੇ ਵੱਡੇ ਪੁਲਸ ਅਫ਼ਸਰਾਂ ਦੇ ਟਾਕਰੇ ਵਿਚ ਬਲਵੰਤ ਸਿੰਘ ਵਰਗੇ ਸਿਪਾਹੀ ਹਨ ਜਿਨ੍ਹਾਂ ਨੇ ਆਪਣੀ ਸਾਰੀ ਉਮਰ ਪੁਲਸ ਦੀ ਨੌਕਰੀ ਵਿਚ ਲਾਈ ਹੈ ਤੇ ਜੋ ਪੁਲਸ ਦੀ ਕਾਰਵਾਈ ਦੀਆਂ ਅਗਾਊਂ ਖਬਰਾਂ ਮੁਜਰਮਾਂ ਜਾਂ ਹੋਰ ਸ਼ੱਕੀਆਂ ਨੂੰ ਦੇ ਕੇ ਥੋੜਾ ਬਹੁਤ ਪੈਸੇ ਕਮਾਉਣ ਲਈ ਮਜ਼ਬੂਰ ਹਨ। ਅਜਿਹਾ ਹੈ ਹੇਠਾਂ ਤੋਂ ਲੈ ਕੇ ਉਪਰ ਤੱਕ ਪੁਲਸ ਦਾ ਢਾਂਚਾ ਜੋ ਮਾਸੂਮ ਬੰਟੀ ਦੇ ਕਾਤਲ ਲੱਭਣ ਲਈ ਯਤਨਸ਼ੀਲ ਹੈ। ਬੱਚੇ ਦੇ ਅਗਵਾ ਤੇ ਕਤਲ ਦਾ ਇਹ ਮਾਮਲਾ ਕੋਈ ਸਾਧਾਰਨ ਮਾਮਲਾ ਤਾਂ ਹੈ ਨਹੀਂ। ਆਖਰ ਮੁੱਖ ਮੰਤਰੀ ਦੇ ਆਪਣੇ ਸ਼ਹਿਰ ਵਿਚ ਇਹ ਅਨਰਥ ਹੋਇਆ ਹੈ ਤੇ ਮੁੱਖ ਮੰਤਰੀ ਦਾ ਆਦੇਸ਼ ਹੈ ਕਿ ਭੋਗ ਪੈਣ ਤੋਂ ਪਹਿਲਾਂ ਪਹਿਲਾਂ ਕਾਤਲ ਲੱਭਣੇ ਜ਼ਰੂਰੀ ਹਨ। ਮੁੱਖ ਮੰਤਰੀ ਦੇ ਅਜਿਹੇ ਸਖਤ ਆਦੇਸ਼ਾਂ ਨਾਲ ਜ਼ਿਲੇ ਦੇ ਡਿਪਟੀ ਕਮਿਸ਼ਨਰ ਗੁਪਤਾ ਦੀ ਜਾਨ ਵੀ ਜਿਵੇਂ ਕੁੜਿੱਕੀ ਵਿਚ ਫਸੀ ਹੋਈ ਹੈ। ਸਾਰੀ ਰਾਜਕੀ ਮਸ਼ੀਨਰੀ ਨੂੰ ਤੇਜ਼ ਕਰਨ ਲਈ ਆਦੇਸ਼ ਦੇਣਾ ਤਾਂ ਉਸਦਾ ਫ਼ਰਜ਼ ਹੀ ਹੈ, ਪਰ ਉਹ ਬਹੁਤੀ ਔਖਿਆਈ ਵਿਚ ਨਹੀਂ ਪਏਗਾ ਅਤੇ ਸਰਕਾਰ ਵੱਲੋਂ ਬੰਟੀ ਦੇ ਪਰਿਵਾਰ ਦੇ ਦੁੱਖ ਵਿਚ ਸ਼ਰੀਕ ਹੋਣ ਤੇ ਸਰਕਾਰ ਵੱਲੋਂ ਕੁਝ ਵਿੱਤੀ ਮਦਦ ਕਰਨ ਦੀ ਆਪਣੀ ਜ਼ਿੰਮੇਵਾਰੀ ਨਿਭਾਉਣ ਤੱਕ ਸੀਮਤ ਰਹੇਗਾ।

ਮਾਮਲਾ ਰਾਜਸੀ ਰੰਗਣ ਧਾਰਨ ਕਰਦਾ ਜਾ ਰਿਹਾ ਹੈ। ਯੁਵਾ ਸੰਮਤੀ ਵਾਲੇ ਤੇ ਹੋਰ ਸੰਸਥਾਵਾਂ ਵਾਲੇ ਕਾਤਲ ਲੱਭਣ ਵਿਚ ਦੇਰੀ ਲਈ ਸਰਕਾਰੀ ਮਸ਼ੀਨਰੀ ਦੀ ਢਿੱਲ-ਮੱਠ ਦੀ ਆਲੋਚਨਾ ਕਰ ਰਹੇ ਹਨ। ਪੱਤਰ ਪ੍ਰੇਰਕਾਂ, ਸ਼ੋਸ਼ਲ

ਵਰਕਰਾਂ ਤੇ ਰਾਜਸੀ ਪਾਰਟੀਆਂ ਦੇ ਨੇਤਾਵਾਂ ਦੇ ਸਬਰ ਦੀ ਸੀਮਾ ਵੀ ਹੱਦਾਂ ਛੋਹ ਰਹੀ ਹੈ। ਪਰ ਸਭ ਕੁਝ ਦੇ ਬਾਵਜੂਦ ਕਾਤਲ ਲੱਭੇ ਨਹੀਂ ਜਾ ਸਕੇ। ਪੁਲਸ ਨੇ ਨਾਕਾਬੰਦੀ ਕੀਤੀ ਹੈ, ਮਾਡਲ ਟਾਊਨ ਵਿਚਲੀਆਂ ਅਮੀਰਾਂ ਦੀਆਂ ਰਿਹਾਇਸ਼ਗਾਹਾਂ ਤੋਂ ਲੈ ਕੇ ਸਾਂਸੀਆਂ ਦੇ ਮੁਹੱਲੇ ਤੇ ਕੁਸ਼ਟ ਆਸ਼ਰਮ ਤੱਕ ਸ਼ਹਿਰ ਦੇ ਕੋਨੇ ਕੋਨੇ ਤੱਕ ਦੀ ਤਲਾਸ਼ੀ ਲਈ ਹੈ, ਪਰ ਕਾਤਲਾਂ ਦੀ ਕਿਤੋਂ ਵੀ ਸੂਹ ਨਹੀਂ ਮਿਲਦੀ। ਮੁੱਖ ਮੰਤਰੀ ਨੂੰ ਮਜ਼ਬੂਰਨ ਜ਼ਿਲਾ ਕਪਤਾਨ ਤੱਕ ਸਾਰੇ ਹੀ ਪੁਲਸ ਅਧਿਕਾਰੀਆਂ ਦੇ ਤਬਾਦਲੇ ਦਾ ਹੁਕਮ ਜਾਰੀ ਕਰਨਾ ਪਿਆ ਹੈ।

ਤਫ਼ਤੀਸ਼ ਦੇ ਸੰਬੰਧ ਵਿਚ ਭੱਦੀ ਤਰ੍ਹਾਂ ਦਾ ਨਾਟਕ ਤਾਂ ਪਹਿਲਾਂ ਹੀ ਹੁੰਦਾ ਰਿਹਾ ਹੈ, ਪਰ ਨਵਾਂ ਐਸ.ਐਚ.ਓ. ਲਾਲ ਸਿੰਘ ਜਿਵੇਂ ਦੋ ਸਾਬਕਾ ਮੁਜਰਮਾਂ ਨੂੰ ਐਵੇਂ ਹੀ ਫਸਾ ਕੇ ਤੇ ਉਹਨਾਂ ਦੇ ਫੜਨ ਦੇ ਸੰਬੰਧ ਵਿਚ ਮੁਕਾਬਲੇ ਦਾ ਪੂਰਾ ਨਾਟਕ ਰਚ ਕੇ ਜਿਵੇਂ ਰਾਜ ਦੇ ਮੁੱਖ ਮੰਤਰੀ ਤੇ ਹੋਰ ਸਭਾ ਸੰਸਥਾਵਾਂ ਦੀ ਮੰਗ ਦੀ ਪੂਰਤੀ ਕਰਦਾ ਹੈ, ਉਹ ਨਿਸ਼ਚੈ ਹੀ ਇਕ ਅਜਿਹੀ ਸਿਖਰ ਹੈ, ਜੋ ਸਾਡੀ ਪੁਲਸ ਦੇ ਨਿਘਾਰ ਨੂੰ ਇਸਦੀ ਕਰੂਰਤਾ ਸਹਿਤ ਪੇਸ਼ ਕਰਦੀ ਹੈ।

ਨਾਵਲ ਵਿਚੋਂ ਪੁਲਸ ਵੱਲੋਂ ਕੀਤੇ ਜਾਂਦੇ ਤਸ਼ੱਦਦ ਸਮੇਤ ਪੁਲਸ ਦੀ ਕਾਰਗੁਜ਼ਾਰੀ ਦੇ ਢੰਗ ਤਰੀਕਿਆਂ, ਸਮਗਲਰਾਂ ਤੋਂ ਮਹੀਨਾ ਲੈਣ, ਮੁਜਰਮਾਂ ਨੂੰ ਅਪਰਾਧ ਜਾਰੀ ਰੱਖਣ ਲਈ ਮਜਬੂਰ ਕਰਨ, ਖੁਦਕਸ਼ੀ ਦੇ ਮਾਮਲੇ ਨੂੰ ਕਤਲ ਤੇ ਕਤਲ ਨੂੰ ਖੁਦਕਸ਼ੀ ਬਣਾਉਣ, ਸਰਕਾਰੀ ਵਕੀਲਾਂ? ਡਾਕਟਰਾਂ ਤੇ ਜੱਜਾਂ ਨਾਲ ਗੰਢ ਤਰੁਪ ਕਰਨ, ਲੋੜ ਅਨੁਸਾਰ ਕਿਸੇ ਕੇਸ ਦਾ ਸਾਰਾ ਰੀਕਾਰਡ ਬਦਲ ਦੇਣ ਆਦਿ ਦੇ ਕਿੰਨੀ ਹੀ ਤਰ੍ਹਾਂ ਦੇ ਵੇਰਵੇ ਜੋ **ਤਫ਼ਤੀਸ਼** ਨਾਵਲ ਵਿਚ ਪ੍ਰਾਪਤ ਹੁੰਦੇ ਹਨ, ਉਹ ਪ੍ਰਮਾਣਿਕ ਤੇ ਮੰਨਣਯੋਗ ਤਾਂ ਹਨ ਹੀ, ਨਾਵਲ ਦੀ ਸਮੁੱਚੀ ਕਹਾਣੀ ਵਿਚ ਗੁੰਦੇ ਵੀ ਏਨੀ ਖੂਬਸੂਰਤੀ ਨਾਲ ਗਏ ਹਨ ਕਿ ਕੁਝ ਵੀ ਅਢੁਕਵਾਂ ਜਾਂ ਗਲਤ ਪ੍ਰਤੀਤ ਨਹੀਂ ਹੁੰਦਾ।

ਪੁਲਸ ਤੋਂ ਬਿਨਾਂ ਦੂਸਰੇ ਸਰਕਾਰੀ ਅਧਿਕਾਰੀ। ਜਿਨ੍ਹਾਂ ਵਿਚ ਸਰਕਾਰੀ ਹਸਪਤਾਲ ਦਾ ਡਾਕਟਰ, ਸਥਾਨਕ ਜੱਜ, ਤਸੀਲਦਾਰ ਤੇ ਹੋਰ ਮੁਅਤਬਰ ਸ਼ਾਮਲ ਹਨ, ਸਭ ਆਪਣੇ ਅਸਲੀ ਰੰਗ ਵਿਚ ਨਾਵਲ ਵਿਚੋਂ ਝਾਤੀ ਮਾਰਦੇ ਹਨ। ਪਾਠਕ ਵਜੋਂ ਇਹਨਾਂ ਦੇ ਸਮੁੱਚੇ ਵਿਵਹਾਰ ਨੂੰ ਵੇਖਦਾ ਹੈ ਤਾਂ ਸਾਡੀ ਪ੍ਰਬੰਧਕੀ ਤੇ ਨਿਆਂ ਵਿਵਸਥਾ ਦੀ ਘਿਣਾਉਣੀ ਹਕੀਕਤ ਸਪਸ਼ਟ ਰੂਪ ਵਿਚ ਨੰਗੀ ਹੋ ਜਾਂਦੀ ਹੈ। ਕਿਸੇ ਵਿਅਕਤੀ ਨੂੰ ਝੂਠੇ ਤੌਰ ਤੇ ਕਿਸੇ ਸੰਗੀਨ ਜੁਰਮ ਵਿਚ ਫਸਾ ਕੇ ਪੁਲਸ ਜੇ ਮੱਕੂ ਠੱਪ ਸਕਦੀ ਹੈ ਤਾਂ ਏਸ ਲਈ ਕਿ ਡਾਕਟਰਾਂ, ਸਰਕਾਰੀ ਵਕੀਲਾਂ ਤੇ ਜੱਜਾਂ ਨੂੰ ਵੀ ਪੁਲਸ ਦੀ ਉਨੀ ਹੀ ਲੋੜ ਹੈ ਜਿੰਨੀ ਪੁਲਸ ਨੂੰ ਉਹਨਾਂ ਦੀ।

ਜਿਥੋਂ ਤੱਕ ਰਾਜਨੀਤੀਵਾਨਾਂ ਤੇ ਹੋਰ ਸਭਾ ਸੰਸਥਾਵਾਂ ਦੇ ਚੌਧਰੀਆਂ ਦਾ ਸਵਾਲ ਹੈ, ਉਹ ਆਪਣੀ ਭੱਲ ਬਣਾਉਣ ਲਈ ਵਿਵਸਥਾ ਦੇ ਵਿਰੁੱਧ ਰੌਲਾ-ਰੱਪਾ ਤਾਂ ਜ਼ਰੂਰ ਪਾਉਣਗੇ ਪਰ ਮੁੱਖ ਉਦੇਸ਼ ਉਹਨਾਂ ਦਾ ਵੀ ਆਪਣੇ ਲਈ ਜਾਂ ਆਪਣੇ ਪਰਿਵਾਰ ਲਈ ਵੱਡੀ ਪੱਧਰ ਤੇ ਵਿੱਤੀ ਸਹੂਲਤਾਂ ਹਾਸਲ ਕਰਨਾ ਹੁੰਦਾ ਹੈ ਜੋ ਵਿਵਸਥਾ ਨਾਲ ਹਕੀਕੀ ਵਿਰੋਧ ਦੀ ਸੂਰਤ ਵਿਚ ਹਾਸਲ ਕਰਨੀਆਂ ਸੰਭਵ ਨਹੀਂ। ਯੁਵਾ ਸੰਘ ਦਾ ਸ਼੍ਰੇਣਿਕ ਚਰਿਤਰ ਅਜਿਹਾ ਹੈ ਕਿ ਉਹ ਸ਼ਹਿਰ ਦੇ ਗਰੀਬ ਗੁਰਬਿਆਂ ਦੀ ਪੁਲਸ ਵੱਲੋਂ ਮਾਰ ਕੁਟਾਈ ਉਤੇ ਤਾਂ ਕੋਈ ਉਜਰ ਨਹੀਂ ਕਰੇਗੀ, ਪਰ ਇਹ ਬਰਦਾਸ਼ਤ ਨਹੀਂ ਕਰ ਸਕਦੀ ਕਿ ਪੁਲਸ ਸੰਪੰਨ ਵਰਗਾਂ ਦੇ ਲੋਕਾਂ ਨੂੰ ਖਾਹਮਖਾਹ ਤੰਗ ਕਰੇ ਜੋ ਆਪਣੀਆਂ ਆਰਾਮਦੇਹ ਕੋਠੀਆਂ ਵਿਚ ਪੱਛਮੀ ਢੰਗ ਨਾਲ ਰਹਿੰਦੇ, ਦਾਰੂ ਦੇ ਜਸ਼ਨ ਮਨਾਉਂਦੇ, ਸਮੇਂ ਸਮੇਂ ਪਰਾਈਆਂ ਤੀਵੀਂਆਂ ਦਾ ਸੰਗ ਮਾਣਦੇ ਹਰ ਜਾਇਜ਼ ਨਾਜਾਇਜ਼ ਧੰਦਾ ਕਰਦੇ ਹਨ।

ਤਥਾ-ਕਥਿਤ ਪਤਵੰਤੇ, ਸਭਾ ਸੰਸਥਾਵਾਂ ਦੇ ਮੁਖੀ ਤੇ ਰਾਜਸੀ ਨੇਤਾ ਸਭ ਕਿਸੇ ਨਾ ਕਿਸੇ ਰੂਪ ਵਿਚ ਵਿਵਸਥਾ ਦਾ ਹੀ ਅੰਗ ਹਨ। ਲੇਖਕ ਇਹਨਾਂ ਦੇ ਅੰਦਰੂਨੀ ਤੇ ਬਾਹਰੀ ਚਰਿੱਤਰ ਨੂੰ ਪੇਸ਼ ਕਰਨ ਸਮੇਂ ਜੋ ਕੁਝ ਸਨਕੀ ਵਤੀਰਾ ਅਪਣਾਉਂਦਾ ਜਾਪਦਾ ਹੈ ਤਾਂ ਇਸ ਵਿਚ ਕਸੂਰ ਬਹੁਤਾ ਲੇਖਕ ਦਾ ਨਹੀਂ, ਉਸ ਵਿਵਸਥਾ ਦਾ ਹੀ ਹੈ ਜਿਸ ਨੇ ਸਭ ਮਾਨਵੀ ਤੇ ਸਮਾਜੀ ਕਦਰਾਂ-ਕੀਮਤਾਂ ਨੂੰ ਉਲਟ-ਪੁਲਟ ਕਰ ਰੱਖਿਆ ਹੈ। ਇਹ ਸਾਰੇ ਲੋਕ ਵੀ ਪੁਲਸ ਦੇ ਅਧਿਕਾਰੀਆਂ ਵਾਂਗ ਵਿਅਕਤੀ ਪਾਤਰ ਦੀ ਬਜਾਏ ਵਿਵਸਥਾ ਦੇ ਪ੍ਰਤੀਕ ਵਜੋਂ ਹੀ ਸਾਹਵੇਂ ਆਉਂਦੇ ਹਨ। ਸਿਆਸਤਦਾਨ, ਵਪਾਰੀ, ਡਾਕਟਰ, ਵਕੀਲ, ਕਾਰਖਾਨੇਦਾਰ ਤੇ ਵੱਡੇ ਜ਼ਿਮੀਂਦਾਰਾਂ ਦੇ ਇਸ ਵਰਗ ਨੇ ਆਪਣੇ ਅੱਗੇ ਇਕ ਚਿੱਟੀ ਚਾਦਰ ਤਾਣ ਰੱਖੀ ਹੈ ਜਿਸ 'ਚੋਂ ਜੇ ਕੋਈ ਮਘੋਰਾ ਹੋਵੇ ਤਾਂ ਪਤਾ ਲੱਗੇਗਾ ਕਿ ਹਰੇਕ ਨੇ ਆਪਣੀ ਜਾਇਦਾਦ ਵਧਾਉਣ ਲਈ ਕੀ ਕੀ ਹੱਕ ਕੰਡੇ ਵਰਤੇ ਹਨ ਤੇ ਅਯਾਸ਼ੀ ਨੂੰ ਕਿਸ ਪੱਧਰ ਤਕ ਪੁਚਾਇਆ ਹੈ। ਕਿਸੇ ਨੇ ਪਤਨੀ ਦਾ ਕਤਲ ਕੀਤਾ ਹੈ, ਕੋਈ ਕਾਲ ਗਰਲਜ਼ ਦੇ ਚੱਕਰਾਂ ਵਿਚ ਹੈ, ਕਿਸੇ ਨੇ ਆਪਣੇ ਕਾਰਖਾਨੇ ਨੂੰ ਆਪ ਹੀ ਅੱਗ ਲਾ ਕੇ ਲੱਖਾਂ ਦੇ ਕਲੇਮ ਵਸੂਲ ਕੀਤੇ ਹਨ, ਕਿਸੇ ਨੇ ਸੱਤਾ ਦੇ ਕੇਂਦਰ ਦੇ ਨੇੜੇ ਰਹਿੰਦਿਆਂ ਭਾਂਤ ਭਾਂਤ ਦੀਆਂ ਏਜੰਸੀਆਂ ਵਿਚ ਹਿੱਸਾ ਪੱਤੀ ਰਾਹੀਂ ਬੇਸ਼ੁਮਾਰ ਧਨ ਜਮਾਂ ਕੀਤਾ ਹੈ। ਇਹਨਾਂ ਲੋਕਾਂ ਲਈ ਬੰਟੀ ਦੇ ਕਤਲ ਕਾਰਨ ਸ਼ਹਿਰ ਵਿਚ ਲੱਗੇ ਕਰਫਿਊ ਦਾ ਮਤਲਬ ਹੈ ਘਰਾਂ ਅੰਦਰ ਹੀ ਬਣਾਈ ਬਾਰ ਵਿਚ ਬੈਠ ਕੇ ਦਾਰੂ ਛੱਕਣਾ, ਜੂਆ ਖੇਡਣਾ, ਵੀ.ਡੀ.ਓ. ਫਿਲਮਾਂ ਵੇਖਣਾ ਤੇ ਪੱਛਮੀ ਸੰਗੀਤ ਦਾ ਆਨੰਦ ਮਾਨਣਾ। ਜਿੰਨ੍ਹਾਂ ਨੇ ਜਨਤਕ ਕੰਮਾਂ ਵਿਚ ਹਿੱਸਾ ਲੈਣ ਦੀ ਮਜ਼ਬੂਰੀ ਹੈ, ਉਹ ਇਸ ਘਟਨਾ ਨੂੰ ਆਪਣੇ ਨਿੱਜੀ ਹਿੱਤਾਂ ਅਨੁਸਾਰ ਲੋੜੀਂਦੀ ਮਰੋੜੀ ਦੇਣਗੇ। ਮੁੱਖ ਮੰਤਰੀ ਤੇ ਪ੍ਰਬੰਧਕੀ ਮਸ਼ੀਨਰੀ ਵਿਰੁੱਧ ਆਵਾਜ਼ ਬੁਲੰਦ ਕਰਕੇ ਆਪਣਾ ਨਾਉਂ ਚਮਕਾਉਣਗੇ ਤੇ ਜਾਂ ਚਾਹ ਪਾਰਟੀ ਸਮੇਂ ਉਸ ਦੇ ਨੇੜ ਹੋ ਕੇ ਫੋਟੋਆਂ ਖਿਚਵਾਉਣ ਲਈ ਦੂਜਿਆਂ ਨੂੰ ਪਿੱਛੇ ਧੱਕ ਕੇ ਅੱਗੇ ਆਉਣ ਦਾ ਯਤਨ ਕਰਨਗੇ। ਵਿਵਸਥਾ ਦਾ ਸਾਰਾ ਸਰੋਕਾਰ ਇਸੇ ਵਰਗ ਲਈ ਹੈ ਨਾ ਕਿ ਉਹਨਾਂ ਲੋਕਾਂ ਲਈ ਜੋ ਸ਼ਹਰਿ ਤੋਂ ਬਾਹਰਲੀਆਂ ਬਸਤੀਆਂ ਵਿਚ ਅਣਹੋਇਆਂ ਵਰਗੀ ਜ਼ਿੰਦਗੀ ਜੀ ਰਹੇ ਹਨ। ਇਨ੍ਹਾਂ ਗਰੀਬ ਲੋਕਾਂ ਵਿਚ ਕਿਰਤ ਕਰਕੇ ਦਿਨ ਕਟੀ ਕਰਨ ਵਾਲਿਆਂ ਦੇ ਨਾਲ ਨਾਲ ਨਿੱਕਾ ਮੋਟਾ ਅਪਰਾਧ ਕਰਨ ਵਾਲੇ ਕੁਝ ਲੋਕ ਵੀ ਹਨ। ਸਮੇਂ ਸਮੇਂ ਪੁਲਸ ਦੇ ਦਮਨ ਦਾ ਸ਼ਿਕਾਰ ਹੋਣ ਤੇ ਮਾਵਾਂ ਭੈਣਾਂ ਦੀ ਪੁਲਸ ਹੱਥੋਂ ਬੇਪਤੀ ਹੋਣਾ ਇਨ੍ਹਾਂ ਲਈ ਕੋਈ ਅਸਾਧਾਰਨ ਵਰਤਾਰਾ ਨਹੀਂ। ਤਫ਼ਤੀਸ਼ ਦੌਰਾਨ ਪੁਲਸ ਨੇ ਵਧੇਰੇ ਕਰਕੇ ਇਹਨਾਂ ਲੋਕਾਂ ਨੂੰ ਹੀ ਫੜ ਕੇ ਥਾਣੇ ਵਿਚ ਲਿਆਂਦਾ ਸੀ ਤੇ ਝੁਰਲੂ, ਰੱਸਾ, ਘੋਟਣਾ, ਕੁਰਸੀ, ਮੰਜਾ, ਪਿੰਜਰਾ ਆਦਿ ਤਸ਼ੱਦਦ ਦੀਆਂ ਵੱਖ ਵੱਖ ਵਿਧੀਆਂ ਦੀ ਇਹਨਾ ਉੱਤੇ ਵਰਤੋਂ ਕੀਤੀ ਸੀ। ਇਹ ਸਾਰੇ ਹੀ ਖ਼ੈਰ ਕਿਵੇਂ ਨਾ ਕਿਵੇਂ ਛੱਡ ਦਿੱਤੇ ਗਏ ਤੇ ਪਿੱਛੇ ਰਹਿ ਗਏ ਇਹਨਾਂ ਨੇ ਹੀ ਦੋ ਭਰਾ ਭਾਈ ਮੀਤਾ ਤੇ ਪਾਲਾ, ਜਿੰਨ੍ਹਾਂ ਨੇ ਜੇਬ ਕੱਟਣ ਜਾਂ ਚੋਰੀ ਦਾ ਧੰਦਾ ਚਿਰੋਜਣਾ ਛੱਡ ਦਿੱਤਾ ਸੀ। ਥਾਣੇ ਵਿਚ ਕਿੰਨੇ ਹੀ ਦਿਨਾਂ ਤੱਕ ਬੈਠੇ ਰਹੇ ਇਹਨਾਂ ਦੋਨਾਂ ਵਿਅਕਤੀਆਂ ਨੂੰ ਕੋਈ ਹੋਰ ਕਾਤਲ ਨਾ ਜੁੜਨ ਤੇ ਪੁਲਸ ਕਾਤਲ ਘੋਸ਼ਿਤ ਕਰਦੀ ਹੈ ਤੇ ਇਸ ਮੰਤਵ ਲਈ ਸਾਰਾ ਰੀਕਾਰਡ ਨਵੇਂ ਸਿਰਿਉਂ ਤਿਆਰ ਕਰਕੇ ਜੱਜ ਨਾਲ ਅਗਾਊਂ ਸਲਾਹ ਕਰਕੇ ਹੋਰ ਵਧੇਰੇ ਪੁੱਛ ਗਿੱਛ ਲਈ ਰੀਮਾਂਡ ਲੈਣ ਦਾ ਵੱਡਾ ਕਾਰਨਾਮਾ ਸਰ ਅੰਜ਼ਾਮ ਕਰਨ ਵੱਲ ਤੁਰਦੀ ਹੈ।

ਬੰਟੀ ਦੇ ਕਤਲ ਦੀ ਇਸ ਕਹਾਣੀ ਦੇ ਬਿਆਨ ਦੇ ਅੰਤਰਗਤ ਅਨੇਕਾਂ ਹੀ ਪ੍ਰਸੰਗਕ ਵੇਰਵੇ ਨਾਵਲ ਵਿਚ ਮਿਲਦੇ ਹਨ ਜੋ ਸਮਕਾਲੀ ਸਮਾਜਕ, ਆਰਥਿਕ ਤੇ ਰਾਜਨੀਤਿਕ ਜੀਵਨ ਦੀਆਂ ਪਰਤਾਂ ਨੂੰ ਸੰਕੇਤ ਮਾਤਰ ਛੋਂਹਦੇ ਹਨ। ਇਹਨਾਂ ਸਭਨਾਂ ਪਰਤਾਂ ਦਾ ਉਲੇਖ ਇਸ ਨਿਬੰਧ ਵਿਚ ਕਰ ਸਕਣਾ ਸੰਭਵ ਨਹੀਂ, ਏਨਾ ਹੀ ਕਿਹਾ ਜਾ ਸਕਦਾ ਹੈ ਕਿ ਮਿੱਤਰ

ਸੈਨਮੀਤ ਨੇ ਨਾਵਲ ਦੀ ਵਿਧਾ ਦੀ ਸਮਰੱਥਾ ਦੀ ਪੂਰਨ ਵਰਤੋਂ ਕਰਦਿਆਂ ਹੋਇਆਂ ਇਹਨਾਂ ਨੂੰ ਉਪਯੁਕਤ ਰੂਪ ਵਿਚ ਨਾਵਲ ਵਿਚ ਗੁੰਦਿਆ ਹੈ ਤੇ ਇੰਞ ਇਕ ਨਿਸ਼ਚਿਤ ਵਿਸ਼ੇ ਉਤੇ ਨਾਵਲ ਦੀ ਰਚਨਾ ਕਰਨ ਦੇ ਆਪਣੇ ਮੂਲ ਮੁੱਦੇ ਤੋਂ ਪਾਸੇ ਨਾ ਜਾਂਦਿਆਂ ਹੋਇਆ ਨਾਵਲ ਦੇ ਪੂੰਜੀਵਾਦੀ ਯੁਗ ਦੇ ਮਹਾਂਕਾਵਿ ਹੋਣ ਦੇ ਮਾਪਦੰਡ ਨੂੰ ਛੋਹਣ ਦਾ ਉਪਰਾਲਾ ਕੀਤਾ ਹੈ।

ਸਾਡੇ ਬਹੁਤ ਸਾਰੇ ਸਮਰੱਥ ਨਾਵਲਕਾਰ ਵੀ ਨਾਵਲ ਦੇ ਸਰੂਪ ਦੇ ਕੁਝ ਖੁਲ੍ਹ ਵਾਲੇ ਚਰਿੱਤਰ ਦੀ ਭੁਲਾਂਦਰੇਮਈ ਸਮਝ ਕਰਕੇ ਵਿਸ਼ੈ ਵਸਤ, ਪਾਤਰਾਂ ਤੇ ਘਟਨਾਵਾਂ ਦਾ ਇਸ ਤਰ੍ਹਾਂ ਦਾ ਖਿਲਾਰਾ ਨਾਵਲ ਵਿਚ ਪਾ ਲੈਂਦੇ ਹਨ ਕਿ ਉਹਨਾਂ ਲਈ ਸਭ ਕੁਝ ਨੂੰ ਢੁਕਵੀਂ ਜੁਗਤ ਰਾਹੀਂ ਸਮੇਟਣਾ ਤੇ ਇਕ ਚੰਗੀ ਨਾਵਲ ਕਲਾ ਕਿਰਤ ਵਿਚ ਢਾਲਣਾ ਮੁਸ਼ਕਲ ਹੋ ਜਾਂਦਾ ਹੈ। ਮਿੱਤਰ ਸੈਨ ਮੀਤ ਦਾ ਇਹ ਨਾਵਲ ਇਸ ਦੋਸ਼ ਤੋਂ ਮੁਕਤ ਹੈ। ਇਸ ਵਿਚ ਵਿਸ਼ੈ-ਵਸਤੂ ਦਾ ਨਿਭਾਅ ਏਨਾ ਸੰਜਮੀ ਤੇ ਜੁਗਤ ਭਰਪੂਰ ਹੈ ਕਿ ਉਸ 'ਚੋਂ ਕੋਈ ਛਿਦਰ ਲੱਭਣਾ ਕਾਫ਼ੀ ਕਠਿਨ ਕੰਮ ਜਾਪਦਾ ਹੈ। ਨਾਵਲ ਦੇ ਹਰ ਕਾਂਡ ਵਿਚ ਭਾਵੇਂ ਫੋਕਸ ਵੱਖਰੇ ਵੱਖਰੇ ਪਾਤਰ ਉਤੇ ਅਤੇ ਕਿਸੇ ਨਿਵੇਕਲੀ ਘਟਨਾ ਉਤੇ ਹੈ, ਪਰ ਹਰ ਕਾਂਡ ਅਗਲੇ ਪਿਛਲੇ ਕਾਂਡ ਨਾਲ ਤੇ ਹਰ ਪਾਤਰ ਦੂਸਰੇ ਪਾਤਰਾਂ ਨਾਲ ਅਜਿਹੇ ਕੁਸ਼ਲ ਢੰਗ ਨਾਲ ਇਕ ਸੰਬੰਧ ਵਿਚ ਬੰਨ੍ਹਿਆ ਗਿਆ ਹੈ ਕਿ ਪ੍ਰਤੀਤ ਹੀ ਨਹੀਂ ਹੁੰਦਾ ਕਿ ਲੇਖਕ ਨੇ ਕਹਾਣੀ ਦੀ ਅਛੋਪਲੇ ਹੀ ਇਕ ਵੱਖਰੀ ਤੰਦ ਛੁਹ ਲਈ ਹੈ ਜੋ ਵੱਖਰੀ ਹੋਂਦ ਰੱਖਦੀ ਹੋਈ ਨਾਵਲ ਦੀ ਸਮੁੱਚੀ ਵਿਉਂਤ ਵਿਚ ਚੰਗੀ ਤਰ੍ਹਾਂ ਸੰਯੁਗਤ ਹੈ। ਇਹਨਾਂ ਸਾਰੀਆਂ ਤੰਦਾਂ ਨੂੰ ਸੰਯੁਗਤ ਕਰਨ ਦਾ ਕਾਰਜ ਕਟਾਖਸ਼ ਤੇ ਵਿਅੰਗ ਵਾਲੀ ਉਸ ਸ਼ੈਲੀ ਨੇ ਨਿਭਾਇਆ ਹੈ ਜੋ ਨਾਵਲ ਦੀ ਸਮੁੱਚੀ ਆਤਮਾ ਵਿਚ ਰਮੀ ਹੋਈ ਹੈ। ਇਸ ਸਮੇਂ ਕੁਝ ਸੰਸਾਰ ਪ੍ਰਸਿੱਧ ਗਲਪ-ਰਚਨਾਵਾਂ ਦਾ ਪ੍ਰਸੰਗਕ ਹਵਾਲਾ ਦੇਣ ਦਾ ਲਾਲਚ ਮੇਰੇ ਮਨ ਵਿਚ ਹੈ ਪਰ ਆਪਣੇ ਨਿਬੰਧ ਨੂੰ ਅਤਿਕਥਨੀ ਦੇ ਪ੍ਰਭਾਵ ਤੋਂ ਬਚਾਉਣ ਲਈ ਇਸ ਤਰ੍ਹਾਂ ਦੇ ਹਵਾਲੇ ਦੇਣ ਤੋਂ ਸੰਕੋਚ ਹੀ ਕਰਾਂਗਾ। ਫੇਰ ਵੀ ਏਨਾ ਤਾਂ ਕਿਹਾ ਹੀ ਜਾ ਸਕਦਾ ਹੈ ਕਿ ਅਨਿਆਈ ਸਮਾਜ-ਵਿਵਸਥਾ ਨੂੰ ਚਿਤਰਨ ਲਈ ਕਟਾਖਸ਼ ਤੇ ਵਿਅੰਗ ਦੀ ਸ਼ੈਲੀ ਇਸ ਨਾਵਲ ਨੂੰ ਬਹੁਤ ਰਾਸ ਆਈ ਹੈ।

ਨਾਵਲ ਦੇ ਅੰਤ ਵਿਚ ਬਾਬਾ ਗੁਰਦਿਤ ਸਿੰਘ ਤੇ ਉਸਦੇ ਸੰਗੀਆਂ ਦੇ ਰੂਪ ਵਿਚ ਮੀਤ ਨੇ ਕੁਝ ਸਾਰਥਿਕ ਪਾਤਰਾਂ ਦੀ ਰਚਨਾ ਕਰਨ ਦਾ ਯਤਨ ਕੀਤਾ ਹੈ। ਰਵਾਇਤੀ ਪ੍ਰਗਤੀਵਾਦੀ ਦ੍ਰਿਸ਼ਟੀ ਤੋਂ ਲੋਕ ਹਿੱਤਾਂ ਨਾਲ ਆਪਣੀ ਪ੍ਰਤਿਬੱਧਤਾ ਦਾ ਪ੍ਰਮਾਣ ਦੇਣ ਲਈ ਇਸ ਤਰ੍ਹਾਂ ਦੇ ਪਾਤਰਾਂ ਦਾ ਨਾਵਲ ਵਿਚ ਆਉਣਾ ਅਨਿਵਾਰੀ ਸਮਝਿਆ ਜਾਂਦਾ ਹੈ। ਪਰ ਪ੍ਰਗਤੀਵਾਦ ਦੀ ਮੇਰੀ ਸਮਝ ਇਹ ਆਖਦੀ ਹੈ ਕਿ ਅਜਿਹੇ ਪਾਤਰ ਯਥਾਰਥ ਦੀ ਪ੍ਰਮਾਣਿਕਤਾ ਨੂੰ ਦੂਸ਼ਤ ਕਰਕੇ ਭਵਿਖਮੁਖੀ ਸੁਨੇਹੇ ਦਾ ਕਾਰਜ ਨਿਭਾਉਣ ਲਈ ਹੀ ਜੇਕਰ ਨਾਵਲ ਵਿਚ ਪ੍ਰਵੇਸ਼ ਕਰਦੇ ਹਨ ਤਾਂ ਇਹ ਕੋਈ ਸਲਾਹੁਣਯੋਗ ਗੱਲ ਨਹੀਂ। ਕਿਸੇ ਵੀ ਲੇਖਕ ਦੀ ਦ੍ਰਿਸ਼ਟੀ ਤਾਂ ਨਾਵਲ ਵਰਗੀ ਲਿਖਤ ਵਿਚ ਅਵੱਸ਼ ਰਮੀ ਹੀ ਹੁੰਦੀ ਹੈ, ਇਸ ਨੂੰ ਵਧੇਰੇ ਉਚੀ ਸੁਰ ਪ੍ਰਦਾਨ ਕਰਨਾ ਸਾਹਿਤਕ ਕਿਰਤ ਦੇ ਮੁੱਲ ਦੀ ਦ੍ਰਿਸ਼ਟੀ ਤੋਂ ਕੋਈ ਚੰਗੀ ਗੱਲ ਨਹੀਂ। ਬਾਬਾ ਗੁਰਦਿੱਤ ਸਿੰਘ ਤੇ ਉਸਦੇ ਸੰਗੀਆਂ ਨਾਲ ਲੇਖਕ ਦਾ ਮੋਹ ਨਿੰਦਣੀ ਨਹੀਂ, ਪਰ ਇਹ ਗੱਲ ਇਤਰਾਜ਼ਯੋਗ ਹੈ ਕਿ ਉਹ ਆਪਣੇ ਯਥਾਰਥਕ ਰੂਪ ਵਿਚ ਤੇ ਸਹਿਜ ਢੰਗ ਨਾਲ ਹੀ ਨਾਵਲ ਦੀ ਕਹਾਣੀ ਵਿਚ ਪ੍ਰਵੇਸ਼ ਕਿਉਂ ਨਹੀਂ ਕਰਦੇ। ਮੀਤ ਨੇ ਨਾਵਲ ਦੀ ਰਚਨਾ ਦੌਰਾਨ ਲੰਮੇ ਸਮੇਂ ਤੱਕ ਤਾਂ ਉਹਨਾਂ ਨੂੰ ਚੇਤੇ ਹੀ ਨਹੀਂ ਕੀਤਾ ਤੇ ਫੇਰ ਉਹਨਾਂ ਨੂੰ ਅਗੰਮੀ ਸ਼ਕਤੀ ਵਾਲੇ ਮਸੀਹਿਆਂ ਵਾਂਗ ਅਚਾਨਕ ਮੰਚ ਉਤੇ ਲੈ ਆਂਦਾ ਹੈ। ਲੇਖਕ ਇਹਨਾਂ ਨੂੰ ਪੇਸ਼ ਕਰਨ ਸਮੇਂ ਲੋੜੀਂਦੀ ਕਲਾਤਮਕ ਵਿਥ ਨਹੀਂ ਸਿਰਜ ਸਕਿਆ। ਇਸਦਾ ਪ੍ਰਮਾਣ ਇਸ ਤੋਂ ਹੀ ਲੱਗ ਜਾਂਦਾ ਹੈ ਕਿ ਉਸਨੇ ਨਾਵਲ ਦੀਆਂ ਘਟਨਾਵਾਂ ਤੇ ਪਾਤਰਾਂ ਨੂੰ ਗਲਪੀ ਰੂਪ ਵਿਚ ਪੇਸ਼ ਕਰਦਿਆਂ ਕਰਦਿਆਂ ਅਸਲੀ

ਨਾਵਾਂ ਥਾਵਾਂ ਦਾ ਜ਼ਿਕਰ ਵੀ ਛੋਹ ਦਿੱਤਾ ਹੈ। ਨਾਵਲ ਦੇ ਅੰਤ ਵਿਚ ਜੋ ਭਵਿਖਾਰਥੀ ਸੰਕੇਤ ਲੇਖਕ ਦੇਣਾ ਚਾਹੁੰਦਾ ਹੈ, ਮੇਰੀ ਜਾਚੇ ਉਹ ਰਵਾਇਤੀ ਪ੍ਰਗਤੀਵਾਦੀ ਵਿਧੀ ਤੋਂ ਹਟ ਕੇ ਵਧੇਰੇ ਪ੍ਰਭਾਵਕਾਰੀ ਰੂਪ ਵਿਚ ਦਿੱਤਾ ਜਾ ਸਕਦਾ ਸੀ।

ਮਿੱਤਰ ਸੈਨ ਮੀਤ ਦੇ ਇਸ ਨਾਵਲ ਦੁਆਰਾ ਯਥਾਰਥਵਾਦ ਦੀ ਵਿਧੀ ਦੇ ਕਟਾਖਸ਼, ਵਿਅੰਗ ਤੇ ਗਰਾਹੀ ਵਰਗੇ ਕੁਝ ਘੱਟ ਗੌਲੇ ਪੱਖਾਂ ਦੀ ਸਾਰਥਕਤਾ ਨੂੰ ਉਭਾਰਨ ਦਾ ਅਹਿਮ ਕਾਰਜ ਨਿਭਾਇਆ ਹੈ। ਉਮੀਦ ਹੈ ਪੰਜਾਬੀ ਸਾਹਿਤ-ਜਗਤ ਮੀਤ ਤੇ ਇਸ ਯਤਨ ਦਾ ਢੁਕਵਾਂ ਸਾਰਥਕ ਹੁੰਗਾਰਾ ਦੇਵੇਗਾ।

## 'ਤਫ਼ਤੀਸ਼'- ਗਲਪ ਦ੍ਰਿਸ਼ਟੀ ਅਤੇ ਤਕਨੀਕ

**-ਪ੍ਰੋ. ਨਰਿੰਜਨ ਤਸਨੀਮ**

ਨਾਵਲ ਨੂੰ ਸੜਕ ਉੱਤੇ ਚਲਦਾ ਫਿਰਦਾ ਸ਼ੀਸ਼ਾ ਕਿਹਾ ਗਿਆ ਹੈ। ਇਸ ਵਿਚ ਵਕਤ ਦੇ ਸਮਾਜ ਦਾ ਪ੍ਰਤਿਬਿੰਬ ਦੇਖਿਆ ਜਾ ਸਕਦਾ ਹੈ। ਮਿੱਤਰ ਸੈਨ ਮੀਤ ਦੇ ਨਾਵਲ **ਤਫ਼ਤੀਸ਼** ਉਤੇ ਇਹ ਗੱਲ ਪੂਰੀ ਤਰ੍ਹਾਂ ਢੁਕਦੀ ਹੈ। ਇਹ ਨਾਵਲ ਅਜੋਕੇ ਸਮਾਜ ਦਾ ਚਿਤਰ ਪੂਰੀ ਸੁਹਿਰਦਤਾ ਨਾਲ ਪੇਸ਼ ਕਰਦਾ ਹੈ। ਇਸ ਪਦਾਰਥਵਾਦੀ ਯੁੱਗ ਵਿਚ ਹਰ ਵਿਅਕਤੀ ਕਿਸੇ ਨਾ ਕਿਸੇ ਨਿੱਜੀ ਲਾਭ ਨੂੰ ਸਨਮੁਖ ਰੱਖ ਕੇ ਹੀ ਹਰਕਤ ਵਿਚ ਆਉਂਦਾ ਹੈ। ਸਮਾਜ ਸੁਧਾਰਕ ਜਾਂ ਧਾਰਮਿਕ ਸੰਸਥਾਵਾਂ ਜਾਂ ਰਾਜਨੀਤਕ ਜੱਥੇਬੰਦੀਆਂ ਕਿਸੇ ਨਾ ਕਿਸੇ ਢੰਗ ਨਾਲ ਸਵਾਰਥ ਦੀ ਪਾਲਨਾ ਹੀ ਕਰਦੀਆਂ ਹਨ। ਇਹਨਾਂ ਦੀ ਹਰ ਚਾਲ ਗਿਣੀ ਮਿੱਥੀ ਹੁੰਦੀ ਹੈ ਅਤੇ ਭਾਵੁਕਤਾ ਦਾ ਸਹਾਰਾ ਲੈ ਕੇ ਇਹ ਆਪਣੇ ਮੰਤਵ ਦੀ ਪੂਰਤੀ ਕਰਦੀਆਂ ਹਨ। ਇਹਨਾਂ ਸੰਸਥਾਵਾਂ ਅਤੇ ਜੱਥੇਬੰਦੀਆਂ ਦਾ ਇਕ ਤਾਂ ਬਾਹਰੀ ਸਵਰੂਪ ਹੁੰਦਾ ਹੈ, ਦੂਸਰਾ ਇਹਨਾਂ ਦਾ ਅੰਦਰਲਾ ਚਹਿਨ-ਚੱਕਰ ਹੁੰਦਾ ਹੈ। ਇਕ ਦੁਨੀਆ ਜੋ ਨਜ਼ਰ ਆ ਰਹੀ ਹੈ, ਦੂਸਰੀ ਦੁਨੀਆ ਜੋ ਅੱਖੋਂ ਉਹਲੇ ਹੈ। ਇਹਨਾਂ ਦੋਹਾਂ ਦੁਨੀਆਵਾਂ ਵਿਚ ਵਿਰੋਧਾਭਾਸ ਹੈ, ਪਰ ਇਹ ਇਕ ਦੂਸਰੇ ਦੇ ਉਲਟ ਹੁੰਦੀਆਂ ਹੋਈਆਂ ਵੀ ਇਕ ਦੂਸਰੇ ਦੀਆਂ ਪੂਰਕ ਹਨ। ਇਕੋ ਤਸਵੀਰ ਦੇ ਦੋ ਪਾਸੇ- ਇਕ ਦਿਲਕਸ਼, ਦੂਸਰਾ ਦਿਲਦੋਜ਼।

**ਤਫ਼ਤੀਸ਼** ਦੀ ਕਹਾਣੀ ਇਕ ਛੋਟੀ ਜਿਹੀ ਘਟਨਾ ਉੱਤੇ ਆਧਾਰਿਤ ਹੈ। ਇਕ ਬੱਚਾ ਬੰਟੀ ਗੁੰਮ ਹੋ ਜਾਂਦਾ ਹੈ। ਅਗਵਾਹਕਾਰਾਂ ਨੇ ਪੰਜ ਹਜ਼ਾਰ ਰੁਪਏ ਮੰਗੇ ਹਨ। ਰਕਮ ਮਾਮੂਲੀ ਹੈ ਪਰ ਚਿੱਠੀ ਇਸ ਢੰਗ ਨਾਲ ਮਿਲਦੀ ਹੈ ਕਿ ਅਗਵਾਕਾਰਾਂ ਨਾਲ ਸੰਪਰਕ ਕਾਇਮ ਨਹੀਂ ਹੋ ਸਕਦਾ। ਸਾਰੇ ਨਗਰ ਵਿਚ ਗੱਲ ਫੈਲ ਜਾਂਦੀ ਹੈ ਅਤੇ ਦਿਨ ਪ੍ਰਤੀ ਦਿਨ ਇਸ ਘਟਨਾ ਦੇ ਨਵੇਂ ਪ੍ਰਤਿਕਰਮ ਸਾਮ੍ਹਣੇ ਆਉਂਦੇ ਹਨ। ਉਹ ਗੱਲ ਜਿਹੜੀ ਥਾਣੇ ਦੇ ਗੇਟ ਉੱਤੇ ਖੜੇ ਸੰਤਰੀ ਤੋਂ ਸ਼ੁਰੂ ਹੋਈ ਸੀ, ਹੌਲੀ ਹੌਲੀ ਸੂਬੇ ਦੇ ਮੁੱਖ ਮੰਤਰੀ ਤੱਕ ਪਹੁੰਚ ਜਾਂਦੀ ਹੈ। ਉਹ ਮਸਲਾ ਜਿਹੜਾ ਚੁਪ ਚੁਪੀਤੇ ਹੀ ਹੱਲ ਹੋ ਸਕਦਾ ਸੀ, ਏਨਾ ਉਲਝ ਜਾਂਦਾ ਹੈ ਕਿ ਉਸ ਦੀ ਸ਼ਕਲ ਹੀ ਵਿਗੜ ਜਾਂਦੀ ਹੈ। ਹਨੇਰੇ ਵਿਚ ਟਾਮਕ ਟੋਈਏ ਮਾਰਦਿਆਂ ਪੁਲਿਸ ਨੂੰ ਇਕ ਬੱਚੇ ਦੀ ਲਾਸ਼ ਦਾ ਪਤਾ ਲੱਗਦਾ ਹੈ। ਬਹੁਤੀ ਸ਼ਨਾਖ਼ਤ ਕੀਤਿਆਂ ਬਗ਼ੈਰ ਹੀ ਕਹਿ ਦਿੱਤਾ ਜਾਂਦਾ ਹੈ ਕਿ ਇਹ ਬੰਟੀ ਦੀ ਲਾਸ਼ ਹੈ। ਘਰ ਵਾਲੇ ਏਨੇ ਘਬਰਾਏ ਹੋਏ ਹਨ ਕਿ ਗੱਲ ਦੀ ਤਹਿ ਤੱਕ ਨਹੀਂ ਪਹੁੰਚ ਸਕਦੇ। ਛੇਤੀ ਛੇਤੀ ਪੋਸਟ-ਮਾਰਟਮ ਕਰਵਾ ਕੇ ਬੱਚੇ ਦਾ ਦਾਹ-ਸੰਸਕਾਰ ਕਰ ਦਿੱਤਾ ਜਾਂਦਾ ਹੈ। ਇਸ ਤੋਂ ਬਾਅਦ ਰਾਜਨੀਤਕ ਜੱਥੇਬੰਦੀਆਂ ਆਪਣੀਆਂ ਸਰਗਰਮੀਆਂ ਤੇਜ਼ ਕਰ ਦਿੰਦੀਆਂ ਹਨ। ਇਤਫ਼ਾਕ ਨਾਲ ਮੁੱਖ ਮੰਤਰੀ ਇਸੇ ਨਗਰ ਦਾ ਹੈ, ਇਸ ਲਈ ਬੰਟੀ ਦੇ ਘਰਦਿਆਂ ਅਤੇ ਨਗਰ-ਨਿਵਾਸੀਆਂ ਨੂੰ ਹੌਂਸਲਾ ਅਤੇ ਧੀਰਜ ਦੇਣ ਲਈ ਉਸ ਦਾ ਉੱਥੇ ਆਉਣਾ ਲਾਜ਼ਮੀ ਹੋ ਜਾਂਦਾ ਹੈ। ਮੁੱਖ ਮੰਤਰੀ ਇਕ ਲੱਖ ਦਾ ਚੈੱਕ ਬੰਟੀ ਦੀ ਮਾਂ ਕਾਂਤਾ ਨੂੰ ਫੜਾਣ ਦੀ ਕੋਸ਼ਿਸ਼ ਕਰਦਾ ਹੈ ਪਰ ਉਹ ਆਪਣਾ ਹੱਥ ਅੱਗੇ ਨਹੀਂ ਵਧਾਉਂਦੀ। ਉਹ ਸਮਝਦੀ ਹੈ ਕਿ ਇਹ ਉਸ ਦੇ ਬੱਚੇ ਦੀ ਮੌਤ ਦਾ ਇਵਜ਼ਾਨਾ ਹੈ। ਕਾਂਤਾ ਦਾ ਸਹੁਰਾ ਇਹ ਚੈੱਕ ਫੜ ਲੈਂਦਾ ਹੈ।

ਥੋੜ੍ਹੇ ਚਿਰ ਬਾਅਦ ਮੁੱਖ ਮੰਤਰੀ ਸਿਖਿਆ ਵਿਭਾਗ ਵਿਚ ਕਲਰਕ ਦੀ ਆਸਾਮੀ ਲਈ ਅਪਵਾਇੰਟਮੈਂਟ ਲੈਟਰ ਕਾਂਤਾ ਵੱਲ ਵਧਾਉਂਦਾ ਹੈ, ਜਿਸ ਨੂੰ ਉਹ ਇਹ ਸੋਚ ਕੇ ਫੜ ਲੈਂਦੀ ਹੈ ਕਿ ਨੌਕਰੀ ਤੋਂ ਬਗ਼ੈਰ ਉਹ ਆਪਣਾ ਵਿਧਵਾ ਜੀਵਨ ਕਿਵੇਂ ਬਿਤਾ ਸਗੇਗੀ। ਫੇਰ ਬੰਟੀ ਤੋਂ ਵੱਡੀਆਂ ਦੋ ਕੁੜੀਆਂ ਹਨ ਜਿਨ੍ਹਾਂ ਦਾ ਉਸ ਨੇ ਪਾਲਣ ਪੋਸ਼ਣ ਕਰਨਾ ਹੈ। ਇੰਜ ਇਸ ਦੁਖਦਾਇਕ ਘਟਨਾ ਦਾ ਜਿਵੇਂ ਅੰਤ ਹੋ ਜਾਂਦਾ ਹੈ। ਪਰ ਅਸਲ ਵਿਚ ਇੰਜ ਨਹੀਂ ਹੁੰਦਾ। ਇਸ ਤੋਂ ਬਾਅਦ ਇਹ ਘਟਨਾ ਇਕ ਨਵਾਂ ਮੋੜ ਮੁੜਦੀ ਹੈ। ਮੁੱਖ ਮੰਤਰੀ ਦਾ ਆਦੇਸ਼ ਹੈ ਕਿ ਬੰਟੀ ਦੇ ਭੋਗ ਤੋਂ ਪਹਿਲਾਂ ਪਹਿਲਾਂ ਉਸ ਦੇ ਕਾਤਲਾਂ ਦਾ ਪਤਾ ਲਗਾਇਆ ਜਾਏ। ਨਗਰ ਦੀ ਸਾਰੀ ਪੁਲਿਸ ਬਦਲ ਦਿੱਤੀ ਜਾਂਦੀ ਹੈ। ਨਵੇਂ ਕਰਮਚਾਰੀ ਚਾਰਜ ਸੰਭਾਲ ਲੈਂਦੇ ਹਨ ਅਤੇ ਉਹ ਨਗਰ ਦੇ ਹਰ ਵਰਗ ਦੇ ਲੋਕਾਂ ਉੱਤੇ ਅਤਿਆਚਾਰ ਕਰਨ ਲੱਗਦੇ ਹਨ। ਹਾਹਾਕਾਰ ਮਚ ਜਾਂਦੀ ਹੈ। ਹੋਰਣਾਂ ਤੋਂ ਇਲਾਵਾ ਕਾਲਿਜ ਦੇ ਮੁੰਡੇ ਫੜ ਲਏ ਜਾਂਦੇ ਹਨ ਅਤੇ ਉਹਨਾਂ ਨੂੰ ਤਸੀਹੇ ਦਿੱਤੇ ਜਾਂਦੇ ਹਨ। ਜਦੋਂ ਇਸ ਸਭ ਕੁਝ ਕਰਨ ਤੋਂ ਬਾਅਦ ਵੀ ਪੁਲਿਸ ਨੂੰ ਕੋਈ ਪ੍ਰਾਪਤੀ ਨਹੀਂ ਹੁੰਦੀ, ਸਗੋਂ ਉਸ ਉੱਤੇ ਦੂਸ਼ਣ ਲੱਗਣ ਲੱਗਦੇ ਹਨ, ਤਾਂ ਪੁਲਿਸ ਇਕ ਨਵਾਂ ਨਾਟਕ ਖੇਡਦੀ ਹੈ। ਦੋ ਗਰੀਬੜੇ ਜਿਹੇ ਬੰਦਿਆਂ, ਪਾਲੇ ਅਤੇ ਮੀਤੇ ਨੂੰ ਬੰਟੀ ਦੇ ਕਾਤਿਲ ਘੋਸ਼ਿਤ ਕਰ ਦਿੱਤਾ ਜਾਂਦਾ ਹੈ। ਨਗਰ ਵਾਲੇ ਪੁਲਿਸ ਦੀ ਵਾਹ ਵਾਹ ਕਰਨ ਲੱਗਦੇ ਹਨ ਅਤੇ ਪੁਲਿਸ ਦੇ ਹੱਕ ਵਿਚ ਜਲੂਸ ਕੱਢਦੇ ਹਨ। ਇਸ ਮੌਕੇ ‘ਤੇ ਸਰਕਾਰੀ ਵਕੀਲ ਗੁਰਮੀਤ ਹਰਕਤ ਵਿਚ ਆਉਂਦਾ ਹੈ। ਉਹ ਮਿਸਲ ਲੈ ਕੇ ਜੱਜ ਅੱਗੇ ਪੇਸ਼ ਹੋਣ ਤੋਂ ਇਨਕਾਰ ਕਰ ਦਿੰਦਾ ਹੈ- ‘ਇਹਨਾਂ ਗਰੀਬਾਂ ਲਈ ਏਡਾ ਅਡੰਬਰ ਰਚਨ ਦੀ ਕੀ ਲੋੜ ਸੀ?’ ਕਾਗਜ਼ਾਂ ਵਿਚੋਂ ਆਉਂਦੀ ਇਕ ਅਜੀਬ ਜਿਹੀ ਬੂ ਗੁਰਮੀਤ ਦੇ ਨੱਕ ਨੂੰ ਚੜ੍ਹਣ ਲੱਗੀ। ਸੜ ਰਹੇ ਮਾਸ ਜਿਹੀ, ਗੰਦਗੀ ਦੇ ਢੇਰ ਜਿਹੀ ਅਤੇ ਤਾਜ਼ਾ ਵਹੇ ਖ਼ੂਨ ਜਿਹੀ। ਆਪਣਾ ਅਸਤੀਫ਼ਾ ਲਿਖਣ ਤੋਂ ਪਹਿਲਾਂ ਗੁਰਮੀਤ ਨੇ ਸੋਚਿਆ- ‘ਨਹੀਂ। ਉਹ ਪਾਲੇ ਅਤੇ ਮੀਤੇ ਨਾਲ ਗ਼ੱਦਾਰੀ ਨਹੀਂ ਕਰੇਗਾ। ਗ਼ੱਦਾਰੀ ਕਰ ਕਰ ਉਹ ਹੰਭ ਚੁੱਕਾ ਸੀ। ਝੂਠੀਆਂ ਤਫ਼ਤੀਸ਼ਾਂ ‘ਤੇ ਉਹ ਹੋਰ ਦਸਖ਼ਤ ਨਹੀਂ ਕਰੇਗਾ।‘

ਓਪਰੀ ਨਜ਼ਰ ਨਾਲ ਦੇਖਿਆਂ ਇੰਜ ਪ੍ਰਤੀਤ ਹੁੰਦਾ ਹੈ ਜਿਵੇਂ ਇਸ ਨਾਵਲ ਵਿਚ ਪੁਲਿਸ ਦੀਆਂ ਵਧੀਕੀਆਂ ਉਤੋਂ ਪਰਦਾ ਚੁੱਕਣ ਦਾ ਵਿਸ਼ੇਸ਼ ਉਪਰਾਲਾ ਕੀਤਾ ਗਿਆ ਹੋਵੇ। ਬੇਸ਼ੱਕ ਇਹ ਗੱਲ ਠੀਕ ਹੈ ਕਿ ਪੁਲਿਸ ਨੇ ਭਰਿਸ਼ਟਾਚਾਰ ਦੇ ਖੇਤਰ ਵਿਚ ਹੋਰ ਸਭ ਮਹਿਕਮਿਆਂ ਨੂੰ ਮਾਤ ਪਾ ਦਿੱਤਾ ਹੈ। ਪਰ ਗੱਲ ਸਿਰਫ਼ ਪੁਲਿਸ ਦੀ ਹੀ ਨਹੀਂ, ਸਗੋਂ ਪੂਰੇ ਸਮਾਜ ਦੀ ਹੈ। ਜਿਸ ਤਰ੍ਹਾਂ ਦਾ ਸਮਾਜ ਹੁੰਦਾ ਹੈ, ਉਸੇ ਤਰ੍ਹਾਂ ਦਾ ਉਸ ਦਾ ਪ੍ਰਬੰਧਕੀ ਢਾਂਚਾ ਹੁੰਦਾ ਹੈ ਅਤੇ ਉਸੇ ਤਰ੍ਹਾਂ ਦੀ ਉਸ ਦੀ ਪੁਲਿਸ। ਧਿਆਨ ਗੋਚਰੀ ਗੱਲ ਇਹ ਹੈ ਕਿ ਪੁਲਿਸ ਨੇ ਸਮਾਜ ਨੂੰ ਨਹੀਂ ਬਣਾਇਆ, ਸਗੋਂ ਸਮਾਜ ਨੇ ਪੁਲਿਸ ਦਾ ਨਿਰਮਾਨ ਕੀਤਾ ਹੈ। ਪੁਲਿਸ ਉਹੀ ਕੁਝ ਕਰਦੀ ਹੈ ਜੋ ਅਫ਼ਸਰਸ਼ਾਹੀ ਕਰਵਾਉਂਦੀ ਹੈ ਅਤੇ ਲੋਕ ਚਾਹੁੰਦੇ ਹਨ। ਸਮਾਜ ਵਿਚੋਂ ਸਮਗਲਰ ਉਭਰਦੇ ਹਨ ਅਤੇ ਸਗਗਲਰਾਂ ਨੂੰ ਪੁਲਿਸ ਦੀ ਲੋੜ ਹੁੰਦੀ ਹੈ। ਪੁਲਿਸ ਉਹਨਾਂ ਦੀਆਂ ਲੋੜਾਂ ਪੂਰੀਆਂ ਕਰਨ ਲਈ ਆਪਣੇ ਹੱਥ ਰੰਗਦੀ ਹੈ ਅਤੇ ਅਫ਼ਸਰਾਂ ਦੇ ਨਾਲ ਨਾਲ ਨੇਤਾਵਾਂ ਨੂੰ ਵੀ ਖੁਸ਼ ਰੱਖਦੀ ਹੈ। ਦਹਿਸ਼ਤਗਰਦੀ ਦੀਆਂ ਵਾਰਦਾਤਾਂ ਨੇ ਪੁਲਿਸ ਨੂੰ ਉਚੇਚੇ ਅਖ਼ਤਿਆਰ ਪ੍ਰਦਾਨ ਕੀਤੇ ਹਨ ਅਤੇ ਹੁਣ ਪੁਲਿਸ ਇਹਨਾਂ ਅਖ਼ਤਿਆਰਾਂ ਦੀ ਕੁਵਰਤੋਂ ਕਰਨ ਲੱਗ ਗਈ ਹੈ। ਉਧਰ ਰਾਜਨੀਤਕ ਢਾਂਚਾ ਵੀ ਪੁਲਿਸ ਦੀ ਕੁਵਰਤੋਂ ਕਰਦਾ ਰਹਿੰਦਾ ਹੈ। ਨਤੀਜੇ ਵਜੋਂ ਪੁਲਿਸ ਉਹਨਾਂ ਦੀਆਂ ਅੱਖਾਂ ਵਿਚ ਧੂਲ ਝੋਂਕਦੀ ਰਹਿੰਦੀ ਹੈ। ਏਸੇ ਤਰ੍ਹਾਂ ਸਰਕਾਰੀ ਵਕੀਲ, ਮੈਜਿਸਟਰੇਟ ਅਤੇ ਹਾਈ ਕੋਰਟ ਦੇ ਜੱਜ ਉਸੇ ਰੰਗ ਨੂੰ ਕਬੂਲ ਕਰ ਲੈਂਦੇ ਹਨ ਜੋ ਪੁਲਿਸ ਨੇ ਸਮਾਜ ਕੋਲੋਂ ਗ੍ਰਹਿਣ ਕੀਤਾ ਹੁੰਦਾ ਹੈ।

ਏਥੇ ਸਮਾਜ ਤੋਂ ਭਾਵ ਉਪਰਲਾ ਤਬਕਾ, ਧਨਾਢ ਲੋਕ ਅਤੇ ਉੱਚ-ਅਧਿਕਾਰੀ ਹਨ ਕਿਉਂਕਿ ਨਿਚਲਾ ਅਤੇ ਦਰਮਿਆਨਾ ਤਬਕਾ ਸ਼ੋਸ਼ਨ ਦਾ ਸ਼ਿਕਾਰ ਹੋਣ ਕਰਕੇ ਕਈ ਤਰ੍ਹਾਂ ਦੇ ਭੰਬਲ-ਭੂਸਿਆਂ ਵਿਚ ਗ੍ਰਸਤ ਹੈ ਅਤੇ ਇਕ ਮੁਸੀਬਤ ਵਿਚੋਂ ਨਿਕਲ ਕੇ ਦੂਸਰੀ ਮੁਸੀਬਤ ਵਿਚ ਫਸਿਆ ਰਹਿੰਦਾ ਹੈ। ਮਾਡਲ ਟਾਊਨ ਵਿਚ ਰਹਿਣ ਵਾਲੇ ਜੇਕਰ ਏ-ਗਰੇਡ ਮੁਜਰਿਮ ਹਨ ਤਾਂ ਅਗਵਾੜ ਜਾਂ ਗਾਂਧੀ ਬਸਤੀ ਵਾਲੇ ਬੀ-ਗਰੇਡ ਦੇ ਅਪਰਾਧੀ ਹਨ। ਏ-ਗਰੇਡ ਵਾਲਿਆਂ ਨੂੰ ਸਹੂਲਤਾਂ ਵੀ ਏ-ਗਰੇਡ ਵਾਲੀਆਂ ਹਨ ਅਤੇ ਬੀ-ਗਰੇਡ ਵਾਲਿਆਂ ਨੂੰ ਬੀ-ਗਰੇਡ ਵਾਲੀਆਂ, ਏਥੇ ਇਹ ਗੱਲ ਧਿਆਨ ਗੋਚਰੀ ਹੈ ਕਿ ਏ-ਗਰੇਡ ਦੇ ਮੁਜਰਿਮਾਂ ਨੇ ਬੀ-ਗਰੇਡ ਮੁਜਰਿਮ ਬਣਾਏ ਹਨ, ਨਾ ਕਿ ਇਸ ਤੋਂ ਉਲਟ। ਪੁਲਿਸ ਦੋਹਾਂ ਨਾਲ ਨਿਪਟਦੀ ਹੈ- ਉਹਨਾਂ ਦੀ ਹੈਸੀਅਤ ਦੇ ਮੁਤਾਬਿਕ, ਨਾ ਕਿ ਉਹਨਾਂ ਦੇ ਜੁਰਮਾਂ ਅਨੁਸਾਰ। ਪਾਠਕ ਜਾਂ ਆਲੋਚਕ ਨੂੰ ਇਸ ਗੱਲ ਦਾ ਭੁਲੇਖਾ ਲੱਗ ਸਕਦਾ ਹੈ ਕਿ ਇਸ ਨਾਵਲ ਦਾ ਮਨੋਰਥ ਸਮਾਜ ਨੂੰ ਇਕ ਸਮਾਜ-ਵਿਗਿਆਨੀ ਦੀ ਨਜ਼ਰ ਨਾਲ ਘੋਖਣਾ ਹੈ। ਹਕੀਕਤ ਇਹ ਹੈ ਕਿ ਨਾਵਲਕਾਰ ਨੇ ਇਸ ਨਾਵਲ ਵਿਚ ਅਜੋਕੇ ਸਮਾਜ ਦਾ ਸਜੀਵ ਕਾਲਪਨਿਕ ਜਾਂ ਗਲਪਮਈ ਵਿਰਾਟ-ਦ੍ਰਿਸ਼ਅ ਪੇਸ਼ ਕੀਤਾ ਹੈ। ਇਹ ਬੜੀ ਸੰਤੋਸ਼ਜਨਕ ਗੱਲ ਹੈ ਕਿ ਨਾਵਲਕਾਰ ਨੇ ਕਿਤੇ ਵੀ ਆਪਣੇ ਨਿੱਜੀ ਵਿਚਾਰ ਪ੍ਰਗਟ ਨਹੀਂ ਕੀਤੇ, ਸਗੋਂ ਵਿਅੰਗਮਈ ਦ੍ਰਿਸ਼ਟੀਕੋਣ ਅਪਨਾ ਕੇ ਉਸ ਨੇ ਸਮਾਜਕ ਪ੍ਰਸਥਿਤੀਆਂ ਦਾ ਘਿਣਾਉਣਾ ਪਹਿਲੂ ਪੇਸ਼ ਕਰਨ ਦਾ ਉਪਰਾਲਾ ਕੀਤਾ ਹੈ। ਏਥੇ ਇਕ ਮਿਸਾਲ ਦੇਣੀ ਉਚਿਤ ਰਹੇਗੀ। ਬੰਟੀ ਦਾ ਪੋਸਟ-ਮਾਰਟਮ ਕਰਨ ਸਮੇਂ ਜੋਗਿੰਦਰ ਨੂੰ ਇਹ ਆਸ ਹੁੰਦੀ ਹੈ ਕਿ ਬਹੁਤਾ ਨਹੀਂ ਤਾਂ ਸੌ ਪੰਜਾਹ ਰੁਪਏ ਤਾਂ ਉਸ ਦੇ ਹੱਥ ਲੱਗਣਗੇ ਹੀ ਪਰ ਹਾਲਾਤ ਇੰਜ ਪਲਟਾ ਖਾਂਦੇ ਹਨ ਕਿ ਉਸ ਦੇ ਹੱਥ ਕੁਝ ਨਹੀਂ ਲੱਗਦਾ- ‘ਬੱਚੇ ਦੇ ਪੇਟ ‘ਤੇ ਛੁਰੀ ਚਲਾਉਂਦੇ ਜੋਗਿੰਦਰ ਨੂੰ ਮਹਿਸੂਸ ਹੋ ਰਿਹਾ ਸੀ ਜਿਵੇਂ ਬਾਬੂ ਉਸਦੇ ਭੁੱਖੇ ਬੱਚਿਆਂ ਦੇ ਪੇਟ ‘ਤੇ ਲੱਤ ਮਾਰ ਗਿਆ ਸੀ।‘

**ਤਫ਼ਤੀਸ਼** ਵਿਚ ਜੀਵਨ ਦਾ ਹਾਸੋ ਹੀਣਾ ਦ੍ਰਿਸ਼ (ਕਾਮਿਕ ਵਿਊ ਆਫ਼ ਲਾਈਫ਼) ਪੇਸ਼ ਕੀਤਾ ਗਿਆ ਹੈ। ਬਜਾਏ ਇਸ ਦੇ ਕਿ ਨਾਵਲਕਾਰ ਆਪਣੇ ਹੀ ਦ੍ਰਿਸ਼ਟੀਕੋਣ ਤੋਂ ਮਨੁੱਖੀ ਜੀਵਨ ਦੇ ਵਿਭਿੰਨ ਪੱਖਾਂ ਨੂੰ ਗੌਲੇ ਅਤੇ ਟੀਕਾ ਟਿਪਣੀ ਕਰੇ, ਉਸ ਨੇ ਇਕ ਐਸਾ ਲਹਿਜਾ ਅਪਨਾ ਲਿਆ ਹੈ ਜੋ ਉਸ ਦੀ ਗੱਲ ਭਲੀਭਾਂਤ ਦੂਸਰਿਆਂ ਤੱਕ ਪਹੁੰਚਾ ਦਿੰਦਾ ਹੈ। ਉਹ ਕਠੋਰ ਕਟਾਖ਼ਸ਼ਮਈ ਲਹਿਜਾ ਨਹੀਂ ਅਪਨਾਉਂਦਾ, ਬਲਕਿ ਹਲਕੇ ਜਿਹੇ ਵਿਅੰਗ, ਜਿਸ ਨੂੰ ਤਨਜ਼ (ਆਇਰਨੀ) ਕਹਿਣਾ ਠੀਕ ਰਹੇਗਾ, ਨਾਲ ਆਪਣੀ ਗੱਲ ਅੱਗੇ ਤੋਰਦਾ ਹੈ। ਨਾਵਲ ਦੇ ਸ਼ੁਰੂ ਵਿਚ ਹੀ ਜਦੋਂ ਉਹ ਥਾਣੇ ਦੇ ਬਾਹਰ ਖੜੇ ਸੰਤਰੀ ਅਤੇ ਅੰਦਰ ਬੈਠੇ ਮੁਨਸ਼ੀ ਦੀ ਗੱਲ ਕਰਦਾ ਹੈ ਤਾਂ ਪਾਠਕ ਦੇ ਮਨ ਵਿਚ ਇਹਨਾਂ ਦੋਹਾਂ ਪਾਤਰਾਂ ਪ੍ਰਤੀ ਪੈਦਾ ਹੋਈ ਘਿਰਣਾ ਉਦੋਂ ਕੁਝ ਘਟਦੀ ਹੈ, ਜੇਕਰ ਬਿਲਕੁਲ ਹੀ ਦੂਰ ਨਹੀਂ ਹੁੰਦੀ, ਜਦੋਂ ਉਹ ਇਹਨਾਂ ਦੋਹਾਂ ਦੀ ਮੰਦਹਾਲੀ ਦਾ ਜ਼ਿਕਰ ਛੇੜਦਾ ਹੈ- ‘ਬੰਦੇ ਭੋਲੇ ਭਾਲੇ ਸਨ। ਉਨ੍ਹਾਂ ਨੂੰ ਸਹੀ ਰਹਿਨੁਮਾਈ ਦੀ ਲੋੜ ਸੀ। ਤਜਰਬੇਕਾਰ ਹੁੰਦੇ ਤਾਂ ਕਦੋਂ ਦੇ ਦਸ ਵੀਹ ਜਾਂ ਪੰਜਾਹ ਦਾ ਨੋਟ ਸੰਤਰੀ ਦੀ ਮੁੱਠੀ ਵਿਚ ਦੇ ਕੇ ਅੱਗੇ ਲੰਘ ਗਏ ਹੁੰਦੇ।‘ ਥੋੜ੍ਹਾ ਅੱਗੇ ਚੱਲ ਕੇ ਮੁਨਸ਼ੀ ਦਾ ਨਜ਼ਰੀਆ ਸਾਹਮਣੇ ਆਉਂਦਾ ਹੈ- ‘ਉਸ ਦਾ ਕਸੂਰ? ਬੱਸ ਇਹੋ ਕਿ ਉਹ ਥਾਣੇ ਦਾ ਮੁਨਸ਼ੀ ਹੈ। ਮੁਨਸ਼ੀ ਮਾਲਖ਼ਾਨੇ ਦਾ ਇੰਚਾਰਜ ਹੁੰਦਾ ਹੈ। ਅਦਾਲਤਾਂ ਵਿਚ ਸਹੀ ਮਾਲ ਪੇਸ਼ ਕਰਨਾ ਉਸ ਦੀ ਜ਼ਿੰਮੇਵਾਰੀ ਹੁੰਦੀ ਹੈ। ਕਿਸ ਨੂੰ ਨਹੀਂ ਪਤਾ ਮਾਲਖ਼ਾਨੇ ਨੂੰ ਲੁੱਟਣ ਵਾਲੇ ਵੀਹ ਡਾਕੂ ਹਨ।‘

ਨਾਵਲਕਾਰ ਦੇ ਲਹਿਜੇ ਦਾ ਸਾਵਾਂਪਣ ਸ਼ੁਰੂ ਤੋਂ ਲੈ ਕੇ ਅਖੀਰ ਤਕ ਕਾਇਮ ਰਹਿੰਦਾ ਹੈ। ਇਹ ਨਹੀਂ ਕਿ ਉਹ ਕਦੇ ਵੀ ਪੁਲਿਸ ਦੀਆਂ ਵਧੀਕੀਆਂ ਨੂੰ ਅੱਖੋਂ ਪ੍ਰੋਖੇ ਕਰਦਾ ਹੋਵੇ ਪਰ ਇਹਨਾਂ ਨੂੰ ਬਿਆਨ ਕਰਦਾ ਹੋਇਆ ਉਹ ਮਾੜੀ ਜਿਹੀ

ਮੁਸਕਣੀ ਤੋਂ ਜ਼ਰੂਰ ਕੰਮ ਲੈਂਦਾ ਹੈ। ਇਕ ਏ.ਐਸ.ਆਈ. ਦੋ ਦਿਨ ਬਾਹਰ ਰਹਿਣ ਤੋਂ ਬਾਅਦ ਜਦੋਂ ਵਾਪਸ ਥਾਣੇ ਮੁੜਦਾ ਹੈ ਤਾਂ ਉਸ ਦੇ ਦਿਲ ਵਿਚ ਧੁੜਕੂ ਹੁੰਦਾ ਹੈ ਕਿ ਕੋਈ ਉਸ ਨੂੰ ਦੇਖ ਨਾ ਲਵੇ ਕਿਉਂਕਿ ਉਸ ਨੇ ਰੱਜ ਕੇ ਪੀਤੀ ਹੋਈ ਹੈ ਅਤੇ ਹੁਣ ਆਰਾਮ ਕਰਨਾ ਲੋਚਦਾ ਹੈ- 'ਉਹ ਪੰਜਵੇਂ ਟਾਇਰ ਵਾਂਗ ਹੈ। ਜਿਥੇ ਕੋਈ ਹੋਰ ਨਾ ਜਾਵੇ, ਉਥੇ ਸ਼ਿਵ ਪ੍ਰਸ਼ਾਦ ਨੂੰ ਜਾਣਾ ਪੈਂਦਾ ਹੈ।... ਸ਼ਿਵ ਨੇ ਸਰਕਾਰੀ ਕਵਾਟਰ ਚਾਰ ਪੈਸੇ ਬਚਾਉਣ ਲਈ ਲਿਆ ਸੀ ਨਾ ਕਿ ਮੁਫ਼ਤ ਦੀ ਬਲਾ ਗਲ ਪਾਉਣ ਲਈ। ਥੱਕਿਆ ਟੁੱਟਿਆ ਉਹ ਪਹਿਲਾਂ ਹੀ ਪਿਆ ਸੀ। ਘੁੱਟ ਪੀਤੀ ਵੀ ਹੋਈ ਸੀ। ਉਹ ਵਗਾਰ ਕਰਨ ਨਹੀਂ ਜਾਏਗਾ।' ਏਸੇ ਤਰ੍ਹਾਂ ਥੋੜ੍ਹਾ ਅੱਗੇ ਚੱਲ ਕੇ ਨਾਵਲਕਾਰ ਸ਼ਿਵ ਦੀ ਹਾਲਤ ਦਾ ਜਾਇਜ਼ਾ ਲੈਂਦਾ ਹੈ- 'ਸ਼ਿਵ ਪਾਣੀ ਦਾ ਜੱਗ ਪੀ ਚੁੱਕਾ ਸੀ। ਪਿਆਸ ਸਗੋਂ ਵਧਦੀ ਜਾ ਰਹੀ ਸੀ। ਖੱਟੇ ਡਕਾਰ ਵੀ ਵਧ ਗਏ ਸਨ। ਬਿੰਦੇ ਝੱਟੇ ਮਸਾਲੇਦਾਰ ਤਰੀ ਢਿੱਡ 'ਚੋਂ ਨਿਕਲ ਕੇ ਜੀਭ ਤੇ ਆ ਜਾਂਦੀ। ਕੋਈ ਹੋਰ ਥਾਂ ਹੁੰਦੀ, ਉਹ ਅਧੀਆ ਸੁੱਟ ਕੇ ਟੁੱਟੇ ਨਸ਼ੇ ਦਾ ਇਲਾਜ ਕਰਦਾ। ਏਥੇ ਕੁਝ ਵੀ ਸੰਭਵ ਨਹੀਂ ਸੀ।' ਅੱਗੇ ਚੱਲ ਕੇ ਇਕ ਥਾਂ 'ਤੇ ਨਾਕਾਬੰਦੀ ਕੀਤੀ ਜਾਂਦੀ ਹੈ। ਦਰਸ਼ਨ ਹਵਾਲਦਾਰ, ਉਸ ਪਾਰਟੀ ਦੀ ਅਗਵਾਈ ਕਰ ਰਿਹਾ ਹੈ। ਉਸ ਦੇ ਨਾਲ ਦੋ ਸਿਪਾਹੀ ਹਨ ਅਤੇ ਸੀ.ਆਰ.ਪੀ. ਦੇ ਕੁਝ ਜਵਾਨ। ਦਰਸ਼ਨ ਇਹਨਾਂ ਜਵਾਨਾਂ ਨੂੰ ਖੁਸ਼ ਰੱਖਣ ਲਈ ਕਿਸੇ ਦੀ ਜੇਬ ਵਿਚੋਂ ਕੱਢੇ ਰੁਪਏ ਵੰਡ ਦਿੰਦਾ ਹੈ ਤਾਂ ਉਸ ਦਾ ਸਿਪਾਹੀ ਨੱਥੂ ਕੁਝ ਨਾਰਾਜ਼ ਹੋ ਜਾਂਦਾ ਹੈ- 'ਨੱਥੂ ਦੇਖਦਾ ਹੀ ਰਹਿ ਗਿਆ ਸੀ, ਮਾਰ ਨੱਥੂ ਨੇ ਮਾਰੀ। ਸ਼ਿਕਾਰ ਲੈ ਲਏ, ਇਹ ਭਈਏ। ਦਰਸ਼ਨ ਨੇ ਇਸ਼ਾਰੇ ਨਾਲ ਉਸਨੂੰ ਸਬਰ ਕਰਨ ਦਾ ਹੁਕਮ ਦਿੱਤਾ। ਇਸ ਤੋਂ ਕਿਤੇ ਵੱਧ ਉਹ ਪੋਲਟਰੀ ਫ਼ਾਰਮ ਵਾਲਿਆਂ ਤੋਂ ਲੈਣਗੇ। ਹੋਰ ਬਥੇਰਾ ਕਮਾਉਣਗੇ। ਇਹ ਤਾਂ ਭਈਆ ਦੇ ਮੂੰਹ ਨੂੰ ਲਹੂ ਲਾਇਆ ਗਿਆ ਸੀ।' ਕਰਫ਼ੀਊ ਦੇ ਦੌਰਾਨ ਇਕ ਪਾਰਟੀ ਅਮੀ ਚੰਦ ਦੀ ਅਗਵਾਈ ਹੇਠ ਮਾਡਲ ਟਾਊਨ ਦੀਆਂ ਕੋਠੀਆਂ ਦੀ ਤਲਾਸ਼ੀ ਲੈਂਦੀ ਹੈ। ਏਥੇ ਵੀ ਨਾਵਲਕਾਰ ਨੇ ਆਪਣੀ ਲਹਿਜੇ ਵਿਚ ਉਹੀ ਹਲਕੀ ਤਨਜ਼ ਯਾਨੀ ਆਇਰਨੀ ਕਾਇਮ ਰੱਖੀ ਹੈ- 'ਸਿਪਾਹੀਆਂ ਦੀਆਂ ਨਜ਼ਰਾਂ ਸੋਹਣੀ ਸੁਨੱਖੀ ਪਤਲੇ ਅੰਗ ਦੀ ਨੂੰਹ ਨੂੰ ਨਿਹਾਰ ਰਹੀਆਂ ਸਨ। ਅਮੀ ਚੰਦ ਉਸਦੇ ਪਾਏ ਗਹਿਣਿਆਂ ਦਾ ਅੰਦਾਜ਼ਾ ਲਾ ਰਿਹਾ ਸੀ। ਬਹੁਤੇ ਨਹੀਂ ਤਾਂ ਘੱਟੋ ਘੱਟ ਤੀਹ ਚਾਲੀ ਹਜ਼ਾਰ ਦੇ ਤਾਂ ਹੋਣਗੇ ਹੀ। ਜਿਹੜੀ ਆਮ ਦਿਨ ਇੰਨੇ ਗਹਿਣੇ ਪਾਈ ਫਿਰਦੀ ਹੈ, ਉਹ ਵਿਆਹ ਸ਼ਾਦੀ ਵਾਲੇ ਦਿਨ ਕਿੰਨੇ ਗਹਿਣੇ ਪਾਉਂਦੀ ਹੋਏਗੀ? ਇਸ ਤੋਂ ਸ਼ੁਕਲੇ ਦੀ ਬੇਅਥਾਹ ਆਮਦਨ ਦਾ ਅੰਦਾਜ਼ਾ ਲੱਗ ਸਕਦਾ ਸੀ।'

ਦਿਲਚਸਪ ਗੱਲ ਇਹ ਹੈ ਕਿ ਜਦੋਂ ਮੁਆਮਲਾ ਗੰਭੀਰ ਹੋ ਜਾਂਦਾ ਹੈ ਅਤੇ ਮੁਲਜ਼ਿਮਾਂ ਨੂੰ ਕੁਟਾਪਾ ਚਾੜ੍ਹਿਆ ਜਾਂਦਾ ਹੈ ਤਾਂ ਵੀ ਨਾਵਲਕਾਰ ਆਪਣਾ ਅੰਦਾਜ਼ ਨਹੀਂ ਬਦਲਦਾ, ਸਗੋਂ ਪੁਲਿਸ ਵਾਲਿਆਂ ਦੀ ਦਹਿਸ਼ਤਗਰਦੀ ਉਸ ਦੀ ਮਜ਼ਾਕੀਆ ਰਗ ਨੂੰ ਹੋਰ ਵੀ ਟੁੰਬਦੀ ਹੈ- 'ਪੀਲੂ ਅਤੇ ਪਿਚਕੂ ਦੀ ਤਫ਼ਤੀਸ਼ ਸਿਪਾਹੀਆਂ ਦੇ ਵੱਸ ਦੀ ਨਹੀਂ ਸੀ। ਉਨ੍ਹਾਂ ਤੇ ਘੋਟਾ ਲੱਗਣਾ ਚਾਹੀਦਾ ਸੀ। ਜਿਹੜੇ ਕਈ ਕਈ ਕਤਲ ਭੁਗਤ ਚੁੱਕੇ ਹੋਣ, ਉਹ ਮਾੜੀ ਮੋਟੀ ਤਫ਼ਤੀਸ਼ ਨੂੰ ਕੀ ਸਮਝਦੇ ਹਨ? ਉਨ੍ਹਾਂ ਤੋਂ ਨਾਜਰ ਸਿੰਘ ਵਰਗਾ ਥਾਣੇਦਾਰ ਹੀ ਕੁਝ ਹਾਸਲ ਕਰ ਸਕਦਾ ਸੀ।' ਇਕ ਹੋਰ ਥਾਂ ਇਕ ਬਦਕਾਰ ਔਰਤ ਭਾਨੀ ਦਾ ਜ਼ਿਕਰ ਆਉਂਦਾ ਹੈ- 'ਉਹ ਚੰਗੇ ਚੰਗੇ ਬਦਮਾਸ਼ਾਂ ਦਾ ਭੇਤ ਦੇ ਸਕਦੀ ਸੀ। ਕਈ ਵਾਰ ਅਫ਼ਸਰਾਂ ਨੂੰ ਖੁਸ਼ ਕਰਨ ਵਿਚ ਵੀ ਸਹਾਈ ਹੁੰਦੀ। ਮੁੰਡੇ ਖੁੰਡੇ ਸਿਪਾਹੀ ਉਸ ਤੇ ਲਾਲਾਂ ਸੁੱਟੀ ਰੱਖਦੇ ਹਨ।... ਜੈਲੇ ਨੂੰ ਛੁਡਾਉਣ ਲਈ ਉਸਨੇ ਮਿੰਟ ਲਾਇਆ। ਜੈਲੇ ਦੀ ਭੈਣ ਦਾ ਸੌਦਾ ਹੋਇਆ ਜਾਂ ਮਾਂ ਦਾ, ਇਹ ਵੀ ਪਤਾ ਨਾ ਲੱਗਾ। ਜੈਲੇ ਦੀ ਮਾਂ ਪੈਸੇ ਦੇਣ ਜੋਗੀ ਤਾਂ ਹੈ ਨਹੀਂ ਸੀ। ਬਿਨਾਂ ਕੁਝ ਦਿੱਤੇ ਲਏ ਛੁੱਟਣ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ। ਜਦੋਂ ਭਾਨੀ ਆਵੇ ਤਾਂ ਕਿਸੇ ਦੀ ਧੀ ਭੈਣ ਦਾ ਸੌਦਾ ਹੀ

ਹੁੰਦਾ ਹੈ। ਉਹੋ ਹੋਇਆ ਹੋਏਗਾ।' ਅੰਤ ਵਿਚ ਪੁਲਿਸ ਕਾਲਿਜ ਦੇ ਹੋਸਟਲ 'ਤੇ ਰੇਡ ਕਰਦੀ ਹੈ ਅਤੇ ਮੁੰਡੇ ਫੜ ਲਿਆਉਂਦੀ ਹੈ। ਇਹਨਾਂ ਵਿਚ ਮਲੂਕੜੇ ਜਿਹੇ ਵੀ ਹਨ- 'ਮੁੰਡਿਆਂ ਨੂੰ ਆਪਣੀ ਆਪਣੀ ਥਾਂ ਮੂਧੇ ਪੈਣ ਦੀ ਹਦਾਇਤ ਹੋਈ। ਪਹਿਲਾਂ ਪੋਲੇ ਪੋਲੇ ਚਿਤੜਾਂ ਤੇ ਚਾਰ ਚਾਰ ਛਿਤਰਾਂ ਦਾ ਪ੍ਰਸ਼ਾਦ ਵਰਤਾਇਆ ਗਿਆ। ਫੇਰ ਉਨ੍ਹਾਂ ਨੂੰ ਪੁਠਿਓਂ ਸਿੱਧੇ, ਅਤੇ ਸਿੱਧਿਓਂ ਪੁੱਠੇ ਹੋ ਕੇ ਲੋਟੀਆ ਖਾਣ ਦਾ ਹੁਕਮ ਹੋਇਆ। ਇਸ ਤਰ੍ਹਾਂ ਲਿਟਦੇ ਲਿਟਦੇ ਉਨ੍ਹਾਂ ਵਿਹੜੇ ਦੇ ਇਕ ਖੂੰਝੇ ਤੋਂ ਦੂਜੇ ਖੂੰਝੇ ਤੱਕ ਜਾਣਾ ਸੀ। ਫੇਰ ਉਧਰੋਂ ਪਹਿਲੇ ਖੂੰਝੇ ਵੱਲ ਆਉਣਾ ਸੀ।' ਇਸ ਤੋਂ ਬਾਅਦ ਮੁੰਡਿਆਂ ਦੀ ਇਕ ਸੰਸਥਾ ਦੇ ਪ੍ਰਧਾਨ ਦੀ ਵਾਰੀ ਆਉਂਦੀ ਹੈ- 'ਕਿਲੋਮੀਟਰ ਲਾਉਣ ਦੀਆਂ ਸਾਰੀਆਂ ਤਿਆਰੀਆਂ ਮੁਕੰਮਲ ਸਨ। ਇਹ ਦੇਖ ਕੇ ਨਾਜ਼ਰ ਨੇ ਪਾਲੇ ਨੂੰ ਪ੍ਰਧਾਨ ਦਾ ਅੰਡਰ-ਵੀਅਰ ਲਾਹੁਣ ਦਾ ਹੁਕਮ ਦਿੱਤਾ। ਜਿਉਂ ਹੀ ਅੱਗੇ ਵੱਧ ਕੇ ਪਾਲਾ ਪ੍ਰਧਾਨ ਦੇ ਅੰਡਰ-ਵੀਅਰ ਨੂੰ ਹੱਥ ਪਾਉਣ ਲੱਗਾ, ਇਕ ਕਰਾਰਾ ਜਿਹਾ ਥੱਪੜ ਉਸਦੀ ਗੱਲ੍ਹ ਤੇ ਪਿਆ। ਟੀਂ ਟੀਂ ਕਰਦੇ ਕੰਨ ਨਾਲ ਪਾਲਾ ਪਿਛਾਂਹ ਹਟ ਗਿਆ।' ਕੁਝ ਦੇਰ ਬਾਅਦ ਜਦੋਂ ਮੁੰਡਿਆਂ ਦੀ ਮਾਰ ਕੁਟਾਈ ਸ਼ੁਰੂ ਹੁੰਦੀ ਹੈ ਤਾਂ- 'ਸੇਠਾਂ ਦੇ ਮੁੰਡਿਆਂ ਦੀਆਂ ਪਈਆਂ ਪਦੀੜਾਂ ਦੇਖ ਦੇਖ ਪਾਲਾ ਅਤੇ ਮੀਤਾ ਮੁਸਕੜੀਏ ਹੱਸ ਰਹੇ ਸਨ। ਨੌਕਰਾਂ ਨੂੰ ਗਾਲ੍ਹ ਕੱਢ ਕੇ ਬਲਾਉਣ ਵਾਲੇ ਅਤੇ ਸ਼ੁਗਲ ਸ਼ੁਗਲ ਵਿਚ ਹੀ ਠੁੱਡੇ ਮਾਰ ਦੇਣ ਵਾਲੇ ਨਵਾਬਾਂ ਨੂੰ ਹੁਣ ਪਤਾ ਲੱਗਾ ਹੋਣਾ ਹੈ ਕਿ ਠੁੱਡਾ ਕਿਵੇਂ ਧੁਰ ਅੰਦਰ ਤੱਕ ਮਾਰ ਕਰਦਾ ਹੈ? ਉਹ ਮੁੰਡਿਆਂ ਦਾ ਤਮਾਸ਼ਾ ਬੜੇ ਸਵਾਦ ਨਾਲ ਦੇਖ ਰਹੇ ਸਨ। ਬਾਅਦ ਵਿਚ ਨਾਵਲਕਾਰ ਬੜੇ ਸ਼ੁਗਲੀਆ ਅੰਦਾਜ਼ ਵਿਚ ਕਹਿੰਦਾ ਹੈ- 'ਖ਼ਤਰਨਾਕ ਜੱਥੇਬੰਦੀ ਦੇ ਕਾਰਕਨਾਂ ਦੀ ਤਫ਼ਤੀਸ਼ ਲਈ ਹੌਂਸਲੇ ਦੀ ਜ਼ਰੂਰਤ ਸੀ। ਹੌਂਸਲੇ ਲਈ ਵਿਸਕੀ ਦਾ ਸਹਾਰਾ ਲੈਣਾ ਪੈਣਾ ਸੀ। ਉਸਨੇ ਦੋ ਵੱਡੇ ਸਾਰੇ ਪੈੱਗ ਅੰਦਰ ਸੁੱਟੇ ਅਤੇ ਨਮਕੀਨ ਪਕੌੜੀਆਂ ਚਬਾਉਂਦਾ ਉਨ੍ਹੀਂ ਪੈਰੀਂ ਵਾਪਸ ਮੁੜ ਆਇਆ।'

ਨਾਵਲ ਦੇ ਅੰਤਲੇ ਕਾਂਡਾਂ ਵਿਚ ਨਾਵਲਕਾਰ ਹਾਸੋਹੀਣਾ ਦ੍ਰਿਸ਼ ਪੇਸ਼ ਕਰਨ ਦੀ ਬਜਾਏ ਵਿਅੰਗ ਬੀਰ-ਕਾਵਿ (ਮਾਕ ਹਿਰੋਇਕ) ਵਾਲੀ ਟੋਨ ਅਖ਼ਤਿਆਰ ਕਰ ਲੈਂਦਾ ਹੈ। ਬੰਟੀ ਦੇ ਕਾਤਿਲਾਂ ਦਾ ਕੁਝ ਪਤਾ ਨਹੀਂ, ਉਸ ਦੇ ਭੋਗ ਤੋਂ ਪਹਿਲਾਂ ਪਹਿਲਾਂ ਕੁਝ ਬੰਦੇ ਫੜਨੇ ਬਹੁਤ ਜ਼ਰੂਰੀ ਹਨ। ਮੁੱਖ ਮੰਤਰੀ ਨੇ ਉਸ ਮੌਕੇ ਉੱਤੇ ਲੋਕਾਂ ਦੇ ਸਾਮ੍ਹਣੇ ਐਲਾਨ ਕਰਨਾ ਹੈ ਕਿ ਬੰਟੀ ਦੇ ਕਾਤਿਲ ਫੜ ਲਏ ਗਏ ਹਨ। ਦੋ ਗਰੀਬੜੇ ਬੰਦੇ, ਪਾਲਾ ਤੇ ਮੀਤਾ, ਜੋ ਕਦੀ ਛੋਟੀ ਮੋਟੀ ਚੋਰੀ ਕਰ ਲਿਆ ਕਰਦੇ ਸਨ ਪਰ ਹੁਣ ਸੁਧਰ ਚੁੱਕੇ ਸਨ, ਪੁਲਿਸ ਦੇ ਕਾਬੂ ਆ ਜਾਂਦੇ ਹਨ ਅਤੇ ਬੜੀ ਸੋਚ ਵਿਚਾਰ ਤੋਂ ਬਾਅਦ ਇਹਨਾਂ ਦੋਹਾਂ ਨੂੰ ਹੀ ਬੰਟੀ ਦੇ ਕਾਤਿਲ ਘੋਸ਼ਿਤ ਕਰ ਦਿੱਤਾ ਜਾਂਦਾ ਹੈ। ਇਸ ਐਲਾਨ ਤੋਂ ਬਾਅਦ ਨਾਵਲਕਾਰ ਦੇ ਕਹਾਣੀ ਵਰਨਣ ਦੇ ਅੰਦਾਜ਼ ਵਿਚ ਮਾਕ ਹਿਰੋਇਕ ਅੰਸ਼ ਦਾ ਪ੍ਰਵੇਸ਼ ਹੋ ਜਾਂਦਾ ਹੈ। ਯਾਨੀ, ਇਕ ਬਹੁਤ ਹੀ ਮਾਮੂਲੀ ਜਿਹੀ ਗੱਲ, ਘਟਨਾ ਜਾਂ ਵਿਅਕਤੀ ਨੂੰ ਇਸ ਅੰਦਾਜ਼ ਨਾਲ ਪੇਸ਼ ਕਰਨਾ ਜਿਵੇਂ ਹੋਮਰ ਜਾਂ ਵਰਜਿਲ ਆਪਣੇ ਮਹਾ-ਕਾਵਾਂ ਵਿਚ ਯੋਧਿਆਂ ਨੂੰ ਪੇਸ਼ ਕਰਦੇ ਹਨ ਜਾਂ ਉਹਨਾਂ ਦੁਆਰਾ ਲੜੇ ਜਾ ਰਹੇ ਯੁੱਧਾਂ ਦਾ ਵਰਨਣ ਕਰਦੇ ਹਨ। **ਤਫ਼ਤੀਸ਼** ਵਿਚੋਂ ਇਕ ਦੋ ਮਿਸਾਲਾਂ ਇਸ ਗੱਲ ਨੂੰ ਸਪਸ਼ਟ ਕਰ ਦੇਣਗੀਆਂ- 'ਮੁਜਰਿਮਾਂ ਨੂੰ ਲੈ ਕੇ ਥਾਣਿਓਂ ਨਿਕਲੀ ਜੀਪ ਦੇਖ ਕੇ ਸੰਘ ਦੇ ਵਰਕਰਾਂ ਦਾ ਜੋਸ਼ ਠਾਠਾਂ ਮਾਰਨ ਲੱਗਾ। ਉਹ ਪੂਰੇ ਜੋਸ਼ ਨਾਲ ਪੁਲਿਸ ਦੇ ਹੱਕ ਵਿਚ ਨਾਅਰੇ ਮਾਰਨ ਲੱਗੇ। ਬਾਜ਼ਾਰ ਵਿਚ ਇੰਨੀ ਭੀੜ ਹੋ ਗਈ ਸੀ ਕਿ ਪੁਲਿਸ ਨੂੰ ਜੀਪਾਂ ਤੋਰਨੀਆਂ ਮੁਸ਼ਕਿਲ ਹੋ ਗਈਆਂ। ਧੱਕੇ ਮਾਰ ਮਾਰ ਲੋਕ ਇਕ ਦੂਜੇ ਤੋਂ ਅੱਗੇ ਹੋਣ ਦਾ ਯਤਨ ਕਰ ਰਹੇ ਸਨ। ਹਰ ਕੋਈ ਅੱਡੀਆਂ ਚੁੱਕ ਚੁੱਕ ਕਾਤਲਾਂ ਦੀ ਮਨਹੂਸ ਸ਼ਕਲ ਦੇਖਣਾ ਚਾਹੁੰਦਾ ਸੀ।' ਏਥੋਂ ਤੱਕ ਜਿਹੜੀ ਗੱਲ ਕਹੀ ਗਈ ਹੈ, ਇਸ

ਨੂੰ ਜੇਕਰ ਭੂਮਿਕਾ ਸਮਝ ਲਿਆ ਜਾਏ ਤਾਂ ਇਸਤੋਂ ਅਗਲੇ ਬਿਆਨ ਵਿਚ ਨਾਵਲਕਾਰ ਦਾ ਗਹਿਰਾ ਕਟਾਖ਼ਸ਼ ਭਲੀ ਭਾਂਤ ਸਪੱਸ਼ਟ ਹੋ ਜਾਂਦਾ ਹੈ- 'ਪਤਲੇ ਦੁਬਲੇ, ਸਰੀਰਾਂ, ਚਿੱਟੇ ਕੁੜਤੇ ਪਜਾਮਿਆਂ, ਕਾਲੀਆਂ ਪੱਗਾਂ ਅਤੇ ਤਿੱਲੇਦਾਰ ਜੁੱਤੀਆਂ ਤੋਂ ਬਿਨਾ ਕੁਝ ਵੀ ਨਜ਼ਰ ਨਹੀਂ ਸੀ ਆ ਰਿਹਾ। ਮੁਜਰਮਾਂ ਦੇ ਪੁੱਠੀਆਂ ਹੱਥਕੜੀਆਂ ਲਾਈਆਂ ਗਈਆਂ ਸਨ। ਪੈਰਾਂ ਵਿਚ ਭਾਰੀਆਂ ਭਾਰੀਆਂ ਬੇੜੀਆਂ ਸਨ। ਚਿਹਰੇ ਪੱਗਾਂ ਨਾਲ ਢੱਕੇ ਹੋਏ ਸਨ। ਬੱਸ, ਖੌਫ਼ਨਾਕ ਅੱਖਾਂ ਹੀ ਦਿਖਾਈ ਦੇ ਰਹੀਆਂ ਸਨ, ਜਿਹੜੀਆਂ ਵਾਰ ਵਾਰ ਲੋਕਾਂ ਨੂੰ ਘੂਰ ਰਹੀਆਂ ਸਨ।'

ਇਹਨਾਂ ਦੇ ਅਖੌਤੀ ਮੁਜਰਿਮਾਂ ਨੂੰ ਫੜ ਤਾਂ ਬਹੁਤ ਪਹਿਲਾਂ ਹੀ ਲਿਆ ਗਿਆ ਸੀ, ਬਲਕਿ ਥਾਣੇ ਵਿਚ ਹੀ ਰਹਿੰਦੇ ਹੋਏ ਇਹ ਦੋਵੇਂ ਪੁਲਿਸ ਦੀ ਕਈਆਂ ਕੰਮਾਂ ਵਿਚ ਮਦਦ ਕਰ ਰਹੇ ਸਨ ਅਤੇ ਉਸ ਦਿਨ ਦੀ ਉਡੀਕ ਵਿਚ ਸਨ ਜਦੋਂ ਇਹਨਾਂ ਨੂੰ ਘਰ ਜਾਣ ਦੀ ਇਜਾਜ਼ਤ ਮਿਲ ਜਾਏਗੀ। ਹੋਰ ਕੋਈ ਵਿਅਕਤੀ ਹੱਥ ਨਾ ਲੱਗਣ ਕਾਰਨ ਪੁਲਿਸ ਅਧਿਕਾਰੀਆਂ ਨੇ ਜਦੋਂ ਇਹਨਾਂ ਤੋਂ ਹੀ ਕਾਤਿਲਾਂ ਵਾਲਾ ਕੰਮ ਲੈਣ ਦਾ ਨਿਰਣਾ ਲਿਆ ਤਾਂ ਇਹ ਜ਼ਰੂਰੀ ਸਮਝਿਆ ਗਿਆ ਕਿ ਮੁਜਰਿਮਾਂ ਨਾਲ ਮੁਕਾਬਲੇ ਵਾਲਾ ਮਾਹੌਲ ਕਾਇਮ ਕੀਤਾ ਜਾਏ- 'ਸਵੇਰੇ ਚਾਰ ਕੁ ਵਜੇ ਸੀਟੀਆਂ ਮਾਰਦੀ ਪੁਲਿਸ ਅਤੇ ਹਾਰਨ ਮਾਰਦੀਆਂ ਗੱਡੀਆਂ ਸਾਰੇ ਸ਼ਹਿਰ ਵਿਚ ਭਜਾਈਆਂ ਗਈਆਂ। ਪੁੱਛਣ ਵਾਲਿਆਂ ਨੂੰ ਦੱਸਿਆ ਗਿਆ ਕਿ ਸੇਮ ਨਾਲੇ ਤੇ ਕਾਤਲਾਂ ਨਾਲ ਪੁਲਿਸ ਦਾ ਮੁਕਾਬਲਾ ਹੋ ਗਿਆ ਹੈ। ਫੇਰ ਖ਼ਬਰ ਆਈ ਕਿ ਮੁਕਾਬਲੇ ਵਿਚ ਭਾਰੀ ਫ਼ਾਇਰਿੰਗ ਹੋ ਰਹੀ ਹੈ। ਸਾਰਾ ਇਲਾਕਾ ਸੀਲ ਕਰ ਦਿੱਤਾ ਗਿਆ ਹੈ। ਉੱਧਰ ਜਾਣ ਵਾਲੀਆਂ ਬੱਸਾਂ ਕਾਰਾਂ ਨੂੰ ਦੂਜੇ ਰਸਤੇ ਜਾਣ ਦਾ ਹੁਕਮ ਹੋਇਆ। ਫੇਰ ਖ਼ਬਰ ਆਈ ਕਿ ਕੁਝ ਸਿਪਾਹੀ ਅਤੇ ਇਕ ਹੌਲਦਾਰ ਫੱਟੜ ਹੋ ਗਏ ਹਨ। ਕਾਤਲਾਂ ਕੋਲ ਪਤਾ ਨਹੀਂ ਕਿੰਨਾ ਕੁ ਅਸਲਾ ਹੈ? ਖ਼ਤਮ ਹੋਣ ਵਿਚ ਹੀ ਨਹੀਂ ਆਉਂਦਾ। ਜਦੋਂ ਡਿਪਟੀ ਆਪਣੀ ਫੋਰਸ ਲੈ ਕੇ ਮੌਕੇ ਤੇ ਪੁੱਜਾ ਤਾਂ ਕਿਤ ਜਾ ਕੇ ਘੇਰਾ ਮਜ਼ਬੂਤ ਹੋਇਆ। ਉਨ੍ਹਾਂ ਨੂੰ ਕਾਬੂ ਕਰਨ ਲਈ ਘੰਟਾ ਡਿਪਟੀ ਨੂੰ ਵੀ ਜੂਝਣਾ ਪਿਆ। ਸ਼ੁਕਰ ਸੀ ਕਿ ਮੁਜਰਮ ਜਿੰਦਾ ਹੱਥ ਲੱਗ ਗਏ ਸਨ। ਨਹੀਂ ਤਾਂ ਪੁੱਛ ਗਿੱਛ ਨਹੀਂ ਸੀ ਹੋ ਸਕਣੀ।'

ਇਸ ਨਾਵਲ ਨੂੰ ਘਟਨਾ-ਗ੍ਰਸਤ (ਏਪੀਸੋਡਿਕ) ਨਾਵਲ ਕਿਹਾ ਜਾ ਸਕਦਾ ਹੈ, ਕਿਉਂਕਿ ਇਸ ਵਿਚ ਸਿੱਧੀ ਤੋਰ ਚੱਲਣ ਵਾਲੀ ਕਹਾਣੀ ਦੀ ਬਜਾਏ ਛੋਟੀਆਂ ਛੋਟੀਆਂ ਘਟਨਾਵਾਂ ਲੜੀਬੱਧ ਕੀਤੀਆਂ ਗਈਆਂ ਹਨ। ਇੰਜ ਕਥਾਨਕ ਦੇ ਪੱਖੋਂ ਇਸ ਵਿਚ ਨਿਰੰਤਰ ਵਿਕਾਸ ਨਹੀਂ ਹੁੰਦਾ, ਸਗੋਂ ਇਕ ਫੈਲਾਓ ਪੈਦਾ ਹੁੰਦਾ ਜਾਂਦਾ ਹੈ ਜਿਸ ਨੂੰ ਸੰਗੁਟੀਕਰਨ (ਕਨਗਲੋਮਰੇਸ਼ਨ) ਦਾ ਨਾਂ ਦਿੱਤਾ ਜਾ ਸਕਦਾ ਹੈ, ਯਾਨੀ ਘਟਨਾਵਾਂ ਇਕ ਦੂਸਰੇ ਦੇ ਨਾਲ ਜੁੜ ਕੇ ਕਿਸੇ ਅਕਾਰ ਦੀ ਸਿਰਜਣਾ ਨਹੀਂ ਕਰਦੀਆਂ ਬਲਕਿ ਬੰਟੀ ਦੇ ਅਗਵਾ ਹੋਣ ਵਾਲੀ ਘਟਨਾ ਵਿਚ ਹੀ ਫੈਲਾਉ ਪੈਦਾ ਹੁੰਦਾ ਜਾਂਦਾ ਹੈ। ਘਟਨਾਵਾਂ ਵਿਚ ਪਾਠਕ ਦੀ ਦਿਲਚਸਪੀ ਨਾ-ਮਾਤਰ ਹੀ ਹੈ। ਉਸ ਦੀ ਨਜ਼ਰ ਤਾਂ ਉਹਨਾਂ ਪਾਤਰਾਂ ਉਤੇ ਹੈ ਜੋ ਨਾਵਲ ਦੇ ਚਿੱਤਰ-ਪੱਟ ਉੱਤੇ ਉਭਰਦੇ ਹਨ ਅਤੇ ਫਿਰ ਗ਼ਾਇਬ ਹੋ ਜਾਂਦੇ ਹਨ। ਨਾਵਲਕਾਰ ਜਦੋਂ ਵੀ ਕਿਸੇ ਪਾਤਰ ਨੂੰ ਪੇਸ਼ ਕਰਦਾ ਹੈ, ਉਸ ਦੇ ਪਿਛੋਕੜ ਤੋਂ ਪਾਠਕ ਨੂੰ ਜ਼ਰੂਰ ਜਾਣੂ ਕਰਵਾਉਂਦਾ ਹੈ। ਇੰਜ ਇਹ ਪਾਤਰ ਸਜੀਵ ਵਿਅਕਤੀਆਂ ਦੇ ਸਰੂਪ ਵਿਚ ਪਾਠਕ ਦੇ ਸਾਮ੍ਹਣੇ ਆਣ ਖੜੇ ਹੁੰਦੇ ਹਨ। ਪਾਤਰਾਂ ਵਿਚ ਪਾਠਕ ਦੀ ਇਹ ਦਿਲਚਸਪੀ ਇਸ ਨਾਵਲ ਦਾ ਮੀਰੀ ਗੁਣ ਹੈ ਅਤੇ ਇੰਜ ਇਹ ਨਾਵਲ ਅਜੋਕੇ ਸਮਾਜ ਦਾ ਦਰਪਣ ਪ੍ਰਤੀਤ ਹੁੰਦਾ ਹੈ।

**ਤਫ਼ਤੀਸ਼** ਵਿਚ ਸਿਨੇਮੈਟੋਗ੍ਰਾਫ਼ੀ ਵਾਲੀ ਤਕਨੀਕ ਵਰਤੀ ਗਈ ਹੈ- ਯਾਨੀ, ਫ਼ੇਡ ਇਨ ਅਤੇ ਫ਼ੇਡ ਆਊਟ। ਇਕ ਖ਼ਾਸ ਸਿਚੂਏਸ਼ਨ ਵਿਚ ਘਿਰ ਕੁਝ ਵਿਅਕਤੀ, ਉਨ੍ਹਾਂ ਦੀਆਂ ਆਪਸ ਵਿਚ ਗੱਲਾਂ, ਇਕ ਦੂਸਰੇ ਨਾਲ ਛਿੜਿਆ ਵਾਦ-

ਵਿਵਾਦ- ਕੁਝ ਸਮੇਂ ਲਈ ਕੈਮਰਾ ਇਹਨਾਂ ਉੱਤੇ ਟਿਕਦਾ ਹੈ ਅਤੇ ਫਿਰ ਫ਼ੇਡ-ਆਊਟ ਹੋ ਜਾਂਦਾ ਹੈ। ਇੰਜ ਹੀ ਨਵੀਂ ਸਿਚੂਏਸ਼ਨ, ਨਵੇਂ ਪਾਤਰ, ਨਵੀਆਂ ਗੱਲਾਂ, ਨਵੀਆਂ ਸਮੱਸਿਆਵਾਂ- ਪਹਿਲਾ ਫ਼ੇਡ-ਇਨ, ਫਿਰ ਫ਼ੇਡ-ਆਊਟ। ਇਸ ਸਿਨੇ-ਤਕਨੀਕ ਦੇ ਆਧਾਰ ਉੱਤੇ ਨਾਵਲ ਪਾਠਕ ਦੇ ਜ਼ਿਹਨ ਉਤੇ ਆਪਣਾ ਨਕਸ਼ ਛੱਡਦਾ ਚਲਾ ਜਾਂਦਾ ਹੈ। ਸਮੇਂ ਅਤੇ ਸਥਾਨ ਦੇ ਪੱਖੋਂ ਵੀ ਇਸ ਨਾਵਲ ਵਿਚ ਇਕ ਨਵਾਂ ਤਜਰਬਾ ਕੀਤਾ ਗਿਆ ਹੈ। ਬੰਟੀ ਦੇ ਅਗਵਾ ਹੋਣ, ਉਸ ਨੂੰ ਤਲਾਸ਼ ਕਰਨ, ਲਾਸ਼ ਦੇ ਬਰਾਮਦ ਹੋਣ ਅਤੇ ਨਿਰਦੋਸ਼ ਬੰਦਿਆਂ ਨੂੰ ਕਚਹਿਰੀ ਵਿਚ ਪੇਸ਼ ਕੀਤੇ ਜਾਣ ਵਿਚ ਕਈ ਦਿਨ ਲੱਗ ਜਾਂਦੇ ਹਨ। ਪਰ ਇਹ ਸਭ ਕੁਝ ਇਕ ਦੂਸਰੇ ਨਾਲ ਇੰਝ ਜੁੜਿਆ ਹੋਇਆ ਹੈ ਕਿ ਪਾਠਕ ਨੂੰ ਪਤਾ ਹੀ ਨਹੀਂ ਲੱਗਦਾ ਕਿ ਸਮਾਂ ਬੀਤ ਗਿਆ ਹੈ ਜਾਂ ਬੀਤ ਰਿਹਾ ਹੈ। ਇੰਜ ਹੀ ਸਥਾਨ ਦੇ ਪੱਖੋਂ ਵੀ ਇਸ ਨਾਵਲ ਵਿਚ ਬਹੁਤੀ ਤਬਦੀਲੀ ਨਹੀਂ ਆਉਂਦੀ। ਇਹ ਠੀਕ ਹੈ ਕਿ ਸਥਾਨ ਕਦੀ ਕਿਸੇ ਦਾ ਘਰ ਹੁੰਦਾ ਹੈ, ਕਦੀ ਗਲੀ ਬਾਜ਼ਾਰ, ਕਦੀ ਪੁਲਿਸ-ਸਟੇਸ਼ਨ, ਕਦੀ ਕਚਹਿਰੀ ਆਦਿ ਪਰ ਲੱਗਦਾ ਇੰਜ ਹੈ ਜਿਵੇਂ ਸਟੇਜ ਇਕ ਹੀ ਹੈ ਜੋ ਘੁੰਮ ਰਹੀ ਹੈ ਅਕਦੇ ਉਸਦੇ ਇਕ ਪਾਸੇ ਵੱਲ ਰੌਸ਼ਨੀ ਪੈਂਦੀ ਹੈ, ਕਦੀ ਦੂਸਰੇ ਪਾਸੇ ਵੱਲ। ਇੰਜ ਇਕੋ ਤਸਵੀਰ ਦੇ ਕਈ ਰੁਖ਼ ਅਤੇ ਇਕੋ ਘਟਨਾ ਦੇ ਕਈ ਪਾਸਾਰ ਪਾਠਕ ਦੇ ਸਾਮ੍ਹਣੇ ਆਉਂਦੇ ਹਨ।

ਇਸ ਨਾਵਲ ਵਿਚ ਨਾਵਲਕਾਰ ਨੇ ਚੇਤਨਤਾ-ਪ੍ਰਵਾਹ ਵਾਲੀ ਤਕਨੀਕ ਦਾ ਸਹਾਰਾ ਵੀ ਲਿਆ ਹੈ। ਪਾਤਰਾਂ ਦੇ ਅੰਦਰਲੇ ਦਵੰਧ ਜਾਂ ਘੋਲ ਨੂੰ ਭਲੀ-ਭਾਂਤ ਪੇਸ਼ ਕੀਤਾ ਗਿਆ ਹੈ। ਅਮੀ ਚੰਦ ਮਾਡਲ ਟਾਊਨ ਦੀਆਂ ਕੋਠੀਆਂ ਦੀ ਤਲਾਸ਼ੀ ਲੈਂਦਾ ਹੈ, ਉਦੋਂ ਉਸ ਦੇ ਮਾਨਸਿਕ ਤਨਾਉ ਦੇ ਪਿਛੋਕੜ ਵਿਚ ਉਥੋਂ ਦੇ ਵਸਨੀਕਾਂ ਦੇ ਸਮਾਜ ਵਿਰੋਧੀ ਕਾਰੇ ਬੜੇ ਹੀ ਪ੍ਰਭਾਵਸ਼ਾਲੀ ਢੰਗ ਨਾਲ ਪਾਠਕ ਦੇ ਧਿਆਨ-ਗੋਚਰੇ ਕੀਤੇ ਗਏ ਹਨ। ਇਕੋ ਸਮੇਂ ਇਹ ਪਾਤਰ ਕੁਝ ਸੋਚ ਵੀ ਰਿਹਾ ਹੈ, ਕੁਝ ਕਹਿ ਵੀ ਰਿਹਾ ਹੈ ਕੁਝ ਦੇਖ ਵੀ ਰਿਹਾ ਹੈ। ਇਹ ਸਭ ਕੁਝ ਏਨੀ ਛੇਤੀ ਵਾਪਰਦਾ ਹੈ ਕਿ ਕਲਪਨਾ ਅਤੇ ਵਾਸਤਵਿਕਤਾ ਵਿਚਲਾ ਭੇਦ ਲੋਪ ਹੋ ਜਾਂਦਾ ਹੈ। ਬੇਸ਼ਕ ਨਾਵਲਕਾਰ ਕਈ ਵਾਰ ਆਪਣੇ ਵਿਸ਼ੇ ਤੋਂ ਭਟਕ ਗਿਆ ਪ੍ਰਤੀਤ ਹੁੰਦਾ ਹੈ, ਖ਼ਾਸ ਕਰ ਉਦੋਂ ਜਦੋਂ ਉਹ ਆਪਣੇ ਪਾਤਰਾਂ ਪ੍ਰਤੀ ਬੇਲੋੜਾ ਵਿਸਥਾਰ ਦੇਣ ਲੱਗਦਾ ਹੈ, ਪਰ ਉਸ ਦੇ ਇਸੇ ਕੁਰਾਹੇ ਪੈਣ ਸਦਕਾ ਇਸ ਨਾਵਲ ਵਿਚ ਐਪਿਕ ਆਯਾਮ (ਡਾਇਮੈਨਸ਼ਨਜ਼) ਦਾ ਵਾਧਾ ਹੋ ਜਾਂਦਾ ਹੈ। ਇਸ ਰਚਨਾ ਦਾ ਆਕਾਰ ਇਕ ਐਸੀ ਨਦੀ ਵਰਗਾ ਹੈ ਜੋ ਕਈ ਮੋੜ ਮੁੜਦੀ ਹੋਈ ਆਖ਼ਿਰ ਆਪਣੀ ਮੰਜ਼ਿਲ ਉੱਤੇ ਪਹੁੰਚ ਜਾਂਦੀ ਹੈ। ਨਿਰਸੰਦੇਹ ਇਹ ਨਾਵਲ ਯੁੱਗ-ਚੇਤਨਾ ਦਾ ਧਾਰਨੀ ਹੋ ਨਿਬੜਿਆ ਹੈ।

## 'ਤਫ਼ਤੀਸ਼' ਦੀ ਤਫ਼ਤੀਸ਼: ਮੀਤ ਦਾ ਯਥਾਰਥ-ਚਿਤ੍ਰਣ

**-ਡਾ. ਸ.ਨ. ਸੇਵਕ**

ਮਿੱਤਰ ਸੈਨ ਮੀਤ ਪੰਜਾਬੀ ਦਾ ਜਾਇਆ ਪਛਾਇਆ ਯੁਵਾ ਨਾਵਲਕਾਰ ਹੈ। **ਤਫ਼ਤੀਸ਼** ਤੋਂ ਪਹਿਲੋਂ ਉਸ ਦੇ ਦੋ ਨਾਵਲ **ਅੱਗ ਦੇ ਬੀਜ** ਤੇ **ਕਾਫ਼ਲਾ** ਪ੍ਰਕਾਸ਼ਿਤ ਹੋ ਚੁੱਕੇ ਹਨ। **ਤਫ਼ਤੀਸ਼** ਨਿਸਚੇ ਹੀ ਉਸ ਦੀ ਨਾਵਲ ਕਲਾ ਤੇ ਵਿਕਸਿਤ ਪੜਾਅ ਦੀ ਦੇਣ ਹੈ। ਇਸ ਵਿਚ ਵਿਸ਼ੇ ਦੀ ਗੰਭੀਰਤਾ ਤੇ ਪਰਿਪੇਖ ਦੀ ਪ੍ਰੌੜ੍ਹਤਾ ਦੇ ਪੱਖੋਂ ਮੀਤ ਦੀ ਪ੍ਰਾਪਤੀ ਸ਼ਲਾਘਾਯੋਗ ਹੈ। ਜਸਵੰਤ ਸਿੰਘ ਕੰਵਲ ਦੇ **ਲਹੂ ਦੀ ਲੋਅ** ਤੋਂ ਬਾਅਦ **ਤਫ਼ਤੀਸ਼** ਹੀ ਪੁਲੀਸ ਰਾਜ ਦੀਆਂ ਕੁਹਜੀਆਂ ਚਾਲਾਂ ਤੇ ਘਿਨਾਉਣੀਆਂ ਕਾਰਵਾਈਆਂ ਨੂੰ ਇੰਨੇ ਪ੍ਰਭਾਵਸ਼ਾਲੀ ਢੰਗ ਨਾਲ ਨੰਗਿਆਂ ਕਰਦਾ ਹੈ। ਇਸ ਵਿਚ ਸਾਡੇ ਲੋਟੂ ਸਮਾਜਕ-ਆਰਥਕ-ਰਾਜਨੀਤਕ ਪ੍ਰਬੰਧ ਵਿਚ ਪਸਰੇ ਭ੍ਰਸ਼ਟਾਚਾਰ ਨੂੰ ਬੜੀ ਬੇਬਾਕੀ ਨਾਲ ਪੇਸ਼ ਕੀਤਾ ਗਿਆ ਹੈ ਅਤੇ ਆਮ ਆਦਮੀ ਨੂੰ ਪੈ ਰਹੀ ਦੁਵੱਲੀ ਮਾਰ ਨੂੰ ਬਖ਼ੂਬੀ ਉਘਾੜਿਆ ਗਿਆ ਹੈ। ਕਾਫ਼ੀ ਹੱਦ ਤੱਕ ਇਸ ਨਾਵਲ ਦੀ ਤੁਲਨਾ ਮੰਨੂ ਭੰਡਾਰੀ ਦੇ ਹਿੰਦੀ ਨਾਵਲ **ਮਹਾਂ ਭੋਜ** ਨਾਲ ਕੀਤੀ ਜਾ ਸਕਦੀ ਹੈ। ਦੋਨੋਂ ਨਾਵਲ ਪੋਲੀਸ ਦੀਆਂ ਕਰੂਰ ਹਰਕਤਾਂ ਤੇ ਰਾਜਸੀ ਆਗੂਆਂ ਦੀਆਂ ਅਵਸਰਵਾਦੀ ਨੀਤੀਆਂ ਦਾ ਪਰਦਾ ਫਾਸ਼ ਕਰਦੇ ਹਨ ਅਤੇ ਇਸ ਨਿਆਂਹੀਣ ਪ੍ਰਬੰਧ ਵਿਚ ਜਨ ਸਾਧਾਰਣ ਦੀ ਬੇਬਸੀ ਦਾ ਯਥਾਰਥਕ ਚਿੱਤਰ ਪੇਸ਼ ਕਰਦੇ ਹਨ।

ਗਲਪ ਸਾਹਿੱਤ ਵਿਚ ਯਥਾਰਥ ਦੀ ਪੇਸ਼ਕਾਰੀ ਤਿੰਨ ਵਿਧੀਆਂ ਨਾਲ ਕੀਤੀ ਜਾ ਸਕਦੀ ਹੈ- ਵਾਸਤਵਿਕ, ਯਥਾਰਥਕ ਤੇ ਕਾਲਪਨਿਕ। ਵਾਸਤਵਿਕ ਪੇਸ਼ਕਾਰੀ ਵਿਚ ਨਾਵਲਕਾਰ ਜੀਵਨ ਦੀਆਂ ਵਾਸਤਵਿਕ ਘਟਨਾਵਾਂ ਨੂੰ ਇੰਨ ਬਿੰਨ ਪੇਸ਼ ਕਰਨ ਦਾ ਯਤਨ ਕਰਦਾ ਹੈ ਅਤੇ ਆਪਣੀ ਰਚਨ ਦੀ ਵਿਉਂਤ ਅਨੁਸਾਰ ਘਟਨਾਵਾਂ ਨੂੰ ਥੋੜ੍ਹਾ ਬਹੁਤ ਵਧਾ ਘਟਾ ਲੈਂਦਾ ਹੈ। ਯਥਾਰਥਕ ਪੇਸ਼ਕਾਰੀ ਵਿਚ ਉਹ ਵਾਸਤਵਿਕ ਘਟਨਾਵਾਂ ਨੂੰ ਇਸ ਪ੍ਰਕਾਰ ਢਾਲਦਾ ਹੈ ਕਿ ਉਹ ਉਸ ਦੇ ਜੀਵਨ ਪਰਿਪੇਖ ਦੇ ਮਾਨਦੰਡਾਂ ਅਨੁਸਾਰ ਰੂਪਾਂਤ੍ਰਿਤ ਹੋ ਜਾਣ। ਕਾਲਪਨਿਕ ਪੇਸ਼ਕਾਰੀ ਵਿਚ ਉਹ ਘਟਨਾਵਾਂ ਨੂੰ ਇਸ ਹੱਦ ਤੱਕ ਰੋਮਾਂਟਿਕ, ਪਰਾਸਰੀਰਕ ਜਾਂ ਵਿਸਮੈ ਬੋਧਕ ਬਣਾ ਦਿੰਦਾ ਹੈ ਕਿ ਪਾਠਕ ਉਸ ਦੇ ਮਾਇਆ ਜਾਲ ਵਿਚ ਫਸ ਜਾਂਦੇ ਹਨ ਤੇ ਵਾਸਤਵਿਕਤਾ ਤੋਂ ਵੱਖਰੀ ਦੁਨੀਆਂ ਵਿਚ ਗੁਆਚ ਜਾਂਦੇ ਹਨ। ਕਲਪਨਾ ਦੀ ਲੋੜ ਹਰ ਵਿਧੀ ਵਿਚ ਪੈਂਦੀ ਹੈ ਪਰ ਪਹਿਲੇ ਪ੍ਰਕਾਰ ਦੇ ਨਾਵਲਾਂ ਵਿਚ ਸਭ ਤੋਂ ਘੱਟ, ਦੂਜੇ ਪ੍ਰਕਾਰ ਦੇ ਨਾਵਲਾਂ ਵਿਚ ਉਸ ਤੋਂ ਵਧੇਰੇ, ਤੇ ਤੀਜੇ ਪ੍ਰਕਾਰ ਦੇ ਨਾਵਲਾਂ ਵਿਚ ਸਭ ਤੋਂ ਵੱਧ। ਸਫ਼ਲ ਗਲਪ ਰਚਨਾ ਉਹੀ ਹੋ ਸਕਦੀ ਹੈ ਜਿਸ ਵਿਚ ਵਾਸਤਵਿਕਤਾ ਤੇ ਕਲਪਨਾ ਦੇ ਸੁਮੇਲ ਨਾਲ ਸਾਹਿਤਕ ਯਥਾਰਥ ਦੀ ਸਿਰਜਣਾ ਕੀਤੀ ਜਾਵੇ।

ਇਸ ਸੰਬੰਧ ਵਿਚ ਇਕ ਹੋਰ ਗੱਲ ਵੀ ਧਿਆਨ ਵਿਚ ਰੱਖਣੀ ਜ਼ਰੂਰੀ ਹੈ। ਕਿਸੇ ਸਾਹਿੱਤਕ ਰਚਨਾ ਵਿਚ ਯਥਾਰਥ ਦੇ ਕਿਹੜੇ ਅੰਸ਼ ਨੂੰ ਅੰਕਿਤ ਕੀਤਾ ਜਾ ਸਕਦਾ ਹੈ? ਜੀਵਨ ਦੀ ਹਰ ਵਾਸਤਵਿਕ ਘਟਨਾ ਕਿਸੇ ਸਾਹਿੱਤਕ ਕਿਰਤ ਦਾ ਹਿੱਸਾ ਨਹੀਂ ਬਣ ਸਕਦੀ ਭਾਵੇਂ ਕਈ ਪ੍ਰਕ੍ਰਿਤੀਵਾਦੀ ਸਾਹਿੱਤਕਾਰ ਜ਼ਿੰਦਗੀ ਦੀ ਹੂਬਹੂ ਪੇਸ਼ਕਾਰੀ ਨੂੰ ਵੀ ਸਾਹਿੱਤਕ ਪ੍ਰਾਪਤੀ ਮੰਨਦੇ ਹਨ। ਉਨ੍ਹਾਂ ਲਈ ਜ਼ਿੰਦਗੀ ਦਾ ਟੋਟਾ (slice of life) ਪਰਦਰਸ਼ਿਤ ਕਰਨਾ ਹੀ ਸਾਹਿੱਤਕਾਰੀ ਹੈ। ਪਰ ਜੀਵਨ ਦੀ ਅਜਿਹੀ ਪੇਸ਼ਕਾਰੀ ਪੱਤਰਕਾਰੀ ਤਾਂ ਬਣ ਸਕਦੀ ਹੈ ਉੱਤਮ ਸਾਹਿਤ ਨਹੀਂ। ਉਂਜ ਤਾਂ ਡੀ.ਐਚ. ਲਾਰੰਸ ਦੇ ਨਾਵਲਾਂ ਵਿਚ ਜਿਨਸੀ ਅਮਲ ਦਾ ਚਿਤ੍ਰਣ ਨਿਸ਼ੰਗ ਕੀਤਾ ਗਿਆ ਹੈ ਅਤੇ ਵਿਜੇ ਤੇਂਦੁਲਕਰ ਦੇ ਇਕ ਨਾਟਕ

**ਸਖਾ ਰਾਮ ਬਾਈਂਡਰ** ਵਿਚ ਇਕ ਪਾਤਰ ਪਿੱਠ ਕਰਕੇ ਪਿਸ਼ਾਬ ਕਰਦਾ ਵਿਖਾਇਆ ਗਿਆ ਹੈ। ਪਰ ਅਜਿਹੇ ਕਾਰਜਾਂ ਦਾ ਪ੍ਰਦਰਸ਼ਨ ਕਿੰਨਾ ਕੁ ਸਾਹਿਤਕ ਹੋ ਸਕਦਾ ਹੈ? ਇਸ ਦਾ ਜਵਾਬ ਅਸਲ ਵਿਚ ਨਾਵਲਕਾਰ ਰਾਹੀਂ ਯਥਾਰਥ ਦੀ ਪਕੜ ਨਾਲ ਜੁੜਿਆ ਹੋਇਆ ਹੈ। ਜ਼ਿੰਦਗੀ ਇਕ ਨਿਰੰਤਰ ਪ੍ਰਵਾਹ ਹੈ ਜਿਸ ਵਿਚ ਅਨੇਕਾਂ ਸੁਖਾਵੀਆਂ ਤੇ ਅਣਸੁਖਾਵੀਆਂ ਘਟਨਾਵਾਂ ਵਾਪਰਦੀਆਂ ਰਹਿੰਦੀਆਂ ਹਨ। ਇਨ੍ਹਾਂ 'ਚੋਂ ਕਿਹੜੀ ਘਟਨਾ ਸਾਹਿਤਕ ਯਥਾਰਥ ਦੇ ਕਾਬਲ ਹੈ ਤੇ ਕਿਹੜੀ ਨਹੀਂ, ਇਸ ਦਾ ਨਿਰਣਾ ਨਾਵਲਕਾਰ ਨੇ ਆਪਣੇ ਯਥਾਰਥ-ਬੋਧ ਅਨੁਸਾਰ ਕਰਨਾ ਹੁੰਦਾ ਹੈ। ਨਾਵਲ ਵਿਚ ਯਥਾਰਥ ਦੇ ਵਿਸਤ੍ਰਿਤ ਚਿਤ੍ਰਣ ਦੀ ਬੜੀ ਸੰਭਾਵਨਾ ਹੁੰਦੀ ਹੈ ਪਰ ਇਹ ਯਥਾਰਥ ਉਸ ਕੇਂਦਰੀ ਯਥਾਰਥ ਨਾਲ ਜੁੜਿਆ ਹੋਣਾ ਜ਼ਰੂਰੀ ਹੈ ਜਿਹੜਾ ਕਿਸੇ ਨਾਵਲ ਦਾ ਧੁਰਾ ਹੈ। ਇਹ ਕੇਂਦਰੀ ਯਥਾਰਥ ਜੀਵਨ ਦੀ ਇਕ ਅਜਿਹੀ ਘਟਨਾ ਨਾਲ ਜੁੜਿਆ ਹੁੰਦਾ ਹੈ ਜਿਸ ਨਾਲ ਕਿਸੇ ਨਾਵਲ ਦੀ ਨੁਹਾਰ ਉਘੜਦੀ ਹੈ। ਬਾਕੀ ਘਟਨਾਵਾਂ ਸਿੱਧੇ ਜਾਂ ਅਸਿੱਧੇ ਤੌਰ ਤੇ ਇਸ ਕੇਂਦਰੀ ਘਟਨਾ ਨਾਲ ਜੁੜੀਆਂ ਹੋਈਆਂ ਹੁੰਦੀਆਂ ਹਨ। ਨਾਵਲ ਰਚਨਾ ਯਥਾਰਥ ਦੀ ਕਲਾਤਮਕ ਪੇਸ਼ਕਾਰੀ ਦਾ ਪ੍ਰਮਾਣ ਬਣ ਜਾਵੇ, ਇਸ ਤੋਂ ਨਾਵਲ ਦੀ ਕਾਮਯਾਬੀ ਦਾ ਪਤਾ ਲੱਗਦਾ ਹੈ। ਸੁਭਾਵਿਕ ਹੀ ਨਾਵਲਕਾਰ ਨੂੰ ਜ਼ਿੰਦਗੀ ਦੇ ਯਥਾਰਥ ਦੀ ਚੰਗੀ ਛਾਣਬੀਣ ਕਰਨੀ ਪੈਂਦੀ ਹੈ ਤੇ ਕੇਵਲ ਉਨ੍ਹਾਂ ਚੋਣਵੀਆਂ ਘਟਨਾਵਾਂ ਤੇ ਪਾਤਰਾਂ ਨੂੰ ਹੀ ਨਾਵਲ ਦੀ ਵਿਉਂਤ ਵਿਚ ਸ਼ਾਮਿਲ ਕਰਨਾ ਹੁੰਦਾ ਹੈ ਜਿਨ੍ਹਾਂ ਵਿਚ ਜੀਵਨ ਦੀ ਪ੍ਰਤੀਨਿਧਤਾ ਕਰਨ ਦੀ ਸਮਰੱਥਾ ਹੋਵੇ। ਜੇ ਅਜਿਹਾ ਨਹੀਂ ਹੋਵੇਗਾ ਤਾਂ ਨਾਵਲ ਦਾ ਸਾਹਿੱਤਕ ਪੱਧਰ ਘਟ ਜਾਏਗਾ ਤੇ ਉਹ ਇਛਤ ਪ੍ਰਭਾਵ ਨਹੀਂ ਉਪਜਾ ਸਕੇਗਾ।

**ਤਫ਼ਤੀਸ਼** ਦਾ ਕੇਂਦਰੀ ਯਥਾਰਥ ਲਾਲਾ ਜੀ ਦੇ ਮਾਸੂਮ ਪੋਤਰੇ ਬੰਟੀ ਦੇ ਅਗਵਾ ਨਾਲ ਸੰਬੰਧਿਤ ਹੈ। ਬੰਟੀ ਦਾ ਅਪਹਰਣ ਸ਼ਹਿਰ ਲਈ ਹੀ ਨਹੀਂ, ਸਾਰੇ ਇਲਾਕੇ ਲਈ ਸਨਸਨੀਖੇਜ਼ ਘਟਨਾ ਹੈ। ਇਸ ਮੁਆਮਲੇ ਦੀ ਤਫ਼ਤੀਸ਼ ਲਈ ਰਾਜ ਭਰ ਦੀ ਪੋਲੀਸ ਫ਼ੋਰਸ ਹਰਕਤ ਵਿਚ ਆ ਜਾਂਦੀ ਹੈ। ਰਾਜ ਦੇ ਮੁੱਖ ਮੰਤਰੀ ਦੀ ਇਸ ਤਫ਼ਤੀਸ਼ ਵਿਚ ਵਿਸ਼ੇਸ਼ ਦਿਲਚਸਪੀ ਹੈ ਕਿਉਂਕਿ ਇਹ ਉਸ ਦਾ ਆਪਣਾ ਚੋਣ ਹਲਕਾ ਹੈ। ਯੁਵਾ ਸੰਘ ਨੇ ਦਹਿਸ਼ਤਗਰਦਾਂ ਨੂੰ ਜਲਦੀ ਫੜਨ ਲਈ ਅੰਦੋਲਨ ਸ਼ੁਰੂ ਕੀਤਾ ਹੋਇਆ ਹੈ। ਗੁਰਦੁਆਰੇ ਵਿਚ ਵੱਖਰੇ ਢੰਗ ਦੀਆਂ ਮੀਟਿੰਗਾਂ ਹੋ ਰਹੀਆਂ ਹਨ। ਇਕ ਸੰਘਰਸ਼ ਸੰਮਤੀ ਵੀ ਕਾਇਮ ਹੋ ਗਈ ਹੈ। ਸ਼ਹਿਰ ਵਿਚ ਕਰਫਿਊ ਲਾ ਕੇ ਘਰ ਘਰ ਦੀ ਤਲਾਸ਼ੀ ਕੀਤੀ ਗਈ। ਸਾਂਹਸੀਆਂ ਦੇ ਮੁਹੱਲੇ, ਕੁਸ਼ਟ ਆਸ਼ਰਮ, ਚੂਹੜਿਟਾਂ ਦੀ ਬਸਤੀ, ਤੇ ਹੋਰ ਕਈ ਇਲਾਕਿਆਂ ਵਿਚ ਛਾਪੇ ਮਾਰੇ ਗਏ ਪਰ ਕੋਈ ਮੁਜਰਿਮ ਨਾ ਫੜ੍ਹਿਆ ਜਾ ਸਕਿਆ। ਹਾਂ, ਕਈ ਨਿਰਦੋਸ਼ਾਂ ਤੇ ਜ਼ੁਲਮ ਅਵੱਸ਼ ਕੀਤੇ ਗਏ। ਬੰਟੀ ਦੇ ਅਗਵਾਹਕਾਰਾਂ ਨੇ ਕੇਵਲ ਪੰਜ ਹਜ਼ਾਰ ਵੀ ਰਕਮ ਮੰਗੀ ਸੀ। ਉਨ੍ਹਾਂ ਦੀ ਮੰਗ ਪੂਰੀ ਨਾ ਕੀਤੀ ਗਈ ਤੇ ਬੰਟੀ ਨੂੰ ਮਾਰ ਦਿੱਤਾ ਗਿਆ। ਤਫ਼ਤੀਸ਼ ਬਾਰੇ ਜ਼ਬਾਨੀ ਜਮ੍ਹਾਂ ਖ਼ਰਚ ਤੇ ਕਾਗਜ਼ੀ ਕਾਰਵਾਈ ਦੀ ਕਮੀ ਤਾਂ ਨਾ ਰਹੀ ਪਰ ਦਹਿਸ਼ਤਗਰਦ ਕੋਈ ਨਾ ਦੜ੍ਹਿਆ ਗਿਆ। ਬੰਟੀ ਦੇ ਭੋਗ ਵਾਲੇ ਦਿਨ ਕਾਤਿਲਾਂ ਨੂੰ ਹਰ ਹਾਲਤ ਵਿਚ ਪੇਸ਼ ਕੀਤਾ ਜਾਣਾ ਸੀ। ਪੋਲੀਸ ਨੇ ਦੋ ਬੇਗੁਨਾਹ ਹਿਸਟਰੀ ਸ਼ੀਟਰਾਂ ਪਾਲੇ ਤੇ ਮੀਤੇ ਨੂੰ ਧਰ ਲਿਆ ਤੇ ਲੋਕਾਂ ਤੋਂ ਵਾਹ ਵਾਹ ਖੱਟ ਲਈ। ਐਨ ਮੌਕੇ ਤੇ ਸਰਕਾਰੀ ਵਕੀਲ ਗੁਰਮੀਤ ਨੇ ਉਨ੍ਹਾਂ ਨੂੰ ਬਚਾਉਣ ਲਈ ਸੰਘਰਸ਼ ਸੰਮਤੀ ਨਾਲ ਰਲਣ ਦਾ ਫ਼ੈਸਲਾ ਕਰ ਲਿਆ... ਤੇ ਬੱਸ। ਅਗਵਾਕਾਰ ਕੌਣ ਸਨ? ਇਸ ਬਾਰੇ ਨਾਵਲਕਾਰ ਚੁੱਪ ਹੈ। ਉਸ ਦਾ ਜ਼ੋਰ ਪੋਲੀਸ ਕਰਮਚਾਰੀਆਂ ਦੀ ਰਿਸ਼ਵਤਖੋਰੀ, ਸ਼ਰਾਬਖੋਰੀ, ਔਰਤਬਾਜ਼ੀ, ਜਾਅਲਸਾਜ਼ੀ ਤੇ ਬਹਾਨੇਬਾਜ਼ੀ ਨੂੰ ਉਘਾੜਨ ਤੇ ਲੱਗ ਗਿਆ ਹੈ।

ਇਸ ਵਿਚ ਕੋਈ ਸ਼ੱਕ ਨਹੀਂ ਕਿ ਸਾਡੀ ਪੋਲੀਸ ਨੂੰ ਮੁਜਰਿਮਾਂ ਨੂੰ ਗ੍ਰਿਫ਼ਤਾਰ ਕਰਨ ਤੇ ਸਜ਼ਾ ਦਿਵਾਉਣ ਦੀ ਬਜਾਏ ਆਪਣਾ ਉੱਲੂ ਸਿੱਧਾ ਕਰਨ ਨਾਲ ਮਤਲਬ ਹੁੰਦਾ ਹੈ। ਇਸ ਨਾਵਲ ਵਿਚ ਇਕ ਪੋਲੀਸ ਕਰਮਚਾਰੀ ਵੀ ਅਜਿਹਾ ਨਹੀਂ ਜਿਹੜਾ ਇਸ ਤਫ਼ਤੀਸ਼ ਪ੍ਰਤੀ ਸੁਹਿਰਦ ਹੋਵੇ। ਬੂਝਾ ਸਿੰਘ ਦੀ ਸਥਿਤੀ ਇਹ ਹੈ: 'ਭਠ 'ਚ ਪਏ ਬੰਟੀ। ਬੂਝਾ ਸਿੰਘ ਨੂੰ ਨਾ ਬੰਟੀ ਨਾਲ ਮਤਲਬ ਸੀ ਨਾ ਉਹਦੇ ਅਗਵਾਕਾਰਾਂ ਨਾਲ। ਉਸ ਨੂੰ ਆਪਣੀ ਲੀਹ ਤੋਂ ਲਹੀ ਗੱਡੀ ਨੂੰ ਥਾਂ ਸਿਰ ਲਿਆਉਣ ਦਾ ਫ਼ਿਕਰ ਸੀ।' ਖ਼ਾਨ, ਜੋ ਬਾਕੀ ਪੋਲੀਸ ਅਫ਼ਸਰਾਂ ਨਾਲੋਂ ਵਧੇਰੇ ਸੁਹਿਰਦ ਤੇ ਈਮਾਨਦਾਰ ਅਫ਼ਸਰ ਹੈ, ਆਪ ਬੰਟੀ ਦੀ ਲਾਸ਼ ਬਾਰੇ ਝੂਠੀ ਕਹਾਣੀ ਬਣਾਉਂਦਾ ਹੈ। ਡਿਪਟੀ ਕਮਿਸ਼ਨਰ ਗੁਪਤਾ ਦੀ ਸਥਿਤੀ ਇਹ ਹੈ: 'ਕਾਤਲ ਲੱਭਣ ਜਾਂ ਨਾ ਲੱਭਣ। ਇਹ ਪੋਲੀਸ ਦੀ ਜ਼ਿੰਮੇਵਾਰੀ ਸੀ। ਡਿਪਟੀ ਕਮਿਸ਼ਨਰ ਦਾ ਕੰਮ ਤਾਂ ਵਾਰਸਾਂ ਦੇ ਘਰ ਜਾਣਾ, ਦੁਖੀ ਪਰਿਵਾਰ ਨਾਲ ਹਮਦਰਦੀ ਪਰਗਟ ਕਰਨਾ ਅਤੇ ਰੈਡ ਕਰਾਸ ਵਿਚੋਂ ਕੁਝ ਮਾਲੀ ਸਹਾਇਤਾ ਦੇਣਾ ਹੁੰਦਾ ਹੈ।' ਡੀ.ਆਈ.ਜੀ. ਨਿਰਭੈ ਸਿੰਘ ਦਾ ਮਕਸਦ ਡਿਪਟੀ ਨੌਨਿਹਾਲ ਸਿੰਘ ਦੇ ਗੋਡੇ ਲਵਾਉਣਾ ਹੈ, ਬੰਟੀ ਦੇ ਕਾਤਿਲ ਤਲਾਸ਼ ਕਰਨਾ ਨਹੀਂ। ਮੁੱਖ ਮੰਤਰੀ ਦਾ ਉਦੇਸ਼ ਲੋਕਾਂ ਨੂੰ ਮੂਰਖ ਬਣਾਉਣਾ ਹੈ, ਬੰਟੀ ਦੀ ਮੌਤ ਦਾ ਸੋਗ ਕਰਨਾ ਨਹੀਂ। ਉਹ ਤਾਂ ਬੰਟੀ ਦੀ ਮਾਂ ਨੂੰ ਚੈੱਕ ਦਿੰਦਿਆਂ ਫੋਟੋ ਖਿਚਵਾਉਣਾ ਚਾਹੁੰਦਾ ਹੈ ਤਾਂ ਜੋ ਇਲਾਕੇ ਵਿਚ ਉਸ ਦੀ ਪ੍ਰਸੰਸਾ ਹੋ ਸਕੇ। ਵਰਨਾ ਉਸ ਨੂੰ ਇਸ ਕੇਸ ਵਿਚ ਕੀ ਦਿਲਚਸਪੀ ਹੋ ਸਕਦੀ ਹੈ। ਸਾਰੇ ਪੋਲੀਸ ਕਰਮਚਾਰੀ, ਸਰਕਾਰੀ ਮੁਲਾਜ਼ਿਮ ਤੇ ਰਾਜਸੀ ਆਗੂ ਬੇਸ਼ਰਮੀ ਦੀ ਹੱਦ ਤੱਕ ਭ੍ਰਸ਼ਟ ਹਨ, ਉਨ੍ਹਾਂ ਤੋਂ ਭਲੇ ਦੀ ਆਸ ਰੱਖਣੀ ਫ਼ਜ਼ੂਲ ਹੈ।

ਪੋਲੀਸ ਦੇ ਇਨ੍ਹਾਂ ਕਾਰਨਾਮਿਆਂ ਨੂੰ ਦਰਸਾਉਣ ਲਈ ਮੀਤ ਨੇ ਸ਼ੁਰੂ ਤੋਂ ਅਖ਼ੀਰ ਤੱਕ ਇਕੋ ਵਿਧੀ ਅਪਣਾਈ ਹੈ। ਉਹ ਪੋਲੀਸ ਕਰਮਚਾਰੀ ਦੀ ਜਾਣ ਪਛਾਣ ਕਰਾਉਂਦਾ ਹੈ, ਉਸ ਦਾ ਤਫ਼ਤੀਸ਼ ਨਾਲ ਸੰਬੰਧ ਕਾਇਮ ਕਰਦਾ ਹੈ ਤੇ ਫਿਰ ਉਸ ਦਾ ਕੱਚਾ ਚਿੱਠਾ ਫਲ ਕੇ ਬਹਿ ਜਾਂਦਾ ਹੈ। ਇਸ ਤਰ੍ਹਾਂ ਸਾਨੂੰ ਬਘੇਲ ਸਿੰਘ, ਰਾਮ ਸਰੂਪ, ਸ਼ਿਵ ਪ੍ਰਸ਼ਾਦ, ਮਨਬੀਰ ਸਿੰਘ ਭੁੱਲਰ, ਐਸ.ਪੀ. ਖਾਨ, ਦਰਸ਼ਨ ਸਿੰਘ ਹੌਲਦਾਰ, ਪ੍ਰੀਤਮ ਸਿੰਘ ਐਸ.ਐਚ.ਓ., ਸਿਟੀ ਇੰਚਾਰਜ ਅਮੀ ਚੰਦ, ਹੌਲਦਾਰ ਦੇਸ ਰਾਜ, ਥਾਣੇਦਾਰ ਬੂਝਾ ਸਿੰਘ, ਡੈੱਡ ਹਾਊਸ ਵਾਲਾ ਜੋਗਿੰਦਰ ਸਿੰਘ, ਡਿਪਟੀ ਨੌਨਿਹਾਲ ਸਿੰਘ, ਡੀ.ਆਈ.ਜੀ. ਨਿਰਭੈ ਸਿੰਘ, ਐਸ.ਐਚ.ਓ. ਲਾਲ ਸਿੰਘ ਅਤੇ ਹੋਰ ਕਈ ਪੋਲੀਸ ਕਰਮਚਾਰੀਆਂ ਦੀਆਂ ਕਰਤੂਤਾਂ ਦਾ ਪਤਾ ਲੱਗਦਾ ਹੈ। ਇੰਜ ਪ੍ਰਤੀਤ ਹੁੰਦਾ ਹੈ ਕਿ ਸਾਰੇ ਦਾ ਸਾਰਾ ਨਾਵਲ ਪੋਲੀਸ ਦੇ ਕੁਕਰਮਾਂ ਦੀ ਡਾਕੂਮੈਂਟਰੀ ਹੋਵੇ। ਕੇਂਦਰੀ ਯਥਾਰਥ ਵਿਚ ਕਿਸੇ ਵੀ ਨਵੇਂ ਪਾਸਾਰ ਦਾ ਝਲਕਾਰਾ ਨਹੀਂ ਦਿਸਦਾ। ਆਖ਼ਰ ਨਾਵਲਕਾਰ ਅਗਵਾਕਾਰਾਂ ਬਾਰੇ ਚੁੱਪ ਕਿਉਂ ਹੈ? ਨਾਵਲ ਦੀਆਂ ਘਟਨਾਵਾਂ ਇਹ ਸਪੱਸ਼ਟ ਕਰਦੀਆਂ ਹਨ ਕਿ ਬੰਟੀ ਦਾ ਅਪਹਰਣ ਕਿਸੇ ਮੂਲਵਾਦੀ ਖਾੜਕੂ ਜੱਥੇਬੰਦੀ ਦਾ ਕੰਮ ਨਹੀਂ, ਇਹ ਤਾਂ ਕਿਸੇ ਅਵਸਰਵਾਦੀ ਲੁਟੇਰੇ ਗਰੁੱਪ ਦੀ ਕਾਰਵਾਈ ਹੈ ਜਿਨ੍ਹਾਂ ਕੋਈ ਲੰਮੀ ਚੌੜੀ ਰਕਮ ਵੀ ਨਹੀਂ ਮੰਗੀ। ਅਸਲ ਵਿਚ ਨਾਵਲਕਾਰ ਨੂੰ ਆਪ ਵੀ ਇਸ ਕੇਂਦਰੀ ਗੁੰਝਲ ਨਾਲ ਕੋਈ ਦਿਲਚਸਪੀ ਨਹੀਂ ਜਾਪਦੀ। ਉਹ ਪੋਲੀਸ ਦੀ ਨਿਖੇਧੀ ਕਰਨ ਵਿਚ ਹੀ ਸੰਤੁਸ਼ਟ ਜਾਪਦਾ ਹੈ।

ਕਿਹਾ ਜਾ ਸਕਦਾ ਹੈ ਕਿ ਨਾਵਲਕਾਰ ਪੋਲੀਸ ਕਰਮੀਆਂ ਰਾਹੀਂ ਤਫ਼ਤੀਸ਼ ਦੀ ਕਾਰਵਾਈ ਤੇ ਵਿਅੰਗ ਕਰ ਰਿਹਾ ਹੈ। ਇਹ ਦਲੀਲ ਕਾਫ਼ੀ ਹੱਦ ਤੱਕ ਠੀਕ ਜਾਪਦੀ ਹੈ। ਉਹ ਨਿਸਚੇ ਹੀ ਪੋਲੀਸ ਕਾਰਵਾਈ ਦੀ ਨਿਰਾਰਥਕਤਾ ਤੇ ਖੋਖਲੇਪਨ ਨੂੰ ਪ੍ਰਗਟ ਕਰਨਾ ਚਾਹੁੰਦਾ ਹੈ ਅਤੇ ਇਸ ਉਦੇਸ਼ ਵਿਚ ਉਹ ਬੜਾ ਸਫ਼ਲ ਹੁੰਦਾ ਹੈ। ਪਰ ਇਸ ਬਿਆਨ ਨੂੰ

ਇੰਨਾ ਲਮਕਾਇਆ ਗਿਆ ਹੈ ਕਿ ਕੇਂਦਰੀ ਯਥਾਰਥ ਤਾਂ ਲੋਪ ਹੀ ਹੋ ਜਾਂਦਾ ਹੈ। ਫਿਰ ਪੋਲੀਸ ਦੇ ਕਾਰਨਾਮਿਆਂ ਤੋਂ ਕੌਣ ਹੈ ਜੋ ਵਾਕਿਫ਼ ਨਹੀਂ। ਤੇ ਇਹ ਵੀ ਸੋਚਣ ਵਾਲੀ ਗੱਲ ਹੈ ਕਿ ਉਸ ਪਾਸੇ ਘੁਪ ਹਨੇਰਾ ਹੀ ਹੈ, ਆਸ ਦੀ ਕੋਈ ਕਿਰਨ ਹੀ ਨਹੀਂ। ਲੈ ਦੇ ਕੇ ਖ਼ਾਨ ਨਿਤਰਦਾ ਹੈ ਪਰ ਉਹ ਵੀ ਜਾਅਲਸਾਜ਼ ਸਾਬਿਤ ਹੁੰਦਾ ਹੈ, ਬੰਟੀ ਦੀ ਲਾਸ਼ ਬਾਰੇ ਝੂਠੀ ਕਹਾਣੀ ਬਣਾਉਣ ਵਿਚ ਉਹ ਪੂਰੀ ਤਰ੍ਹਾਂ ਸ਼ਾਮਿਲ ਹੈ। ਜੇ ਫ਼ਿਲਮੀ ਪੋਲੀਸ ਬਹੁਤੀ ਈਮਾਨਦਾਰ ਵਿਖਾਈ ਜਾਂਦੀ ਹੈ ਤਾਂ ਇਸ ਨਾਵਲ ਵਿਚਲੀ ਪੋਲੀਸ ਬਹੁਤੀ ਨਿਘਰੀ ਹੋਈ ਹੈ। ਕਿਤੇ ਕੋਈ ਬਾਜ਼ਮੀਰ ਬੰਦਾ ਹੈ ਹੀ ਨਹੀਂ। ਮੰਨੂ ਭੰਡਾਰੀ ਨੇ **ਮਹਾਂਭੋਜ** ਵਿਚ ਘੱਟੋ ਘੱਟ ਇਕ ਬਾਜ਼ਮੀਰ ਪੋਲੀਸ ਅਫ਼ਸਰ ਤਾਂ ਪੇਸ਼ ਕੀਤਾ ਹੈ। ਉਸ ਨਾਵਲ ਵਿਚ ਭਾਵੇਂ ਸਕਸੈਨਾ ਦੀ ਆਵਾਜ਼ ਸਿਆਸੀ ਸ਼ਤਰੰਜ ਦੇ ਖਿਲਾੜੀਆਂ ਰਾਹੀਂ ਦਬਾ ਦਿੱਤੀ ਜਾਂਦੀ ਹੈ ਪਰ ਇਹ ਆਵਾਜ਼ ਉੱਠਦੀ ਤਾਂ ਹੈ। ਇਸ ਤਰ੍ਹਾਂ ਮੀਤ ਦੀ ਡਾਕੂਮੈਂਟਰੀ ਇਕ ਪਾਸੜ ਬਣ ਜਾਂਦੀ ਹੈ। ਉਂਜ ਇਸ ਕਿੱਤੇ ਨਾਲ ਸੰਬੰਧਿਤ ਹੋਣ ਕਰਕੇ ਮੀਤ ਦੀ ਜਾਣਕਾਰੀ ਨਿਸ਼ਚੇ ਹੀ ਤੱਥਪੂਰਣ ਹੈ। ਮਿਸਾਲ ਵਜੋਂ ਡੈੱਡ ਹਾਊਸ ਵਾਲੇ ਜੋਗਿੰਦਰ ਦਾ ਕਿਰਦਾਰ ਬੜਾ ਹੀ ਸੁਭਾਵਿਕ ਹੈ। ਆਖ਼ਿਰ ਉਹ ਬੰਟੀ ਦੀ ਲਾਸ਼ ਦੀ ਬਿਨਾਂ ਪੈਸੇ ਲਏ ਚੀਰ ਫਾੜ ਕਿਉਂ ਕਰੇ। ਹੈ ਤਾਂ ਉਹ ਸਫ਼ਾਈ ਕਰਮਚਾਰੀ ਪਰ ਕੰਮ ਉਸ ਤੋਂ ਲਾਸ਼ਾਂ ਦੀ ਚੀਰ ਫਾੜ ਦਾ ਲਿਆ ਜਾਂਦਾ ਹੈ। ਆਖ਼ਰ ਉਹ ਲਾਲਾ ਜੀ ਦਾ ਲਿਹਾਜ਼ ਵੀ ਕਿਉਂ ਕਰੇ ਜਦ ਕਿ ਉਸ ਦਾਨੀ ਪੁਰਸ਼ ਨੇ ਜੋਗਿੰਦਰ ਦੀ ਧੀ ਦਾ ਭਵਿੱਖ ਸੰਵਰਣ ਨਹੀਂ ਸੀ ਦਿੱਤਾ। ਅੰਤ ਵਿਚ ਜੋਗਿੰਦਰ ਨੂੰ ਬਾਬੂ ਜੀ ਅੱਗੇ ਝੁਕਣਾ ਹੀ ਪੈਂਦਾ ਹੈ। ਯਥਾਰਥ ਦੀ ਅਜਿਹੀ ਵਾਸਤਵਿਕ ਪੇਸ਼ਕਾਰੀ ਕੋਈ ਜਾਣੂ ਵਿਅਕਤੀ ਹੀ ਕਰ ਸਕਦਾ ਹੈ। ਅਸਲ ਵਿਚ ਅਜਿਹੀਆਂ ਘਟਨਾਵਾਂ ਦੀ ਪੇਸ਼ਕਾਰੀ ਨਾਲ ਮੀਤ ਪੋਲੀਸ ਤੇ ਇਸ ਨਾਲ ਸੰਬੰਧਤ ਮਹਿਕਮਿਆਂ ਦੇ ਨਿਘਾਰ ਨੂੰ ਪੂਰੀ ਤਰ੍ਹਾਂ ਨੰਗਿਆਂ ਕਰਦਾ ਹੈ।

ਮੇਰਾ ਨਾਵਲਕਾਰ ਨਾਲ ਗਿਲਾ ਕੇਂਦਰੀ ਯਥਾਰਥ ਦੇ ਅਧੂਰੇ ਚਿਤ੍ਰਣ ਬਾਰੇ ਹੈ। ਇਹ ਇਸ ਕਰਕੇ ਹੋਇਆ ਹੈ ਕਿ ਸੰਬੰਧਿਤ ਯਥਾਰਥ ਦੇ ਚਿਤ੍ਰਣ ਵਿਚ ਉਸ ਨੇ ਲੋੜੋਂ ਵੱਧ ਵਿਸਥਾਰ ਨਾਲ ਕੰਮ ਲਿਆ ਹੈ। **ਤਫ਼ਤੀਸ਼** ਦੇ ਮੁਕਾਬਲੇ ਤੇ ਮੰਨੂ ਭੰਡਾਰੀ ਦੇ **ਮਹਾਂ ਭੋਜ** ਵਿਚ ਯਥਾਰਥ ਦੀ ਪੇਸ਼ਕਾਰੀ ਬੜੀ ਗੁੰਦਵੇਂ ਤੇ ਵਧੇਰੇ ਪ੍ਰਭਾਵਸ਼ਾਲੀ ਢੰਗ ਨਾਲ ਹੋਈ ਹੈ। ਨਾਵਲ ਦਾ ਥੀਮ ਬਿਲਕੁਲ ਉਹੀ ਹੈ ਤੇ ਬਣਤਰ ਵੀ ਲਗਭਗ ਸਾਮਾਨੰਤਰ ਹੀ ਹੈ। ਸਰੋਹਾ ਪਿੰਡ ਵਿਚ ਬੀਸੂ ਨਾਂ ਦੇ ਇਕ ਆਦਮੀ ਦਾ ਕਤਲ ਹੋ ਜਾਂਦਾ ਹੈ ਕਿਉਂਕਿ ਇਸ ਨੇ ਮੁੱਖ-ਮੰਤ੍ਰੀ ਦੇ ਚਮਚੇ ਜ਼ੋਰਾਵਰ ਵਿਰੁੱਧ ਅੱਗਜ਼ਨੀ ਦੇ ਇਕ ਕੇਸ ਸੰਬੰਧੀ ਸਬੂਤ ਇਕੱਠੇ ਕਰ ਲਏ ਹਨ। ਪਿੰਡ ਦੀ ਇਸ ਸਥਿਤੀ ਨੂੰ ਰਾਜਸੀ ਪਾਰਟੀਆਂ ਆਪਣੇ ਸੁਆਰਥੀ ਹਿਤਾਂ ਲਈ ਵਰਤਣ ਲੱਗਦੀਆਂ ਹਨ ਕਿਉਂਕਿ ਚੋਣਾਂ ਸਿਰ ਤੇ ਆ ਗਈਆਂ ਹਨ। ਪੋਲੀਸ ਤੇ ਪ੍ਰੈਸ ਇਸ ਕਤਲ ਦੀ ਤਹਿ ਤੱਕ ਜਾਣ ਦਾ ਵਿਖਾਵਾ ਕਰਦੇ ਹਨ ਪਰ ਬੀਸੂ ਦਾ ਮਿੱਤਰ ਬਿੰਦਾ ਤੇ ਰਿਸਰਚ ਸਕਾਲਰ ਮਹੇਸ਼ ਇਸ ਤਹਿ ਤੱਕ ਪਹੁੰਚ ਜਾਂਦੇ ਹਨ। ਦਾ ਸਾਹਿਬ ਪੋਲੀਸ ਰਾਹੀਂ ਦੁਬਾਰਾ ਤਫ਼ਤੀਸ਼ ਦਾ ਪਰਪੰਚ ਰਚਦੇ ਹਨ ਤੇ ਐਸ.ਪੀ. ਸਕਸੈਨਾ ਨੂੰ ਇਸ ਡਿਊਟੀ ਤੇ ਲਾਇਆ ਜਾਂਦਾ ਹੈ। ਸਕਸੈਨਾ ਦੀ ਜ਼ਮੀਰ ਜਾਗ ਪੈਂਦੀ ਹੈ ਤੇ ਉਹ ਬਿੰਦਾ ਤੋਂ ਗਵਾਹੀ ਲੈ ਕੇ ਕਾਤਲਾਂ ਨੂੰ ਹੱਥ ਪਾਉਣਾ ਚਾਹੁੰਦਾ ਹੈ ਪਰ ਉਸ ਦੀ ਆਵਾਜ਼ ਦਬਾ ਦਿੱਤੀ ਜਾਂਦੀ ਹੈ। ਦਾ ਸਾਹਿਬ ਦੀ ਚਾਲਾਕੀ ਨਾਲ ਬਿੰਦਾ ਹੀ ਕਤਲ ਦੇ ਜੁਰਮ ਵਿਚ ਫੜ ਲਿਆ ਜਾਂਦਾ ਹੈ ਤੇ ਲੋਕੀਂ ਇਸ ਜ਼ੁਲਮ ਤੇ ਬੇਬੱਸ ਹੋ ਕੇ ਰਹਿ ਜਾਂਦੇ ਹਨ। ਸੰਬੰਧਿਤ ਘਟਨਾਵਾਂ ਦੀ ਮਦਦ ਨਾਲ ਨਾਵਲ ਦਾ ਕੇਂਦਰੀ ਯਥਾਰਥ ਇੰਨੀ ਪ੍ਰਬਲਤਾ ਨਾਲ ਉਭਰਦਾ ਹੈ ਕਿ ਲੋਕਾਂ ਵਿਰੁੱਧ ਜੇਤੂ ਹੋਈਆਂ ਲੋਟੂ ਤਾਕਤਾਂ ਦਾ ਮਹਾਂਭੋਜ ਹੀ ਇਕ ਕਾਰੀ ਵਿਅੰਗ ਬਣ ਜਾਂਦਾ ਹੈ ਜਿਹੜਾ ਸਮਕਾਲੀ ਸਮਾਜਕ-ਆਰਥਕ-ਰਾਜਨੀਤਕ ਪ੍ਰਬੰਧ ਦੀ ਕਰਤੂਤਾਂ ਦੀ ਬਲਵਾਨ ਨਿਖੇਧੀ

ਹੋ ਨਿਬੜਦਾ ਹੈ। ਮੰਨੂ ਭੰਡਾਰੀ ਸਾਰੀਆਂ ਧਿਰਾਂ ਨੂੰ ਸੰਤੁਲਿਤ ਢੰਗ ਨਾਲ ਪੇਸ਼ ਕਰਦੀ ਹੈ, ਕਿਤੇ ਬੇਲੋੜੇ ਵਿਸਥਾਰ ਜਾਂ ਬੇਲੋੜੇ ਸੰਕੋਚ ਤੋਂ ਕੰਮ ਨਹੀਂ ਲੈਂਦੀ।

ਮੀਤ ਦੀ ਇਕ ਮਜਬੂਰੀ ਹੋਰ ਵੀ ਹੈ। ਉਸ ਨੇ ਨਾਵਲ ਨੂੰ ਅਗਾਂਹਵਧੂ ਮੋੜ ਦੇਣਾ ਹੈ ਪਰ ਅਜਿਹਾ ਕਰਨ ਲਈ ਉਹ ਸੁਭਾਵਿਕਤਾ ਦੇ ਮਾਪ ਦੰਡ ਨੂੰ ਤਿਆਗ ਦਿੰਦਾ ਹੈ। ਜੇ ਛੋਟੇ ਵੱਡੇ ਪੋਲੀਸ ਕਰਮੀ ਦਾ ਇੰਨਾ ਵਿਸਤ੍ਰਿਤ ਚਿਤ੍ਰਣ ਹੋ ਸਕਦਾ ਹੈ ਤਾਂ ਗੁਰਮੀਤ ਜਿਸ ਰਾਹੀਂ ਉਸ ਨੇ ਨਾਵਲ ਨੂੰ ਇਕ ਅਹਿਮ ਅਗਰਗਾਮੀ ਮੋੜ ਦੇਣਾ ਹੈ, ਇੰਨੀ ਸੰਖੇਪ ਜਾਣ ਪਛਾਣ ਦਾ ਭਾਗੀ ਕਿਉਂ ਬਣਾਇਆ ਗਿਆ ਹੈ। ਉਸ ਨੂੰ ਕੇਂਦਰੀ ਯਥਾਰਥ ਨਾਲ ਸ਼ੁਰੂ ਤੋਂ ਹੀ ਸੰਬੰਧਿਤ ਕੀਤਾ ਜਾ ਸਕਦੀ ਸੀ ਜਿਵੇਂ **ਮਹਾਂ ਭੋਜ** ਵਿਚਲਾ ਪੱਤਰਕਾਰ ਜਾਂ ਰਿਸਰਚ ਸਕਾਲਰ। ਸਾਰੇ ਨਾਵਲ ਵਿਚ ਕਿਹੜਾ ਪਾਤਰ ਕੇਂਦਰੀ ਪਾਤਰ ਹੈ- ਲਾਲਾ ਜੀ, ਬੰਟੀ, ਕਾਂਤਾ, ਖ਼ਾਨ, ਮੁੱਖ ਮੰਤ੍ਰੀ, ਨਿਰਭੈ ਸਿੰਘ, ਪਾਲਾ, ਮੀਤਾ, ਗੁਰਮੀਤ.. ਸ਼ਾਇਦ ਕੋਈ ਵੀ ਨਹੀਂ। **ਮਹਾਂਭੋਜ** ਦੇ ਸਕਸੈਨਾ ਵਾਂਗ ਗੁਰਮੀਤ ਕੇਂਦਰੀ ਯਥਾਰਥ ਨਾਲ ਜੂਝ ਸਕਦਾ ਸੀ ਪਰ ਅਜਿਹਾ ਨਹੀਂ ਹੋਇਆ। ਕਾਰਨ ਸਪਸ਼ਟ ਹੈ: ਨਾਵਲਕਾਰ ਪੋਲੀਸ ਤੇ ਕੇਵਲ ਪੋਲੀਸ ਦੇ ਕੁਕਰਮਾਂ ਦੀ ਪੇਸ਼ਕਾਰੀ ਤਕ ਸੀਮਿਤ ਹੈ। ਯਥਾਰਥ ਦੇ ਇਸ ਪੱਖ ਨੂੰ ਚਿਤ੍ਰਣ ਵਿਚ ਤਾਂ ਉਹ ਜ਼ਰੂਰ ਕਾਮਯਾਬ ਹੋਇਆ ਹੈ ਪਰ ਕੋਈ ਬਲਵਾਨ ਕੇਂਦਰੀ ਯਥਾਰਥ ਪੇਸ਼ ਨਹੀਂ ਕਰ ਸਕਿਆ।

**ਤਫ਼ਤੀਸ਼** ਬਾਰੇ ਇਕ ਹੋਰ ਰਾਏ ਵੀ ਦਿੱਤੀ ਜਾ ਸਕਦੀ ਹੈ ਕਿ ਇਸ ਵਿਚ ਸਮਾਜਕ ਆਲੋਚਨਾ ਹੈ। ਮੀਤ ਨੇ ਪੋਲੀਸ ਦੇ ਹੀ ਵਤੀਰੇ ਦੀ ਆਲੋਚਨਾ ਨਹੀਂ ਕੀਤੀ ਸਗੋਂ ਕੁਸ਼ਟ ਆਸ਼ਰਮ ਵਰਗੀਆਂ ਸੰਸਥਾਵਾਂ ਵਿਚ ਅਖੌਤੀ ਸੁਧਾਰਾਂ, ਕਸਬਿਆਂ ਵਿਚ ਚਲਦੇ ਅੱਯਾਸ਼ੀ ਦੇ ਅੱਡਿਆਂ, ਆਰਥਕ ਮਜਬੂਰੀਆਂ ਕਾਰਨ ਬਣਦੇ ਮੁਜਰਿਮਾਂ, ਤੇ ਮਦਦ ਦੇ ਨਾਤੇ ਕੀਤੇ ਗਏ ਵਿਖਾਵਿਆਂ ਆਦਿ ਵਰਗੀਆਂ ਕਈ ਸਮਾਜਿਕ ਕੁਰੀਤੀਆਂ ਦੀ ਨਿਖੇਧੀ ਕੀਤੀ ਹੈ। ਪਰ ਇਹ ਸਾਰੇ ਹਵਾਲੇ ਤਬਸਰਾ ਮਾਤਰ ਹਨ, ਕਿਸੇ ਬੱਝਵੀਂ ਵਿਉਂਤ ਦਾ ਅੰਗ ਨਹੀਂ। ਇਹ ਸਮਾਜਕ ਆਲੋਚਨਾ ਕਦੇ ਵੀ ਆਲੋਚਨਾਤਮਕ ਯਥਾਰਥ ਦਾ ਰੂਪ ਧਾਰਣ ਨਹੀਂ ਕਰਦੀ। ਆਲੋਚਨਾਤਮਕ ਯਥਾਰਥਵਾਦ ਵਿਚ ਇਕ ਬਲਵਾਨ ਵਿਅਕਤੀ ਭ੍ਰਸ਼ਟ ਸਮਾਜ ਨਾਲ ਜੂਝਦਾ ਵਿਖਾਇਆ ਜਾਂਦਾ ਹੈ ਅਤੇ ਇਸ ਤਰ੍ਹਾਂ ਆਲੋਚਨਾਤਮਕ ਯਥਾਰਥ ਦੀ ਸਿਰਜਣਾ ਹੁੰਦੀ ਹੈ ਜਿਹੜਾ ਕਿ **ਤਫ਼ਤੀਸ਼** ਦੀ ਤਫ਼ਤੀਸ਼ ਤੋਂ ਸਿੱਧ ਨਹੀਂ ਹੁੰਦਾ।

ਸਮੁੱਚੇ ਤੌਰ ਤੇ ਮਿੱਤਰ ਸੈਨ ਮੀਤ ਦਾ ਨਾਵਲ **ਤਫ਼ਤੀਸ਼** ਪੋਲੀਸ ਦੀਆਂ ਵਧੀਕੀਆਂ ਦੀ ਬੜੀ ਕਰੜੀ ਆਲੋਚਨਾ ਪੇਸ਼ ਕਰਦਾ ਹੈ। ਆਮ ਆਦਮੀਆਂ ਨੂੰ ਇਨ੍ਹਾਂ ਸਾਰੀਆਂ ਗੱਲਾਂ ਦਾ ਪਤਾ ਹੈ ਪਰ ਉਨ੍ਹਾਂ ਕੋਲ ਇਹ ਸਭ ਕੁਝ ਕਹਿਣ ਦੀ ਹਿੰਮਤ ਨਹੀਂ। ਮੀਤ ਨੇ ਇਹ ਆਲੋਚਨਾ ਪੂਰੇ ਹੌਸਲੇ, ਵਿਸ਼ਵਾਸ ਤੇ ਤੱਥਪੂਰਣ ਢੰਗ ਨਾਲ ਕੀਤੀ ਹੈ। ਅਖ਼ੀਰਲੇ ਮੋੜ ਨੂੰ ਛੱਡ ਕੇ ਉਸ ਨੇ ਕਿਤੇ ਵੀ ਵਾਸਤਵਿਕਤਾ ਦਾ ਪੱਲਾ ਨਹੀਂ ਛੱਡਿਆ ਤੇ ਘਟਨਾਵਾਂ ਨੂੰ ਠੀਕ ਉਸੇ ਢੰਗ ਨਾਲ ਪੇਸ਼ ਕੀਤਾ ਹੈ ਜਿਵੇਂ ਇਹ ਸਾਖਿਆਤ ਜ਼ਿੰਦਗੀ ਹੋਵੇ। ਸ਼ਾਇਦ ਕੋਈ ਕੇਂਦਰੀ ਯਥਾਰਥ ਪ੍ਰਸਤੁਤ ਕਰਨਾ ਉਸ ਦਾ ਉਦੇਸ਼ ਹੀ ਨਹੀਂ। ਯਥਾਰਥ ਦੀ ਜਿਹੜੀ ਤਸਵੀਰ ਉਸ ਨੇ ਪੇਸ਼ ਕਰਨ ਦਾ ਯਤਨ ਕੀਤਾ ਹੈ, ਉਸ ਵਿਚ ਉਸ ਦੀ ਪੂਰੀ ਸੁਹਿਰਦਤਾ ਝਲਕਦੀ ਹੈ।

## 'ਤਫ਼ਤੀਸ਼': ਯਥਾਰਥ ਅਤੇ ਕਲਪਣਾ ਦਾ ਦੋਮੇਲ

**- ਡਾ. ਚਮਨ ਲਾਲ**

ਪੰਜਾਬੀ ਵਿਚ ਲੰਬੇ ਨਾਵਲ ਰਚਨ ਦੀ ਪਰੰਪਰਾ ਬਹੁਤੀ ਨਹੀਂ ਹੈ ਅਤੇ ਮਿੱਤਰ ਸੈਨ ਮੀਤ ਨੇ ਲੰਮਾ ਨਾਵਲ **ਤਫ਼ਤੀਸ਼** ਲਿਖ ਕੇ ਥੋੜ੍ਹੇ ਹੀ ਸਮੇਂ ਵਿਚ ਕਾਫ਼ੀ ਨਾ ਕਮਾਇਆ ਹੈ। ਜਨਵਰੀ 1990 ਵਿਚ ਛਪੇ ਇਸ ਨਾਵਲ ਨੇ ਕੁਝ ਹੀ ਮਹੀਨਿਆਂ ਵਿਚ ਪੰਜਾਬੀ ਸਾਹਿਤ ਜਗਤ ਵਿਚ ਕਾਫ਼ੀ ਚਰਚਾ ਕਰਵਾਈ ਹੈ। ਇਹ ਚਰਚਾ ਲੇਖਕ/ਲੇਖਕ ਸਭਾਵਾਂ ਦੀਆਂ ਕੋਸ਼ਿਸ਼ਾਂ ਕਰਕੇ ਹੋਈ ਹੈ ਜਾਂ ਰਚਨਾ ਦੀ ਅੰਤਰੀਵ ਸ਼ਕਤੀ ਕਰਕੇ ਇਸ ਦਾ ਪਤਾ ਤਾਂ ਕੁਝ ਵਕਤ ਨਾਲ ਹੀ ਲੱਗ ਸਕੇਗਾ, ਪਰ ਇਸ ਵਿਚ ਸ਼ੱਕ ਨਹੀਂ ਕਿ ਨਾਵਲ ਵਿਚ ਚਰਚਾ ਕਰਵਾਉਣ ਦੀਆਂ ਸੰਭਾਵਨਾਵਾਂ ਜ਼ਰੂਰ ਹਨ।

ਮਿੱਤਰ ਸੈਨ ਮੀਤ **ਤਫ਼ਤੀਸ਼** ਤੋਂ ਪਹਿਲਾਂ **ਅੱਗ ਦੇ ਬੀਜ** ਅਤੇ **ਕਾਫ਼ਲਾ** ਨਾਵਲ ਲਿਖ ਚੁੱਕਿਆ ਹੈ ਅਤੇ ਇਕ ਨਾਵਲ **ਕਟਹਿਰਾ** ਉਸ ਦੇ ਵਿਚਾਰ ਅਧੀਨ ਹੈ। **ਪੁਨਰਵਾਸ** ਅਤੇ **ਲਾਮ** ਕਹਾਣੀ-ਸੰਗ੍ਰਹਿ ਵੀ ਉਸ ਰਚੇ ਹਨ। ਸੋ **ਤਫ਼ਤੀਸ਼** ਨਾਵਲ ਵਿਚ ਉਸ ਤੋਂ ਪਰਪੱਕਤਾ ਦੀ ਆਸ ਤਾਂ ਕੀਤੀ ਹੀ ਜਾ ਸਕਦੀ ਸੀ ਅਤੇ ਇਸ ਆਸ ਤੇ ਕਾਫ਼ੀ ਹੱਦ ਤੱਕ ਉਹ ਪੂਰਾ ਉਤਰਿਆ ਹੈ।

ਨਾਵਲ ਦੀ ਵਿਧਾ ਦਾ ਜਨਮ ਹੀ ਯਥਾਰਥ ਦੀ ਸਾਹਿਤਕ ਸਿਰਜਣਾ ਨਾਲ ਜੁੜਿਆ ਹੋਇਆ ਹੈ, ਸੋ ਇਸ ਲਈ ਨਾਵਲ ਨੂੰ ਯਥਾਰਥਕ ਕਹਿਣਾ ਤਾਂ ਕੋਈ ਵਿਸ਼ੇਸ਼ ਗੱਲ ਨਹੀਂ। ਦੇਖਣਾ ਇਹ ਬਣਦਾ ਹੈ ਕਿ ਨਾਵਲ ਵਿਚ ਯਥਾਰਥ ਦਾ ਨਿਰਬਾਹ ਕਿਸ ਤਰ੍ਹਾਂ ਅਤੇ ਕਿਸ ਪੱਧਰ ਤੇ ਹੋਇਆ ਹੈ ਅਤੇ ਯਥਾਰਥ ਨੂੰ ਚਿਤਰਣ ਲਈ ਨਾਵਲਕਾਰ ਨੇ ਕਿਸ ਸ਼ੈਲੀ ਨੂੰ ਅਪਣਾਇਆ ਹੈ।

ਸਮਾਜਕ ਯਥਾਰਥ ਦੇ ਨਿਰੰਤਰ ਗੁੰਝਲਦਾਰ ਹੁੰਦੇ ਜਾ ਰੂਪਾਂ ਨੂੰ ਪ੍ਰਗਟਾਉਣ ਲਈ ਨਾਵਲ ਵਿਚ ਹੀ ਨਹੀਂ, ਸਾਹਿਤ ਦੇ ਹੋਰ ਰੂਪਾਂ ਵਿਚ ਵੀ ਵਿਅੰਗ ਦਾ ਸਹਾਰਾ ਲੇਖਕ ਲੈ ਰਹੇ ਹਨ ਅਤੇ ਅਨੇਕ ਲੇਖਕ ਵਿਅੰਗ ਨੂੰ ਸੁਤੰਤਰ ਵਿਧਾ ਦੇ ਰੂਪ ਵਿਚ ਵੀ ਅਪਣਾ ਚੁੱਕੇ ਹਨ। ਨਾਵਲ ਵਿਚ ਵਿਅੰਗ ਸ਼ੈਲੀ ਦਾ ਪ੍ਰਯੋਗ ਕੋਈ ਨਿਵੇਕਲੀ ਗੱਲ ਨਹੀਂ ਹੈ, ਸੋਲਹਵੀਂ ਸਦੀ ਵਿਚ ਰਚੇ ਸਰਵਾਂਤੀਜ਼ ਦੇ ਡਾਨ **ਕਿਉਮਜਾਟ** ਤੱਕ ਦੀ ਵੱਡੀ ਤਾਕਤ ਵਿਅੰਗ ਸ਼ੈਲੀ ਰਹੀ ਹੈ। ਪੰਜਾਬੀ ਦੀ ਗੁਆਂਢੀ ਤੇ ਭੈਣ ਭਾਸ਼ਾ ਹਿੰਦੀ ਵਿਚ ਨਾਵਲਕਾਰ ਸ੍ਰੀ ਲਾਲ ਸ਼ੁਕਲ ਨੇ **ਰਾਗ ਦਰਬਾਰੀ** ਰਾਹੀਂ ਵਿਅੰਗ ਸ਼ੈਲੀ ਨੂੰ ਬਹੁਤ ਉੱਚ ਪੱਧਰ ਤੇ ਪੁਚਾਇਆ ਤੇ **ਤਫ਼ਤੀਸ਼** ਵਿਚ ਵੀ ਕਿਸੇ ਹੱਦ ਤੱਕ **ਰਾਜ ਦਰਬਾਰੀ** ਦੀ ਵਿਅੰਗ ਸ਼ੈਲੀ ਦਾ ਪ੍ਰਭਾਵ ਦੇਖਿਆ ਜਾ ਸਕਦਾ ਹੈ, ਭਾਵੇਂ ਕਿ **ਰਾਗ ਦਰਬਾਰੀ** ਵਾਲੀ ਵਿਅੰਗ ਦੀ ਤਿੱਖੀ ਕਾਟ ਜਾਂ ਵਿਸ਼ੇ ਦੀ ਡੂੰਘਾਈ ਮੀਤ ਕੋਲ ਨਹੀਂ ਹੈ।

ਭਾਰਤੀ ਸਮਾਜੀ-ਸਿਆਸੀ ਸਥਿਤੀ ਏਸ ਹੱਦ ਤੱਕ ਨਿੱਘਰ ਚੁੱਕੀ ਹੈ ਕਿ ਕੋਈ ਵੀ ਗੰਭੀਰ ਸੁਰ ਵਾਲੀ ਰਚਨਾ ਪਾਠਕਾਂ ਦਾ ਬਹੁਤਾ ਧਿਆਨ ਨਹੀਂ ਖਿੱਚਦੀ। ਦੂਜੇ ਪਾਸੇ ਇਹ ਨਿੱਘਰੀ ਹੋਈ ਦਸ਼ਾ ਲੇਖਕਾਂ ਲਈ ਵਿਅੰਗ ਸਿਰਜਣਾ ਲਈ ਇਕ ਅਮੀਰ ਸਮੱਗਰੀ ਬਣ ਕੇ ਆਉਂਦੀ ਹੈ। ਹਿੰਦੀ ਵਿਚ **ਮਹਾਂਭੋਜ, ਪਰੂਲਸ਼ਫ਼ਾ** ਆਦਿ ਨਾਵਲਾਂ ਵਿਚ ਇਸ ਸਮਾਜੀ ਸਿਆਸੀ ਨਿਘਾਰ ਦਾ ਬੜਾ ਹੀ ਤਿੱਖਾ ਵਿਅੰਗਾਤਮਕ ਰੂਪ ਉਘਾੜਿਆ ਗਿਆ ਹੈ। **ਤਫ਼ਤੀਸ਼** ਨੇ ਲੇਖਕ ਨੇ ਵੀ ਉਸੇ ਸਮਾਜੀ ਸਿਆਸੀ ਨਿਘਾਰ ਨੂੰ ਆਪਣੀ ਕਲਮ ਦਾ ਸਾਧਨ ਬਣਾਇਆ ਹੈ ਅਤੇ ਜ਼ਾਹਰ ਹੈ ਕਿ ਉਸ ਕੋਲ ਇਸ ਸਮੱਗਰੀ ਨੂੰ ਵਿਅੰਗ ਸ਼ੈਲੀ ਵਿਚ ਪੇਸ਼ ਕੀਤੇ ਜਾਣ ਬਗ਼ੈਰ ਹੋਰ ਕੋਈ ਵਿਕਲਪ ਵੀ ਨਹੀਂ ਸੀ। ਖ਼ਾਸ ਕਰ ਜਦ ਇਸ ਨਿਘਾਰ ਨਾਲ ਲੋਹਾ

ਲੈਣ ਵਾਲੀਆਂ ਤਾਕਤਾਂ ਬੇਹੱਦ ਕਮਜ਼ੋਰ ਹਨ (ਨਾਵਲ ਵਿਚ ਉਨ੍ਹਾਂ ਦੀ ਦਰਸਾਈ 'ਤਾਕਤ' ਦੇ ਬਾਵਜੂਦ) ਅਤੇ ਇਸ ਵਿਸ਼ੇ ਨੂੰ ਜਮਾਤੀ ਸੰਘਰਸ਼ ਦਾ ਰੂਪ ਦੇ ਕੇ 'ਸਮਾਜਵਾਦੀ ਜਾਂ ਕਰਾਂਤਕਾਰੀ ਯਥਾਰਥਵਾਦੀ' ਰਚਨਾ ਨਹੀਂ ਰਚੀ ਜਾ ਸਕਦੀ। ਇਸ ਰਚਨਾ ਦਾ ਪਾਠਕ ਵਰਗ ਵੀ 'ਬੌਧਕ ਤੌਰ ਤੇ ਸੁਚੇਤ ਤੇ ਸਮਾਜਕ ਤੌਰ ਤੇ ਨਿੱਸਲ' ਮੱਧ ਵਰਗ ਹੀ ਹੈ, ਸੋ ਜਿਸ ਲਈ ਹਾਲਾਤ ਤੇ ਵਿਅੰਗ ਦੀ ਚੂੰਡੀ ਕੁਝ ਉਕਸਾਊ ਤੇ ਗੱਪ ਸ਼ੱਪ ਕਰਨ ਦਾ ਮਸਾਲਾ ਪ੍ਰਦਾਨ ਕਰਨ ਵਾਲੀ ਬਣਦੀ ਹੈ। ਸੋ ਵਸਤੂਗਤ ਹਾਲਤਾਂ ਇਸ ਤਰ੍ਹਾਂ ਦੀ ਵਿਅੰਗਮਈ ਰਚਨਾ ਲਈ ਸਾਜ਼ਗਰ ਸਨ ਅਤੇ ਹਨ।

ਪਰ ਦੇਖਣ ਵਾਲੀ ਗੱਲ ਇਹ ਹੈ ਕਿ ਇਨ੍ਹਾਂ ਸਾਜ਼ਗਰ ਹਾਲਤਾਂ ਵਿਚ ਵੀ **ਤਫ਼ਤੀਸ਼** ਨੇ ਯਥਾਰਥ ਨੂੰ ਵਿਅੰਗ ਸ਼ੈਲੀ ਵਿਚ ਪੇਸ਼ ਕਰਨ ਵਿਚ ਕਿੰਨੀ ਕੁ ਸਫ਼ਲਤਾ ਹਾਸਲ ਕੀਤੀ ਹੈ। ਪੰਜਾਬੀ ਦੇ ਇਕ ਚਰਚਿਤ ਆਲੋਚਕ ਨੇ ਇਸ ਰਚਨਾ ਦੇ ਵਿਅੰਗ ਤੋਂ ਪ੍ਰਭਾਵਤ ਹੋ ਕੇ ਇਸ ਲਈ ਵਿਅੰਗ ਦੀ ਵਿਸ਼ੇਸ਼ ਸ਼ਾਖ ਮਸ਼ਕਰੀ ਦਾ ਨਵਾਂ ਨਾਂ ਵੀ ਸਾਜ਼ ਦਿੱਤਾ ਹੈ।

ਇਹ ਨਾਵਲ ਦੋ ਭਾਗਾਂ ਵਿਚ ਵੰਡਿਆ ਹੋਇਆ ਹੈ, ਪਹਿਲਾ ਭਾਗ ਕਰੀਬ ਦੋ ਸੌ ਸਫ਼ੇ ਦਾ ਤੇ ਦੂਜਾ ਕਰੀਬ ਡੇਢ ਸੌ ਸਫ਼ੇ ਦਾ ਹੈ। ਪਹਿਲੇ ਭਾਗ ਵਿਚ ਨਾਵਲ ਦੀ ਕਹਾਣੀ ਦੇ ਕੇਂਦਰ ਵਿਚ ਇਕ ਰੋਸ ਤੇ ਸਨਸਨੀ ਦਾ ਮਾਹੌਲ ਉਭਾਰਿਆ ਗਿਆ ਹੈ ਤੇ ਦੂਜੇ ਵਿਚ ਉਸ ਸਨਸਨੀ ਦਾ ਤਫ਼ਤੀਸ਼ ਨਾਲ ਪੁਲਿਸ-ਵਿਵਸਥਾ ਵਿਚ 'ਤਫ਼ਤੀਸ਼' ਦੀ ਤਫ਼ਤੀਸ਼ ਕੀਤੀ ਗਈ ਹੈ। ਨਾਵਲ ਦੇ ਪਹਿਲੇ ਭਾਗ ਵਿਚ ਪੰਜਾਬ ਦੇ ਕਿਸੇ ਕਸਬੇ ਵਿਚ ਚਰਚਤ ਸਮਾਜ ਸੇਵੀ ਲਾਲਾ ਜੀ ਦੇ ਪੋਤੇ ਬੰਟੀ ਦੇ ਅਗਵਾ ਹੋਣ ਦੀ ਸੂਚਨਾ ਹੈ ਅਤੇ ਫਿਰ 190 ਸਫ਼ਿਆਂ ਤੇ 14 ਅਧਿਆਇਆਂ ਵਿਚ ਬੰਟੀ ਦੇ ਅਗਵਾ ਹੋਣ ਬਾਅਦ ਸ਼ਹਿਰ/ਕਸਬੇ ਦੀ ਸਨਸਨੀ ਵਿਚ ਢਲਦੀ ਦਸ਼ਾ ਨੂੰ ਬਿਆਨਿਆ ਗਿਆ ਹੈ। ਬੰਟੀ ਦੇ ਅਗਵਾ ਹੋਣ ਦੀ ਪਿੱਠ-ਭੂਮੀ ਵਿਚ ਮੌਜੂਦਾ ਪੰਜਾਬ ਵਿਚ ਵਿਆਪਕ ਦਹਿਸ਼ਤਵਾਦ ਵੀ ਹੈ ਅਤੇ ਇਸ ਦਹਿਸ਼ਤਵਾਦ ਨਾਲ ਪ੍ਰਭਾਵਤ ਲੋਕ-ਜੀਵਨ ਵੀ। ਪਹਿਲਾ ਭਾਗ ਖ਼ਤਮ ਹੁੰਦੇ ਹੀ ਬੰਟੀ ਦੀ ਲਾਸ਼ ਮਿਲ ਜਾਂਦੀ ਹੈ ਅਤੇ ਦੂਜੇ ਭਾਗ ਵਿਚ ਸਮਾਜੀ ਸਿਆਸੀ ਨਿਘਾਰ ਦੇ ਹੋਰ ਅਣਮਨੁੱਖੀ ਪਹਿਲੂ ਉਘੜ ਕੇ ਸਾਹਮਣੇ ਆਉਂਦੇ ਹੈ। ਬੰਟੀ ਦੀ ਮੌਤ ਤੋਂ ਸਿਆਸੀ ਲਾਭ ਉਠਾਉਣ ਦੀਆਂ ਕੋਸ਼ਿਸ਼ਾਂ ਕੀਤੀਆਂ ਜਾਂਦੀਆਂ ਹਨ। ਇਨ੍ਹਾਂ ਵਿਚ ਕਸਬੇ ਨਾਲ ਹੀ ਸੰਬੰਧਿਤ ਰਾਜ ਦਾ ਮੁੱਖ ਮੰਤਰੀ ਵੀ ਸ਼ਾਮਲ ਹੈ ਅਤੇ ਕੁਝ ਹੋਰ ਸਿਆਸੀ ਸਮਾਜੀ ਸੰਸਥਾਵਾਂ ਵੀ। ਨਾਵਲ ਦੇ ਦੂਜੇ ਭਾਗ ਵਿਚ ਪੁਲਿਸ ਦੇ ਅਤਿਆਚਾਰੀ ਢੰਗ ਤਰੀਕਿਆਂ ਨੂੰ ਵੀ ਕਾਫੀ ਥਾਂ ਦਿੱਤੀ ਗਈ ਹੈ ਅਤੇ ਇਸ ਦੇ ਕਰਾਂਤੀਕਾਰੀ ਸ਼ਕਤੀਆਂ ਵੱਲੋਂ ਕੀਤੇ ਵਿਰੋਧ ਨੂੰ ਵੀ।

ਨਾਵਲ ਚੂੰਕਿ ਮੱਧ-ਵਰਗ ਦੀ ਜ਼ਮੀਰ ਦੇ ਸੰਕਟ ਨਾਲ ਸੰਬੰਧਤ ਹੈ ਅਤੇ ਨਾਵਲ ਦਾ ਅੰਤ ਸਰਕਾਰੀ ਵਕੀਲ ਗੁਰਮੀਤ ਸਿੰਘ ਵੱਲੋਂ ਜ਼ਮੀਰ ਦੀ ਆਵਾਜ਼ ਤੇ ਨੌਕਰੀ ਤੋਂ ਅਸਤੀਫ਼ਾ ਦੇ ਕੇ ਕਰਾਂਤੀਕਾਰੀ ਸ਼ਕਤੀਆਂ ਦੇ ਕਾਫ਼ਲੇ ਵੱਲ ਵੱਧਣ ਨਾਲ ਹੁੰਦਾ ਹੈ।

ਨਾਵਲ ਵਿਚ ਕਹਾਣੀ ਦੀ ਗੁੰਜਾਇਸ਼ ਘੱਟ ਹੈ। ਵਿਅੰਗ ਪ੍ਰਧਾਨ ਨਾਵਲ ਵਿਚ ਨਾਵਲ ਦੇ ਕੇਂਦਰ ਵਿਚ ਕਹਾਣੀ ਹੁੰਦੀ ਵੀ ਨਹੀਂ, ਸਮਾਜੀ-ਸਿਆਸੀ ਮਾਹੌਲ ਹੀ ਨਾਵਲ ਦਾ ਧੁਰਾ ਹੁੰਦਾ ਹੈ ਅਤੇ ਇਸ ਦੀ ਵਿਅੰਗ ਰੂਪ ਵਿਚ ਪੇਸ਼ਕਾਰੀ ਨਾਵਲਕਾਰ ਦੀ ਕਲਾ ਦੀ ਸਫਲਤਾ/ਅਸਫਲਤਾ ਦਾ ਮਾਪ ਬਣਦੀ ਹੈ। **ਤਫ਼ਤੀਸ਼** ਦਾ ਪਹਿਲਾ ਭਾਗ ਨਾਵਲੀ ਗੋਂਦ ਪੱਖੋਂ ਦੂਜੇ ਭਾਗ ਨਾਲੋਂ ਨਿਸ਼ਚੇ ਹੀ ਵੱਧ ਗੁੰਦਵਾਂ ਅਤੇ ਪ੍ਰਭਾਵਸ਼ਾਲੀ ਹੈ, ਜਦ ਕਿ ਨਾਵਲ ਦਾ ਦੂਜਾ ਭਾਗ ਢਿੱਲੀ ਗੋਂਦ ਵਾਲਾ ਤੇ ਪਹਿਲੇ ਭਾਗ ਤੇ ਚੇਪਿਆ ਗਿਆ ਪ੍ਰਤੀਤ ਹੁੰਦਾ ਹੈ। ਨਾਵਲਕਾਰ ਆਪਣੀ ਵਿਅੰਗਕਾਰੀ ਪ੍ਰਤਿਭਾ ਨੂੰ ਵੀ ਵਧੇਰੇ ਕਰਕੇ ਪਹਿਲੇ ਭਾਗ ਵਿਚ ਹੀ ਪ੍ਰਗਟ ਕਰ ਸਕਿਆ ਹੈ। ਦੂਜੇ ਭਾਗ ਵਿਚ ਇਸਦੀ ਧਾਰ ਧੀਮੀ ਹੁੰਦੀ ਗਈ ਹੈ ਅਤੇ ਕਥਾ ਨੂੰ

ਗੰਭੀਰ ਬਣਾਉਣ ਦੀ ਕੋਸ਼ਿਸ਼ ਕੀਤੀ ਗਈ ਹੈ, ਜਿਸ ਵਿਚ ਉਸ ਨੂੰ ਸਫ਼ਲਤਾ ਤਾਂ ਮਿਲੀ ਹੈ ਪਰ ਵਿਅੰਗਕਾਰੀ ਦੇ ਨੁਕਤੇ ਤੋਂ ਇਸ ਭਾਗ ਵਿਚ ਪਹਿਲੇ ਭਾਗ ਵਾਲਾ ਕਲਾਤਮਕ ਪੱਧਰ ਕਾਇਮ ਨਹੀਂ ਰਿਹਾ।

ਕਲਾਤਮਕ ਪੱਖੋਂ ਪਹਿਲੇ ਭਾਗ ਤੇ ਨਾਵਲਕਾਰ ਦੀ ਪਕੜ ਵਧੇਰੇ ਹੈ, ਕਿਉਂਕਿ ਇਥੇ ਉਸਨੇ ਯਥਾਰਥ ਨੂੰ ਵਿਅੰਗ ਦੀ ਛੋਹ ਨਾਲ ਪੇਸ਼ ਕੀਤਾ ਹੈ। ਸਰਕਾਰੀ ਵਕੀਲ ਹੋਣ ਕਰਕੇ ਉਸਨੂੰ ਪੁਲੀਸ ਦੀ ਕਾਰਗੁਜ਼ਾਰੀ ਦਾ ਨਿਜੀ ਅਨੁਭਵ ਅਤੇ ਸਮਝ ਹੈ। ਇਸ ਦੇ ਨਾਲ ਹੀ ਉਸ ਪਾਸ ਮਾਰਕਸਵਾਦੀ ਦ੍ਰਿਸ਼ਟੀ ਨਾਲ ਜੀਵਨ ਦਾ ਵਿਸ਼ਲੇਸ਼ਣ ਕਰਨ ਦੀ ਯੋਗਤਾ ਅਤੇ ਜਾਂਚ ਹੈ। ਸੋ ਇਸ ਭਾਗ ਵਿਚ ਉਸ ਨੇ ਜਿੰਨਾ ਵੱਧ ਜ਼ੋਰ ਪੁਲੀਸ ਦੀ ਕਾਰਗੁਜ਼ਾਰੀ ਨੂੰ ਦਰਸਾਣ ਤੇ ਲਾਇਆ ਹੈ, ਉਸ ਨੂੰ ਸਫ਼ਲਤਾ ਹਾਸਲ ਹੋਈ ਹੈ। ਦੂਜੇ ਭਾਗ ਵਿਚ ਉਹ ਯਥਾਰਥ ਦਾ ਪੱਲਾ ਛੱਡ ਕੇ 'ਕਰਾਂਤੀਕਾਰੀ ਯਥਾਰਥ' ਦੇ ਰਾਹ ਪੈ ਜਾਂਦਾ ਹੈ। ਸਮਾਜੀ-ਸਿਆਸੀ ਜੀਵਨ ਵਿਚ ਯਥਾਰਥ ਦਾ ਇਹ ਪਹਿਲੂ ਉਸ ਅਸਰਦਾਰ ਰੂਪ ਵਿਚ ਵਿਆਪਕ ਨਹੀਂ, ਜਿਸ ਅਸਰਦਾਰ ਰੂਪ ਵਿਚ ਇਹ ਨਾਵਲ ਵਿਚ ਦਿਖਾਈ ਦੇਂਦਾ ਹੈ। ਯਥਾਰਥ ਦੇ ਅਸਲੀ ਅਤੇ ਪੇਸ਼ ਰੂਪ ਦੇ ਇਸ ਫ਼ਰਕ ਕਰਕੇ ਨਾਵਲ ਵਰਗੀ ਯਥਾਰਥਵਾਦੀ ਕਲਾ ਦੇ ਦੁੱਧ ਵਿਚ ਮਨੋ ਇਛਤ ਕਲਪਨਾ ਦਾ ਪਾਣੀ ਪੈ ਗਿਆ ਹੈ। ਇਸ ਨਾਲ ਨਾਵਲ ਦਾ ਦੂਜਾ ਭਾਗ ਕਮਜ਼ੋਰ ਹੋ ਗਿਆ ਹੈ।

ਸਮਕਾਲੀ ਯਥਾਰਥ ਨੂੰ ਕਲਾ ਰੂਪ ਵਿਚ ਢਲਦਿਆਂ ਨਾਵਲਕਾਰ ਕਲਾਤਮਕਤਾ ਅਤੇ ਵਾਸਤਵਿਕਤਾ ਦੇ ਵਿਰੋਧ ਨੂੰ ਵੀ ਪੂਰੀ ਤਰ੍ਹਾਂ ਸੁਲਝਾ ਸਕਿਆ। ਨਾਵਲ ਦੇ ਕੁਝ ਪਾਤਰ ਅਸਲ ਜ਼ਿੰਦਗੀ ਦੇ ਪਛਾਣੇ ਜਾ ਸਕਣ ਵਾਲੇ ਕਿਰਦਾਰ ਹਨ। ਮਿਸਾਲ ਲਈ ਮੁੱਖ ਮੰਤਰੀ, ਬਾਬਾ ਜੀ, ਸਰਕਾਰੀ ਵਕੀਲ ਗੁਰਮੀਤ ਅਤੇ ਬਰਨਾਲੇ ਦੇ ਹਵਾਲੇ ਨਾਲ ਹੋਰ ਵੀ ਪਾਤਰਾਂ ਦੇ ਅਸਲ ਜੀਵਨ ਵਿਚਲੇ ਵਿਅਕਤੀਆਂ ਦੀ ਪਛਾਣ ਕੀਤੀ ਜਾ ਸਕਦੀ ਹੈ। ਇਹ ਕੋਈ ਬੰਦਸ਼ ਨਹੀਂ ਕਿ ਨਾਵਲ ਵਿਚੋਂ ਅਸਲ ਜੀਵਨ ਵਿਚਲੇ ਵਿਅਕਤੀਆਂ ਦੇ ਪ੍ਰਤਿਰੂਪ ਪਛਾਣੇ ਨਹੀਂ ਜਾਣੇ ਚਾਹੀਦੇ। ਪਰ ਅਜਿਹੇ ਕਿਰਦਾਰਾਂ ਦੀ ਸਿਰਜਣਾ ਲਈ ਨਾਵਲਕਾਰ ਕੋਲੋਂ ਵਧੇਰੇ ਨਿਰਪੱਖਤਾ ਦੀ ਮੰਗ ਕੀਤੀ ਜਾਂਦੀ ਹੈ, ਜਿਸਦੇ ਗ਼ਾਇਬ ਹੋਣ ਦੇ ਖ਼ਦਸ਼ਾ ਲਗਾਤਾਰ ਬਣਿਆ ਰਹਿੰਦਾ ਹੈ। ਉਹਨਾਂ ਦੀ ਵਸਤੂਭਾਵੀ ਪੇਸ਼ਕਾਰੀ ਲਈ ਉਨ੍ਹਾਂ ਤੋਂ ਵਿਥ ਥਾਪ ਕੇ ਉਹਨਾਂ ਦੀ ਸਾਰੇ ਕੋਣਾਂ ਤੋਂ ਦੇਖ-ਪਰਖ ਕਰਨੀ ਬਣਦੀ ਹੈ।

ਮਿੱਤਰ ਸੈਨ ਮੀਤ ਕੁਝ ਹੱਦ ਤੱਕ ਤਾਂ ਅਸਲ ਕਿਰਦਾਰਾਂ ਤੋਂ ਵਿੱਥ ਤੇ ਖਲੋਇਆ ਹੈ, ਜਿਵੇਂ ਮੁੱਖ ਮੰਤਰੀ ਤੋਂ, ਪਰ ਬਾਬੇ ਅਤੇ ਸਰਕਾਰੀ ਵਕੀਲ ਦੇ ਕਿਰਦਾਰਾਂ ਤੋਂ ਉਹ ਵਿੱਥ ਤੇ ਨਹੀਂ ਹੈ। ਉਨ੍ਹਾਂ ਨਾਲ ਉਹ ਜੁੜਿਆ ਹੋਇਆ (attached) ਹੈ, ਜਿਸ ਨਾਲ ਉਨ੍ਹਾਂ ਕਿਰਦਾਰਾਂ ਦੀ ਪੇਸ਼ਕਾਰੀ ਵਿਚ ਵਸਤੂਪਰਕਤਾ (objectivity) ਨਹੀਂ ਰਹਿ ਗਈ।

ਇਹ ਸਵਾਲ ਉਠਾਇਆ ਜਾ ਸਕਦਾ ਹੈ ਕਿ ਕੀ ਕੋਈ ਪ੍ਰਤੀਬੱਧ ਕਲਾਕਾਰ ਆਪਣੀ ਧਿਰ ਨਾਲ ਜੁੜਿਆ ਮਹਿਸੂਸ ਨਾ ਕਰੇ ਤੇ ਉਸ ਨੂੰ ਹਾਂ-ਪੱਖੀ (positive) ਰੂਪ ਵਿਚ ਪੇਸ਼ ਨਾ ਕਰੇ। ਜ਼ਰੂਰ ਕਰੇ, ਪਰ ਯਥਾਰਥ ਦੀ ਕੀਮਤ ਤੇ ਨਹੀਂ, ਆਪਣੀ ਧਿਰ ਦੇ ਸੰਘਰਸ਼ ਨੂੰ ਕੁਝ ਹੱਦ ਤੱਕ ਵਧਵੇਂ ਰੰਗ ਵਿਚ ਪੇਸ਼ ਕਰਨ ਦੀ ਹਿਮਾਇਤ ਮੈਕਸਿਮ ਗੋਰਕੀ ਨੇ ਵੀ ਕੀਤੀ ਹੈ। ਪਰ ਧਿਰ ਨੂੰ ਵਧਵੇਂ ਰੂਪ ਵਿਚ ਪੇਸ਼ ਕਰਦਿਆਂ ਮੱਧ ਵਰਗ ਨੂੰ ਹੀਰੋ ਬਨਾਉਣ ਦੀ ਲੋੜ ਨਹੀਂ। ਇਸ ਨਾਵਲ ਵਿਚ ਮੱਧ ਵਰਗੀ ਹਾਂਦਰੂ (positive) ਭਾਂਛ+ ਉਹ ਕਾਰਨਾਮੇ ਕਰਦੇ ਹਨ, ਜੋ ਅਸਲ ਜੀਵਨ ਵਿਚ ਉਹ ਜਾਂ ਤਾਂ ਕਰਦੇ ਨਹੀਂ ਜਾਂ ਕਰ ਸਕਣ ਜੋਗੇ ਹੁੰਦੇ ਨਹੀਂ। ਆਪਣੀ ਜ਼ਮੀਰ ਨੂੰ ਠੁੰਮਣਾ ਉਹ ਕਲਾ ਰੂਪ ਵਿਚ ਦਿੰਦੇ ਹਨ। ਮਿਸਾਲ ਲਈ

ਮਿੱਤਰ ਸੈਨ ਮੀਤ ਨਾਵਲ ਵਿਚ ਤਾਂ ਆਪਣੀ ਜ਼ਮੀਰ ਹਿੱਤ ਅਸਤੀਫ਼ਾ ਲਿਖ ਕੇ ਕਰਾਂਤੀਕਾਰੀਆਂ ਨਾਲ ਆ ਖਲੋਂਦਾ ਹੈ, ਪਰ ਅਸਲ ਜੀਵਨ ਵਿਚ ਉਹ ਇਹ ਨਹੀਂ ਕਰ ਸਕਦਾ।

ਇਸ ਤਰ੍ਹਾਂ ਇਹ ਨਾਵਲ ਯਥਾਰਥ ਤੇ ਕਲਪਨਾ ਦਾ ਸੁਮੇਲ ਨਹੀਂ ਬਣਦਾ, ਜੋ ਕਿ ਨਾਵਲਕਾਰ ਬਨਾਣਾ ਚਾਹੁੰਦਾ ਹੈ। ਨਾਵਲਕਾਰ ਨੇ ਯਥਾਰਥ ਨੂੰ ਕਲਾ ਵਿਚ ਆਪਣੀ ਕਲਪਨਾ ਦੀ ਡੋਰ ਨਾਲ ਢਾਲਣਾ ਹੁੰਦਾ ਹੈ, ਪਰ **ਤਫ਼ਤੀਸ਼** ਵਿਚ ਜੇ ਨਾਵਲ ਦਾ ਪਹਿਲਾ ਭਾਗ ਕਾਫ਼ੀ ਹੱਦ ਤੱਕ ਯਥਾਰਥ ਦੀ ਸਫ਼ਲ ਪੇਸ਼ਕਾਰੀ ਹੈ ਤਾਂ ਦੂਜਾ ਭਾਗ ਉਸ ਦੀ ਕਲਪਨਾ/ਆਦਰਸ਼ ਨਾਲ ਘੜਿਆ ਹੋਇਆ ਹੈ। ਸੋ ਇਹ ਨਾਵਲ ਯਥਾਰਥ ਤੇ ਕਲਪਨਾ ਦਾ 'ਦੋਮੇਲ' ਬਣ ਜਾਂਦਾ ਹੈ। ਬੰਟੀ ਦੀ ਲਾਸ਼ ਮਿਲਣ ਤੇ ਜੇਕਰ ਨਾਵਲ ਖ਼ਤਮ ਵੀ ਕਰ ਦਿੱਤਾ ਜਾਂਦਾ ਤਾਂ ਵੀ ਇਹ ਇਕ ਚੰਗੀ ਕਲਾਤਮਕ ਪ੍ਰਾਪਤੀ ਬਣ ਜਾਣੀ ਸੀ। ਇਥੋਂ ਤੱਕ ਪੁਲਿਸ ਦੀ ਕਾਰ-ਗੁਜ਼ਾਰੀ ਤੇ ਕੰਮ-ਕਾਰ ਕਾਫ਼ੀ ਹੱਦ ਤੱਕ ਉਸ ਸੀਮਾ ਤੱਕ ਉੱਘੜ ਚੁੱਕੇ ਸਨ। ਪੁਲਿਸ ਦਾ ਨਿਰਦੋਸ਼ਾਂ ਨੂੰ ਤੰਗ ਕਰਨ ਦਾ ਪੱਖ ਵੀ ਉੱਘੜ ਚੁੱਕਿਆ ਸੀ।

ਨਿੱਘਰ ਰਹੇ ਸਮਾਜੀ ਸਿਆਸੀ ਢਾਂਚੇ ਨੂੰ ਚਿਤਰਦਿਆਂ ਇਸ ਦੇ ਅੰਤਰ-ਵਿਰੋਧ ਵੀ ਨਾਵਲਕਾਰ ਨੇ ਉਘਾੜੇ ਹਨ। ਖ਼ਾਨ ਨਾਮਕ ਉੱਚ ਪੁਲਿਸ ਅਧਿਕਾਰੀ ਅਤੇ ਪੰਡਿਤ ਅਮੀ ਚੰਦ ਨਾਮੀ, ਛੋਟਾ ਪੁਲਿਸ ਅਧਿਕਾਰੀ ਕੋਰ ਤੱਕ ਇਮਾਨਦਾਰ ਹਨ ਅਤੇ ਇਸੇ ਢਾਂਚੇ ਵਿਚ ਆਪਣਾ 'ਇਮਾਨਦਾਰ' ਵਜੂਦ ਸਾਂਭੀ ਹੋਏ ਹਨ, ਇਥੋਂ ਤੱਕ ਕਿ ਢਾਂਚਾ ਉਨ੍ਹਾਂ ਨੂੰ ਇਨਾਮ ਵੀ ਬਖ਼ਸ਼ਦਾ ਹੈ, ਇਸ ਦੀ ਕੁਝ ਵਿਆਖਿਆ ਵੀ ਨਾਵਲਕਾਰ ਨੂੰ ਕਰਨੀ ਚਾਹੀਦੀ ਸੀ, ਚਾਹੇ ਉਨ੍ਹਾਂ ਕਿਰਦਾਰਾਂ ਦੇ ਹਸ਼ਰ ਰਾਹੀਂ, ਚਾਹੇ ਕਿਸੇ ਹੋਰ ਕਲਾਤਮਕ ਢੰਗ ਨਾਲ।ਖ਼

ਨਾਵਲ ਦਹਿਸ਼ਤਗਰਦੀ ਤੇ ਪੁਲਿਸ ਦੀ ਦਹਿਸ਼ਤਗਰਦੀ ਵਿਚੋਂ ਪੁਲਿਸ ਦੀ ਦਹਿਸ਼ਤਗਰਦੀ ਤੇ ਹੀ ਵੱਧ ਕੇਂਦਰਤ ਹੈ। ਕੀ ਇਹ ਇਸ ਲਈ ਤਾਂ ਨਹੀਂ ਕਿ ਪੁਲਿਸ ਦੀ ਦਹਿਸ਼ਤਗਰਦੀ ਦੀਆਂ ਹੱਦਾਂ ਦਾ ਅੰਦਾਜ਼ਾ ਤਾਂ ਮੱਧ-ਵਰਗੀ ਬੁੱਧੀਜੀਵੀਆਂ ਨੂੰ ਹੁੰਦਾ ਹੈ, ਜਦ ਕਿ ਦਹਿਸ਼ਤਗਰਦੀ ਦੀਆਂ ਹੱਦਾਂ ਅਸੀਮ ਹੋਣ ਕਰਕੇ ਵੱਧ ਖਤਰਨਾਕ ਹਨ।

ਖ਼ੈਰ ਆਪਣੇ ਗੁਣ ਦੋਸ਼ਾਂ ਸਹਿਤ **ਤਫ਼ਤੀਸ਼** ਪੰਜਾਬੀ ਦਾ ਮਹੱਤਵਪੂਰਨ ਨਾਵਲ ਹੈ ਅਤੇ ਇਸ ਪੱਖੋਂ ਇਸ ਦਾ ਸਵਾਗਤ ਕਰਨਾ ਚਾਹੀਦਾ ਹੈ।

## ਤਫ਼ਤੀਸ਼ ਦਾ ਯਥਾਰਥ-ਬੋਧ

**- ਡਾ. ਜੋਗਿੰਦਰ ਸਿੰਘ ਨਿਰਾਲਾ**

**ਅੱਗ ਦੇ ਬੀਜ** (1971), **ਕਾਫ਼ਲਾ** (1986) ਤੋਂ ਪਿਛੋਂ **ਤਫ਼ਤੀਸ਼** (1990) ਨਵਯੁਵਕ ਗਲਪਕਾਰ ਮਿੱਤਰ ਸੈਨ ਮੀਤ ਦੀ ਤੀਜੀ ਗਲਪੀ-ਕ੍ਰਿਤ ਹੈ, ਜਿਸਨੇ ਕੇਵਲ ਲੇਖਕ ਨੂੰ ਹੀ ਇਕ ਨਾਵਲਕਾਰ ਵਜੋਂ ਨਹੀਂ ਸਥਾਪਿਤ ਕੀਤਾ, ਸਗੋਂ ਆਪਣੇ ਰਚਨਾਤਮਕ-ਪ੍ਰਯਾਸ ਕਰਕੇ ਇਕ ਰੂਪਾਕਾਰ ਵਜੋਂ ਇਸ ਵਿਧਾ ਦੀਆਂ ਸੰਭਾਵਨਾਵਾਂ ਵਿਚ ਵੀ ਕਈ ਨਵੇਂ ਪਾਸਾਰ ਜੋੜਨ ਦੇ ਯਤਨ ਕੀਤੇ ਹਨ। **ਤਫ਼ਤੀਸ਼** ਆਪਣੇ ਵਸਤੂ ਜਗਤ ਦੀ ਵਿਲੱਖਣ ਆਭਾ ਕਰਕੇ ਅਤੇ ਅਨੂਪਮ ਟ੍ਰੀਟਮੈਂਟ ਕਾਰਨ ਪੰਜਾਬੀ ਨਾਵਲ ਦੇ ਆਯਾਮਾਂ ਨੂੰ ਅਣਛੁਹੇ ਦਿਸਹੱਦਿਆਂ ਤੀਕ ਪਹੁੰਚਾਉਣ ਦੀ ਕੋਸ਼ਿਸ਼ ਕਹੀ ਜਾ ਸਕਦੀ ਹੈ। ਪੰਜਾਬੀ ਯਥਾਰਥਵਾਦੀ ਗਲਪ ਦੀ ਅਜੋਕੀ ਸਥਿਤੀ ਬਾਰੇ ਕਿਹਾ ਜਾ ਸਕਦਾ ਹੈ ਕਿ ਇਹ ਆਦਰਸ਼ਵਾਦੀ ਸੁਧਾਵਰਦੀ ਅਤੇ ਰੁਮਾਂਸਿਕ ਰਾਹਾਂ ਅਤੇ **ਮੋੜਾਂ** ਨੂੰ ਕੱਟਦੀ ਹੋਈ, ਸਮਕਾਲੀ ਯਥਾਰਥ ਦੀ ਸੰਵਾਦਿਕ ਅਵਸਥਾ ਨੂੰ ਧਾਰਨ ਕਰਦੀ ਪ੍ਰਤੀਤ ਹੁੰਦੀ ਹੈ। ਮੀਤ ਹਥਲੇ ਨਾਵਲ ਰਾਹੀਂ ਇਸ ਸਥਿਤੀ ਵਿਚ ਮੁੱਲਵਾਨ ਵਾਧਾ ਇਹ ਕਰਦਾ ਜਾਪਦਾ ਹੈ ਕਿ ਉਸਨੇ ਸਮਕਾਲੀ ਯਥਾਰਥ ਦਾ ਜੋ ਚਿਤਰ ਪੇਸ਼ ਕੀਤਾ ਹੈ ਉਹ ਸਮਾਜਿਕ-ਸਭਿਆਚਾਰਕ ਧਰਾਤਲ ਤਾਂ ਰੱਖਦਾ ਹੀ ਹੈ, ਇਸਦੇ ਨਾਲ ਨਾਲ ਹੀ ਵਿਵਸਥਾ ਵਿਚਲੇ ਰੂੜ੍ਹੀਵਾਦੀ-ਤੜਾਗੀਵਾਦੀ ਅੰਸ਼ਾਂ ਦੀਆਂ ਨੀਂਹਾਂ ਨੂੰ ਵੀ ਹਲੂਣਾ ਦਿੰਦਾ ਹੈ। ਮੀਤ ਨੂੰ ਇਸ ਖੇਤਰ ਵਿਚ ਇਹ ਪਹਿਲ ਕਰਨ ਦਾ ਸੁਭਾਗ (?) ਵੀ ਪ੍ਰਾਪਤ ਹੋ ਸਕਿਆ ਹੈ ਕਿ ਜਰਜਰ ਅਤੇ ਢਹਿ ਰਹੇ ਮੁਨਾਰਿਆਂ ਦੇ ਵਿਅੰਗਭਾਵੀ ਚਿੱਤਰ ਪੇਸ਼ ਕਰਨ ਲੱਗਿਆਂ ਉਸਦੇ ਕਟਾਖ਼ ਦਾ ਕੇਂਦਰ ਵਿਅਕਤੀ ਨਾ ਹੋ ਕੇ ਸਮੁੱਚੀ ਸਮਾਜਿਕ-ਰਾਜਨੀਤਕ ਵਿਵਸਥਾ ਬਣਦੀ ਹੈ, ਜਿਸਦਾ ਉਪਰ-ਉਸਾਰ ਪੂੰਜੀਵਾਦੀ ਖ਼ਾਸੀਅਤਾਂ ਨਾਲ ਸੰਬੰਧ ਰੱਖਦਾ ਹੈ। **ਤਫ਼ਤੀਸ਼** ਦੇ ਸਹਿਜ ਪਾਠ ਤੋਂ ਪਿਛੋਂ ਕਿਹਾ ਜਾ ਸਕਦਾ ਹੈ ਕਿ ਗਲਪਕਾਰ ਅਜੋਕੀ ਸਮਾਜਿਕ ਵਿਵਸਥਾ ਦੇ ਵਿਰੋਧਾਂ, ਅੰਤਰ-ਵਿਰੋਧਾਂ ਦੀ ਡਾਇਲੈਕਟਸ ਦੇ ਗਲਪੀ-ਬਿੰਬ ਨੂੰ ਪ੍ਰਸਤੁਤ ਕਰਨ ਲੱਗਿਆਂ ਰਚਨਾਤਮਕ ਪੈਰਾਡਾਈਮ ਉਘਾੜਦਾ ਹੈ, ਜਿਸ ਨਾਲ ਸਾਰੇ ਪਾਠ ਦੌਰਾਨ ਇਕ ਪ੍ਰਕਾਰ ਦਾ ਜੀਵੰਤ ਤਣਾਓ ਵਿਦਮਾਨ ਰਹਿੰਦਾ ਹੈ ਜਿਹੜਾ ਕਿਸੇ ਵੀ ਸਾਹਿਤਕ ਕ੍ਰਿਤ ਲਈ ਪਹਿਲੀ ਤੇ ਆਵੱਸ਼ਕ ਲੋੜ ਬਣ ਚੁੱਕਿਆ ਹੈ।

**ਤਫ਼ਤੀਸ਼** ਦੇ ਯਥਾਰਥ-ਬੋਧ ਦਾ ਇਕ ਮਹੱਤਵਪੂਰਣ ਕੋਣ ਬੰਟੀ ਦੇ ਗੁਆਚਣ ਤੋਂ ਪਿਛੋਂ ਲੇਖਕ ਪਕੜਦਾ ਹੈ ਜਦੋਂ ਗੁੰਮ ਹੋਏ ਬੱਚੇ ਦੀ ਤਫ਼ਤੀਸ਼ ਸ਼ੁਰੂ ਹੁੰਦੀ ਹੈ। ਇਹ ਇਕ ਜੁਗਤ ਹੈ ਜਿਸਦੇ ਸਹਾਰੇ ਲੇਖਕ ਤਫ਼ਤੀਸ਼ ਕਰਨ ਵਾਲਿਆਂ ਦੀ ਤਫ਼ਤੀਸ਼ ਕਰਦਾ ਹੈ। ਕੁਦਰਤੀ ਤੌਰ ਤੇ ਇਸਦੇ ਘੇਰੇ ਵਿਚ ਸਭ ਤੋਂ ਪਹਿਲਾਂ ਪੁਲੀਸ ਆਉਂਦੀ ਹੈ ਜਿਹੜੀ ਕਿ ਖ਼ੁਦ ਵਿਵਸਥਾ ਦੇ ਅੰਗ ਵਜੋਂ ਉਭਰਦੀ ਹੈ। ਪੁਲੀਸ-ਸਭਿਆਚਾਰ ਦੇ ਯਥਾਰਥ ਦਾ ਚਿਤਰਣ ਨਿੱਕੀਆਂ-ਨਿੱਕੀਆਂ ਬੁਰਸ਼-ਛੁਹਾਂ ਨਾਲ ਕੀਤਾ ਗਿਆ ਹੈ। ਇੰਜ ਜਾਪਦਾ ਹੈ ਜਿਵੇਂ ਲੇਖਕ ਨੇ 'ਮਾਡਰਨ ਪੇਂਟਿੰਗ' ਦੀ ਵਿਧੀ ਨੂੰ ਅਪਣਾਇਆ ਹੈ, ਜਿਸ ਕਾਰਨ ਕਿਸੇ ਵੀ ਕੋਣ ਤੋਂ ਗੱਲ ਸ਼ੁਰੂ ਕੀਤੀ ਜਾ ਸਕਦੀ ਹੈ। ਪੁਲੀਸ ਵਾਲੇ, ਪੱਤਰਕਾਰ, ਹੋਟਲਾਂ ਵਾਲੇ, ਮੁਣਸ਼ੀਆਂ-ਮੁਸੰਦੀਆਂ ਦੇ ਜੀਵਨ ਦੀਆਂ ਆਮ ਘਟਨਾਵਾਂ ਦੇ ਚਿੱਤਰ ਬੜੇ ਹੀ ਪ੍ਰਮਾਣਿਕ ਅਨੁਭਵ ਦੇ ਲਖਾਇਕ ਹਨ, ਕਿਉਂ ਜੁ ਬੰਟੀ ਦੇ ਗੁੰਮਸ਼ੁਦਾ ਹੋਣ ਦਾ ਇਲਾਕਾ ਮੁੱਖ ਮੰਤਰੀ ਦਾ ਇਲਾਕਾ ਹੈ। ਇਸ ਲਈ ਸਿਆਸੀ-ਸਭਿਆਚਾਰ ਵੀ ਸਹਿਜ ਸੁਭਾਵਿਕ ਹੀ ਛੂਹਿਆ

ਗਿਆ ਹੈ। ਇਸ ਤਰ੍ਹਾਂ ਪੁਸਤਕ ਦਾ ਪਸਾਰ ਪਰਿਵਾਰਿਕ ਤੋਂ ਲੈ ਕੇ ਰਾਸ਼ਟਰੀ-ਅੰਤਰ ਰਾਸ਼ਟਰੀ ਪਰਿਪੇਖਾਂ ਤੀਕ ਫੈਲਦਾ ਹੈ।

**ਤਫ਼ਤੀਸ਼** ਦਾ ਸਾਹਿਤਕ ਯਥਾਰਥ ਵੋਟਾਂ ਦੀ ਸਿਆਸਤ ਨਾਲ ਵੀ ਸ਼ੁਰੂ ਹੁੰਦਾ ਹੈ। ਮੁੱਖ ਮੰਤਰੀ ਨੇ ਜਣੇ ਖਣੇ ਨੂੰ ਝੰਡੀ ਵਾਲੀ ਕਾਰ ਫੜਾ ਦਿੱਤੀ। ਅਜੋਕੇ ਲੋਕਤੰਤਰੀ ਢਾਂਚੇ (?) ਵਿਚ ਇਕੋ ਇਕ ਕੰਮ ਸੱਤਾ ਹਥਿਆਉਣਾ ਅਤੇ ਫਿਰ ਹਰ ਹੀਲੇ ਵੋਟਰਾਂ ਨੂੰ ਖੁਸ਼ ਰੱਖਣਾ ਹੈ। ਨਵੀਂ ਬਣੀ ਸਰਕਾਰ ਦੇ ਅਹਿਲਕਾਰ ਆਪਣੇ ਆਪਣੇ ਕੰਮ ਕੱਢਣ ਵਿਚ ਲੱਗੇ ਹੋਏ ਹਨ:

> ...ਵੋਟਰਾਂ ਨੂੰ ਖੁਸ਼ ਕਰਨ ਲਈ ਕਿਸੇ ਨੂੰ ਆਪਣੇ ਇਲਾਕੇ ਵਿਚ ਸਕੂਲ ਖੋਲ੍ਹਣ ਦੀ ਬਣੀ ਸੀ, ਕਿਸੇ ਨੂੰ ਹਸਪਤਾਲ ਦੀ ਅਤੇ ਕਿਸੇ ਨੂੰ ਨਵੀਂ ਅਨਾਜ ਮੰਡੀ ਦੀ। ਜਿਹੜੇ ਜਿਹੜੇ ਮਹਿਕਮੇ ਵਜ਼ੀਰਾਂ ਕੋਲ ਸਨ, ਉਹ ਐਲਾਨ ਤਾਂ ਉਹਨਾਂ ਝਟਪਟ ਕਰ ਦਿੱਤੇ। ਬਾਕੀਆਂ ਦੇ ਇਕ ਦੂਜੇ ਨਾਲ ਸੌਦੇ ਕਰ ਲਏ। ਜੇ ਗਿਆਨੀ ਜੀ ਨੇ ਆਪਣੇ ਪਿੰਡ ਸਕੂਲ ਖੁਲ੍ਹਾਉਣਾ ਹੈ ਤਾਂ ਉਸ ਨੂੰ ਜੱਥੇਦਾਰ ਦੇ ਪਿੰਡ ਹਸਪਤਾਲ ਖੋਲ੍ਹਣਾ ਪਏਗਾ। ਜੇ ਖਾਲਸਾ ਜੀ ਨੂੰ ਅਨਾਜ ਮੰਡੀ ਚਾਹੀਦੀ ਹੈ ਤਾਂ ਦੀਵਾਨਾ ਜੀ ਦੇ ਪਿੰਡ ਵਾਲੀ ਹਰੀਜਨਾਂ ਦੀ ਧਰਮਸ਼ਾਲਾ ਨੂੰ ਗਰਾਂਟ ਦੇਣੀ ਹੋਵੇਗੀ।

ਅਜਿਹੀ ਸਥਿਤੀ ਵਿਚ ਪੁਲੀਸ-ਸਭਿਆਚਾਰ ਵਿਚ ਬਹੁਤਾ ਅੰਤਰ ਨਹੀਂ ਆਇਆ। ਇਹ ਠੀਕ ਹੈ ਕਿ ਤੇਜ਼ੀ ਨਾਲ ਬਦਲ ਰਹੀਆਂ ਪਰਿਸਥਿਤੀਆਂ ਕਾਰਣ ਪੁਲੀਸ ਵਾਲਿਆਂ ਨੂੰ ਵੀ ਹੁਣ ਪਹਿਲਾਂ ਨਾਲੋਂ ਵਧੇਰੇ ਟੈਕਟਫੁਲ (ਹੁਸ਼ਿਆਰ) ਹੋਣਾ ਪੈਣਾ ਹੈ ਪਰੰਤੂ ਅੰਗਲੀਆਂ-ਸੰਗਲੀਆਂ ਇੰਨੀਆਂ ਜਟਿਲ ਹਨ ਕਿ ਇਸ ਪਰਿਪੇਖ ਦੀ ਮਾਨਸਿਕਤਾ ਸਹਿਜੇ ਹੀ ਨਹੀਂ ਬਦਲੀ ਜਾ ਸਕਦੀ। ਲੇਖਕ ਦਾ ਯਥਾਰਥ ਚਿਤਰਣ ਸਟਿਲ ਫੋਟੋਗ੍ਰਾਫ਼ੀ ਨਾ ਹੋ ਕੇ ਮੂਵੀ ਕੈਮਰੇ ਦਾ ਯਥਾਰਥ ਹੈ। ਸੰਤੋਖ ਵਾਲੀ ਗੱਲ ਤਾਂ ਇਹ ਹੈ ਕਿ **ਤਫ਼ਤੀਸ਼** ਦਾ ਕਾਰਜ ਗਿਆਨਾਤਮਕ ਅਤੇ ਸੁਹਜਾਤਮਕ ਹੈ। ਪੁਸਤਕ ਵਿਚ ਨਵੀਆਂ ਸਮਾਜਿਕ ਸ਼ਕਤੀਆਂ ਦਾ ਮਨੁੱਖੀ ਰੂਪ ਅਤੇ ਸਾਮੰਤੀ ਪ੍ਰਬੰਧ ਦਾ ਕਲਾਤਮਕ ਪਰਤੌ ਪੇਸ਼ ਹੈ। ਯਥਾਰਥ ਤੇ ਮਨੁੱਖੀ ਆਦਰਸ਼ਾਂ ਵਿਚਕਾਰ ਵਿਸੰਗਤੀ ਹੋਣ ਕਾਰਣ ਸਥਿਤੀ ਦਾ ਵਿਅੰਗ ਵੀ ਹੋਣਾ ਸੁਭਾਵਿਕ ਤੇ ਲਾਜ਼ਮੀ ਹੈ। ਲਾਲੇ ਬੰਟੀ ਦੇ ਅਗਵਾ ਹੋਣ ਦੀ ਰਿਪੋਰਟ ਦਰਜ਼ ਕਰਾਉਣ ਥਾਣੇ ਆਉਂਦੇ ਹਨ ਪਰੰਤੂ ਮੁਖਤਿਆਰ ਦਾ ਯਥਾਰਥ ਤਾਂ ਆਮ ਸੰਤਰੀਆਂ ਵਰਗਾ ਹੀ ਹੈ। ਉਸ ਲਈ ਤਾਂ ਇਹ 'ਸਾਮੀਆਂ' ਹੀ ਹਨ। ਪਰੰਤੂ ਬਦਲੇ ਹੋਏ ਯਥਾਰਥ ਅਨੁਸਾਰ ਉਹ ਸਿੱਧੇ ਤੌਰ 'ਤੇ ਆਪਣੀ ਮੰਗ ਵੀ ਤਾਂ ਨਹੀਂ ਦੱਸ ਸਕਦਾ। ਇਸ ਲਈ ਮੋਹਤਬਰ ਦੀ ਲੋੜ ਪੈਂਦੀ ਹੈ ਪਰੰਤੂ ਲਾਲੇ ਤਾਂ ਕਿਸੇ ਮੋਹਤਬਰ ਨੂੰ ਨਾਲ ਨਹੀਂ ਲੈ ਕੇ ਆਏ, ਇਸੇ ਕਾਰਣ ਸੰਤਰੀ ਨੂੰ ਉਹ 'ਵਿਉਹ' ਵਰਗੇ ਲੱਗਦੇ ਨੇ। ਮੁਖਤਿਆਰ ਨੂੰ ਆਪਣਾ ਲਹਿਜਾ ਗਰਮ ਕਰਨਾ ਪੈਣਾ ਹੈ ਪਰ ਨਾਲ ਹੀ ਇੰਨਾ ਗਰਮ ਵੀ ਨਹੀਂ ਕਿ ਸਾਰਾ ਕੰਮ ਹੀ ਚੌਪਟ ਹੋ ਜਾਵੇ, 'ਕਿਧਰ ਨੂੰ ਮੂੰਹ ਚੁੱਕਿਐ ਬਈ ਸੇਠੋ?' ਉਸਦਾ ਉਹਨਾਂ ਨੂੰ ਦਬਕਾ ਮਾਰਨਾ ਤਰਕ-ਸੰਗਤ ਵੀ ਸੀ ਕਿਉਂ ਜੁ ਨਾ ਤਾਂ ਉਹ ਨੇਤਾ ਸਨ, ਨਾ ਹੀ ਮੋਹਤਬਰ, ਕੇਵਲ ਫ਼ਰਿਆਦੀ ਚੁੱਪ ਬਹੁ-ਗਿਣਤੀ। ਅਸਲ ਵਿਚ ਇਥੇ ਹੀ ਤਣਾਓ ਦੇ ਬੀਜ ਬੀਜੇ ਜਾਂਦੇ ਹਨ। ਇਕ ਪਾਸੇ ਹਨ ਪਤਨ ਮੁੱਖ ਪ੍ਰਕਿਰਤੀਵਾਦੀ ਪ੍ਰਵਿਰਤੀਆਂ ਅਤੇ ਦੂਜੇ ਪਾਸੇ ਹੈ ਆਦਰਸ਼ਕਾਰੀ ਸੋਚ। ਪਤਨ ਮੁੱਖ ਵਿਵਸਥਾ ਦੀਆਂ ਥਮੀਆਂ ਨੇਤਾ ਲੋਕ ਅਤੇ ਮੋਹਤਬਰ ਹਨ। ਇਥੇ ਮੋਹਤਬਰ ਸ਼ਬਦ ਆਪਣੇ ਅਰਥ ਗੁਆ ਚੁੱਕਾ ਹੈ। ਅਜਿਹੇ ਲੋਕਾਂ ਦੀ ਪਛਾਣ ਦੇਣਾ ਲੇਖਕ ਦਾ ਕੰਮ ਹੈ, 'ਮੋਹਤਬਰ ਜਾਣੀਂ ਉਹ ਬੰਦਾ ਜਿਹੜਾ ਮਗਰਮੱਛ ਵਾਂਗ ਉਪਰੋਂ ਤਾਂ ਪੈਰ ਮਾਰੇ।' (ਪੰਨਾ-

11) ਪੁਲੀਸ ਦਾ ਭਾਸ਼ਾਈ-ਸਭਿਆਚਾਰ ਮੋਹਤਬਰ ਨੂੰ ਆਮ ਨਹੀਂ ਵਿਸ਼ੇਸ਼ ਵਿਅਕਤੀ ਸਮਝਦਾ ਹੈ। ਜੇ ਉਹ ਨਾਲ ਹੋਵੇ ਤਾਂ ਕੋਈ ਡਰ ਡੁਕਰ ਨਹੀਂ। (ਪੰਨਾ 12) ਮੋਹਤਬਰ ਜਿਹੜੇ ਅਤਿਵਾਦੀਆਂ ਵਿਰੁੱਧ ਗਵਾਹੀ ਦੇ ਸਕਣ (?) ਗਵਾਹੀ ਪਾ ਸਕਣ, ਰਪਟ ਦਰਜ ਕਰਵਾ ਸਕਣ। ਅਜਿਹੇ ਮੋਹਤਬਰਾਂ ਦੀ ਪਛਾਣ ਸੰਤਰੀ ਦਿੰਦਾ ਹੈ, ਉਹ ਹੋ ਸਕਦੇ ਹਨ- ਗੁਪਤਾ ਜੀ, ਵਿਉਪਾਰ ਮੰਡਲ ਦਾ ਪ੍ਰਧਾਨ, ਅਰਜ਼ ਨਵੀਸ ਪਾਂਧਾ ਤੇ ਜਾਂ ਫਿਰ ਢਾਬੇ ਵਾਲਾ ਪਹਿਲਵਾਨ। ਮੁਖਤਿਆਰ ਦੀ ਵੀ ਆਪਣੀ ਕਹਾਣੀ ਹੈ। ਇਸ ਵਿਵਸਥਾ ਵਿਚ ਇਕ ਸਬਜ਼ੀ ਢੋਣ ਵਾਲਾ, ਰੇਹੜੀ ਤੇ ਭਾਂਡੇ ਮਾਂਜਣ ਵਾਲਾ ਕਿਵੇਂ ਇਸਦਾ ਅੰਗ ਬਣ ਕੇ ਸਮਰਿਧ ਸ਼ਾਲੀ ਬਣ ਸਕਦਾ ਹੈ ਇਸਦਾ ਵਿਵਰਣ ਮੁਖਤਿਆਰ ਦੀ ਸ਼ਖ਼ਸੀਅਤ ਹੈ। ਅਜੋਕੀ ਭ੍ਰਿਸ਼ਟ ਵਿਵਸਥਾ ਵਿਚ ਮਨੁੱਖ ਮਨੁੱਖਤਾਹੀਣ ਬਣਦਾ ਜਾ ਰਿਹਾ ਹੈ। ਨਾਗਰੀਕਰਣ, ਮਸ਼ੀਨੀਕਰਨ, ਸਨਅਤੀਕਰਨ, ਸਭਿਆਚਾਰਕ ਪਤਨ ਵਿਅਕਤੀ ਦੀ ਪਤਨਸ਼ੀਲ ਅਵਸਥਾ ਦੇ ਮੁੱਖ ਕਾਰਣ ਬਣਦੇ ਜਾ ਰਹੇ ਹਨ। ਭਾਰਤ ਵਿਚਲੀ ਬੁਰਜ਼ੂਆ ਤਰੱਕੀ ਨੇ ਇਹ ਗੱਲ ਸਪੱਸ਼ਟ ਕਰ ਦਿੱਤੀ ਹੈ ਕਿ ਪੂੰਜੀਵਾਦੀ ਵਿਕਾਸ ਹੀ ਵਿਅਕਤੀ ਦੇ ਹਨਨ ਦਾ ਮੂਲ ਕਾਰਨ ਹੈ। ਅਜੋਕੀ ਭੂਪਵਾਦੀ-ਪੂੰਜੀਵਾਦੀ ਮਿਸ਼੍ਰਿਤ ਸਥਿਤੀ ਕਾਰਣ ਹੀ ਸਮਾਜਿਕ-ਟਕਰਾਓ ਦੀ ਸੰਭਾਵਨਾ ਵਧਦੀ ਜਾ ਰਹੀ ਹੈ। ਸਾਡਾ ਸਮਾਜ ਉਪਰੋਂ ਜਿੰਨਾ ਲਿਸ਼ਕਿਆ-ਪੁਸ਼ਕਿਆ ਅਤੇ ਸਮਰਿੱਧਸ਼ਾਲੀ ਜਾਪਦਾ ਹੈ ਵਾਸਤਵਿਕ ਤੌਰ 'ਤੇ ਉੱਨਾ ਹੀ ਖੋਖਲਾ ਹੋ ਚੁੱਕਿਆ ਹੈ। ਸਿੱਟੇ ਵਜੋਂ ਬੁਰਜ਼ੂਆ ਸਮਾਜ ਵਿਚ ਮਾਨਵੀ ਕਦਰਾਂ-ਕੀਮਤਾਂ ਦਾ ਘਾਣ ਹੋਇਆ ਹੈ। 'ਆਪਣਾ ਕੰਮ ਕੱਢੋ' ਦੀ ਪ੍ਰਵਿਰਤੀ ਵਿਅਕਤੀ ਨੂੰ ਸਮਾਜਿਕ-ਹਿਤਾਂ ਦਾ ਉਲੰਘਣ ਕਰਨ ਲਈ ਪ੍ਰੇਰਦੀ ਹੈ। ਇਸੇ ਲਈ ਪੱਤਰਕਾਰੀ ਵਰਗਾ ਲੋਕ-ਹਿਤੂ ਕਾਰਜ ਵੀ ਬੁਰਜ਼ੂਆ-ਗਲੈਮਰ ਦਾ ਸ਼ਿਕਾਰ ਹੋਇਆ ਹੈ ਜਿਸਦਾ ਪ੍ਰਤੀਕ ਦਰਵੇਸ਼ ਪੱਤਰਕਾਰ ਹੈ ਜਿਹੜਾ ਕਿ ਨਾਂ ਦਾ ਹੀ ਦਰਵੇਸ਼ ਹੈ। ਕਿੱਤੇ ਰਾਖ਼ਸ਼ਾਂ ਵਾਲੇ ਹੀ ਸਨ। ਅਜਿਹੇ ਅਖੌਤੀ ਪੱਤਰਕਾਰ ਆਪਣਾ ਦਾਲ ਫੁਲਕਾ ਚਲਾਉਣ ਲਈ ਐਫ.ਸੀ.ਆਈ., ਮਾਰਕਫੈੱਡ, ਸਿਨੇਮਾ ਮਾਲਕ, ਪੀ.ਡਬਲਯੂ.ਡੀ., ਪੁਲਿਸ ਅਤੇ ਸੱਟੇ ਵਾਲਿਆਂ ਦੇ ਸਕੈਂਡਲ' ਆਪਣੇ ਪੇਪਰਾਂ ਵਿਚ ਛਾਪਦੇ ਹਨ ਅਤੇ ਸੌਦੇਬਾਜ਼ੀ ਕਰਦੇ ਹਨ। ਲੋਕਾਂ ਵਿਚ ਚਰਚਿਤ ਰਹਿਣ ਲਈ ਸਮਾਜ ਸੇਵਾ ਦਾ ਢੌਂਗ ਰਚਦੇ ਹਨ।

ਲੇਖਕ ਦੀ ਯਥਾਰਥ ਸੰਬੰਧੀ ਅਨੁਭੂਤੀ ਤਿੱਖੀ, ਤੇਜ਼ ਤਰਾਰ ਅਤੇ ਪੈਨੀ ਦ੍ਰਿਸ਼ਟੀ ਵਾਲੀ ਹੈ। ਇਕ ਗਲਪਕਾਰ ਵਜੋਂ ਮਿੱਤਰ ਸੈਨ ਮੀਤ ਦੀ ਵਿਸ਼ੇਸ਼ਤਾ ਸਮਕਾਲੀ ਸਮਾਜਿਕ-ਸਭਿਆਚਾਰ ਦੀਆਂ ਤਣਾਓਮਈ ਪ੍ਰਵਿਰਤੀਆਂ ਦੇ ਸਾਹਿਤਕ-ਪਰਤੌ ਨੂੰ ਰੂਪਮਾਨ ਕਰਨ ਵਿਚ ਨਿਹਿਤ ਕੀਤੀ ਜਾ ਸਕਦੀ ਹੈ। ਲੇਖਕ ਯਥਾਰਥਵਾਦੀ ਘਟਨਾਵਾਂ ਵਿਚਲੇ ਕਾਰਜ-ਕਾਰਨ ਦੇ ਪਰਸਪਰ ਸੰਬੰਧਾਂ ਦੀ ਡੂੰਘੀ ਪੁਣ-ਛਾਣ ਕਰਦਾ ਜਾਪਦਾ ਹੈ। ਦੂਸਰੇ ਸਮਕਾਲੀ ਲੇਖਕਾਂ ਨਾਲੋਂ ਮੀਤ ਦਾ ਯਥਾਰਥ ਨਿਰੂਪਣ ਇਸ ਕਰਕੇ ਵੀ ਵਧੇਰੇ ਜਾਨਦਾਰ ਹੈ ਕਿ ਉਸਨੇ ਸਮਕਾਲੀ ਸਮਾਜਿਕ ਯਥਾਰਥ ਦੀ ਕੇਵਲ ਪੁਨਰ ਸਿਰਜਣਾ ਹੀ ਨਹੀਂ ਕੀਤੀ ਸਗੋਂ ਬੌਧਿਕ ਤੌਰ 'ਤੇ ਸੁਤੰਤਰ ਵਿਸ਼ਲੇਸ਼ਣ ਵੀ ਕੀਤਾ ਹੈ। ਉਹ ਵਿਰੋਧ ਤੇ ਸੰਘਰਸ਼ ਵਿਚਲੀ ਸੰਵਾਦਕ ਸਥਿਤੀ ਨੂੰ ਆਪਣੇ ਕਲਾਵੇ ਅੰਦਰ ਲੈਣ ਦਾ ਜਤਨ ਕਰਦਾ ਹੈ। ਸੰਸਾਰ ਪ੍ਰਤੀ ਉਸ ਦਾ ਦ੍ਰਿਸ਼ਟੀਕੋਣ ਵਿਅਕਤੀਗਤ ਨਹੀਂ, ਸਗੋਂ ਇਕ ਪ੍ਰਕਾਰ ਦੀ ਸੋਚ ਦਾ ਅਲੰਬਰਦਾਰ ਹੈ। ਇਹ ਠੀਕ ਹੈ ਕਿ ਲੇਖਕ ਕੁਝ ਥਾਵਾਂ ਉਪਰ ਆਪਣੀ ਨਿਜੀ ਦ੍ਰਿਸ਼ਟੀ ਤੋਂ ਬਚ ਨਹੀਂ ਸਕਿਆ ਪਰੰਤੂ ਨਿਰੰਤਰ ਅਤੇ ਤੇਜ਼ੀ ਨਾਲ ਬਦਲ ਰਹੇ ਸਮਾਜੀ ਯਥਾਰਥ ਦਾ ਰਚਨਾਤਮਕ ਪ੍ਰਯਾਸ ਉਸਦਾ ਮੀਰੀ ਗੁਣ ਹੈ। ਸਮਕਾਲੀਨਤਾ ਦਾ ਆਧਾਰ ਪੰਜਾਬ ਦੀ ਵਰਤਮਾਨ ਸਥਿਤੀ ਵੀ ਬਣਦੀ ਹੈ ਜਿਸ ਦਾ ਗਲਪੀ-ਬਿੰਬ ਬਾਹਰਮੁਖੀ ਅਤੇ ਅੰਤਰਮੁਖੀ ਰੂਪ ਵਿਚ ਉਦੈਮਾਨ ਹੋਇਆ ਹੈ। ਅਜੋਕੇ ਪੰਜਾਬ ਦੀ ਤ੍ਰਾਸਦਿਕ

ਸਥਿਤੀ ਕਾਰਨ ਬਹੁ-ਗਿਣਤੀ ਲੋਕ ਦੱਬੂ ਬਣ ਚੁਕੇ ਹਨ। ਅਤੇ ਘਟਨਾਵਾਂ ਇੰਨੀ ਤੇਜ਼ੀ ਨਾਲ ਵਾਪਰ ਰਹੀਆਂ ਹਨ ਕਿ ਨਾ ਤਾਂ ਲੋਕ ਘਰੋਂ ਬਾਹਰ ਹੀ ਨਿਕਲਦੇ ਹਨ ਅਤੇ ਨਾ ਹੀ ਥਾਣੇ ਰਿਪੋਰਟ ਦਰਜ ਕਰਵਾਉਣ ਆ ਸਕਦੇ ਹਨ:

> ਵਾਰਦਾਤਾਂ ਤੋਂ ਡਰਦੇ ਲੋਕ ਤਾਂ ਦਿਨ ਛਿਪਦੇ ਹੀ ਘਰੋ ਘਰੀ ਜਾ ਵੜਦੇ। ਛੇ ਵਜੇ ਕਰਫਿਊ ਵਰਗੀ ਹਾਲਤ ਹੋ ਜਾਂਦੀ। (ਪੰਨਾ 17) ਹਰ ਕਿਸੇ ਨੇ ਲੈਟਰ ਪੈਡ ਛਪਵਾ ਲਿਆ ਹੈ। ਜਿਸ ਨੂੰ ਦਿਲ ਕਰਿਆ ਚਿੱਠੀ ਕੱਢ ਦਿੱਤੀ। ਪੈਸੇ ਮਿਲ ਗਏ ਤਾਂ ਠੀਕ ਨਹੀਂ ਆਪ ਚੁਪ ਕਰ ਗਏ। (ਪੰਨਾ 89)
>
> ਕਤਲ, ਡਕੈਤੀਆਂ, ਖੋਹਾਂ ਅਤੇ ਚੋਰੀਆਂ। ਕਿਹੜਾ ਜੁਰਮ ਹੈ ਜਿਹੜਾ ਇਨ੍ਹੀਂ ਦਿਨੀਂ ਪੰਜਾਬ ਵਿਚ ਨਹੀਂ ਹੋ ਰਿਹਾ। (ਪੰਨਾ 25)

ਪੁਲੀਸ, ਸੀ.ਆਰ.ਪੀ. ਨਾਕਾਬੰਦੀ ਕਰਦੀ ਹੈ ਤਾਂ ਤੰਗੀ ਆਮ ਤੇ ਸਾਧਾਰਣ ਨੂੰ ਹੁੰਦੀ ਹੈ। ਤਲਾਸ਼ੀ ਦਾ ਨਾਟਕ ਸਮਕਾਲੀ ਯਥਾਰਥ ਦਾ ਹਿੱਸਾ ਬਣ ਚੁੱਕਿਆ ਹੈ। ਲੇਖਕ ਨੇ ਬ੍ਰਿਤਾਂਤਕ ਸਥਿਤੀਆਂ ਦੀ ਸਿਰਜਣਾ ਕਰਕੇ ਅਜਿਹੇ ਵਿਅੰਗਭਾਵੀ ਚਿਤਰ ਪੇਸ਼ ਕੀਤੇ ਹਨ ਕਿ ਉਸਦੇ ਅਨੁਭਵ ਦੀ ਪ੍ਰਮਾਣਿਕਤਾ ਬਾਰੇ ਸ਼ੱਕ ਦੀ ਗੁੰਜਾਇਸ਼ ਨਹੀਂ ਰਹਿੰਦੀ। ਵਰਤਮਾਨ ਤ੍ਰਾਸਦਿਕ ਸਥਿਤੀ ਦਾ ਗਲਪ-ਬਿੰਬ ਬੰਦ, ਹੜਤਾਲਾਂ ਜਾਂ ਮੁਜ਼ਾਹਰੇ ਹਨ। ਤੇਜ਼ੀ ਨਾਲ ਬਦਲ ਰਹੀਆਂ ਪਰਸਥਿਤੀਆਂ ਵਿਚ ਹੜਤਾਲ ਕਰਵਾਉਣਾ ਵੀ ਜੋਖ਼ਮ ਦਾ ਕੰਮ ਹੈ:

> ਹੜਤਾਲ ਹਿੰਦੂਆਂ ਵੱਲੋਂ ਹੋਵੇ ਤਾਂ ਮਾਹੌਲ ਤਨਾਅ ਪੂਰਨ ਬਣਿਆ ਰਹਿੰਦਾ ਹੈ। ਅੱਧੇ ਸਿੱਖ ਤਾਂ ਦੁਕਾਨਾਂ ਬੰਦ ਕਰਦੇ ਹੀ ਨਹੀਂ। ਉਨ੍ਹਾਂ ਦੇ ਬਹਾਨੇ ਕੁਝ ਹਿੰਦੂ ਵੀ ਦੁਕਾਨਾਂ ਖੋਲ੍ਹ ਲੈਂਦੇ ਹਨ। ਕੁਝ ਕਾਂਗਰਸੀ ਹੋਣ ਦਾ ਪੱਜ ਲਾਉਂਦੇ ਹਨ ਤੇ ਕੁਝ ਕਾਮਰੇਡ ਹੋਣ ਦਾ। ਉਹ ਆਖਦੇ ਹਨ ਉਨ੍ਹਾਂ ਦਾ ਫਿਰਕੂ ਪਾਰਟੀਆਂ ਜਾਂ ਉਨ੍ਹਾਂ ਦੇ ਪ੍ਰੋਗਰਾਮਾਂ ਨਾਲ ਕੋਈ ਸੰਬੰਧ ਨਹੀਂ। ਭਾਰਤੀ ਜਨਤਾ ਪਾਰਟੀ ਵਾਲੇ ਜਾਂ ਵਿਉਪਾਰ ਮੰਡਲ ਵਾਲੇ ਲੋਕਾਂ ਤੋਂ ਦੁਕਾਨਾਂ ਬੰਦ ਕਰਾਉਣ ਲਈ ਇਕ ਗੇੜਾ ਮਾਰਦੇ ਹਨ। ਫੇਰ ਘਰੋ ਘਰੀ ਜਾ ਵੜਦੇ ਹਨ। (ਪੰਨਾ 283)

ਸਮਕਾਲੀ ਯਥਾਰਥ ਨੇ ਵਿਅਕਤੀ ਨੂੰ ਏਨਾ ਸ੍ਵੈ-ਹਿਤ ਬਣਾ ਦਿੱਤਾ ਹੈ ਕਿ ਕੋਈ ਵੀ ਕੰਮ ਕਰਨ ਲੱਗਿਆਂ ਉਹ ਆਪਣੀ ਗਰਜ਼ ਜ਼ਰੂਰ ਧਿਆਨ ਵਿਚ ਰੱਖਦਾ ਹੈ। ਹੁਣ ਜੇ ਮਸਲਾ ਬੰਟੀ ਦੀ ਤਲਾਸ਼ ਦਾ ਹੈ ਤਾਂ ਮੁੱਖ ਘਟਕ ਪਿਛੇ ਰਹਿ ਜਾਂਦਾ ਹੈ। ਇਸ ਨਾਲ ਸੰਬੰਧਿਤ ਸਾਰੇ ਬੰਦਿਆਂ ਨੂੰ ਆਪਣੇ ਕਿੜ੍ਹ ਕੱਢਣ ਦਾ ਯੋਗ ਅਵਸਰ ਮਿਲ ਜਾਂਦਾ ਹੈ। ਡਿਪਟੀ ਤਫ਼ਤੀਸ਼ ਹੱਥ ਵਿਚ ਲੈਂਦਿਆਂ ਹੀ ਅਜਿਹੇ ਬੰਦਿਆਂ ਦੀ ਲਿਸਟ ਬਣਾਉਂਦਾ ਹੈ, ਜਿਹੜੇ ਉਸ ਨੂੰ ਟਿੱਚ ਸਮਝਦੇ ਹਨ। ਖੁੱਡੀ ਵਾਲਾ ਨੰਬਰਦਾਰ, ਸ਼ਰਾਬ ਦਾ ਠੇਕੇਦਾਰ ਮੇਜਰ, ਪੱਬੀ ਬਦਮਾਸ਼, ਧਨੌਲੇ ਵਾਲਾ ਜੱਥੇਦਾਰ ਚੇਅਰਮੈਨ ਆਦਿ। ਬੰਟੀ ਦੀ ਤਲਾਸ਼ ਦੇ ਬਹਾਨੇ ਵਧ ਤੋਂ ਵਧ ਬੰਦਿਆਂ ਨੂੰ ਸਬਕ ਸਿਖਾਉਣ ਦਾ ਵਧੀਆ ਮੌਕਾ ਮਿਲ ਜਾਂਦਾ ਹੈ...। ਨਾਲ ਜਿਥੇ ਆਵਾ ਹੀ ਊਤਿਆ ਹੋਵੇ, ਉਥੇ ਹੱਕ ਸੱਚ ਦੀ ਗੱਲ ਕੌਣ ਕਰਦਾ ਹੈ। ਫਿਰ ਵੀ ਜਰਾਇਮ ਪੇਸ਼ਾ ਜਾਤਾਂ (ਜਮਾਤਾਂ) ਅਜਿਹੇ 'ਨੀਚ' ਕੰਮ ਕਰ ਸਕਦੀਆਂ ਹਨ। ਲੁੰਪਨ ਪ੍ਰੋਲੋਤਾਰੀ-ਸਾਂਸੀ, ਬਾਜ਼ੀਗਰ, ਪਰੰਤੂ ਲੇਖਕ ਦਾ ਯਥਾਰਥ ਬਿਆਨ ਕਰਨ ਦਾ ਢੰਗ ਕਿਉਂ ਜੁ ਕਟਾਖ਼ ਭਰਿਆ ਹੈ, ਇਸ ਲਈ ਉਹ ਰਿਸ਼ਤਿਆਂ ਵਿਚਲੇ ਕਾਰਜ-ਕਾਰਣ ਦੀ ਤਲਾਸ਼ ਕਰਦਾ ਹੈ। ਇਹਨਾਂ ਲੋਕਾਂ ਨੂੰ ਭਾਵੇਂ ਪੁਲੀਸ ਵੱਲੋਂ ਖਾਨਦਾਨੀ ਮੁਜ਼ਰਿਮ ਸਮਝਿਆ ਜਾਂਦਾ ਹੈ ਪਰੰਤੂ ਵਿਰਾਸਤ ਤੋਂ ਵਧੇਰੇ ਪ੍ਰਾਪਤ ਪਰਿਸਥਿਤੀਆਂ ਹੀ

ਉਹਨਾਂ ਨੂੰ ਅਜਿਹਾ ਕਰਨ ਲਈ ਮਜਬੂਰ ਕਰਦੀਆਂ ਹਨ ਨਹੀਂ ਤਾਂ ਮਾਡਲ ਟਾਊਨ ਵਾਲੇ ਅਮੀ ਚੰਦ, ਰਾਮ ਚੰਦ ਲੋਟੀਆ, ਨਾਇਬ ਤਹਿਸੀਲਦਾਰ ਗਰੇਵਾਲ, ਫਕੀਰ ਚੰਦ ਸ਼ੁਕਲਾ, ਓਵਰਸੀਅਰ ਜੱਸਲ, ਸੁਖਦੇਵ ਸਿੰਘ ਡਾਕਟਰ, ਸਤਪਾਲ, ਜਾਂ ਬਾਬੂ ਕਾਂਸੀ ਰਾਮ ਆਦਿ ਹੋਣ ਤੇ ਜਾਂ ਅਗਵਾੜ ਨਿਵਾਸੀ 'ਦੰਗਾ ਪੀੜਤ ਭਾਪੇ, ਲੱਛੂ ਮਿਸਤਰੀ, ਸ਼ਿੰਦੇ ਵਰਗੇ ਹੋਣ, ਤੇ ਜਾਂ ਫਿਰ ਕੁਸ਼ਟ ਆਸ਼ਰਮ ਵਾਲੇ ਹੋਣ, ਸਾਰੇ ਹੀ ਤਫ਼ਤੀਸ਼ ਲਈ ਤਲਬਗਾਰ ਹਨ। ਲੇਖਕ ਦੀ ਸਫ਼ਲਤਾ ਇਸ ਗੱਲ ਵਿਚ ਹੈ ਕਿ ਉਸਨੇ ਇਹਨਾਂ ਲੋਕਾਂ ਦਾ ਜੀਵੰਤ ਵਿਸਥਾਰ ਜਿਉਂਦੀਆਂ ਜਾਗਦੀਆਂ ਬ੍ਰਿਤਾਂਤਕ ਸਥਿਤੀਆਂ ਦੀ ਸਿਰਜਣਾ ਕਰਕੇ ਦਿੱਤਾ ਹੈ। ਅਤੇ ਏਦਾਂ ਕਰਦਿਆਂ ਉਹ ਸਮਗਲਿੰਗ, ਕਾਲਾ ਧੰਦਾ, ਗੈਸ ਸਿਲੰਡਰਾਂ ਦੀ ਬਲੈਕ ਕਰਨ ਵਾਲਿਆਂ ਦੀ ਅਸਲੀਅਤ ਵੀ ਸਾਹਮਣੇ ਲਿਆਉਂਦਾ ਹੈ। ਮਿੱਤਰ ਸੈਨ ਮੀਤ ਦੇ ਹਥਲੇ ਨਾਵਲ ਵਿਚ ਹਰੇਕ ਘਟਨਾ ਦੇ ਵਿਸ਼ਵ ਕੋਸ਼ੀ ਬਿਓਰੇ ਮੌਜੂਦ ਹਨ। ਏਨੀ ਪੈਨੀ ਦ੍ਰਿਸ਼ਟੀ ਅਤੇ ਦ੍ਰਿਸ਼ਟੀਕੋਣ ਕਰਕੇ ਹੀ ਉਹ ਆਪਣੀ ਰਚਨਾ ਨੂੰ ਇਕ ਸਮਰੱਥਾਵਾਨ ਗਲਪੀ-ਕ੍ਰਿਤ ਬਣਾ ਸਕਿਆ ਹੈ।

**ਤਫ਼ਤੀਸ਼** ਦੇ ਗਲਪ-ਬੋਧ ਦਾ ਇਕ ਹੋਰ ਪਾਸਾਰ ਇਸ ਵਿਚ ਵਿਆਪਤ 'ਆਂਚਲਿਕਤਾ' ਨਾਲ ਸੰਬੰਧ ਰੱਖਦਾ ਹੈ। ਇਹ ਠੀਕ ਹੈ ਕਿ ਅਜੋਕੇ ਪੰਜਾਬੀ ਨਾਵਲ ਵਿਚ ਆਂਚਲਿਕਤਾ ਕੋਈ ਲਹਿਰ ਵਜੋਂ ਨਹੀਂ ਆਈ ਅਤੇ ਨਾ ਹੀ ਸਾਡੇ ਕੋਲ ਕੋਈ ਅਜਿਹਾ ਸਟੀਕ ਨਾਵਲਕਾਰ ਹੈ ਜਿਸਨੇ ਸਥਾਨਕ ਰੰਗਣ ਨਾਲ ਓਤ ਪੋਤ ਨਾਵਲ ਵਿਖੇ ਹੋਣ। ਫਿਰ ਵੀ ਜਸਵੰਤ ਸਿੰਘ ਕੰਵਲ, ਦਲੀਪ ਕੌਰ ਟਿਵਾਣਾ, ਰਾਮ ਸਰੂਪ ਅਣਖੀ, ਇੰਦਰ ਸਿੰਘ ਖ਼ਾਮੋਸ਼, ਬਸੰਤ ਕੁਮਾਰ ਰਤਨ ਅਤੇ ਕਰਮਜੀਤ ਸਿੰਘ ਕੁੱਸਾ ਆਦਿ ਕੁਝ ਗਲਪਕਾਰਾਂ ਨੇ ਗਾਹੇ ਬਗਾਹੇ ਆਪਣੀਆਂ ਕਿਰਤਾਂ ਵਿਚ ਇਲਾਕੇ ਵਿਸ਼ੇਸ਼ ਦੀਆਂ ਭੂਗੋਲਿਕ, ਸਮਾਜਿਕ, ਸਭਿਆਚਾਰਕ ਪਰੰਪਰਾਵਾਂ ਨੂੰ ਸਥਾਨ ਦਿੱਤਾ ਹੈ ਲੇਕਿਨ ਸ਼ੁੱਧ ਰੂਪ ਵਿਚ ਅੰਚਲਿਕਤਾ ਇਹਨਾਂ ਦੀਆਂ ਕਿਰਤਾਂ ਦਾ ਵਿਸ਼ੇਸ਼ ਸੁਭਾਵ ਨਹੀਂ ਰਿਹਾ। ਮਿੱਤਰ ਸੈਨ ਮੀਤ ਨੇ ਆਂਚਲਿਕਤਾ ਦਾ ਇਕੀ ਵਿਧੀ ਵਜੋਂ ਪ੍ਰਯੋਗ ਕੀਤਾ ਹੈ। ਆਂਚਲ ਦੀ ਰੰਗਣ ਕਾਰਣ **ਤਫ਼ਤੀਸ਼** ਵਧੇਰੇ ਪ੍ਰਮਾਣਿਕ ਅਤੇ ਕਲਾਤਮਿਕ ਬਣ ਕੇ ਉਭਰਿਆ ਹੈ। ਪੁਸਤਕ ਵਿਚ ਖਿਲਰੇ ਗਾਲਪਨਿਕ ਵੇਰਵਿਆਂ ਤੋਂ ਪਤਾ ਲੱਗਦਾ ਹੈ ਇਸਦਾ ਘਟਨਾ ਸਥਲ ਬਰਨਾਲਾ ਨਗਰ ਹੈ ਕਿਉਂ ਜੁ ਇਸ ਨਗਰ ਦੇ ਲਾਗਲੇ ਪਿੰਡਾਂ ਜਿਹਾ ਕਿ ਭਦੌੜ, ਰਾਏਕੋਟ, ਸੇਖਾ, ਠੀਕਰੀਵਾਲ (ਪੰਨਾ 49) ਸਹਿਜੜੇ (ਪੰਨਾ 32) ਫੂਲੀਵਾਲ (100) ਧਨੌਲਾ (ਪੰਨਾ 115) ਆਦਿ ਦਾ ਵਰਣਨ ਸਿੱਧੇ ਰੂਪ ਵਿਚ ਹੀ ਆ ਗਿਆ ਹੈ। ਇਸੇ ਤਰ੍ਹਾਂ ਹੀ ਇਸ ਸ਼ਹਿਰ ਦੀ ਭੂਗੋਲਿਕ ਸਥਿਤੀ ਬਾਰੇ ਵੀ ਕੁੱਝ ਥਾਵਾਂ ਉੱਪਰ ਨਿਸ਼ਾਨਦੇਹੀ ਕੀਤੀ ਗਈ ਹੈ।

-ਥਾਣਾ ਸ਼ਹਿਰ ਦੇ ਵਿਚਕਾਰ ਹੈ... ਮੁੱਖ ਮੰਤਰੀ ਦਾ ਇਲਾਕਾ ਹੈ (ਪੰਨਾ 31)

> -ਸਰਕਾਰੀ ਹਸਪਤਾਲ ਸਾਹਮਣੇ ਬਣੇ ਚੌਂਕ ਕੋਲ ਆ ਕੇ ਮੀਤਾ ਰੁਕ ਗਿਆ। ਇਥੋਂ ਦੋ ਰਾਹ ਫਟਦੇ ਸਨ। ਇਕ ਰਾਮ ਬਾਗ਼ ਦੇ ਕੋਲ ਦੀ ਹੋ ਕੇ ਭਦੌੜ ਵਾਲੀ ਸੜਕ ਜਾ ਚੜ੍ਹਦਾ ਸੀ। ਦੂਸਰਾ ਰਸਤਾ ਕੱਚਾ ਕਾਲਜ ਰੋਡ ਸੀ, ਜਿਸ 'ਤੇ ਸਬਜ਼ੀ-ਮੰਡੀ ਪੈਂਦੀ ਸੀ।

ਇਸੇ ਤਰ੍ਹਾਂ ਹੀ ਇਸ ਇਲਾਕੇ ਵਿਸ਼ੇਸ਼ ਵਿਚ ਵਾਪਰੀਆਂ ਕੁਝ ਅਜਿਹੀਆਂ ਘਟਨਾਵਾਂ ਦਾ ਵਰਣਨ ਵੀ ਸਿੱਧੇ ਰੂਪ ਵਿਚ ਆ ਗਿਆ ਹੈ ਜਿਸ ਨਾਲ ਇਸ ਨਾਵਲ ਨੂੰ ਆਂਚਲਿਕਤਾ ਦੀ ਭਰਪੂਰ ਰੰਗਣ ਚੜ੍ਹ ਗਈ ਹੈ। **ਤਫ਼ਤੀਸ਼** ਵਿਚਲੀ ਆਂਚਲਿਕਤਾ ਦਾ ਅਲੱਗ ਤੇ ਵਿਸ਼ੇਸ਼ ਰੂਪ ਵਿਚ ਅਧਿਐਨ ਕਰਕੇ ਇਲਕਾ ਵਿਸ਼ੇਸ਼ ਦੀ ਮਾਨਸਿਕਤਾ ਵਿਚਲੇ ਖੱਪਿਆਂ ਦੀ

ਜਾਣਕਾਰੀ ਪ੍ਰਾਪਤ ਕੀਤੀ ਜਾ ਸਕਦੀ ਹੈ ਪਰੰਤੂ ਵਿਸ਼ੈ-ਸੀਮਾ ਕਰਕੇ ਅਸੀਂ ਤਾਂ ਕੇਵਲ ਏਨਾ ਹੀ ਕਹਿਣਾ ਹੈ ਕਿ ਸਮਕਾਲੀ ਯਥਾਰਥ-ਬੋਧ ਦਾ ਗਲਪੀ-ਬਿੰਬ ਉਸਾਰਣ ਵਿਚ ਆਂਚਲਿਕਤਾ ਨੇ ਵੀ ਆਪਣਾ ਯਥਾਯੋਗ ਯੋਗਦਾਨ ਪਾਇਆ ਹੈ।

ਮਿੱਤਰ ਸੈਨ ਮੀਤ ਦੀ ਗਲਪ-ਜਗਤ 'ਮਾਕ ਹੀਰੋਇਕ' (mock heroic) ਵਾਲੀ ਹੈ। ਇਹੀ ਕਾਰਣ ਹੈ ਕਿ ਬੰਟੀ ਦੀ ਤਲਾਸ਼ ਲਈ ਸਰਕਾਰੀ ਤੇ ਗ਼ੈਰ-ਸਰਕਾਰੀ ਏਜੰਸੀਆਂ ਵੱਲੋਂ ਸਾਰਾ ਜ਼ੋਰ ਵਿਰੋਧੀ ਦਿਸ਼ਾ ਵਿਚ ਲਗਾਇਆ ਜਾ ਰਿਹਾ ਹੈ, ਜਦੋਂ ਕਿ ਉਸਦੀ ਲਾਸ਼ ਮਿਲਦੀ ਹੈ ਖੰਡ ਵਾਲੇ ਭੱਠੇ ਕੋਲੋਂ। ਇਸ ਤੇ ਸਾਰੀ ਵਿਵਸਥਾ ਖੜੇ ਖੜੇ ਕਦਮ-ਤਾਲ ਕਰਨ ਦੀ ਭਾਗੀ ਬਣਦੀ ਹੈ। ਅਜਿਹੀ ਕਸੂਤੀ ਸਥਿਤੀ ਵਿਚ ਫਸੀ ਪੁਲੀਸ ਲਾਸ਼ ਨੂੰ ਡੰਗਰਾਂ ਵਾਲੇ ਹਸਪਤਾਲ ਵਿਚ ਰਖਵਾ ਦਿੰਦੀ ਹੈ। ਇੰਜ ਕਰਦਿਆਂ ਮਿੱਤਰ ਸੈਨ ਮੀਤ ਰੂੜ੍ਹੀਵਾਦੀ ਪਰੰਪਰਾਗਤ ਸਾਹਿਤਕ ਸਭਿਆਚਾਰ ਨੂੰ ਤਿਲਾਂਜਲੀ ਦੇ ਕੇ ਨਵੀਂ ਗਲਪ-ਵਿਧੀ ਦੀ ਤਲਾਸ਼ ਵਿਚ ਨਿਕਲਿਆ ਜਾਪਦਾ ਹੈ। ਪਰੰਪਰਕ ਘਟਨਾਵਾਂ ਅਤੇ ਟਾਈਪਡ ਪਾਤਰਾਂ ਦਾ ਤਿਆਗ, ਕੋਰੇ ਸਿਧਾਂਤਵਾਦ ਜਾਂ ਜ਼ਿੰਦਗੀ ਦੀ ਪੇਤਲੀ ਸਮਝ ਨਾਲੋਂ ਟੁੱਟ ਕੇ ਉਹ ਪ੍ਰਮਾਣਿਕ ਤੇ ਸਮਕਾਲੀ ਯਥਾਰਥ ਨੂੰ ਵਿਕੋਲਿਤਰੀ ਵਿਧੀ ਰਾਹੀਂ ਆਪਣਾ ਗਲਪਬੋਧ ਬਣਾਉਂਦਾ ਨਜ਼ਰ ਆਉਂਦਾ ਹੈ। ਮੀਤ ਆਵੇਗਾ, ਸੰਵੇਗਾ ਅਤੇ ਪ੍ਰਤਿਵੇਗਾਂ ਦੀ ਆਪਸੀ ਕਸ਼ਮਕਸ਼ ਵਿਚੋਂ ਉਪਜੇ ਤਣਾਓ ਨੂੰ ਪਕੜਨ ਦੀ ਕੋਸ਼ਿਸ਼ ਕਰਦਾ ਜਾਪਦਾ ਹੈ। ਇਸ ਪਰਿਪੇਖ ਵਿਚ ਬੰਟੀ ਦੀ ਮਾਂ ਕਾਂਤਾ ਅਤੇ ਡੈੱਡ ਹਾਊਸ ਦੇ ਜੋਗਿੰਦਰ ਦੇ ਕਿਰਦਾਰ ਉਦਾਹਰਣ ਵਜੋਂ ਪੇਸ਼ ਕੀਤੇ ਜਾ ਸਕਦੇ ਹਨ। ਕਾਂਤਾ ਦੀ ਮਨੋਦਸ਼ਾ ਦੀ ਤ੍ਰਾਸਦਿਕ ਤਸਵੀਰ ਨਾ ਤਾਂ ਯੁਵਾ ਸੰਘ ਦੇ ਅਖੌਤੀ ਸੇਵਕ ਹੀ ਦੂਰ ਕਰ ਸਕਦੇ ਹਨ ਅਤੇ ਨਾ ਹੀ ਮੁੱਖ ਮੰਤਰੀ ਦਾ ਪੰਜ ਹਜ਼ਾਰ ਰੁਪਏ ਦਾ ਚੈੱਕ। ਸੋਗੀ ਮਾਹੌਲ ਵੀ ਅਜਿਹੇ ਸਮਿਆਂ ਵਿਚ 'ਵਿਖਾਵਾ' ਬਣ ਕੇ ਰਹਿ ਜਾਂਦਾ ਹੈ। ਮੁੱਖ ਮੰਤਰੀ ਜੀ ਕਾਂਤਾ ਨੂੰ ਚੈੱਕ ਇਸ ਢੰਗ ਨਾਲ ਦੇਂਦੇ ਹਨ, ਜਿਵੇਂ ਕਿਸੇ ਜੇਤੂ ਨੂੰ ਟਰਾਫ਼ੀ ਦੇਣੀ ਹੋਵੇ। (ਪੰਨਾ 266)

ਹਰ ਕੋਈ ਆਪਣੇ ਆਪ ਨੂੰ ਵਧ ਤੋਂ ਵਧ 'ਹਮਦਰਦ' ਪ੍ਰਗਟ ਕਰਨਾ ਚਾਹੁੰਦਾ ਹੈ। ਪਰੰਤੂ, ਜੋਗਿੰਦਰ ਦਾ ਦੁੱਖ ਵੱਖਰਾ ਹੈ। ਮੰਦੀ ਆਰਥਿਕਤਾ ਕਾਰਨ ਜੋਗਿੰਦਰ ਅੰਦਰੋਂ ਟੁੱਟ ਚੁੱਕਿਆ ਹੈ, ਵਿਖਰ ਰਿਹਾ ਹੈ। ਪਰੰਤੂ ਅਜਿਹੇ ਸਮਿਆਂ ਵਿਚ ਹੀ ਉਹ ਆਪਣੀ ਹੋਂਦ ਜਤਾ ਸਕਦਾ ਸੀ:

> ਜੋਗਿੰਦਰ ਦੱਸਣਾ ਚਾਹੁੰਦਾ ਸੀ ਕਿ ਉਸਦੀ ਵੀ ਕੋਈ ਹੈਸੀਅਤ ਹੈ। ਉਹ 'ਜੱਲਾਦ' ਜ਼ਰੂਰ ਅਖਾਵਉਂਦੈ ਪਰ ਕਿਤੇ ਨਾ ਕਿਤੇ ਉਸਦੀ ਵੀ ਪੁੱਛ ਹੈ। ਭਾਵੇਂ ਲਾਸ਼ਾਂ ਚੀਰਨ ਵਿਚ ਹੀ ਸੀ। (ਪੰਨਾ 255)

ਇਸ ਤਰ੍ਹਾਂ **ਤਫ਼ਤੀਸ਼** ਵਿਚ ਮਨੁੱਖ ਦੀ ਮਨੋ-ਸਮਾਜਿਕ ਦਸ਼ਾ ਇਕ ਵਿਲੱਖਣ ਢੰਗ ਤੋਂ ਚਿਤਰੀ ਗਈ ਮਿਲਦੀ ਹੈ। ਸਮੱਸਿਆਵਾਂ ਦਾ ਸੂਚਕ-ਸੰਕਲਪ ਪੇਸ਼ ਹੈ। ਮੀਤ ਚੇਤਨਾ-ਪ੍ਰਵਾਹ ਵਿਧੀ ਦੀ ਵਰਤੋਂ ਤਾਂ ਕਰਦਾ ਹੈ, ਲੇਕਿਨ ਇਹ ਵਿਧੀ ਕਿਤੇ ਵੀ ਉਸਦੀ ਸੀਮਾ ਨਹੀਂ ਬਣਦੀ। ਉਹ ਯਥਾਰਥ ਨੂੰ ਕੇਵਲ 'ਵਸਤੂ' ਨਾਲ ਹੀ ਨਹੀਂ ਜੋੜਦਾ ਸਗੋਂ ਇਹ ਉਸ ਲਈ ਇਕ ਵਿਸ਼ੇਸ਼ ਪ੍ਰਣਾਲੀ ਜਾਂ ਸ਼ੈਲੀ ਹੈ। **ਤਫ਼ਤੀਸ਼** ਰਾਹੀਂ ਮਿੱਤਰ ਸੈਨ ਮੀਤ ਪੰਜਾਬੀ ਸਮਾਜ ਦੀ ਉਸ ਸੂਖ਼ਮ ਸਥਿਤੀ ਨੂੰ ਆਪਣੇ ਕਲਾਵੇ ਵਿਚ ਲੈਣ ਦਾ ਯਤਨ ਕਰਦਾ ਹੈ ਜਿਥੇ ਆ ਕੇ ਸਿਥਲਤਾ ਦਾ ਆਭਾਸ ਸਮਾਪਤ ਹੋ ਜਾਂਦਾ ਹੈ। ਇਹੀ ਕਾਰਨ ਹੈ ਕਿ ਨਾਵਲ ਦੇ ਅੰਤਲੇ ਪੰਨਿਆਂ ਜਾਂ ਦੂਸਰੇ ਭਾਗ ਵਿਚ ਉਹ ਪੰਜਾਬੀ ਨਾਵਲ ਦੇ ਪਰੰਪਰਕ/ਪ੍ਰਵਾਨਿਤ 'ਮਾਡਲ' ਉੱਪਰ ਕੰਮ ਕਰਦਾ ਜਾਪਦਾ ਹੈ। ਤਰਕਸ਼ੀਲ ਸੁਸਾਇਟੀ, ਬਾਬਾ, ਕ੍ਰਾਂਤੀਕਾਰੀ ਫਰੰਟ, ਪਲਸ ਮੰਚ ਜਾਂ ਗੁਰਮੀਤ ਆਦਿ ਕੁਝ ਅਜਿਹੇ ਸੰਕਲਪ ਹਨ ਜਿਹੜੇ ਵਾਸਤਵਿਕਤਾ ਤਾਂ ਹਨ ਲੇਕਿਨ ਪ੍ਰਤੀਕ ਨਹੀਂ ਬਣ ਸਕੇ। ਸਗੋਂ ਯਾਂਤਰਿਕਤਾ ਦਾ

ਸ਼ਿਕਾਰ ਹਨ। ਪਰੰਤੂ ਜਾਪਦਾ ਹੈ ਕਿ ਇਹ ਨਾਵਲ ਦੇ ਯਥਾਰਥ ਦੀ ਮੰਗ ਸੀ ਕਿ ਕੋਈ ਨਾ ਕੋਈ 'ਸੇਧ' ਦਿੱਤੀ ਜਾਂਦੀ, ਭਾਵੇਂ ਇਹ ਗੁਰਮੀਤ ਦੇ ਅਸਤੀਫ਼ਾ ਦੇਣ ਵਿਚ ਹੀ ਨਿਹਿਤ ਕਿਉਂ ਨਾ ਹੋਵੇ। ਜਿਥੋਂ ਤੀਕ ਕ੍ਰਾਂਤੀਕਾਰੀ ਫਰੰਟ, ਤਰਕਸ਼ੀਲ ਜਾਂ ਨਾਟਕ-ਮੰਡਲੀਆਂ ਦੀ ਸਾਰਥਿਕਤਾ ਦਾ ਪ੍ਰਸ਼ਨ ਹੈ, ਇਹ ਜੱਥੇਬੰਦੀਆਂ ਏਨੀਆਂ ਰਾਜਨੀਤਕ ਚੇਤਨਾ ਦੀਆਂ ਸੂਚਕ ਨਹੀਂ ਜਿੰਨੀਆਂ ਸਭਿਆਚਾਰ ਚੇਤਨਾ ਦੀਆਂ। ਨਕਸਲਬਾੜੀ ਲਹਿਰ ਅਤੇ ਕ੍ਰਾਂਤੀਕਾਰੀ ਸ਼ਕਤੀਆਂ (?) ਪ੍ਰਤੀ ਬੇਲੋੜੇ ਮੋਹ ਕਾਰਨ ਹੀ ਲੇਖਕ ਯਾਂਤਰਿਕਤਾ ਦਾ ਸ਼ਿਕਾਰ ਹੋਇਆ ਹੈ ਅਤੇ ਇਹ ਪੱਖ ਲੇਖਕ ਦੀ ਉਪ ਭਾਵੁਕ ਪ੍ਰਤਿਬੱਧਤਾ ਦਾ ਪ੍ਰਮਾਣ ਬਣ ਨਿਬੜਦਾ ਹੈ। ਇਸ ਤੋਂ ਇਲਾਵਾ ਔਰਤ ਬਾਰੇ ਵੀ ਲੇਖਕ ਦਾ ਦ੍ਰਿਸ਼ਟੀਕੋਣ 'ਸਨਕੀ' (cynical) ਹੈ। ਉਸਦੇ ਔਰਤ ਪਾਤਰ ਜਾਂ ਤਾਂ ਚਰਿਤਰਹੀਣ ਹਨ ਅਤੇ ਜਾਂ ਰੁਮਾਂਸਿਕ ਰੰਗਣ ਅਧੀਨ ਵਿਚਰਦੇ ਹਨ। ਭਾਨੀ, ਬੰਸੋ, ਕੈਲੋ ਦੀ ਮਾਂ ਜਾਂ ਭੈਣ, ਭਾਪੇ ਦੀ ਕੁੜੀ ਬਲਬੀਰੋ ਜਾਂ ਨਰਸਾਂ ਤੇ ਮਾਸਟਰਨੀਆਂ। ਔਰਤ ਬਾਰੇ ਅਜਿਹੇ ਦ੍ਰਿਸ਼ਟੀਕੋਣ ਨੇ ਜਿਥੇ ਲੇਖਕ ਦੀ ਪ੍ਰਗਤੀਕੁਖੀ ਸੋਚ ਉੱਪਰ ਪ੍ਰਸ਼ਨ ਚਿੰਨ੍ਹ ਲਗਾਇਆ ਹੈ ਉਥੇ ਨਾਵਲ ਨੂੰ ਵੀ 'ਸ਼ੁੱਧ ਅਣਰੁਮਾਂਸਿਕ' ਨਾਵਲ ਬਣਨ ਵਿਚ ਅੜਿਕਾ ਡਾਹਿਆ ਹੈ। ਫਿਰ ਵੀ **ਤਫ਼ਤੀਸ਼** ਵਿਚ ਕੁਝ ਤੱਥ ਅਜਿਹੇ ਆ ਗਏ ਹਨ ਜਿਹੜੇ ਲੇਖਕ ਦੀ ਸਿਆਣਪ ਦਾ ਸਬੂਤ ਹਨ। ਅਜਿਹੇ ਤੱਥਾਂ ਵਿਚ ਲੋਕ-ਮੁਹਾਵਰੇ ਬਣਨ ਦੀ ਪੂਰੀ ਸਮਰੱਥਾ ਹੈ:

> ਜਿੰਨਾ ਚਿਰ ਜੱਟ ਨਾਲ ਬੈਠ ਕੇ ਹਮ-ਪਿਆਲਾ ਨਾ ਹੋਇਆ ਜਾਵੇ, ਉਹ ਤੁਹਾਨੂੰ ਯਾਰ ਨਹੀਂ ਮੰਨਦਾ।
> -ਪੁਲੀਸ ਵਿਚ ਪੈਸੇ ਕਮਾਉਣ ਦਾ ਦੂਜਾ ਤਰੀਕਾ ਹੈ ਡੰਡਾ ਪਰੇਡ।
> ਬੇਰੀ ਨੂੰ ਜਿੰਨੇ ਵੱਧ ਡੰਡੇ ਪੈਣ, ਉੱਨੇ ਵੱਧ ਬੇਰ ਦਿੰਦੀ ਹੈ।
> -ਸਿਆਸਤਦਾਨਾਂ ਦਾ ਕੀ ਹੈ? ਕੰਮ ਲੈਣ ਵੇਲੇ ਹੋਰ, ਦੇਣ ਵੇਲੇ ਹੋਰ।
> -ਚੋਰੀ ਯਾਰੀ ਵਾਂਗ ਰਿਸ਼ਵਤ ਵੀ ਗੁੱਝੀ ਨਹੀਂ ਰਹਿੰਦੀ।
> -ਪੁਲੀਸ ਕਦੇ ਵੀ ਸੁੱਖ ਨੂੰ ਨਹੀਂ ਆਉਂਦੀ।

**ਤਫ਼ਤੀਸ਼** ਆਧੁਨਿਕ ਬੁਰਜੂਆ ਨੌਕਰਸ਼ਾਹੀ ਦੀ ਇਤਿਹਾਸਕ ਹੋਣੀ ਦੀ ਖੋਜ ਕਰਦਾ ਹੈ ਜੋ ਕਿ ਸਮਕਾਲੀ ਯਥਾਰਥ-ਬੋਧ ਦਾ ਕੇਂਦਰੀ ਨੁਕਤਾ ਬਣ ਕੇ ਉਭਰਿਆ ਹੈ। ਇਸਦੇ ਨਾਲ ਹੀ ਸਭਿਆਚਾਰਕ ਚੇਤਨਾ ਦੇ ਗਲਪੀ-ਪਾਸਾਰ ਪੁਸਤਕ ਨੂੰ ਮੁੱਲਵਾਨ ਕ੍ਰਿਤ ਬਣਾਉਂਦੇ ਨਜ਼ਰ ਆਉਂਦੇ ਹਨ। ਪਰੰਤੂ ਲੇਖਕ ਕਿਤੇ ਵੀ ਸਭਿਆਚਾਰਕ-ਜੁਗਤਾਂ ਨੂੰ ਨਿਸ਼ਕ੍ਰਿਆ ਰੂਪ ਵਿਚ ਨਹੀਂ ਵਰਤਦਾ, ਸਗੋਂ ਗਤੀਸ਼ੀਲ ਸਮਾਜਿਕ ਸੰਬੰਧਾਂ ਦੇ ਦਵੰਦਾਂ ਵਿਚ ਦੀ ਲੰਘਾ ਕੇ ਪੇਸ਼ ਕਰਦਾ ਹੈ। ਉਦਾਹਰਣ ਵਜੋਂ 'ਮਰ ਗਏ' ਦਾ ਸੰਕਲਪ ਸਮਾਜਿਕ ਪ੍ਰਕਿਰਿਆ ਅਧੀਨ ਵੱਖ ਵੱਖ ਲੋਕਾਂ ਲਈ ਵੱਖੋ ਵੱਖਰਾ ਹੈ। ਜਵਾਨ ਪਤਨੀ ਲਈ ਉਮੰਗਾਂ ਦਾ ਕਤਲ ਹੋਣਾ। ਬੱਚੇ ਲਈ 'ਮਰ ਗਏ' ਦਾ ਅਰਥ ਉਸੇ ਦਿਨ ਤੋਂ ਗੰਭੀਰ ਹੋ ਜਾਣਾ। ਬਿਨਾਂ ਮਰਦ ਵਾਲੇ ਘਰਾਂ ਦੀਆਂ ਧੀਆਂ ਨੂੰ ਘਰ ਦੀ ਚਾਰ ਦੀਵਾਰੀ ਅੰਦਰ ਕੈਦ ਰਹਿਣਾ ਹੁੰਦਾ ਹੈ। ਇਸੇ ਤਰ੍ਹਾਂ ਕਈ ਪ੍ਰਕਾਰ ਦੇ ਲੋਕ-ਵਿਸ਼ਵਾਸ ਸਹਿਜ ਸੁਭਾਵਕ ਹੀ ਆ ਗਏ ਹਨ। ਤਵੀਤ ਕਰਾਉਣਾ, ਪੁੱਠਾ ਤਵਾ ਚਾੜ੍ਹਨਾ, ਵਿਹੁ ਮਾਤਾ, ਰੂਹ ਦਾ ਭਟਕਣਾ, ਅਖੰਡ ਕੀਰਤਨ, ਆਦਿ। ਇਸ ਤਰ੍ਹਾਂ ਨਾਵਲ ਵਿਚਲੀਆਂ ਲੋਕਯਾਨਿਕ ਰੂੜ੍ਹੀਆਂ ਦੇ ਗਤੀਸ਼ੀਲ ਮੋਟਿਫ਼ਾਂ ਦਾ ਵੱਖਰੇ ਤੌਰ 'ਤੇ ਅਧਿਐਨ ਕੀਤਾ ਜਾਣਾ ਚਾਹੀਦਾ ਹੈ ਕਿਉਂ ਜੁ ਅਜੋਕੇ ਪੰਜਾਬ ਦਾ ਸਮਾਜਿਕ-ਸਭਿਆਚਾਰਕ-ਇਤਿਹਾਸਕ ਵਿਕਾਸ **ਤਫ਼ਤੀਸ਼** ਦੀ ਇਕ ਜ਼ੋਰਦਾਰ ਧੁਨੀ ਹੈ।

ਮਿੱਤਰ ਸੈਨ ਮੀਤ ਦੀ ਇਹ ਕ੍ਰਿਤ ਮਨੁੱਖ ਨੂੰ ਆਰਥਿਕ ਰਿਸ਼ਤਿਆਂ ਦੀ ਤ੍ਰਾਸਦਿਕ ਸਥਿਤੀ ਭੋਗਦਿਆਂ ਚਿਤਰਦੀ ਹੈ। **ਤਫ਼ਤੀਸ਼** ਦਾ ਯਥਾਰਥ-ਬੋਧ ਮਨੁੱਖੀ ਸਦਾਚਾਰ/ਮਾਨਵੀ ਕਦਰਾਂ-ਕੀਮਤਾਂ ਦੇ ਹੋ ਰਹੇ ਹਨਨ ਦਾ ਪ੍ਰਤੀਕ ਹੈ। ਸੰਕਟ-ਗ੍ਰਸੀ ਸਮਾਜਿਕ ਅਵਸਥਾ ਨੂੰ ਪ੍ਰਗਟ ਕਰਨ ਲਈ ਲੇਖਕ ਕਰੁਣਾ, ਨਿੱਕੇ ਨਿੱਕੇ ਦੁਖਾਂਤ ਅਤੇ ਭਾਵੁਕਤਾ ਦੇ ਆਵੇਸ਼ ਕਾਰਨ ਸਾਂਸਕ੍ਰਿਤਕ-ਸੰਸਾਰਕ ਰੂੜ੍ਹੀਆਂ ਵਿਚ ਆਈ ਗਿਰਾਵਟ ਦਾ ਵਰਣਨ ਕਲਾਤਮਿਕਤਾ ਨਾਲ ਪੇਸ਼ ਕਰਦਾ ਹੈ। ਕੁਝ ਥਾਵਾਂ ਨੂੰ ਛੱਡ ਕੇ ਸਮੁੱਚੇ ਤੌਰ 'ਤੇ ਲੇਖਕ ਇਸ ਭੁਲੇਖੇ ਵਿਚ ਨਹੀਂ ਪੈਂਦਾ ਕਿ ਯਥਾਰਥਕ ਗਲਪ-ਬਿੰਬ ਸਿਰਜਣ ਲਈ ਪ੍ਰੋਲੋਤਾਰੀ-ਪੈਂਤੜੇ ਤੋਂ ਬਿਨਾਂ ਵੀ ਕੋਈ ਰਾਹ ਹੈ। ਇਸੇ ਕਰਕੇ ਮੀਤ ਸਮਕਾਲੀ ਵਿਰੋਧਾਤਮਕ ਤੇ ਜਟਿਲ ਸਥਿਤੀ ਵਿਚ ਇਨਕਲਾਬੀ ਸੰਸਕਾਰਾਂ ਦੇ ਸਿਰਜਣ ਲਈ ਆਪਣਾ ਪ੍ਰਯੋਜਨ ਆਲੋਚਨਾਤਮਕ ਰੂਪ-ਸਿਰਜਣ ਹੀ ਸਮਝਦਾ ਹੈ। ਇਸ ਤਰ੍ਹਾਂ ਪ੍ਰਯੋਜਨਮੁੱਖੀ ਹੋਣ ਕਾਰਣ ਮੀਤ ਦੀ ਕਥਾ-ਜੁਗਤ ਵਿਕੋਲਿਤਰੀ, ਵਿਲੱਖਣ ਅਤੇ ਅਪਰੰਪਕ ਹੋ ਨਿਬੜੀ ਹੈ।

**ਤਫ਼ਤੀਸ਼** ਦੀ ਭਾਸ਼ਾ ਵਿਉਂਤ-ਬੰਦੀ ਦਾ ਆਪਣਾ ਮੁਹਾਂਦਰਾ ਹੈ। ਉਸ ਕੋਲ ਗਿਆਨ ਦਾ ਭੰਡਾਰਾ ਹੈ, ਜਿਹੜਾ ਉਹ ਆਪਣੇ ਪਾਠਕਾਂ ਤੱਕ ਸੰਪ੍ਰੇਸ਼ਨ-ਵਿਧੀ ਰਾਹੀਂ ਪ੍ਰਗਟ ਕਰਨਾ ਚਾਹੁੰਦਾ ਹੈ। ਅਸਲ ਵਿਚ ਪੁਸਤਕ ਵਿਚ ਭਾਸ਼ਾ ਬਹੁਤ ਪਿਛੇ ਰਹਿ ਜਾਂਦੀ ਹੈ ਅਤੇ ਲੇਖਕ ਦਾ ਵਿਚਾਰ ਰਚਨਾਤਮਕ ਪ੍ਰਯਾਸ ਬਣ ਕੇ ਸਾਹਮਣੇ ਆਉਂਦਾ ਹੈ। ਮਿੱਤਰ ਸੈਨ ਮੀਤ ਆਪਣੇ ਭਾਸ਼ਾਈ-ਸੰਸਾਰ ਰਾਹੀਂ ਸਥਿਤੀ ਦੇ ਵਿਹਾਰਕ-ਮੁਲਾਂਕਣ ਅਤੇ ਦਿਸ਼ਾ-ਦ੍ਰਿਸ਼ਟੀ ਦੇ ਪਰਿਪੇਖਾਂ ਨੂੰ ਆਪਣੇ ਬੌਧਿਕ ਵਿਵੇਚਨ ਦਾ ਆਧਾਰ ਬਣਾਉਂਦਾ ਹੈ। ਉਸਦੀ ਨਾਵਲੀ ਰਚਨਾ ਵਿਚ ਆਂਤਰਿਕ ਜੈਵਿਕ ਤਣਾਓ ਤਾਂ ਹੈ। ਇਸ ਦੇ ਨਾਲ ਹੀ ਉਹ ਕੁਝ ਅਜਿਹੀਆਂ ਜੀਵੰਤ ਕੜੀਆਂ ਵੀ ਸਿਰਜ ਸਕਿਆ ਹੈ, ਜਿਹੜੀਆਂ ਕੇਵਲ ਉਸਦੀਆਂ ਹੀ ਨਹੀਂ, ਸਗੋਂ ਸਮੁੱਚੇ ਪੰਜਾਬੀ ਗਲਪ ਲਈ ਵੀ ਗੌਰਵਸ਼ਾਲੀ ਹਨ। ਮੀਤ ਦੀ ਰਚਨਾ ਵਿਚ ਬੌਧਿਕ ਜਗਿਆਸਾ ਦੇ ਨਾਲ ਸਿਰਜਣਾਤਮਕ ਗਲਪ-ਕੁਸ਼ਲਤਾ ਵੀ ਵਿਦਮਾਨ ਰਹਿੰਦੀ ਹੈ। ਉਹ ਸਾਹਿਤ-ਬੋਧ ਅਤੇ ਯਥਾਰਥ ਦੀ ਅੰਤਰ-ਪ੍ਰਕਿਰਿਆ ਨੂੰ ਪਰਤ ਦਰ ਪਰਤ ਫਰੋਲਦਾ ਆਪਣੀਆਂ ਪੂਰਵਕਾਲੀ ਸਾਹਿਤਕ ਧਾਰਾਵਾਂ ਪ੍ਰਮਾਣਿਕਵਾਦ, ਰੁਮਾਂਸਵਾਦ ਆਦਿ ਨਾਲ ਸਰੋਕਾਰ ਨਾ ਰੱਖ ਕੇ 'ਜ਼ਿੰਦਗੀ ਦੀ ਸਮਝ' ਨਾਲ ਜੁੜਦਾ ਨਜ਼ਰ ਆਉਂਦਾ ਹੈ। **ਤਫ਼ਤੀਸ਼** ਦੀ ਸਾਰਥਿਕਤਾ ਸਮਕਾਲੀਨ ਪ੍ਰਸੰਗਤਾ ਦੇ ਰਚਨਾਤਮਿਕ ਸੁਹਜ ਨਾਲ ਅੰਤਰ-ਸੰਬੰਧਿਤ ਹੈ। ਉਹ ਮਨੁੱਖ, ਸਮਾਜ ਤੇ ਵਾਤਾਵਰਣ ਵਿਚਲੇ ਬੁਨਿਆਦੀ ਵਿਰੋਧਾਂ ਦਾ ਚਿਤਰਣ ਬਾਹਰਮੁਖੀ ਢੰਗ ਨਾਲ ਕਰਦਾ ਹੈ। ਉਹ ਨੀਰਸ ਪ੍ਰਤੀਕਵਾਦ ਨਾਲੋਂ ਸੁਚੇਤ ਤੌਰ 'ਤੇ ਨਾਤਾ ਤੌਰ 'ਤੇ ਨਾਤਾ ਤੋੜ ਕੇ ਯਥਾਰਥ-ਬੋਧ ਦਾ ਲਖਾਇਕ ਬਣਦਾ ਹੈ। ਉਸਦਾ ਇਹ ਯਥਾਰਥ ਠੰਡਾ ਯਥ਼, ਨਕਾਰਵਾਦ ਜਾਂ ਸਮਾਜਿਕ ਹਿਤਾਂ ਦੀ ਉਲੰਘਣਾ ਕਰਨ ਵਾਲਾ ਨਾ ਹੋ ਕੇ ਲੋਕ-ਹਿਤੂ ਸ਼ਕਤੀਆਂ ਦੀਆਂ ਸੀਮਾਵਾਂ ਅਤੇ ਸੰਭਾਵਨਾਵਾਂ ਉਘਾੜਣ ਵਾਲਾ ਹੈ। ਇਸ ਤਰ੍ਹਾਂ ਅਸੀਂ ਕਹਿ ਸਕਦੇ ਹਾਂ ਕਿ **ਤਫ਼ਤੀਸ਼** ਦੇ ਪ੍ਰਕਾਸ਼ਨ ਨਾਲ ਪੰਜਾਬੀ ਨਾਵਲ ਦੇ ਗਲਪ-ਬੋਧ ਨੇ ਇਕ ਮਹੱਤਵਪੂਰਣ ਮੋੜ ਕੱਟਿਆ ਹੈ, ਜਿਸਨੂੰ ਲੇਖਕ ਦੀ ਨਿੱਜੀ ਅਤੇ ਸਮੁੱਚੇ ਤੌਰ 'ਤੇ ਪੰਜਾਬੀ ਗਲਪ ਦੀ ਪ੍ਰਾਪਤੀ ਸਮਝਿਆ ਜਾਵੇਗਾ।

## 'ਤਫ਼ਤੀਸ਼' ਦੇ ਯਥਾਰਥ-ਬੋਧ ਦੀ ਵਿਸ਼ੇਸ਼ਤਾ

**- ਨਾਵਲਕਾਰ ਇੰਦਰ ਸਿੰਘ ਖ਼ਾਮੋਸ਼**

ਮਿੱਤਰ ਸੈਨ ਮੀਤ ਨੇ ਆਪਣੇ ਇਸ ਨਵੇਂ ਨਾਵਲ ਨਾਲ ਪੰਜਾਬੀ ਸਾਹਿਤਕ ਜਗਤ ਦੇ ਅਸੀਮ ਗਗਨ ਵਿਚ ਇਕ ਅਜਿਹੇ ਬੋਦੀ ਵਾਲੇ ਤਾਰੇ ਵਾਂਗ ਪ੍ਰਵੇਸ਼ ਕੀਤਾ ਹੈ ਜਿਸ ਦੀ ਲੰਮੀ ਜਗਮਗਾਉਂਦੀ ਪੂਛ ਵਿਚ ਸਦੀਆਂ ਪੁਰਾਣੀਆਂ ਧਾਰਨਾਵਾਂ ਅਤੇ ਅੰਧ-ਵਿਸ਼ਵਾਸਾਂ ਦੇ ਹਨੇਰਿਆਂ ਨੂੰ ਨਸ਼ਟ ਕਰਨ ਦੀਆਂ ਅਥਾਹ ਸ਼ਕਤੀਆਂ ਅਤੇ ਸੰਭਾਵਨਾਵਾਂ ਛੁਪੀਆਂ ਹੋਈਆਂ ਹਨ। ਅੰਧ-ਵਿਸ਼ਵਾਸ ਦੀਆਂ ਨਜ਼ਰਾਂ ਵਿਚ ਬੋਦੀ ਵਾਲੇ ਤਾਰੇ ਬਦਸ਼ਗਨੀ ਦੇ ਪ੍ਰਤੀਕ ਹਨ। ਪਰ ਵਿਗਿਆਨ ਦੇ ਗਿਆਨ ਨਾਲ ਰੋਸ਼ਨ ਦਿਮਾਗਾਂ ਨੇ ਇਨ੍ਹਾਂ ਤਾਰਿਆਂ ਨੂੰ ਅਸੀਮ ਬ੍ਰਹਿਮੰਡ ਦੇ ਅਨੇਕਾਂ ਰਹੱਸ ਜਾਨਣ ਵਿਚ ਸਹਾਇਤਾ ਮਿਲੀ ਹੈ। ਪੰਜਾਬੀ ਸਾਹਿਤ ਦਾ ਇਹ ਬੋਦੀ ਵਾਲਾ ਤਾਰਾ ਵੀ ਪੰਜਾਬੀ ਸਾਹਿਤ ਵਿਚ ਨਵੀਆਂ ਪਿਰਤਾਂ ਅਤੇ ਨਵੀਆਂ ਸੰਭਾਵਨਾਵਾਂ ਦਾ ਪ੍ਰਤੀਕ ਬਣ ਕੇ ਪ੍ਰਗਟ ਹੋਇਆ ਹੈ।

ਜਿਵੇਂ ਬੋਦੀ ਵਾਲਾ ਤਾਰਾ ਅਕਾਸ਼ ਵਿਚ ਪ੍ਰਗਟ ਹੋਣ ਨਾਲ ਅੰਧ-ਵਿਸ਼ਵਾਸੀ ਦੁਨੀਆ ਵਿਚ ਅਣਹੋਣੀਆਂ ਘਟਨਾਵਾਂ ਵਾਪਰਨ ਦੀਆਂ ਸੰਭਾਵਨਾਵਾਂ ਬਾਰੇ ਕਿਆਸ-ਅਰਾਈਆਂ ਦੇ ਫਲਸਰੂਪ ਤਰਥੱਲੀ ਮੱਚ ਜਾਂਦੀ ਹੈ, ਮੇਰਾ ਵਿਸ਼ਵਾਸ ਹੈ, ਮੀਤ ਦਾ ਨਵਾਂ ਨਾਵਲ **ਤਫ਼ਤੀਸ਼** ਤਰਥੱਲੀ ਤਾਂ ਮਚਾਵੇਗਾ ਹੀ ਸਗੋਂ ਨਵਾਂ ਸਮਾਜਕ ਪ੍ਰਬੰਧ ਉਸਾਰਨ ਵਾਸਤੇ ਅੱਜ ਦੀ ਨੌਜਵਾਨ ਪੀੜ੍ਹੀ ਨੂੰ ਨਵੀਂ ਸ਼ਕਤੀ ਅਤੇ ਨਵੀਂ ਦਿਸ਼ਾ ਵੀ ਪ੍ਰਦਾਨ ਕਰਗਾ।

ਬ੍ਰਹਿਮੰਡੀ ਵਰਤਾਰੇ ਵਿਚ ਵਿਚਰ ਰਹੇ ਬੋਦੀ ਵਾਲੇ ਤਾਰਿਆਂ ਵਾਂਗ ਸਾਡਾ ਇਹ ਬੋਦੀ ਵਾਲਾ ਤਾਰਾ ਵੀ ਭਾਵੇਂ ਜੀਵਨ ਦੀਆਂ ਮੁੱਢਲੀਆਂ ਲੋੜਾਂ- ਕੁੱਲੀ, ਗੁੱਲੀ, ਜੁੱਲੀ- ਦੇ ਚੱਕਰਾਂ ਵਿਚ ਲੰਮਾ ਸਮਾਂ ਸਾਹਿਤਕ ਗਗਨ ਵਿਚੋਂ ਅਲੋਪ ਰਿਹਾ, ਪ੍ਰੰਤੂ, ਉਸ ਦੇ ਅੰਦਰਲਾ ਧਰੂ ਤਾਰਾ- ਪ੍ਰਗਤੀਸ਼ੀਲ ਵਿਚਾਰਧਾਰਾ ਨਾਲ ਪ੍ਰਤੀਬੱਧ ਸਾਹਿਤਕਾਰ- ਆਪਣੇ ਫ਼ਰਜ਼ਾਂ ਪ੍ਰਤੀ ਜਾਗਰੂਕ ਰਿਹਾ। ਖ਼ੁਰਦਬੀਨੀ ਨੀਝ ਅਤੇ ਅਗਰਗਾਮੀ ਵਿਚਾਰਾਂ ਨਾਲ ਲੈਸ ਚੇਤੰਨ ਬੁੱਧੀ ਨਾਲ ਉਹ ਜ਼ਿੰਦਗੀ ਦਾ ਅਧਿਐਨ ਅਤੇ ਵਿਸ਼ਲੇਸ਼ਨ ਕਰਦਾ ਰਿਹਾ। ਨਵੇਂ ਅਨੁਭਵਾਂ, ਨਵੇਂ ਗਿਆਨ, ਨਵੀਆਂ ਪ੍ਰਸਥਿਤੀਆਂ ਵਿਚ ਪੁਰਾਣੀਆਂ ਕ੍ਰਾਂਤੀਕਾਰੀ ਭਾਵਨਾਵਾਂ ਮੁੜ ਪ੍ਰਚੰਡ ਹੋਈਆਂ, ਜਿਸ ਦੇ ਫਲਸਰੂਪ ਉਸ ਦੀ ਪੰਜਵੀਂ ਸਾਹਿਤਕ ਰਚਨਾ ਅਤੇ ਇਹ ਤੀਜਾ ਨਾਵਲ ਪਾਠਕਾਂ ਸਾਹਮਣੇ ਪੇਸ਼ ਹੈ। ਜਿਵੇਂ ਪਿਛਲੇ ਸਾਲ (1988) 'ਚ ਛਪੇ, ਉਸ ਦੇ ਕਹਾਣੀ-ਸੰਗ੍ਰਿਹ **ਲਾਮ** ਨਾਲ ਉਸ ਦਾ ਨਾਂ ਪੰਜਾਬੀ ਦੇ ਨਵੇਂ ਮੋਹਰੀ ਕਹਾਣੀਕਾਰਾਂ ਵਿਚ ਗਿਣਿਆ ਜਾਣ ਲੱਗ ਪਿਆ ਹੈ, ਇਸ ਨਾਵਲ ਨਾਲ ਉਸ ਦਾ ਨਾਂ ਪੰਜਾਬੀ ਦੇ ਉਨ੍ਹਾਂ ਬਹੁ-ਚਰਿਤਰ ਬੁੱਧੀਜੀਵੀਆਂ ਵਿਚ ਸ਼ਾਮਲ ਕਰ ਲਿਆ ਜਾਵੇਗਾ, ਜਿਨ੍ਹਾਂ ਨੇ ਪੰਜਾਬ ਦੇ ਅਜੋਕੇ ਦੁਖਾਂਤ ਦਾ ਵਿਗਿਆਨਕ ਸੋਚ ਅਤੇ ਅਗਰਗਾਮੀ ਵਿਚਾਰਾਂ ਅਨੁਸਾਰ ਵਿਸ਼ਲੇਸ਼ਨ ਕਰਕੇ ਉਲਝੀ ਸਮੱਸਿਆ ਨੂੰ ਸੁਲਝਾਉਣ ਦੀ ਦਿਸ਼ਾ ਵੱਲ ਵੀ ਸੰਕੇਤ ਕੀਤਾ ਹੈ।

ਦੂਹਰੀ ਦਹਿਸ਼ਤਗਰਦੀ ਦੇ ਘੁਲਾੜੀ ਨੁਮਾ ਲਹੂ-ਲੁਹਾਣ ਵਾਤਾਵਰਨ ਵਿਚ ਸਾਹ ਲੈ ਰਿਹਾ ਵਰਤਮਾਨ ਪੰਜਾਬ **ਤਫ਼ਤੀਸ਼** ਨਾਵਲ ਦੀ ਕਹਾਣੀ ਦਾ ਚਿਤਰਪੱਟ ਹੈ। ਦਹਿਸ਼ਤਗਰਦੀ ਕਿਸੇ ਇਕ ਫ਼ਿਰਕੇ, ਜਾਤ ਜਾਂ ਧਰਮ ਨਾਲ ਸੰਬੰਧਤ ਲੋਕਾਂ ਦੀ ਪੈਦਾਵਾਰ ਨਹੀਂ। ਸਗੋਂ ਇਹ ਲਹੂ ਪੀਣੀ ਸਮੱਸਿਆ ਤਾਂ ਵਰਤਮਾਨ ਆਰਥਿਕ, ਸਮਾਜਿਕ ਢਾਂਚੇ ਉਪਰ ਕਾਬਜ਼ ਸਮਰੱਥਾਵਾਨ ਵਰਗ ਨੇ ਆਪਣੀ ਸੱਤਾ ਅਤੇ ਸਮਰਥਾ ਨੂੰ ਬਰਕਰਾਰ ਰੱਖਣ ਲਈ ਜਾਣ ਬੁਝ ਕੇ ਕਿਸੇ ਵਿਉਂਤ ਅਧੀਨ,

ਨਿਸਚਿਤ ਨਿਸ਼ਾਨੇ ਪ੍ਰਾਪਤ ਕਰਨ ਲਈ ਪੈਦਾ ਕੀਤੀ ਹੋਈ ਹੈ। ਫ਼ਿਰਕਿਆਂ, ਜਾਤਾਂ ਜਾਂ ਧਰਮਾਂ ਨੂੰ ਉਹ ਲੋਕ ਦਹਿਸ਼ਤਗਰਦੀ ਦੀ ਖੇਡ ਵਿਚ ਸ਼ਤਰੰਜ ਦੇ ਮੋਹਰਿਆਂ ਵਾਂਗ ਵਰਤ ਰਹੇ ਹਨ। ਭ੍ਰਿਸ਼ਟਾਚਾਰੀ ਨੇਤਿਕਤਾ ਅਤੇ ਦਮਨਕਾਰੀ ਲੋਕ ਵਿਰੋਧੀ ਪਾਖੰਡੀ ਪ੍ਰਪੰਚ ਦੀ ਪ੍ਰਦਾ ਪੋਸ਼ੀ ਕਰਨ ਲਈ ਉਨ੍ਹਾਂ ਨੂੰ ਇਸ ਸਮੱਸਿਆ ਦੀ ਸਖਤ ਲੋੜ ਹੈ।

ਨਾਵਲ ਦੇ ਅਜਿਹੇ ਅਣਮਨੁੱਖੀ, ਭ੍ਰਿਸ਼ਟ, ਅਨਿਆਂ ਭਰਪੂਰ ਵਾਤਾਵਰਨ ਵਿਚ ਜੁਰਮ ਅਤੇ ਕਾਨੂੰਨ ਦੇ ਅਰਥ ਰਲਗਡ ਹੋ ਗਏ ਹਨ। ਜਾਪਦਾ ਹੈ ਮਨੁੱਖ ਜਮਾਂਦਰੂ ਮੁਜਰਿਮ ਹੈ। ਉਹ ਗਰੀਬੀ ਵਿਚ ਵੀ ਜੁਰਮ ਕਰਦਾ ਹੈ, ਅਮੀਰੀ ਵਿਚ ਵੀ ਜੁਰਮ ਕਰਦਾ ਹੈ। ਗਰੀਬੀ ਵਿਚ ਉਸ ਦੀਆਂ ਥੁੜ੍ਹਾਂ, ਤਰਸੇਵੇਂ ਅਤੇ ਆਰਥਿਕ ਮਜਬੂਰੀਆਂ ਉਸ ਤੋਂ ਜੁਰਮ ਕਰਾਉਂਦੀਆਂ ਹਨ। ਅਮੀਰੀ ਵਿਚ ਉਸ ਦੀਆਂ ਅਥਾਹ ਭੁੱਖਾਂ, ਅਸੀਮ ਲਾਲਸਾਵਾਂ ਅਤੇ ਬੇਲਗਾਮ ਅਭਿਲਾਸ਼ਾਵਾਂ ਉਸ ਨੂੰ ਜੁਰਮ ਕਰਨ ਲਈ ਉਕਸਾਉਂਦੀਆਂ ਹਨ। ਜ਼ਰੋ, ਜ਼ਰ, ਜ਼ੋਰੂ, ਜ਼ਮੀਨ ਮਨੁੱਖ ਦੇ ਸਾਰੇ ਜੁਰਮਾਂ ਦਾ ਧੁਰਾ ਹਨ। ਜ਼ੋਰਾਵਰਾਂ ਦਾ ਸੱਤੀ ਵੀਹੀਂ ਸੌ ਹੁੰਦਾ ਹੈ। ਨਿਰੰਕੁਸ਼ ਜ਼ੋਰਾਵਰ ਸਭ ਤੋਂ ਵੱਡਾ ਖ਼ਤਰਨਾਕ ਮੁਜਰਿਮ ਹੁੰਦਾ ਹੈ।

ਗਰੀਬੀ ਦੀਆਂ ਥੁੜ੍ਹਾਂ, ਤਰਸੇਵਿਆਂ ਅਤੇ ਆਰਥਿਕ ਮਜਬੂਰੀਆਂ ਕਾਰਨ ਬਣੇ ਚੋਰਾਂ, ਡਾਕੂਆਂ, ਜੇਬਕਤਰਿਆਂ ਤੋਂ ਸਮਾਜ ਅਤੇ ਦੇਸ਼ ਨੂੰ ਏਨਾ ਖਤਰਾ ਨਹੀਂ ਜਿੰਨਾ ਚਿੱਟ ਕਪੜੀਏ ਪਤਵੰਤੇ ਸਮਰੱਥਾਵਾਨਾਂ, ਅਹੁਦਿਆਂ ਅਤੇ ਰੁਤਬਿਆਂ ਵਾਲੇ ਸ਼ਾਸਕਾਂ ਦੀਆਂ ਅਥਾਹ ਭੁੱਖਾਂ, ਅਸੀਮ ਲਾਲਸਾਵਾਂ ਅਤੇ ਬੇਲਗਾਮ ਅਭਿਲਾਸ਼ਾਵਾਂ ਕਾਰਨ ਬਣੇ ਦੇਸ਼ ਧਰੋਹੀ ਰਿਸ਼ਵਤ ਖੋਰਾਂ, ਸਮਗਲਰਾਂ ਟੈਕਸ ਚੋਰਾਂ, ਜ਼ਖੀਰੇਬਾਜ਼ਾਂ, ਦਵਾਈਆਂ ਅਤੇ ਖਾਣ ਪੀਣ ਦੀਆਂ ਚੀਜ਼ਾਂ ਵਿਚ ਮਿਲਾਵਟ ਕਰਨ ਵਾਲੇ ਮੁਨਾਫ਼ੇ ਖ਼ੋਰ ਮੁਜਰਿਮਾਂ ਤੋਂ ਹੈ।

ਇਸ ਨਾਵਲ ਦੀ ਪ੍ਰਮੁੱਖ ਵਿਸ਼ੇਸ਼ਤਾ ਇਹ ਹੈ ਕਿ ਜੁਰਮ ਇਸ ਦਾ ਮੁੱਖ ਵਿਸ਼ਾ ਅਤੇ ਪੁਲਿਸ ਇਸ ਦੀ ਮੁੱਖ ਪਾਤਰ ਹੈ। ਵਿਅਕਤੀਆਂ ਦੀ ਜਾਨ ਅਤੇ ਮਾਲ ਦੀ ਰਾਖੀ ਕਰਨ ਵਾਲੀ ਪੁਲਿਸ ਕਾਨੂੰਨ ਦੀ ਪ੍ਰਤੀਕ ਹੈ। ਜੁਰਮ ਅਤੇ ਕਾਨੂੰਨ ਸਮਾਜਿਕ ਜੀਵਨ ਦੀ ਉਪਜ ਹੋਣ ਕਾਰਨ ਇਕੋ ਸਿੱਕੇ ਦੇ ਪੁੱਠੇ ਸਿੱਧੇ ਪਾਸੇ ਹਨ। ਜੁਰਮ ਨੂੰ ਨੱਥ ਪਾਉਣਾ ਪੁਲਿਸ ਦਾ ਕੰਮ ਹੈ। ਜੁਰਮ ਅਤੇ ਕਾਨੂੰਨ- ਇਕ ਦੂਜੇ ਦੇ ਭਾਈਵਾਲ ਨਹੀਂ ਬਣ ਸਕਦੇ- ਇਕ ਦੂਜੇ ਦੀ ਸਰਪ੍ਰਸਤੀ ਨਹੀਂ ਕਰ ਸਕਦੇ। ਦੋਹਾਂ ਦੇ ਮੂੰਹ ਵੱਖ-ਵੱਖ ਵਿਰੋਧੀ ਦਿਸ਼ਾਵਾਂ ਵੱਲ ਹੁੰਦੇ ਹਨ। ਇਹ ਇਕੋ ਦਿਸ਼ਾ ਵੱਲ ਮੂੰਹ ਕਰਕੇ ਖੜੇ ਹੀ ਦਿਖਾਈ ਨਹੀਂ ਦਿੰਦੇ, ਉਹ ਇਕ ਦੂਜੇ ਨਾਲ ਜੱਫੀਆਂ ਪਾਉਂਦੇ ਅਤੇ ਇਕ ਦੂਜੇ ਦੀ ਸਰਪ੍ਰਸਤੀ ਕਰਦੇ ਵੀ ਨਜ਼ਰ ਆਉਂਦੇ ਹਨ। ਜੁਰਮ ਅਤੇ ਕਾਨੂੰਨ ਦੇ ਅਰਥ ਹੀ ਬਦਲ ਗਏ ਹਨ। ਇਉਂ ਕਹਿਣਾ ਵੀ ਅਣਉਚਿਤ ਨਹੀਂ ਕਿ ਕਾਨੂੰਨ ਸ਼ਬਦ ਅਰਥਹੀਣ ਹੋ ਗਿਆ ਹੈ। ਕਾਨੂੰਨ ਦੀ ਅਰਥਹੀਣਤਾ ਦੇ ਅਨਿਆਂ ਭਰਪੂਰ ਵਾਤਾਵਰਨ ਵਿਚ ਪੰਜਾਬ ਵਿਚ ਨਿੱਤ ਨਵੇਂ ਅਨਰਥ ਹੁੰਦੇ ਹਨ। ਨਾਵਲ **ਤਫ਼ਤੀਸ਼** ਇਨ੍ਹਾਂ ਅਨਰਥਾਂ ਦੀ ਹੀ ਹਿਰਦੇ ਵੇਦਕ ਗਾਥਾ ਹੈ ਜਿਸ ਦਾ ਸ਼ਿਕਾਰ ਹਨ- ਪੰਜਾਬ ਦੇ ਭੋਲੇ ਭਾਲੇ, ਬੇਕਸੂਰ, ਨਿਰਦੋਸ਼ ਲੋਕ। 'ਇਨਸਾਫ਼' ਕਚਹਿਰੀਆਂ ਵਿਚੋਂ ਉੱਠ ਕੇ ਥਾਣਿਆਂ ਵਿਚ ਆ ਬੈਠਾ ਹੈ ਜਿਥੇ ਕਾਨੂੰਨ ਹਰ ਰੋਜ਼ ਕਤਲ ਹੁੰਦਾ ਹੈ।

ਨਾਵਲ ਦੀ ਦੂਜੀ ਮੁੱਖ ਵਿਸ਼ੇਸ਼ਤਾ ਇਹ ਹੈ ਕਿ ਇਕ ਇਕਹਰੀ ਕਹਾਣੀ ਦੁਆਲੇ ਨਾਵਲ ਦਾ ਤਾਣਾ ਪੇਟਾ ਇਸ ਤਰ੍ਹਾਂ ਬੁਣਿਆ ਗਿਆ ਹੈ ਕਿ ਅਜੋਕੇ ਪੰਜਾਬ ਦਾ ਆਰਥਿਕ, ਸਮਾਜਿਕ ਅਤੇ ਪ੍ਰਸ਼ਾਸਨਿਕ ਪ੍ਰਬੰਧ ਇਸ ਦੀ ਲਪੇਟ ਵਿਚ ਆ ਗਿਆ ਹੈ। ਕਹਾਣੀ ਇਕ ਮਾਸੂਮ ਬੱਚੇ ਦੇ ਅਗਵਾ ਦੀ ਹੈ। ਨਾਵਲ ਦੀ ਮੁੱਖ ਪਾਤਰ ਪੁਲਿਸ ਇਸ ਮਾਸੂਮ ਬੱਚੇ ਦੇ

ਅਗਵਾਕਾਰਾਂ ਦੀ ਤਫ਼ਤੀਸ਼ ਵਿਚ ਸਰਗਰਮ ਹੈ। ਸਰਗਰਮ ਕਿਵੇਂ ਹੁੰਦੀ ਹੈ- ਨਾਵਲ ਦੀ ਅਸਲੀ ਕਹਾਣੀ ਇਸ ਗੱਲ ਨਾਲ ਸੰਬੰਧਤ ਹੈ। ਨਾਵਲਕਾਰ ਇਸੇ ਗੱਲ ਦੀ ਤਫ਼ਤੀਸ਼ ਕਰਦਾ ਹੈ। ਉਹ ਹਰ ਪੁਲਿਸ ਕਰਮਚਾਰੀ ਅਤੇ ਅਧਿਕਾਰੀ ਦੇ ਕਿਰਦਾਰ ਦੀ ਤਫ਼ਤੀਸ਼ ਕਰਦਾ ਹੈ। ਪੁਲਿਸ ਵੱਲੋਂ ਸ਼ੁਰੂ ਕੀਤੀ ਤਫ਼ਤੀਸ਼ ਪੁਲਿਸ ਨੂੰ ਸੁਨਹਿਰੀ ਮੌਕਾ ਪ੍ਰਦਾਨ ਕਰਦੀ ਹੈ- ਸੱਤਾ ਤੇ ਕਾਬਜ਼ ਸਮਰੱਥਾਵਾਨਾਂ ਨਾਲ ਨਵੀਆਂ ਸਾਂਝਾਂ ਕਾਇਮ ਕਰਨ ਦਾ, ਆਪਣੇ ਵਿਰੋਧੀਆਂ ਨਾਲ ਨਿੱਜੀ ਖੁੰਦਕਾਂ ਕੱਢਣ ਦਾ, ਨਿਰੰਕੁਸ਼ ਅਧਿਕਾਰਾਂ ਦੀ ਵਰਤੋਂ ਰਾਹੀਂ ਧਨ ਕਮਾਉਣ ਦਾ, ਤਫ਼ਤੀਸ਼ ਦੀ ਬਜਾਇ ਨਾਟਕੀ ਮਾਅਰਕੇ ਬਾਜ਼ੀਆਂ ਨਾਲ ਤਰੱਕੀਆਂ ਪ੍ਰਾਪਤ ਕਰਨ ਦਾ। ਲੇਖਕ ਹਰ ਪੱਧਰ ਤੇ ਇਸ ਤਫ਼ਤੀਸ਼ ਦਾ ਪੋਸਟ ਮਾਰਟਮ ਕਰਦਾ ਹੈ। ਪੁਲਿਸ ਪ੍ਰਸ਼ਾਸਨ ਦੀ ਵਰਤਮਾਨ ਪੌੜੀ ਦੇ ਹਰ ਮੁਜਰਿਮ ਟੰਬੇ ਦੇ ਕਿਰਦਾਰ ਦਾ ਵਿਸ਼ਲੇਸ਼ਣ ਕਰਦਾ ਹੈ।

ਵਿਸ਼ੇ, ਵਿਸਥਾਰ, ਵਿਸ਼ਲੇਸ਼ਨ ਅਤੇ ਪੁਲਿਸ ਕਿਰਦਾਰ ਸੰਬੰਧੀ ਜਾਣਕਾਰੀ ਦੇ ਪੱਖੋਂ ਇਹ ਨਾਵਲ ਪੰਜਾਬੀ ਸਾਹਿਤ ਵਿਚ ਆਪਣੀ ਕਿਸਮ ਦਾ ਪਹਿਲਾ ਨਾਵਲ ਹੈ। ਵਿਸ਼ੇ ਉਪਰ ਨਾਵਲਕਾਰ ਦੀ ਕੇਵਲ ਪਕੜ ਹੀ ਮਜਬੂਤ ਨਹੀਂ ਸਗੋਂ ਇਸ ਨੂੰ ਕਲਾਤਮਕ ਢੰਗ ਨਾਲ ਪੇਸ਼ ਕਰਨ ਵਿਚ ਵੀ ਉਸ ਨੇ ਕਮਾਲ ਦੀ ਮੁਹਾਰਤ ਦਾ ਸਬੂਤ ਦਿੱਤਾ ਹੈ। ਵੱਡ ਅਕਾਰੇ ਇਸ ਯਥਾਰਥਵਾਦੀ ਨਾਵਲ ਵਿਚ ਪਿਆਰ ਨਾਲ ਸਬੰਧਤ ਇਕ ਵੀ ਘਟਨਾ ਨਾ ਹੋਣ ਦੇ ਬਾਵਜੂਦ ਨਾਵਲ ਦੀ ਰੌਚਿਕਤਾ ਹਰ ਕਾਂਡ ਨਾਲ ਵਧਦੀ ਚਲੀ ਜਾਂਦੀ ਹੈ। ਜਿਥੇ ਇਹ ਨਾਵਲ ਹਰ ਕਾਂਡ ਨਾਲ ਪਾਠਕ ਨੂੰ ਇਕ ਅਛੂਤੇ ਵਿਸ਼ੇ ਬਾਰੇ ਨਵੀਂ ਜਾਣਕਾਰੀ ਦੇ ਕੇ ਉਸ ਦੀ ਚੇਤਨਾ ਨੂੰ ਜਗਾਇਉਣ ਦਾ ਕਲਾਮਈ ਯਤਨ ਕਰਦਾ ਹੈ ਉਥੇ ਉਹ ਹਰ ਕਦਮ ਤੇ ਆਪਣੇ ਆਸ਼ੇ ਅਤੇ ਉਦੇਸ਼ ਨੂੰ ਰੂਪਮਾਨ ਕਰਦਾ ਹੋਇਆ ਪੁਲਿਸ ਪ੍ਰਸ਼ਾਸਨ ਦੀ ਅਜੋਕੀ ਕਾਰਗੁਜ਼ਾਰੀ ਰਾਹੀਂ, ਵਰਤਮਾਨ ਆਰਥਿਕ, ਸਮਾਜਿਕ ਅਤੇ ਰਾਜਨੀਤਕ ਢਾਂਚੇ ਦੀਆਂ ਜਰਜਰੀਆਂ ਚੂਲਾਂ ਨੂੰ ਹਿਲਾਉਂਦਾ ਤੁਰਿਆ ਜਾਂਦਾ ਹੈ।

ਮੈਨੂੰ ਆਸ ਹੈ ਇਹ ਬੋਦੀ ਵਾਲਾ ਤਾਰਾ ਪਹਿਲਾਂ ਵਾਂਗ ਲੰਮੇ ਸਮੇਂ ਲਈ ਸਾਹਿਤਕ ਗਗਨ 'ਚੋਂ ਅਲੋਪ ਨਹੀਂ ਰਹੇਗਾ ਸਗੋਂ ਧਰੂ ਤਾਰੇ ਵਾਂਗ ਆਪਣੀਆਂ ਨਵੀਆਂ ਕ੍ਰਾਂਤੀਕਾਰੀ ਕਿਰਤਾਂ ਨਾਲ ਪੰਜਾਬੀ ਸਾਹਿਤ ਵਿਚ ਨਵੀਆਂ ਪਿਰਤਾਂ ਪਾ ਕੇ ਪੰਜਾਬੀ ਪਾਠਕਾਂ ਅਤੇ ਆਲੋਚਕਾਂ ਦੀਆਂ ਪਾਰਖੂ ਦਿਸ਼ਾ ਸੂਚਕ ਸੂਈਆਂ ਦੇ ਮੂੰਹ ਆਪਣੇ ਵੱਲ ਘੁੰਮਾਉਣ ਲਈ ਮਜਬੂਰ ਕਰ ਦੇਵੇਗਾ।

## 'ਤਫ਼ਤੀਸ਼' ਦਾ ਯਥਾਰਥਵਾਦ

**-ਡਾ. ਅਨੂਪ ਸਿੰਘ**

ਇਸ ਨਾਵਲ ਦਾ ਮੂਲ ਵਿਸ਼ੇ-ਵਸਤੂ ਤਾਂ ਸਾਡੇ ਸਮਾਜਿਕ-ਰਾਜਨੀਤਕ ਜੀਵਨ ਦੇ ਵਿਭਿੰਨ ਪਾਸਾਰ ਹਨ ਪਰ ਇਨ੍ਹਾਂ ਵਿਚੋਂ ਪੰਜਾਬ ਪੁਲਿਸ ਦੇ ਤਫ਼ਤੀਸ਼ ਕਰਨ ਦੇ ਅਣ-ਵਿਗਿਆਨਕ ਅਤੇ ਅਮਾਨਵੀ ਢੰਗ ਨੂੰ ਪ੍ਰਮੁੱਖਤਾ ਪ੍ਰਾਪਤ ਹੈ। ਤਫ਼ਤੀਸ਼ ਦੇ ਲਗਭਗ ਸਾਰੇ ਪੱਖਾਂ ਬਾਰੇ ਬਾਰੀਕ ਜਾਣਕਾਰੀ ਬੜੀ ਸੂਝ ਨਾਲ ਗਲਪ-ਬਿੰਬ ਵਿਚ ਢਾਲੀ ਗਈ ਹੈ। ਨਾਵਲ ਦੀ ਕਥਾ-ਵਸਤੂ ਅਨੁਸਾਰ ਉੱਘੇ ਸਮਾਜਕ-ਸੇਵਕ ਲਾਲੇ ਹਰਦਿਆਲ ਦੇ ਪੋਤਰੇ ਬੰਟੀ ਨੂੰ ਕੋਈ ਅਣਪਛਾਤਾ ਗਰੋਹ ਅਗਵਾ ਕਰ ਲੈਂਦਾ ਹੈ। ਬੰਟੀ ਜਾਂ ਉਸਦੀ ਲਾਸ਼ ਪ੍ਰਾਪਤ ਕਰਨ ਲਈ ਪੁਲਸੀ ਯਤਨ/ਕੁਯਤਨ ਹੀ ਨਾਵਲ ਦੀ ਕਹਾਣੀ ਹੈ। ਕਹਾਣੀ ਦੀਆਂ ਬਹੁਤੀਆਂ ਤੰਦਾਂ ਇਕ ਜਾਂ ਦੂਜੇ ਦੇ ਪੁਲਿਸ ਅਫ਼ਸਰ ਦੇ ਰਿਸ਼ਵਤਖੋਰ, ਬਦਚਲਨ, ਅਣਮਨੁੱਖੀ ਜਾਂ ਪਦ-ਉੱਨਤੀ ਤੋਂ ਪ੍ਰੇਰਿਤ ਵਿਵਹਾਰ ਨਾਲ ਸੰਬੰਧਿਤ ਹਨ।

ਨਾਵਲ ਵਿਚ ਪੰਜਾਬ ਪੁਲਿਸ ਦੇ ਵਿਵਹਾਰ ਬਾਰੇ ਬੜਾ ਡੂੰਘਾ ਅਨੁਭਵ ਤੇ ਗੰਭੀਰ ਅਧਿਐਨ ਪ੍ਰਸਤੁਤ ਕੀਤਾ ਗਿਆ ਹੈ। ਇਸ ਅਨੁਭਵ ਤੇ ਅਧਿਐਨ ਨੂੰ ਨਾਵਲ ਦੀ ਕਹਾਣੀ ਵਿਚ ਕਲਾਤਮਕ ਢੰਗ ਨਾਲ ਗੁੰਦਿਆ ਗਿਆ ਹੈ। ਨਾਵਲ ਵਿਚ ਪੇਸ਼ ਲਗਭਗ 170 ਪਾਤਰਾਂ ਵਿਚੋਂ 30 ਪੰਜਾਬ ਪੁਲਿਸ ਨਾਲ ਸੰਬੰਧਿਤ ਹਨ। ਪੁਲਿਸ ਅਧਿਕਾਰੀਆਂ ਦੀ ਆਪਸੀ ਰੰਜਸ਼ ਤੇ ਖਹਿਬਾਜੀ, ਔਰਤਬਾਜ਼ੀ, ਰਿਸ਼ਵਤਖੋਰੀ, ਬਦਲਾਖੋਰੀ, ਕੀਨਾਖੋਰੀ, ਅਮਾਨਵੀ ਵਿਵਹਾਰ, ਯਾਂਤਰਿਕ ਪਹੁੰਚ, ਬੁਰਜ਼ੂਆ-ਜਾਗੀਰੂ ਨੇਤਾਵਾਂ ਨਾਲ ਮਿਲੀ-ਭੁਗਤ, ਨਿੱਜੀ-ਹਿੱਤਾਂ ਤੋਂ ਪ੍ਰੇਰਿਤ ਪਹੁੰਚ ਅਤੇ ਪੁੱਛ-ਗਿੱਛ ਲਈ ਵਰਤੇ ਜਾਂਦੇ ਘਟੀਆ ਢੰਗ-ਤਰੀਕਿਆਂ ਦੇ ਗਾਲਪਿਕ ਵੇਰਵੇ ਨਾਵਲ ਵਿਚ ਸੁਵਿਸਥਾਰ ਸਹਿਤ ਪੇਸ਼ ਹੋਏ ਹਨ। ਪੁਲਿਸ ਚੋਰਾਂ, ਜੇਬ-ਕਤਰਿਆਂ, ਸਮਗਲਰਾਂ, ਸ਼ਰਾਬ ਦੇ ਠੇਕੇਦਾਰਾਂ, ਸਰਕਾਰੀ ਵਕੀਲਾਂ, ਜੱਜਾਂ ਅਤੇ ਬੁਰਜ਼ੂਆ-ਜਾਗੀਰੂ ਰਾਜਨੀਤੀਵਾਨਾਂ ਆਦਿ ਦੇ ਆਪਸੀ ਗਠਬੰਧਨ ਨੂੰ ਨਾਵਲੀ-ਵਿਧੀ ਇਸ ਪਿੱਛੇ ਕਾਰਜਸ਼ੀਲ ਕਾਰਨਾਂ ਨੂੰ ਵੀ ਗਿਣਾਉਣ ਦਾ ਯਤਨ ਕੀਤਾ ਗਿਆ ਹੈ। ਰਾਹੀਂ ਬੇਪਰਦਾ ਕੀਤਾ ਗਿਆ ਹੈ। ਪੁਲਿਸ ਦੇ ਸਾਧਾਰਨ ਸਿਪਾਹੀ ਤੋਂ ਲੈ ਕੇ ਵੱਡੇ ਤੋਂ ਵੱਡੇ ਅਫ਼ਸਰ ਨਿੱਜ-ਹਿੱਤ ਅਤੇ ਨਿੱਜੀ-ਖਹਿਬਾਜੀਆਂ ਆਦਿ ਤੋਂ ਗਤੀਸ਼ੀਲਤਾ ਗ੍ਰਹਿਣ ਕਰਦੇ ਹਨ। ਡੀ.ਐਸ.ਪੀ. ਰੈਂਕ ਦਾ ਤਫ਼ਤੀਸ਼ੀ ਅਫ਼ਸਰ ਬੰਟੀ ਦੇ ਅਗਵਾਕਾਰਾਂ ਨੂੰ ਲੱਭਣ ਦੀ ਥਾਂ ਨਿੱਜੀ ਕਿੜਾਂ ਕੱਢਣ ਲਈ ਖੁੱਡੀ ਵਾਲੇ ਨੰਬਰਦਾਰ, ਠੇਕੇਦਾਰ ਮੇਜਰ ਅਤੇ ਪੱਬੀ ਬਦਮਾਸ਼ ਨੂੰ ਤਫ਼ਤੀਸ਼ ਵਿਚ ਸ਼ਾਮਲ ਕਰਦਾ ਹੈ। ਇਸੇ ਤਰ੍ਹਾਂ ਮੌਕੇ ਉੱਤੇ ਪੜਤਾਲ ਕਰਨ ਆਏ ਡੀ.ਆਈ.ਜੀ. ਨਿਰਭੈ ਸਿੰਘ ਦੀ ਬੰਟੀ ਦੇ ਕਾਤਲਾਂ/ਅਗਵਾਕਾਰਾਂ ਨੂੰ ਲੱਭਣ ਵਿਚ ਕੋਈ ਰੁਚੀ ਨਹੀਂ ਹੈ, ਉਹ ਤਾਂ ਸੰਬੰਧਿਤ ਡੀ.ਐਸ.ਪੀ. ਨੂੰ ਸਿੱਧਾ ਕਰਕੇ ਆਪਣੇ ਚਹੇਤਿਆਂ ਦੇ ਕੰਮ ਕਰਵਾਉਣੇ ਚਾਹੁੰਦਾ ਹੈ।

ਇਕ-ਦੋ ਅਧਿਕਾਰੀਆਂ ਨੂੰ ਛੱਡ ਕੇ (ਐਸ.ਪੀ. ਖ਼ਾਨ ਅਤੇ ਸਬ-ਇੰਸਪੈਕਟਰ ਅਮੀ ਚੰਦ) ਨਾਵਲਕਾਰ ਸਮੁੱਚੀ ਪੁਲਿਸ ਨੂੰ ਗੂੜ੍ਹੇ ਕਾਲੇ ਰੰਗ ਵਿਚ ਚਿਰਤਦਾ ਹੈ। ਉਸ ਦੀ ਸਮਝ ਬਣਦੀ ਹੈ ਕਿ 'ਪੁਲਿਸ ਵਾਲੇ ਘਰੇ ਵੜ ਜਾਣ ਤਾਂ ਚੋਰਾਂ ਨਾਲੋਂ ਵੱਧ ਲੁੱਟਦੇ ਹਨ। ਚੋਰ ਤਾਂ ਚੋਰੀ-ਛੁਪੇ ਕਰਦਾ ਹੈ, ਇਹ ਸਾਹਮਣੇ ਹੀ ਸਮਾਨ ਚੁੱਕ ਤੁਰਦੇ ਹਨ।' (ਪੰਨਾ 143) ਪੁਲਿਸ ਦੇ ਅਜਿਹੇ ਵਿਵਹਾਰ ਪਿੱਛੇ ਲੇਖਕ ਉਨ੍ਹਾਂ ਪਰਿਸਥਿਤੀਆਂ ਨੂੰ ਸਪਸ਼ਟ ਕਰਦਾ ਹੈ ਜਿਨ੍ਹਾਂ ਵਿਚ ਉਸ ਨੂੰ ਕੰਮ ਕਰਨਾ ਪੈਂਦਾ ਹੈ। ਪੁਲਿਸ ਦੀ ਭਰਤੀ, ਟਰੇਨਿੰਗ ਅਤੇ ਕੰਮ-ਕਾਰ ਦੀਆਂ ਅਵਸਥਾਵਾਂ ਦਾ ਆਲੋਚਨਾਤਮਕ ਵਿਵਰਣ ਰਚਨਾ ਵਿਚ

ਪੇਸ਼ ਹੈ। ਪੁਲਿਸ ਦੀਆਂ ਵਧੀਕੀਆਂ ਅਤੇ ਗਲਤ ਕਰਵਾਈਆਂ ਨੂੰ ਦ੍ਰਿੜਾਉਣ ਲਈ ਨਾਵਲਕਾਰ ਕਈ ਕੇਸਾਂ ਅਤੇ ਕਹਾਣੀਆਂ ਦਾ ਜ਼ਿਕਰ ਕਰਦਾ ਹੈ। ਪੁਲਿਸ ਦੇ ਇਸ ਅਮਾਨਵੀ ਵਿਵਹਾਰ ਤੋਂ ਜਮਾਤੀ ਵਿਵਸਥਾ ਦੀ ਕਾਰਜਸ਼ੀਲਤਾ ਦਾ ਵਾਸਤਵਿਕ ਚਿੱਤਰ ਪ੍ਰਾਪਤ ਹੁੰਦਾ ਹੈ। ਇਹ ਚਿੱਤਰ ਲੋਕ ਮਨਾਂ ਵਿਚ ਜਮਾਤੀ ਵਿਵਸਥਾ ਬਾਰੇ ਡੂੰਘੀ ਨਫ਼ਰਤ ਪੈਦਾ ਕਰਦਾ ਹੈ ਅਤੇ ਇਸ ਨੂੰ ਬਦਲਣ ਲਈ ਸੋਚ ਪ੍ਰਕ੍ਰਿਆ ਨੂੰ ਉਤੇਜਿਤ ਕਰਦਾ ਹੈ।

ਪਰੰਤੂ ਪੰਜਾਬ ਦੀ ਮੌਜੂਦਾ ਠੋਸ ਸਥਿਤੀ ਦੇ ਪ੍ਰਸੰਗ ਵਿਚ ਨਾਵਲਕਾਰ ਦੀ ਪੰਜਾਬ ਪੁਲਿਸ ਬਾਰੇ ਟਿੱਪਣੀ ਕਿ 'ਅੱਧੀ ਪੁਲਿਸ ਉਨ੍ਹਾਂ ਨਾਲ ਰਲੀ ਹੋਈ ਹੈ ਅਤੇ ਬਾਕੀ ਡਰੀ ਹੋਈ ਹੈ।' (ਪੰਨਾ 208) ਸਾਧਾਰਨੀਕਰਨ ਦੀ ਰੁਚੀ ਦਾ ਪ੍ਰਗਟਾਵਾ ਹੈ ਅਤੇ ਹਕੀਕਤਾਂ ਨਾਲ ਮੇਲ ਨਹੀਂ ਖਾਂਦਾ। ਪੁਲਿਸ ਦਾ ਇਕ ਹਿੱਸਾ ਅਜਿਹਾ ਵੀ ਹੈ ਜਿਹੜਾ ਬੜੀਆਂ ਹੀ ਕਠਿਨ ਹਾਲਤਾਂ ਵਿਚ ਆਪਣੀ ਡਿਊਟੀ ਨਿਭਾ ਰਿਹਾ ਹੈ। ਨਾਵਲਕਾਰ ਦੁਆਰਾ ਹੀ ਦੋ ਪੁਲਿਸ ਅਧਿਕਾਰੀਆਂ (ਐਸ.ਪੀ. ਖ਼ਾਨ ਅਤੇ ਸਬ-ਇੰਸਪੈਕਟਰ ਅਮੀ ਚੰਦ) ਦੇ ਪਾਤਰ ਇਸ ਕਥਨ ਦੀ ਪੁਸ਼ਟੀ ਕਰਦੇ ਹਨ। ਦਹਿਸ਼ਤਗਰਦੀ ਨੂੰ ਸਾਮਰਾਜੀ ਸ਼ਹਿ ਅਤੇ ਪਾਕਿਸਤਾਨੀ ਮਦਦ ਦੇ ਸਨਮੁੱਖ ਇਸ ਹਿੱਸੇ ਨੂੰ ਲੋੜੀਂਦੀ ਹੱਲਾ-ਸ਼ੇਰੀ ਦੇਣੀ ਲੋਕ-ਹਿੱਤ ਵਿਚ ਹੈ।

ਪੰਜਾਬ ਪੁਲਿਸ ਦੇ ਕੰਮ ਢੰਗ ਅਤੇ ਤਫ਼ਤੀਸ਼ ਦੇ ਵਿਭਿੰਨ ਪੱਖਾਂ ਤੋਂ ਛੁੱਟ ਗੁਪਤਚਰ ਵਿਭਾਗ ਦੀ ਯਾਂਤਰਿਕ ਕਾਰਜਸ਼ਹਲਤਾ, ਸਰਕਾਰੀ ਵਕੀਲਾਂ ਅਤੇ ਜੱਜਾਂ ਦੀ ਕਾਰਕਰਦਗੀ, ਲੋਕਾਂ ਵਿਚ ਪ੍ਰਚਲਿਤ ਵਹਿਮ-ਭਰਮ, ਜਾਦੂ-ਟੂਣੇ, ਧਾਗੇ-ਤਵੀਤ, ਜਨਮ-ਪੱਤਰੀਆਂ ਵਿਚ ਵਿਸ਼ਵਾਸ, ਦੰਦ ਕਥਾਵਾਂ, ਅਫੀਮ ਦੀ ਸਮਗਲਿੰਗ, ਜੇਬ-ਤਰਾਸ਼ੀ, ਦਾਜ ਖਾਤਰ ਨੂੰਹਾਂ ਨੂੰ ਜਲਾਉਣ, ਫ਼ਿਰਕੂ ਤੇ ਜਮਾਤੀ ਵੰਡ, ਇਨ੍ਹਾਂ ਤੋਂ ਪੈਦਾ ਹੋਏ ਟਣਾਊ ਅਤੇ ਟਕਰਾਉ, ਖੇਤਰੀ ਅਖ਼ਬਾਰਾਂ ਦੀ ਭੂਮਿਕਾ, ਬਰਨਾਲਾ ਵਜਾਰਤ ਦੀ ਕਾਰਕਰਦਗੀ ਅਤੇ ਵਿਸ਼ੇਸ਼ ਕਰਕੇ ਪੁਲਿਸ ਮੁਖੀ ਨਾਲ ਸੰਬੰਧਾਂ ਦੇ ਗਾਲਪਿਕ ਬਿੰਬ ਵੀ ਨਾਵਲ ਵਿਚ ਕਲਾਤਮਕ ਢੰਗ ਨਾਲ ਜੜੇ ਹੋਏ ਹਨ। ਤੱਤਕਾਲੀਨ ਮੁੱਖ ਮੰਤਰੀ ਦਾ ਗਾਲਪਿਕ ਚਿੱਤਰ ਉਸ ਦੀ ਵਾਸਤਵਿਕ ਸ਼ਖਸੀਅਤ ਨਾਲ ਮੇਲ ਖਾਂਦਾ ਹੈ।

ਇਹ ਨਾਵਲ ਮਨੋਵਿਗਿਆਨਕ ਯਥਾਰਥਵਾਦ ਦਾ ਵੀ ਉੱਤਮ ਨਮੂਨਾ ਹੈ। ਇਸ ਵਿਚ ਵੱਡੀ ਗਿਣਤੀ ਵਿਚ ਪਾਤਰਾਂ ਦੀ ਮਾਨਸਿਕਤਾ ਨੂੰ ਚਿਤਰਣ ਦਾ ਸਫ਼ਲ ਉਪਰਾਲਾ ਕੀਤਾ ਗਿਆ ਹੈ। ਨਾਵਲ ਦੀ ਵਿਲੱਖਣ ਰਚਨਾ-ਵਿਧੀ ਦਾ ਆਧਾਰ ਆਲੋਚਨਾਤਮਕ ਤੇ ਮਨੋਵਿਗਿਆਨਕ ਸ਼ੈਲੀ ਹੈ। ਪੰਜਾਬੀ ਨਾਵਲ ਦੇ ਇਤਿਹਾਸ ਵਿਚ ਇਸ ਨਾਵਲ ਦੇ ਪ੍ਰਕਾਸ਼ਨ ਨਾਲ ਇਕ ਨਵਾਂ ਅਧਿਆਇ ਆਰੰਭ ਹੁੰਦਾ ਹੈ। ਨਾਵਲ ਵਿਚ ਪੰਜਾਬੀ ਸਭਿਆਚਾਰ ਦੇ ਵੱਖ ਵੱਖ ਪੱਖਾਂ ਤੋਂ ਛੁੱਟ ਜੁਰਮ ਵਿਗਿਆਨ ਬਾਰੇ ਭਰਪੂਰ ਜਾਣਕਾਰੀ ਪ੍ਰਸਤੁਤ ਹੈ। ਇਸ ਪੇਸ਼ਕਾਰੀ ਦੀ ਵਿਲੱਖਣਤਾ ਇਹ ਹੈ ਕਿ ਨਾਵਲ-ਵਿਧਾ ਕਿਤੇ ਵੀ ਭੰਗ ਨਹੀਂ ਹੁੰਦੀ। ਅਤੇ ਇਹ ਜਾਣਕਾਰੀ ਕਿਤੇ ਵੀ ਨੀਰਸਤਾ ਤੇ ਖੁਸ਼ਕ ਭਾਸ਼ਨ ਦੀ ਸਮਗਰੀ ਨਹੀਂ ਬਣਦੀ। ਇਸ ਜਾਣਕਾਰੀ ਦੇ ਸਹਾਰੇ ਨਾਵਲਕਾਰ ਵੱਖ ਵੱਖ ਮੁਜਰਮਾਂ ਦੀ ਮਾਨਸਿਕਤਾ ਨੂੰ ਚਿਤਰਣ ਲਈ ਚੋਖੀ ਸਿਰਜਣ ਸ਼ਕਤੀ ਲੇਖੇ ਲਾਉਂਦਾ ਹੈ। ਇਸੇ ਤਰ੍ਹਾਂ ਭੱਦਰ ਪੁਰਸ਼ਾਂ, ਬਦਮਾਸ਼ਾਂ, ਔਰਤਾਂ ਅਤੇ ਦਿੱਲੀ ਦੰਗਿਆਂ ਦੇ ਪੀੜ੍ਹਿਤਾਂ ਦੀ ਮਾਨਸਿਕਤਾ ਨੂੰ ਗਲਪ ਬਿੰਬ ਵਿਚ ਢਾਲਦਾ ਹੈ। ਵਿਚਲਿਤ ਜਿਨਸੀ ਵਿਵਹਾਰ ਵਾਲੀਆਂ ਔਰਤਾਂ ਦੀ ਮਨੋ-ਸਥਿਤੀ ਦਾ ਚਿਤਰਣ ਨਾਵਲ ਦਾ ਇਕ ਮਹੱਤਵਪੂਰਣ ਪਸਾਰ ਬਣ ਗਿਆ ਹੈ। ਅਫ਼ਸਰਸ਼ਾਹੀ ਦੇ ਕੰਮ ਢੰਗ ਅਤੇ ਸੋਚਣ ਬਾਰੇ ਵੀ ਸੁਵਿਸਥਾਰ ਚਰਚਾ ਕੀਤੀ ਗਈ ਹੈ। ਬੰਟੀ ਦੀ ਲਾਸ਼ ਬਰਾਮਦ ਹੋਣ ਤੇ ਡੀ.ਸੀ. ਗੁਪਤਾ ਅਤੇ ਐਸ.ਪੀ. ਖ਼ਾਨ ਦੀ ਆਪਸੀ ਵਿਚਾਰ ਚਰਚਾ ਇਸ ਦੀ

ਪ੍ਰਤੀਨਿਧ ਉਦਾਹਰਣ ਕਹੀ ਜਾ ਸਕਦੀ ਹੈ। ਪੰਜਾਬ ਪੁਲਿਸ ਅਤੇ ਦੂਜੇ ਨੀਮ ਫੌਜੀ ਸੁਰੱਖਿਆ ਦਸਤਿਆਂ ਦਰਮਿਆਨ ਆਪਸੀ ਤਣਾਉ ਅਤੇ ਖਹਿਬਾਜੀ ਨੂੰ ਪੇਸ਼ ਕੀਤਾ ਗਿਆ ਹੈ। ਦਹਿਸ਼ਤਗਰਦੀ ਦਾ ਸ਼ਿਕਾਰ ਪਰਿਵਾਰਾਂ ਦੇ ਸੰਤਾਪ ਦਾ ਚਿਤਰਣ ਮਨੋਵਿਗਿਆਨਕ ਹੋਣ ਦੇ ਨਾਲ ਨਾਲ ਪ੍ਰਕ੍ਰਿਤੀਵਾਦੀ ਵੀ ਹੈ। ਅਜਿਹਾ ਚਿਤਰਣ ਦਹਿਸ਼ਤਗਦਰੀ ਦੇ ਵਿਰੁੱਧ ਦ੍ਰਿੜ ਨਫ਼ਰਤ ਉਪਜਾਉਂਦਾ ਹੈ ਅਤੇ ਇਸ ਤਰ੍ਹਾਂ ਕਲਿਆਣਕਾਰੀ ਹੈ। ਵਿਲੱਖਣ ਰਚਨਾ ਵਿਧੀ ਤੇ ਸ਼ੈਲੀ ਕਾਰਨ ਸਮੁੱਚੇ ਰੂਪ ਵਿਚ ਇਸ ਅਮਾਨਵੀ ਜਮਾਤੀ ਵਿਵਸਥਾ ਵਿਰੁੱਧ ਪਾਠਕਾਂ ਦੇ ਮਨ ਵਿਚ ਵਿਦਰੋਹ ਭਾਵ ਪਨਪਦੇ ਹਨ ਅਤੇ ਉਹ ਇਸ ਨੂੰ ਬਦਲਣ ਲਈ ਵਚਨਬੱਧ ਹੁੰਦੇ ਹਨ। ਇਹੀ ਲੇਖਕ ਦੀ ਇੱਛਾ ਤੇ ਆਸ਼ਾ ਪ੍ਰਤੀਤ ਹੁੰਦੀ ਹੈ।

ਨਾਵਲੀ ਪਾਠ ਦਾ ਇਕ ਸਰੋਕਾਰ ਸਾਡੇ ਰਾਜਨੀਤਕ ਢਾਂਚੇ ਵਿਚ ਫੈਲੇ ਵਿਆਪਕ ਭ੍ਰਿਸ਼ਟਾਚਾਰ, ਰਿਸ਼ਵਤਖੋਰੀ ਅਤੇ ਕੁਨਬਾਪਰਵਰੀ ਕਾਰਨ ਧਨ ਅਤੇ ਜ਼ਮੀਨ ਦੇ ਸੰਚਿਤ ਹੋਣ ਨਾਲ ਸੰਬੰਧਿਤ ਹੈ। ਲੇਖਕ ਕਈ ਵਿਅਕਤੀਆਂ ਨੂੰ ਰਿਸ਼ਵਤ ਜਾਂ ਨਜਾਇਜ਼ ਧੰਦਿਆਂ ਦੇ ਜ਼ੋਰ ਤੇ ਰਾਤੋ ਰਾਤ ਅਮੀਰ ਬਣਦਿਆਂ ਵਿਖਾਉਂਦਾ ਹੈ। ਇਹ ਅੰਸ਼ਕ ਸੱਚ ਤਾਂ ਹੋ ਸਕਦਾ ਹੈ ਪਰੰਤੂ ਪੂਰਨ ਨਹੀਂ ਕਿਉਂਕਿ ਨਾਵਲਕਾਰ ਹੀ ਕੁਝ ਅਜਿਹੀਆਂ ਕਹਾਣੀਆਂ/ਘਟਨਾਵਾਂ ਦਾ ਜ਼ਿਕਰ ਕਰਦਾ ਹੈ ਜਿਨ੍ਹਾਂ ਤੋਂ ਇਹ ਸਿੱਧ ਹੁੰਦਾ ਹੈ ਕਿ ਸੌਖਾ ਕਮਾਇਆ ਧਨ ਦਿਨ ਵਿਚ ਹੀ ਉੱਡ-ਪੁੱਡ ਜਾਂਦਾ ਹੈ। ਕੁਝ ਵੀ ਹੋਵੇ ਅਜਿਹੇ ਧਨ ਨਾਲ ਜਮਾਤੀ ਸਥਿਤੀ ਵਿਚ ਕੋਈ ਸਿਫਤੀ ਤਬਦੀਲੀ ਨਹੀਂ ਹੁੰਦੀ। ਹਾਂ, ਇਹ ਜ਼ਰੂਰ ਹੈ ਕਿ ਅਜਿਹੀਆਂ ਇੱਕਾ-ਦੁੱਕਾ ਘਟਨਾਵਾਂ ਦੀ ਲੋਕ ਮਾਨਸਿਕਤਾ ਨੂੰ ਦੂਸ਼ਿਤ ਕਰਦੀਆਂ ਹਨ ਅਤੇ ਜਮਾਤੀ ਤਣਾਉ ਤੇ ਟਕਰਾਉ ਨੂੰ ਆਦਰਸ਼ਵਾਦੀ ਢੰਗ ਨਾਲ ਸੁਲਝਾਉਂਦੀਆਂ ਹਨ। ਇਸ ਲਈ ਅਜਿਹੀਆਂ ਕਹਾਣੀਆਂ ਦਾ ਵਰਣਨ ਆਲੋਚਨਾਤਮਕ ਦ੍ਰਿਸ਼ਟੀ ਤੋਂ ਕਰਨਾ ਚਾਹੀਦਾ ਹੈ, ਜਿਨ੍ਹਾਂ ਤੋਂ ਰਾਤੋ ਰਾਤ ਅਮੀਰ ਬਣਨ ਦੇ ਯਤਨਾਂ ਦੀ ਨਿਰਾਰਥਕਤਾ ਸਿੱਧ ਹੁੰਦੀ ਹੋਵੇ। ਅਨੁਭਵ-ਸਿੱਧ ਪਹੁੰਚ ਹਰ ਵਾਰ ਜਨ-ਹਿੱਤ ਵਿਚ ਨਹੀਂ ਹੋ ਸਕਦੀ। ਲੇਖਕ ਨੂੰ ਚੋਣ ਕਰਨੀ ਚਾਹੀਦੀ ਹੈ।

ਨਾਵਲ ਵਿਚ ਗ਼ਰੀਬੀ ਅਤੇ ਅਮੀਰੀ ਦਾ ਤੁਲਨਾਤਮਕ ਚਿੱਤਰ ਪੇਸ਼ ਕਰਨ ਲਈ ਅਤੇ ਗ਼ਰੀਬ ਲੋਕਾਂ ਨਾਲ ਵੱਡੀ ਅਫ਼ਸਰਸ਼ਾਹੀ, ਵਪਾਰੀਆਂ ਅਤੇ ਜਾਗੀਰਦਾਰਾਂ ਦੀਆਂ ਵਧੀਕੀਆਂ ਸੰਬੰਧੀ ਕਈ ਕਹਾਣੀਆਂ ਮੁੱਖ ਕਹਾਣੀ ਨਾਲ ਸੁਚਾਰੂ ਢੰਗ ਨਾਲ ਗੁੰਦੀਆਂ ਗਈਆਂ ਹਨ। ਗਰੀਬੀ ਅਤੇ ਅਮੀਰੀ ਦੀ ਵਾਸਤਵਿਕ ਤਸਵੀਰ ਉਘਾੜਨ ਲਈ ਨਾਵਲਕਾਰ ਇਕ ਪਾਸੇ ਮਾਡਲ ਟਾਊਨ ਅਤੇ ਦੂਜੇ ਪਾਸੇ ਕੁਸ਼ਟ ਆਸ਼ਰਮ, ਸਾਂਸੀਆਂ ਦੀਆਂ ਕੁੱਲੀਆਂ, ਗਾਂਧੀ ਬਸਤੀ ਦਾ ਪ੍ਰਕ੍ਰਿਤੀਵਾਦੀ ਚਿਤਰਣ ਪ੍ਰਸਤੁਤ ਕਰਦਾ ਹੈ। 'ਮਾਡਲ ਟਾਊਨ ਦੀਆਂ ਸਾਰੀਆਂ ਕੋਠੀਆਂ ਦੇ ਮਾਲਕ ਚੋਰ, ਠੱਗ ਅਤੇ ਲੁਟੇਰੇ ਸਨ। ਕੋਈ ਰਿਸ਼ਵਤਖੋਰ ਸੀ, ਕੋਈ ਟੈਕਸ ਚੋਰ ਅਤੇ ਕੋਈ ਬਲੈਕੀਆ। ਹੈਰਾਨੀ ਦੀ ਗੱਲ ਇਹ ਸੀ ਕਿ ਨਾ ਸਮਾਜ ਇਨ੍ਹਾਂ ਨੂੰ ਮੁਜ਼ਰਮ ਗਰਦਾਨਦਾ ਸੀ ਨਾ ਕਾਨੂੰਨ। ਉਲਟਾ ਦੋਵੇਂ ਇਨ੍ਹਾਂ ਨੂੰ ਇੱਜ਼ਤ ਨਾਲ ਦੇਖਦੇ ਸਨ।' (ਪੰਨਾ 155) ਦੂਜੇ ਪਾਸੇ ਗੰਦੀਆਂ ਬਸਤੀਆਂ ਬਾਰੇ ਇਕ ਪੁਲਸੀਏ ਦਾ ਕਥਨ ਹੈ: 'ਐਵੇਂ ਸਾਲੇ ਲੀਡਰ ਭੌਂਕਦੇ ਰਹਿੰਦੇ ਨੇ। ਕੋਈ ਆਖਦਾ ਹੈ ਇਹ ਜ਼ਰਾਇਮ ਪੇਸ਼ਾ ਲੋਕ ਹਨ। ਇਨ੍ਹਾਂ ਤੇ ਸਖ਼ਤੀ ਹੋਣੀ ਚਾਹੀਦੀ ਹੈ। ਦੂਜਾ ਆਖਦਾ ਹੈ, ਸੰਘ ਨੇ ਇਨ੍ਹਾਂ ਦੀ ਕਾਇਆ ਪਲਟ ਦਿੱਤੀ ਹੈ। ਉਨ੍ਹਾਂ ਨੂੰ ਮੌਜਾਂ ਕਰਨ ਲਾ ਦਿੱਤੇ। ਇਥੇ ਸ਼ਾਇਦ ਕਿਸੇ ਨੇ ਚੱਕਰ ਨਾ ਮਾਰਿਆ ਹਜੋਵੇ।' (ਪੰਨਾ 174)

ਨਾਵਲ ਵਿਚ ਪੇਸ਼ ਪਾਤਰ ਹਰ ਵਰਗ ਅਤੇ ਹਰ ਸ਼੍ਰੇਣੀ ਨਾਲ ਸੰਬੰਧਿਤ ਹਨ। ਇਨ੍ਹਾਂ ਵਿਚ ਰਾਜਸੀ ਵਰਕਰ (12) ਵਪਾਰੀ/ਦੁਕਾਨਦਾਰ (17), ਬਦਮਾਸ਼/ਸਮਗਲਰ/ਚੋਰ (25), ਜੱਜ (4), ਵਕੀਲ/ਸਰਕਾਰ ਵਕੀਲ (5)

ਟਰੱਕ ਡਰਾਈਵਰ (3), ਪੱਤਰਕਾਰ (1), ਜੇਬ ਕਤਰੇ (9) ਅਤੇ ਬਦਚਲਨ ਔਰਤਾਂ (4) ਸ਼ਾਮਲ ਹਨ। ਇਹ ਸਾਰੇ ਆਪਣੇ ਆਪਣੇ ਵਰਗ ਅਤੇ ਉਪ-ਵਰਗ ਦੀ ਪ੍ਰਤੀਨਿਧਤਾ ਕਰਦੇ ਹਨ। ਨਾਵਲਕਾਰ ਦੀ ਖ਼ੂਬੀ ਇਸ ਗੱਲ ਵਿਚ ਹੈ ਕਿ ਉਹ ਇਕ ਅੱਧ ਪੈਰੇ ਵਿਚ ਹੀ ਪਾਤਰਾਂ ਦੇ ਨਕਸ਼ ਉਘਾੜ ਦਿੰਦਾ ਹੈ ਅਤੇ ਉਨ੍ਹਾਂ ਦੇ ਸੁਭਾਅ ਅਤੇ ਆਚਰਨ 'ਤੇ ਲੋੜੀਂਦੀ ਝਾਤ ਪਵਾ ਦਿੰਦਾ ਹੈ। ਪਾਤਰਾਂ ਦਾ ਬੋਲਚਾਲ, ਰਹਿਣੀ-ਬਹਿਣੀ ਅਤੇ ਪਹਿਰਾਵਾ ਵੀ ਵਰਗ ਵਿਸ਼ੇਸ਼ ਦੇ ਅਨੁਕੂਲ ਦਰਸਾਇਆ ਗਿਆ ਹੈ। ਇਹ ਸਾਰਾ ਕੁਝ ਨਾਵਲ ਨੂੰ ਯਥਾਰਥਕਤਾ ਨੂੰ ਪ੍ਰਦਾਨ ਕਰਨ ਵਿਚ ਸਹਾਈ ਹੁੰਦਾ ਹੈ। ਵਿਗਿਆਨਕ ਨੇਮਾਂ ਦੇ ਅਨੁਕੂਲ ਨਾਵਲਕਾਰ ਦੁਆਰਾ ਕੇਂਦਰੀ ਭਾਸ਼ਾ ਅਤੇ ਪਾਤਰਾਂ ਦੁਆਰਾ ਮਲਵਈ ਉਪ-ਬੋਲੀ ਦਾ ਵਰਤੇ ਜਾਣਾ- ਯਥਾਰਥਕ ਰੰਗਣ ਨੂੰ ਹੋਰ ਗੂੜ੍ਹਾ ਕਰਦਾ ਹੈ।

ਪਰੰਤੂ ਕੁਝ ਪਾਤਰਾਂ ਦਾ ਸਿਰਜਿਤ ਵਿਵਹਾਰ ਜਨ-ਹਿੱਤ ਵਿਚ ਨਾ ਹੋਣ ਕਰਕੇ ਪ੍ਰਤੀਕ੍ਰਿਆਵਾਦੀ ਕੋਟੀ ਵਿਚ ਸ਼ਾਮਲ ਹੋ ਜਾਂਦਾ ਹੈ। ਉਦਾਹਰਣ ਹਿੱਤ ਬੰਟੀ ਦੀ ਲਾਸ਼ ਦੇ ਪੋਸਟ ਮਾਰਟਮ ਵੇਲੇ ਜੋਗਿੰਦਰ ਦਾ ਵਿਵਹਾਰ ਵਾਸਤਵਿਕ ਹੋ ਸਕਦਾ ਹੈ। ਰਿਸ਼ਵਤ ਸਾਡੇ ਰਾਜਸੀ-ਸਮਾਜਿਕ ਤਾਣੇ-ਬਾਣੇ ਦਾ ਇਕ ਅੰਗ ਬਣ ਗਈ ਹੈ। ਚਪੜਾਸੀ ਤੋਂ ਪ੍ਰਧਾਨ ਮੰਤਰੀ ਤੱਕ ਸਭ ਇਸ ਰੋਗ ਦਾ ਸ਼ਿਕਾਰ ਹਨ। ਪ੍ਰਸ਼ਨ ਕੇਵਲ ਇਹ ਹੈ ਕਿ ਕੀ ਚਪੜਾਸੀ ਦੀ ਰਿਸ਼ਤ ਤੇ ਫੋਕਸ ਕੀਤਾ ਜਾਵੇ ਜਾਂ ਪ੍ਰਧਾਨ ਮੰਤਰੀ ਦੀ? ਵਿਅਕਤੀ ਨੂੰ ਦੋਸ਼ੀ ਠਹਿਰਾਇਆ ਜਾਵੇ ਜਾਂ ਸਮੁੱਚੀ ਜਮਾਤੀ ਵਿਵਸਥਾ ਨੂੰ ਜੋ ਰਿਸ਼ਵਤ ਆਦਿ ਰੋਗਾਂ ਦੀ ਜੜ੍ਹ ਹੈ? ਵਿਗਿਆਨਕ ਦ੍ਰਿਸ਼ਟੀ ਨਿਸ਼ਚੇ ਹੀ ਮਗਰਲਿਆਂ ਤੇ ਕੇਂਦਰਿਤ ਹੋਵੇਗੀ। ਅਜਿਹਾ ਨਾ ਕਰਨ ਨਾਲ ਇਨ੍ਹਾਂ ਬੁਰਾਈਆਂ ਵਿਰੁੱਧ ਲੜਾਈਬਿਖਰ ਜਾਂਦੀ ਹੈ, ਗੁੱਸਾ ਘਟ ਜਾਂਦਾ ਹੈ ਕਿਉਂਕਿ ਲੋਕ ਸਮਝ ਬਣਦੀ ਹੈ ਕਿ ਸਾਰੇ ਚੋਰ ਹਨ ਜਦ ਕਿ ਲੋੜ ਇਸ ਗੱਲ ਦੀ ਹੈ ਕਿ ਸਭ ਤੋਂ ਵੱਡੇ ਚੋਰ ਵਿਰੁੱਧ ਸਭ ਤੋਂ ਵੱਧ ਨਫ਼ਰਤ ਪੈਦਾ ਕੀਤੀ ਜਾਵੇ। ਜਦ ਨਾਵਲਕਾਰ ਸਿਪਾਹੀਆਂ ਜਾਂ ਹੌਲਦਾਰਾਂ ਦੀ ਰਿਸ਼ਵਤ/ਧੱਕੇਸ਼ਾਹੀ ਦੀਆਂ ਕਾਰਵਾਈਆਂ ਗਿਣਾਉਂਦਾ ਹੈ ਤਾਂ ਉਹ ਅਚੇਤ ਹੀ ਵੱਡੀ ਅਫ਼ਸਰਸ਼ਾਹੀ ਨੂੰ ਕੁਝ ਹੱਦ ਤੱਕ ਬਰੀ ਕਰਦਾ ਪ੍ਰਤੀਤ ਹੁੰਦਾ ਹੈ। ਨਾਵਲ ਵਿਚ ਦਰਜ ਟਿੱਪਣੀ ਅਨੁਸਾਰ, 'ਜਿਵੇਂ ਵਿਰੋਧ ਕਰਨ ਲਈ ਕੋਈ ਸਰਮਾਏਦਾਰ ਉਨ੍ਹਾਂ ਨੂੰ ਲੱਭਾ ਹੀ ਨਹੀਂ ਸੀ। ਗਰੀਬ ਜੋਗਿੰਦਰ ਹੀ ਲੱਭਾ ਸੀ, ਗੰਦਗੀ 'ਚੋਂ ਰੋਟੀ ਕਮਾ ਕੇ ਢਿੱਡ ਭਰਨ ਵਾਲਾ।' (ਪੰਨਾ 220) ਜਿਸ ਤਰ੍ਹਾਂ ਇਥੇ ਕਾਮਰੇਡਾਂ ਗਲਤੀ ਕੀਤੀ। ਇਸੇ ਤਰ੍ਹਾਂ ਨਾਵਲਕਾਰ ਜੋਗਿੰਦਰ ਦੀ ਕਰੂਪ ਸ਼ਖ਼ਸ਼ੀਅਤ ਉਘਾੜ ਕੇ ਗਲਤੀ ਕਰ ਗਿਆ ਹੈ ਭਾਵੇਂ ਉਹ ਇਸ ਦੀ ਵਿਆਖਿਆ ਕਰਨ ਲਏ ਲੋੜੋਂ ਵੱਧ ਜ਼ੋਰ ਲਾਉਂਦਾ ਹੈ।

ਬਾਬਾ ਗੁਰਦਿਤ ਸਿੰਘ ਦਾ ਪਾਤਰ ਚਿਤਰਣ ਕਰਦਿਆਂ ਨਾਵਲਕਾਰ ਭਾਰਤੀ ਕਥਾ-ਜਗਤ ਦੀ ਜਾਣੀ-ਪਹਿਚਾਣੀ ਰੂੜ੍ਹੀ ਦਾ ਸ਼ਿਕਾਰ ਹੋ ਗਿਆ ਹੈ ਕਿ ਗੌਤਮ ਬੁੱਧ ਵੱਡਿਆਂ ਘਰਾਂ ਵਿਚ ਹੀ ਪੈਦਾ ਹੁੰਦੇ ਹਨ। ਬਾਬਾ ਇਕ ਕਾਬਲ ਡਾਕਟਰ ਦਾ ਪੁੱਤਰ ਹੈ। ਉਹ ਲਾਹੌਰ ਇੰਜੀਨੀਅਰਿੰਗ ਦਾ ਕੋਰਸ ਕਰਦਾ ਹੈ। ਇਕ ਦਿਨ ਉਸ ਦਾ ਤੇਜ਼ ਦਿਮਾਗ ਸਹਿਪਾਠੀ ਛਾਂਗਾ ਉਸ ਨੂੰ ਰਿਕਸ਼ਾ ਚਾਲਕ ਦੇ ਰੂਪ ਵਿਚ ਮਿਲਦਾ ਹੈ। ਇਥੋਂ ਹੀ ਬਾਬੇ ਦਾ ਕਾਇਆ ਕਲਪ ਹੁੰਦਾ ਹੈ ਅਤੇ ਉਹ ਗ਼ਰੀਬਾਂ, ਮਜ਼ਲੂਮਾਂ ਅਤੇ ਬੇਸਹਾਰਾ ਲੋਕਾਂ ਦੀ ਮਦਦ ਨੂੰ ਆਪਣਾ ਇਸ਼ਟ ਬਣਾ ਲੈਂਦਾ ਹੈ। ਇਸ ਤਰ੍ਹਾਂ ਲੋਕਾਂ ਦੀ ਅਗਵਾਈ ਲੋਕਾਂ ਵਰਗਿਆਂ ਪਾਸ ਨਹੀਂ ਰਹਿੰਦੀ। ਲੋਕਾਂ ਦਾ ਆਪਣੇ ਅਤੇ ਆਪਣੀ ਜੱਥੇਬੰਦਕ ਸ਼ਕਤੀ ਵਿਚ ਵਿਸ਼ਵਾਸ ਘਟਦਾ ਹੈ ਅਤੇ ਉਹ ਕਿਸੇ ਮਸੀਹੇ ਦੇ ਮੂੰਹ ਵੱਲ ਵੇਖਣਾ ਸ਼ੁਰੂ ਕਰ ਦਿੰਦੇ ਹਨ। ਇਹ ਸਾਰਾ ਕੁਝ ਜਮਾਤੀ ਸੰਘਰਸ਼ ਦੀ ਦ੍ਰਿਸ਼ਟੀ ਤੋਂ ਰਿਣਾਤਮਕ

ਹੈ। ਵੈਸੇ ਵੀ ਨਾਵਲ ਵਿਚ ਪੇਸ਼ ਬਾਬੇ ਦਾ ਵਿਵਹਾਰ ਮੱਧ-ਵਰਗੀ ਖ਼ਾਸੇ ਦੇ ਅਨੁਕੂਲ ਹੈ। ਉਹ ਕਿਸੇ ਜੱਥੇਬੰਦੀ ਵਿਚ ਬੱਝਣ ਦੀ ਥਾਂ ਵਿਅਕਤੀਗਤ ਯਤਨ ਕਰਦਾ ਹੈ। ਉਹ ਅਗਾਂਹਵਧੂ ਸਾਹਿਤ ਛਾਪਣ ਲਈ ਇਕ ਮਾਸਿਕ ਪੱਤਰ ਕੱਢਦਾ ਹੈ। ਮੱਧ-ਵਰਗੀ ਖਾਸੇ ਵਾਲੀ ਨਕਸਲੀ ਲਹਿਰ ਦੇ ਉਭਾਰ ਸਮੇਂ ਬਾਬਾ ਉਸ ਵੱਲ ਝੁਕ ਜਾਂਦਾ ਹੈ ਅਤੇ ਲਹਿਰ ਫੇਲ੍ਹ ਹੋਣ ਤੋਂ ਬਾਅਦ 'ਲੋਕ ਆਧਾਰ ਬਣਾਉਣ ਲਈ ਉਹਨਾਂ ਕਈ ਉਪਰਾਲੇ ਕੀਤੇ। ਨਾਟਕ ਮੰਡਲੀਆਂ ਬਣਾਈਆਂ। ਸਭਿਆਚਾਰਕ ਮੰਚ ਕਾਇਮ ਕੀਤੇ। ਕ੍ਰਾਂਤੀਕਾਰੀ ਸਭਾ ਦੀ ਸਥਾਪਨਾ ਕੀਤੀ। ਤਰਕਸ਼ੀਲਾਂ ਨੂੰ ਅੱਗੇ ਲਿਆਂਦਾ।' (ਪੰਨੇ 296-97) ਇਨ੍ਹਾਂ ਵਿਚੋਂ ਇਕ ਵੀ ਜਮਾਤੀ ਅਤੇ ਜਨਤਕ ਜੱਥੇਬੰਦੀ ਨਹੀਂ ਹੈ ਅਤੇ ਸਾਬਕ ਨਕਸਲੀਆਂ ਦੁਆਰਾ ਸੰਚਾਲਿਤ ਹਨ।

ਮੱਧ-ਵਰਗੀ ਖ਼ਾਸੇ ਅਨੁਸਾਰ ਹੀ ਬਾਬਾ ਗੁਰਦਿਤ ਸਿੰਘ ਆਪਣੇ ਆਪ ਨੂੰ ਨਿਰਪੱਖ ਪੇਸ਼ ਕਰਦਾ ਪ੍ਰਤੀਤ ਹੁੰਦਾ ਹੈ। ਉਹ ਫਿਰਕੂ ਅਤੇ ਸਰਕਾਰੀ ਜਬਰ ਵਿਰੁੱਧ ਲੜਦਾ ਹੈ, ਪਰੰਤੂ, ਸਰਕਾਰੀ ਜਬਰ ਵਿਰੁੱਧ ਬਾਬਾ ਉਸ ਸਮੇਂ ਹੀ ਹਰਕਤ ਵਿਚ ਆਉਂਦਾ ਹੈ ਜਦ ਉਸ ਦੀ ਸੋਚ ਦਾ ਇਕ ਪ੍ਰਤੀਨਿਧ ਅਸ਼ੋਕ ਫੜਿਆ ਜਾਂਦਾ ਹੈ। ਜਦ ਬੰਟੀ ਦੇ ਕਾਤਲਾਂ/ਅਗਵਾਕਾਰਾਂ ਨੂੰ ਫੜਨ ਲਈ ਪੁਲਿਸ ਜਬਰ ਵਧਦਾ ਹੈ ਤਾਂ ਬਾਬਾ ਅਸ਼ੋਕ ਨੂੰ ਛੁਡਾਉਣ ਤੋਂ ਬਾਅਦ ਲੋਕਾਂ ਦੇ ਕਹਿਣ ਉੱਤੇ ਇਕ ਜਲਸਾ ਕਰਦਾ ਹੈ। ਜਲਸੇ ਵਿਚ ਲੋਕ ਸੰਘਰਸ਼ ਸੰਮਤੀ ਦਾ ਗਠਨ ਕੀਤਾ ਜਾਂਦਾ ਹੈ। ਉਸ ਨੇ 'ਸੰਮਤੀ ਵਿਚ ਕੁਝ ਸਿਆਸੀ ਬੰਦੇ ਸ਼ਾਮਲ ਤਾਂ ਕੀਤੇ ਪਰ ਬਹੁਮਤ ਆਪਣੇ ਸਮਰਥਕਾਂ ਦਾ ਹੀ ਰੱਖਿਆ। ਪਤਾ ਸੀ, ਲੋੜ ਪੈਣ ਤੇ ਸਿਆਸੀ ਬੰਦਿਆਂ ਨੇ ਪੂਛ ਦਬਾ ਕੇ ਭੱਜ ਜਾਣਾ ਸੀ।' (ਪੰਨਾ 299) ਅਜਿਹਾ ਕਰਦਿਆਂ ਨਾਵਲਕਾਰ ਦੀ ਸੋਚ ਦਾ ਪ੍ਰਤੀਨਿਧ ਪਾਤਰ-ਬੁਰਜ਼ੂਆ-ਜਾਗੀਰੂ ਰਾਜਨੀਤੀ ਨੂੰ ਭੰਡਣ ਦੀ ਥਾਂ ਸਮੁੱਚੀ ਰਾਜਨੀਤੀ ਨੂੰ ਭੰਡਣ ਦਾ ਰਾਹ ਅਪਣਾਉਂਦਾ ਹੈ, ਇਸ ਤਰ੍ਹਾਂ ਉਹ ਅਚੇਤ ਹੀ ਹਾਕਮ ਜਮਾਤਾਂ ਦੀ ਚਾਕਰੀ ਕਰ ਬੈਠਦਾ ਹੈ। ਦੂਜੇ, ਕੀ ਬਾਬੇ ਦੇ ਸਮਰਥਕ ਗ਼ੈਰ-ਸਿਆਸੀ ਹਨ। ਹਰਗਿਜ਼ ਨਹੀਂ। ਬਾਬਾ, ਉਸ ਦੇ ਸਮਰਥਕ ਅਤੇ ਉਨ੍ਹਾਂ ਦੁਆਰਾ ਸੰਚਾਲਿਤ ਜੱਥੇਬੰਦੀਆਂ ਵਿਸ਼ੇਸ਼ ਰਾਜਨੀਤਕ ਸਮਝ ਦੀਆਂ ਵਾਹੁੱਕ ਸਨ/ਹਨ। ਇਸ ਸਭ ਕੁਝ ਅਤੇ ਮੱਧ-ਵਰਗੀ ਸੀਮਾਵਾਂ ਦੇ ਬਾਵਜੂਦ ਬਾਬਾ ਗੁਰਦਿਤ ਸਿੰਘ ਵਧੀ ਹੋਈ ਜਮਾਤੀ ਚੇਤਨਾ ਅਤੇ ਕ੍ਰਾਂਤੀਕਾਰੀ ਅਮਲ ਦਾ ਪ੍ਰਤੀਨਿਧ ਹੈ। ਉਸਦਾ ਸਿਰਜਿਤ ਪਾਤਰ ਸਮਕਾਲੀਨ ਦਹਿਸ਼ਤ ਦੇ ਮਾਹੌਲ ਵਿਚ ਧਰਮ ਨਿਰਪੱਖਤਾ, ਜਮਹੂਰੀਅਤ ਅਤੇ ਹੱਕ, ਸੱਚ ਤੇ ਇਨਸਾਫ਼ ਦੇ ਝੰਡਾ ਬਰਦਾਰ ਵਜੋਂ ਪੇਸ਼ ਹੁੰਦਾ ਹੈ।

ਨਾਵਲਕਾਰ ਨੂੰ ਫਿਰਕੂ ਅਤੇ ਸਰਕਾਰੀ ਜਬਰ ਦਾ ਵਿਰੋਧ ਕੇਵਲ ਤਰਕਸ਼ੀਲ ਸੁਸਾਇਟੀ, ਕ੍ਰਾਂਤੀਕਾਰੀ ਫਰੰਟ ਅਤੇ ਨੌਜਵਾਨ ਸਭਾ ਹੀ ਕਰਦੀ ਵਿਖਾਈ ਦਿੰਦੀ ਹੈ। ਨਾਵਲਕਾਰ ਦੀ ਅਜਿਹੀ ਪੇਸ਼ਕਾਰੀ ਪੰਜਾਬ ਵਿਚ ਪੇਸ਼ ਹਕੀਕਤਾਂ ਦੇ ਅਨੁਸਾਰੀ ਨਹੀਂ ਹੈ। ਪ੍ਰਗਤੀਵਾਦੀ ਦ੍ਰਿਸ਼ਟੀ ਮੰਗ ਕਰਦੀ ਸੀ ਕਿ ਨਾਵਲ ਵਿਚ ਉਨ੍ਹਾਂ ਸ਼ਕਤੀਆਂ ਦੀ ਨਿਸ਼ਾਨਦੇਹੀ ਕੀਤੀ ਜਾਂਦੀ ਜਿਹੜੀਆਂ ਫ਼ਿਰਕੂ ਹਿੰਸਾ ਤੇ ਸਰਕਾਰੀ ਜਬਰ ਦਾ ਵਿਰੋਧ ਕਰ ਰਹੀਆਂ ਹਨ ਅਤੇ ਪੰਜਾਬੀਆਂ ਦੀਆਂ ਸਰਵ ਸਾਂਝੀਆਂ ਮੰਗਾਂ ਦੀ ਪ੍ਰਾਪਤੀ ਲਈ ਯਤਨਸ਼ੀਲ ਹਨ। ਇਹ ਸ਼ਕਤੀਆਂ ਕਮਜ਼ੋਰ ਹੋ ਸਕਦੀਆਂ ਹਨ। ਪਰੰਤੂ ਇਨ੍ਹਾਂ ਨੂੰ ਪੂਰਨ ਤੌਰ ਤੇ ਅਣਡਿੱਠ ਕਰ ਦੇਣਾ ਅਚੇਤ ਜਾਂ ਸੁਚੇਤ ਉਲਾਰ ਸਮਝ ਦਾ ਪ੍ਰਗਟਾਵਾ ਕਰਨ ਦੇ ਤੁੱਲ ਹੈ।

ਨਾਵਲ ਦੇ ਅੰਤ ਵੱਲ ਵੱਧਿਆਂ ਜਮਾਤੀ ਚੇਤਨਾ ਦਾ ਵਿਕਾਸ ਹੁੰਦਾ ਹੈ। ਸਰਕਾਰੀ ਵਕੀਲ ਦਾ ਨੌਕਰੀ ਛੱਡਣਾ ਸਾਬਤ ਕਰਦਾ ਹੈ ਕਿ ਇਸ ਭ੍ਰਿਸ਼ਟ ਜਮਾਤੀ ਪ੍ਰਬੰਧ ਵਿਚ ਅਸਲੀ ਮੁਜਰਮਾਂ ਨੂੰ ਸਜ਼ਾ ਨਹੀਂ ਮਿਲਦੀ। ਇਸ ਦੇ ਉਲਟ

ਬੇਕਸੂਰ ਲੋਕ ਸਜ਼ਾ ਭੁਗਤਦ ਖੁਸ਼ ਸੀ। ਆਖਰ ਉਹ ਲੋਕ ਸੰਘਰਸ਼ ਵਾਲੇ ਉਸ ਅੰਮ੍ਰਿਤ-ਕੁੰਡ ਦੇ ਰਾਹ ਪੈ ਹੀ ਗਿਆ ਸੀ, ਜਿਸਨੇ ਲੋਕਾਂ ਨੂੰ ਇਸ ਭੈੜੇ ਨਿਜ਼ਾਮ ਤੋਂ ਮੁਕਤੀ ਦਿਵਾਉਣੀ ਸੀ।' (ਪੰਨਾ 352) ਲੋਕ-ਚੇਤਨਾ ਵਿਚ ਵਾਧਾ ਅਤੇ ਜਮਾਤੀ ਸੰਘਰਸ਼ ਦਾ ਤਿਖੇਰਾ ਹੋਣਾ ਹੀ ਆਸ ਦੀ ਇਕੋ ਇਕ ਕਿਰਨ ਹੈ ਅਤੇ ਨਾਵਲ ਦੇ ਪਾਠ ਤੋਂ ਇਹ ਕਿਰਨ ਸਪਸ਼ਟ ਵਿਖਾਈ ਦਿੰਦੀ ਹੈ।

## ਤਫ਼ਤੀਸ਼: ਗਲਪ-ਅਨੁਭਵ ਦੇ ਕੁਝ ਪੱਖ

**-ਬ੍ਰਹਮਜਗਦੀਸ਼ ਸਿੰਘ**

**ਤਫ਼ਤੀਸ਼** ਪੰਜਾਬੀ ਦੇ ਪ੍ਰਤੀਬੱਧ ਗਲਪਕਾਰ ਮਿੱਤਰ ਸੈਨ ਮੀਤ ਦਾ ਤੀਜਾ ਨਾਵਲ ਹੈ। ਇਸ ਤੋਂ ਪਹਿਲਾਂ ਉਸ ਦੇ ਦੋ ਨਾਵਲ **ਅੱਗ ਦੇ ਬੀਜ** (1971, 1987) ਅਤੇ **ਕਾਫ਼ਲਾ** ਪ੍ਰਕਾਸ਼ਿਤ ਹੋ ਚੁੱਕੇ ਹਨ। ਇਹ ਨਾਵਲ ਭਾਰਤੀ ਨਿਆਇ ਪ੍ਰਣਾਲੀ ਅਤੇ ਦੰਡ-ਸੰਹਿਤਾ ਦੇ ਉਲਾਰਾਂ, ਵਿਕਾਰਾਂ ਅਤੇ ਅੰਤਰ-ਵਿਰੋਧਾਂ ਨੂੰ ਪ੍ਰਗਟ ਕਰਦਾ ਹੈ। ਬੇਸ਼ਕ 1947 ਈ. ਵਿਚ ਭਾਰਤ ਆਜ਼ਾਦ ਹੋ ਗਿਆ ਅਤੇ 1950 ਈ. ਤੋਂ ਇਸ ਨੇ ਇਕ ਆਪਣਾ ਸੰਵਿਧਾਨ ਵੀ ਲਾਗੂ ਕਰ ਲਿਆ ਹੈ ਪਰ ਭਾਰਤੀ ਸ਼ਾਸਕਾਂ ਨੇ ਆਪਣੇ ਸ਼ਾਸਨ-ਪ੍ਰਬੰਧ ਦਾ ਮਾਡਲ ਬਿਟ੍ਰਿਸ਼ ਹੀ ਬਣਾਈ ਰੱਖਿਆ। ਇਸ ਮਾਡਲ ਦਾ ਆਧਾਰ ਸੀ ਕਿ ਆਮ ਲੋਕਾਂ ਅਥਵਾ ਸਟੇਟਾਂ ਨੂੰ ਭਾਸ਼ਾ, ਧਰਮ ਅਤੇ ਸਟੇਟ ਦੇ ਨਾਮ ਤੇ ਇਕ ਦੂਜੇ ਵਿਰੁੱਧ ਉਕਸਾਈ ਰੱਖੋ। ਇਸ ਦਾ ਇਕ ਸਿੱਧਾ ਸਿੱਟਾ ਇਹ ਨਿਕਲਿਆ ਕਿ ਭਾਰਤਵਰਸ਼ ਵਿਚ ਸਾਂਝੀ ਕੌਮੀਅਤ ਦੀ ਭਾਵਨਾ ਕਦੇ ਵੀ ਪ੍ਰਫੁਲਤ ਨਾ ਹੋ ਸਕੀ। ਲੋਕ ਆਪਣੀ ਸਟੇਟ, ਧਰਮ ਅਤੇਭਾ ਸ਼ਾ ਦੇ ਨਾਮ ਤੇ ਭਾਰਤ ਦੀ ਕਿਸੇ ਹੋਰ ਸਟੇਟ, ਧਰਮ ਅਤੇ ਭਾਸ਼ਾ ਦੇ ਲਹੂ ਦੇ ਤਿਹਾਏ ਬਣੇ ਰਹੇ। ਚਾਹੀਦਾ ਤਾਂ ਇਹ ਸੀ ਕਿ ਅੰਗਰੇਜ਼ਾਂ ਦੇ ਚਲੇ ਜਾਣ ਬਾਅਦ ਸਾਡੀ ਚੁਣੀ ਹੋਈ ਸਰਕਾਰ ਇਸ ਮਾਡਲ ਨੂੰ ਰੱਦ ਕਰਕੇ ਕਿਸੇ ਨਵੇਂ ਅਤੇ ਸਰਬ-ਸਾਂਝੇ ਮਾਡਲ ਦੁਆਰਾ ਦੇਸ਼ ਨੂੰ ਅੱਗੇ ਵਧਾਉਣ ਦਾ ਯਤਨ ਕਰਦੀ ਪਰੰਤੂ ਪਿਛਲੇ ਚਾਲੀ-ਪੰਤਾਲੀ ਵਰ੍ਹਿਆਂ ਵਿਚ ਦੇਸ਼ ਅੱਗੇ ਵਧਣ ਦੀ ਬਜਾਇ ਪਿੱਛੇ ਵੱਲ ਗਿਆ। ਪੰਜਾਬ, ਕਸ਼ਮੀਰ, ਆਸਾਮ ਆਦਿਕ ਸਟੇਟਾਂ ਕੇਂਦਰ ਦੇ ਇਸ ਸ਼ਾਸਕੀ ਮਾਡਲ ਦੇ ਵਿਰੁੱਧ ਜੂਝ ਰਹੀਆਂ ਹਨ। ਪਰੰਤੂ, ਕੇਂਦਰ ਆਪਣੀ ਹਠਧਰਮੀ ਤੋਂ ਪਿਛੇ ਹਟਣ ਲਈ ਤਿਆਰ ਨਹੀਂ। ਸ਼ਾਸਕਾਂ ਦਾ ਮੁੱਦਾ ਕੇਵਲ ਇਕ ਹੈ: ਹਰ ਜਾਇਜ਼, ਨਜਾਇਜ਼ ਢੰਗ ਨਾਲ ਆਪਣੀ ਕੁਰਸੀ ਤੇ ਡਟੇ ਰਹੋ ਅਤੇ ਦੇਸ਼ ਵਿਦੇਸ਼ ਵਿਚ ਜਾਇਦਾਦਾਂ ਖਰੀਦ ਕੇ ਆਪਣਾ 'ਅੱਗਾ' ਸੁਆਰਣ ਦੀ ਵਿਧੀ ਦਾ ਪ੍ਰਯੋਗ ਕਰਦੇ ਰਹੋ।

ਸ਼ਾਸਨ-ਵਰਗ ਦੀ ਆਤਮ-ਕੇਂਦ੍ਰਿਤ ਜ਼ਿਹਨੀਅਤ ਨੂੰ ਸੰਤੁਸ਼ਟ ਕਰਨ ਵਿਚ ਭਾਰਤੀ ਪੁਲਿਸ ਵਿਵਸਥਾ ਸਭ ਤੋਂ ਪ੍ਰਮੁਖ ਹਿੱਸਾ ਪਾ ਸਕਦੀ ਹੈ। ਇਸ ਲਈ ਪੁਲਿਸ ਨੂੰ ਲੋੜੋਂ ਵੱਧ ਅਧਿਕਾਰ ਦਿੱਤੇ ਗਏ ਅਤੇ ਕਿਉਂਕਿ ਪੁਲਿਸ ਨੇ ਸ਼ਾਸਕ-ਵਰਗ ਦੀਆਂ ਜਾਇਜ਼-ਨਾਜਾਇਜ਼ ਲੋੜਾਂ ਦੀ ਪੂਰਤੀ ਕਰਨੀ ਸੀ ਇਸ ਲਈ ਉਸ ਦੀਆਂ ਹਠਧਰਮੀਆਂ ਉੱਤੇ ਕੋਈ ਅੰਕੁਸ਼ ਨਾ ਲਾਇਆ ਗਿਆ। ਸਿੱਟਾ ਇਹ ਨਿਕਲਿਆ ਕਿ ਭਾਰਤੀ ਪੁਲਿਸ ਇਕ ਅਜਿਹੇ ਵਰਗ ਦਾ ਰੂਪ ਧਾਰਣ ਕਰ ਗਈ ਹੈ ਜਿਹੜਾ ਸਾਡੇ ਸਮਾਜ ਦੇ ਪਿੰਡੇ ਉੱਤੇ ਲੱਗੀਆਂ ਹੋਈਆਂ ਚੰਮਜੂੰਆਂ ਦਾ ਕੰਮ ਕਰਦਾ ਹੈ। ਇਸ ਨੇ ਆਪ ਬੰਦੇ ਦੇ ਲਹੂ ਨੂੰ ਪੀਣਾ ਆਪਣਾ ਹੱਕ ਮੰਨਿਆ ਹੋਇਆ ਹੈ। **ਤਫ਼ਤੀਸ਼** ਨਾਵਲ ਇਹ ਮਿੱਤਰ ਸੈਨ ਮੀਤ ਨੇ ਭਾਰਤੀ ਪੁਲਿਸ ਦੀ ਅਜਿਹੀ ਕਾਰਗੁਜ਼ਾਰੀ ਨੂੰ ਹੀ ਆਪਣੀ ਰਚਨਾ ਦਾ ਮੁੱਖ ਵਿਸ਼ੈ ਬਣਾਇਆ ਹੈ।

ਲੇਖਕ ਨੇ ਆਪਣੇ ਨਾਵਲ ਦੀ ਕਹਾਣੀ ਨੂੰ 1985-87 ਤੱਕ ਦੇ ਪੰਜਾਬ ਵਿਚ ਸੈਟ ਕੀਤਾ ਹੈ। ਇਹ ਉਹ ਸਮਾਂ ਹੈ ਜਦੋਂ ਪੰਜਾਬ ਵਿਚ ਦਹਿਸ਼ਤ ਅਤੇ ਆਤੰਕ ਦਾ ਵਾਤਾਵਰਣ ਬਣ ਗਿਆ। ਇਹ ਵਾਤਾਵਰਣ ਲੁਟੇਰਿਆਂ ਅਤੇ ਪੁਲਸ ਨੂੰ ਬਹੁਤ ਰਾਸ ਆਇਆ। ਅਫ਼ਸਰਾਂ ਦੀ ਵੀ ਚਾਂਦੀ ਬਣਨ ਲੱਗੀ ਨਵੇਂ ਸੱਤਾ ਵਿਚ ਆਏ ਰਾਜਨੀਤੀਵਾਨ ਵੀ ਇਸ ਖੇਡ ਦਾ ਅੰਗ ਬਣ ਕੇ ਰਹਿ ਗਏ। ਇਉਂ ਭੇਖੀ ਰਾਜਨੀਤੀਵਾਨਾਂ, ਪੁਲਿਸ, ਲੁਟੇਰਿਆਂ ਅਤੇ ਅਫ਼ਸਰਾਂ ਦੀ ਮਾਰ ਹੇਠਾਂ ਪੰਜਾਬ ਵਿਚ

ਰਹਿਣ ਵਾਲਾ, ਇਕ ਆਮ ਬੰਦਾ ਦਿਨੋ ਦਿਨ ਵਧੇਰੇ ਪਿਸਣ ਲੱਗਾ। ਅਸਲ ਵਿਚ, ਇਹਨਾਂ ਸਿਆਸਤਦਾਨਾਂ, ਪੁਲਿਸ, ਲੁਟੇਰਿਆਂ ਅਤੇ ਅਫ਼ਸਰਾਂ ਦੀ ਬਾਹਰੀ ਵੇਸ਼-ਭੂਸ਼ਾ ਹੀ ਵੱਖੋ-ਵੱਖ ਹੈ। ਇਨ੍ਹਾਂ ਦਾ ਕਿਰਦਾਰ ਇਕੋ ਹੈ। ਇਹ ਇਕੋ ਜਿਹੇ ਢੰਗ ਨਾਲ ਲੋਕਾਂ ਨੂੰ ਲੁੱਟਦੇ ਹਨ ਅਤੇ ਇਸ ਲੁੱਟ-ਖਸੁੱਟ ਵਿਚ ਇਕ-ਦੂਜੇ ਵਰਗ ਨੂੰ ਸਹਿਯੋਗ ਵੀ ਦਿੰਦੇ ਹਨ।

ਮਿੱਤਰ ਸੈਨ ਮੀਤ ਰਚਿਤ **ਤਫ਼ਤੀਸ਼** ਨਾਵਲ ਦਾ ਆਧਾਰ-ਪ੍ਰਬੰਧ ਸਿਆਸਤਦਾਨਾਂ, ਪੁਲਿਸ, ਲੁਟੇਰਿਆਂ ਅਤੇ ਅਫ਼ਸਰਾਂ ਦੀ ਇਹ ਲੁੱਟ-ਖਸੁੱਟ ਹੈ। ਉਪਰ-ਉਸਾਰ ਵਿਚ ਉਸ ਨੇ ਲੁਟੇਰਿਆਂ ਵੱਲੋਂ ਇਕ ਬੱਚੇ 'ਬੰਟੀ' ਦੇ ਅਗਵਾ ਕਰਨ ਦੀ ਕਹਾਣੀ ਅਤੇ ਸਾਡੀ ਪੁਲਸ ਦੇ ਤਫ਼ਤੀਸ਼-ਢੰਗਾਂ ਦੀ ਪੇਸ਼ਕਾਰੀ ਕੀਤੀ ਹੈ। ਸਾਡੀ ਪੁਲਸ ਦੀਆਂ ਤਫ਼ਤੀਸ਼-ਵਿਧੀਆਂ ਏਨੀਆਂ ਮਨੁੱਖ ਵਿਰੋਧੀ ਹਨ ਕਿ ਇਕ ਵਾਰ ਜੋ ਕੋਈ ਵੀ ਥਾਣੇ ਜਾ ਪਹੁੰਚਦਾ ਹੈ, ਉਸ ਨੂੰ ਪੁਲਸ ਦਾ ਹਰ ਛੋਟਾ-ਵੱਡਾ ਅਧਿਕਾਰੀ ਆਪਣਾ ਸ਼ਿਕਾਰ ਸਮਝ ਕੇ ਉਸ ਉੱਤੇ ਝਪਟਣ ਦੀ ਕੋਸ਼ਿਸ਼ ਵਿਚ ਲੱਗ ਜਾਂਦਾ। ਇਸ ਕੋਸ਼ਿਸ਼ ਵਿਚ ਸਿਪਾਹੀ, ਹੌਲਦਾਰ, ਥਾਣੇਦਾਰ, ਇਨਸਪੈਕਟਰ ਅਤੇ ਐਸ.ਐਸ.ਪੀ. ਤੱਕ ਸਭ ਇਕ ਦੂਜੇ ਤੋਂ ਅੱਗੇ ਲੰਘਣਾ ਚਾਹੁੰਦੇ ਹਨ। ਜਦੋਂ ਵੀ ਕੇਸ ਤਫ਼ਤੀਸ਼ ਲਈ ਥਾਣੇ ਪਹੁੰਚਦਾ ਹੈ ਤਾਂ ਅਜਿਹੀ ਛੀਨਾ-ਝਪਟੀ ਸ਼ੁਰੂ ਹੋ ਜਾਂਦੀ ਹੈ ਕਿ ਤਫ਼ਤੀਸ਼ ਦੇ ਪ੍ਰਯੋਜਨ ਹੀ ਬਦਲ ਜਾਂਦੇ ਹਨ। ਹਥਲੀ ਕਹਾਣੀ ਵਿਚ ਵੀ ਇਵੇਂ ਹੀ ਵਾਪਰਦਾ ਹੈ। ਬੰਟੀ ਦੇ ਕੇਸ ਵਿਚ ਤਫ਼ਤੀਸ਼ ਦੀ ਆੜ ਵਿਚ ਕੋਈ ਆਪਣੇ ਜ਼ਾਤੀ ਵਿਰੋਧ ਕੱਢਣ ਲੱਗਦਾ ਹੈ, ਕੋਈ ਪੈਸੇ ਬਣਾਉਣ ਲੱਗਦਾ ਹੈ ਅਤੇ ਕੋਈ ਹੋਰ ਆਪਣੇ ਉਪਰਲੇ ਅਫ਼ਸਰਾਂ ਜਾਂ ਮੰਤਰੀਆਂ ਨੂੰ ਖੁਸ਼ ਕਰਨ ਦੀ ਕੋਸ਼ਿਸ਼ ਵਿਚ ਰੁੱਝ ਜਾਂਦਾ ਹੈ। ‘ਬੰਟੀ’ ਨੂੰ ਲੱਭਣ ਦੀ ਦਿਸ਼ਾ ਵਿਚ ਕੁਝ ਵੀ ਸਾਰਥਿਕ ਨਹੀਂ ਕੀਤਾ ਜਾਂਦਾ। ਬੰਟੀ ਦੇ ਅਗਵਾਕਾਰ ਇੱਛਤ ਰਕਮ ਨਾ ਮਿਲਣ ਕਰਕੇ ਉਸ ਨੂੰ ਮਾਰ ਦਿੰਦੇ ਹਨ। ਬੰਟੀ ਦੀ ਲਾਸ਼ ਦੇ ਬਰਾਮਦ ਹੋਣ ਬਾਰੇ ਅਤੇ ਅਗਵਾਹਕਾਰਾਂ ਦੀ ਗ੍ਰਿਫ਼ਤਾਰੀ ਬਾਰੇ ਕੁਝ ਅਜਿਹੀਆਂ ਵਿਧੀਆਂ ਤਿਆਰ ਕੀਤੀਆਂ ਜਾਂਦੀਆਂ ਹਨ ਕਿ ਪੁਲਸ ਦੀ ਬਦਨਾਮੀ ਵੀ ਨਾ ਹੋਵੇ ਅਤੇ ਉਸ ਦੇ ਨਿੱਜੀ ਮੁਫ਼ਾਦ ਵੀ ਸਲਾਮਤ ਰਹਿਣ। ਅੰਤ ਵਿਚ ਇਸ ਕੇਸ ਦੀ ਸਮੁੱਚੀ ਜ਼ਿੰਮੇਵਾਰੀ ਦੋ ਗ਼ਰੀਬ ਆਦਮੀਆਂ ਦੇ ਸਿਰ ਪਾ ਕੇ ਉਹਨਾਂ ਦਾ ਚਲਾਣ ਕਰ ਦਿੱਤਾ ਜਾਂਦਾ ਹੈ। ਪੁਲਸ ਐਲਾਨ ਕਰ ਦਿੰਦੀ ਹੈ ਕਿ ਬੰਟੀ ਦੇ ਅਗਵਾਕਾਰਾਂ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਹੈ ਅਤੇ ਕਾਨੂੰਨ ਦੀ ਅਦਾਲਤ ਵਿਚ ਉਨ੍ਹਾਂ ਉੱਤੇ ਮੁਕੱਦਮਾ ਚਲਾਇਆ ਜਾਏਗਾ।

ਲੇਖਕ ਨੇ ਬੜੀ ਨਿਰਭੈਤਾ ਨਾਲ ਭਾਰਤੀ ਨਿਆਇ-ਪ੍ਰਣਾਲੀ ਦੇ ਸੰਚਾਲਕਾਂ ਅਥਵਾ ਜੱਜ ਸਾਹਿਬਾਨ ਦੇ ਕਿਰਦਾਸ ਨੂੰ ਨੰਗਾ ਕੀਤਾ ਹੈ। ਇਕ ਥਾਂ ਤੇ ਉਹ ਲਿਖਦਾ ਹੈਯ

> ਜੱਜ ਨੇ ਬਿਲਕੁਲ ਹੀ ਲਾਹ ਰੱਖੀ ਹੈ। ਤੀਜੇ ਦਿਨ ਚਪੜਾਸੀ ਸੁਨੇਹਾ ਲੈ ਕੇ ਆ ਜਾਂਦਾ ਹੈ। ਸਾਈਕਲ ਦੇ ਟਾਇਰ ਦਿਓ, ਟੱਲੀ ਦੇ ਦਿਓ, ਜਿੰਦਾ ਦੇ ਦਿਓ। ਸਾਹਿਬ ਨੂੰ ਪਾਣੀ ਗਰਮ ਕਰਨ ਨੂੰ ਪਤੀਲਾ ਚਾਹੀਦੈ, ਦੇਗਚੀ ਚਾਹੀਦੀ ਹੈ। ਕਦੇ ਬਾਲਟੀਆਂ ਭੇਜੋ, ਕਦੇ ਡਰੰਮੀ ਅਤੇ ਟੱਬ। ਮਾਲ ਕੋਠੀ ਘੱਲ ਕੇ ਭੱਠੀਆਂ ਦਾ ਸਮਾਨ ਪੂਰਾ ਕਿਵੇਂ ਰਹਿ ਸਕਦੈ। (ਪੰਨਾ 37)

**ਤਫ਼ਤੀਸ਼** ਨਾਵਲ ਵਿਚ ਲੇਖਕ ਦੀ ਆਲੋਚਨਾ ਅਤੇ ਬ੍ਰਿਤਾਂਤ ਇਕ ਦੂਜੇ ਦੇ ਨਾਲ ਨਾਲ ਚੱਲਦੇ ਹਨ। ਇਸ ਤਰ੍ਹਾਂ ਇਹ ਇਕ ਵੱਖਰੇ ਭਾਂਤ ਦੀ ਕਿਰਤ ਹੋ ਨਿਬੜਿਆ ਹੈ। ਇਸ ਦਾ ਬ੍ਰਿਤਾਂਤ-ਪ੍ਰਬੰਧ ਵੀ ਨਵੇਕਲੀ ਪ੍ਰਕਾਰ ਦਾ ਹੈ। ਸਮੁੱਚਾ ਨਾਵਲ ‘ਬੰਟੀ’ ਦੇ ਅਗਵਾ ਹੋਣ ਦੇ ਕੇਸ ਦੀ ਤਫ਼ਤੀਸ਼ ਦੇ ਆਲੇ-ਦੁਆਲੇ ਘੁੰਮਦਾ ਹੈ। ਇਸ ਤਫ਼ਤੀਸ਼ ਨਾਲ ਸੰਬੰਧਿਤ

ਕਿਰਦਾਰ, ਕੇਸ ਦੇ ਅੱਗੇ ਵਧਣ ਦੇ ਨਾਲ-ਨਾਲ ਬਦਲਦੇ ਰਹਿੰਦੇ ਹਨ। ਜਦੋਂ ਹੀ ਕੋਈ ਨਵਾਂ ਕਿਰਦਾਰ ਬ੍ਰਿਤਾਂਤ-ਪ੍ਰਬੰਧ ਵਿਚ ਹਾਜ਼ਰ ਹੁੰਦਾ ਹੈ, ਲੇਖਕ ਬੜੀ ਮਿਹਨਤ ਨਾਲ ਉਸਦੀ ਹਿਸਟਰੀ-ਸ਼ੀਟ ਤਿਆਰ ਕਰਦਾ ਹੈ। ਸਿਪਾਹੀ ਤੋਂ ਲੈ ਕੇ ਐਸ.ਪੀ. ਤੱਕ ਪੁਲਸ ਨਾਲ ਸੰਬੰਧਿਤ ਬਹੁਤ ਸਾਰੇ ਕਿਰਦਾਰ ਇਸ ਨਾਵਲ ਵਿਚ ਆਏ ਹਨ। ਪਰੰਤੂ ਇਨ੍ਹਾਂ ਵਿਚੋਂ ਕੋਈ ਵੀ ਲੇਖਕ ਦੀ ਵਿਅੰਗ ਮਾਰ ਤੋਂ ਨਹੀਂ ਬਚ ਸਕਿਆ। ਪੁਲਸੀਆ-ਕਿਰਦਾਰਾਂ ਦੀ ਇਕ ਵੱਡੀ ਸੰਖਿਆ ਵਿਚ ਅਜਿਹੀ ਪੇਸ਼ਕਾਰੀ ਕਾਰਨ ਇਹ ਨਾਵਲ ਪੰਜਾਬ ਪੁਲਸ ਦੇ ਚਰਿਤਰ ਨਾਲ ਸੰਬੰਧਿਤ ਇਕ ਅਹਿਮ ਦਸਤਾਵੇਜ਼ ਹੋ ਨਿਬੜਿਆ ਹੈ ਅਤੇ ਇਹੀ ਇਸ ਨਾਵਲ ਦੀ ਸਭ ਤੋਂ ਵੱਡੀ ਵਿਸ਼ੇਸ਼ਤਾ ਹੈ।

ਇਸ ਨਾਵਲ ਦੇ ਅੰਤ ਵਿਚ ਲੇਖਕ ਨੇ ਮਾਅਰਕੇਬਾਜ਼ੀ ਦੇ ਕੁਝ ਨਿਜਗਤ ਕਾਰਨਾਂ ਦਾ ਵਿਸ਼ਲੇਸ਼ਣ ਕਰਨ ਦੀ ਕੋਸ਼ਿਸ਼ ਵੀ ਕੀਤੀ ਹੈ। ਇਸ ਪ੍ਰਸੰਗ ਵਿਚ ਉਸਦੇ ਨਾਵਲ ਵਿਚੋਂ ਇਕ ਟਿੱਪਣੀ ਪੇਸ਼ ਹੈ:

> (ਜੱਥੇਬੰਦੀ ਵਿਚ ਸ਼ਾਮਲ) ਮੁੰਡਿਆਂ ਵਿਚੋਂ ਇਕ ਨੇ ਦੱਸਿਆ ਸੀ ਕਿ ਉਸਦਾ ਕੱਪੜੇ ਵਾਲੇ ਭਾਪੇ ਦੀ ਕੁੜੀ ਨਾਲ ਇਸ਼ਕ ਸੀ। ਬਲਬੀਰੋ ਪਰੀਆਂ ਵਰਗੀ ਕੁੜੀ ਸੀ। ਹੱਥ ਲਾਇਆਂ ਮੈਲੀ ਹੁੰਦੀ ਸੀ। ਉਸ ਨੂੰ ਹੀਰੋ ਮਾਰਕਾ ਮੁੰਡੇ ਪਸੰਦ ਸੀ। ਮੁੰਡਾ ਕੋਈ ਹੋਰ ਮਾਰਕਾ ਮਾਰਨ ਦੇ ਤਾਂ ਕਾਬਲ ਨਹੀਂ ਸੀ ਉਹ ਜੱਥੇਬੰਦੀ ਵਿਚ ਹੋ ਗਿਆ। ਬਲਬੀਰੋ ਨੂੰ ਦਿਖਾਉਣ ਲਈ ਉਹ ਜੱਥੇਬੰਦੀ ਦੇ ਉਨ੍ਹਾਂ ਸਾਰੇ ਕੰਮਾਂ ਵਿਚ ਵਧ ਚੜ੍ਹ ਕੇ ਹਿੱਸਾ ਲੈਂਦਾ ਸੀ ਜਿਥੇ ਬਲਬੀਰੋ ਹਾਜ਼ਰ ਹੁੰਦੀ ਸੀ...
>
> ਦੂਜੇ ਦੇ ਹਿਸਾਬ ਵਿਚ ਲੈਕਚਰ ਘੱਟ ਸਨ। ਹਿਸਾਬ ਵਾਲਾ ਪ੍ਰੋਫ਼ੈਸਰ ਕਿਸੇ ਤਰ੍ਹਾਂ ਵੀ ਹਾਜ਼ਰੀਆਂ ਪੂਰੀਆਂ ਕਰਨ ਨੂੰ ਤਿਆਰ ਨਹੀਂ ਸੀ। ਕਿਧਰੇ ਇਮਤਿਹਾਨ ਵਿਚ ਹੀ ਬੈਠਣ ਤੋਂ ਨਾ ਰਹਿ ਜਾਏ ਇਸ ਲਈ ਉਹ ਜੱਥੇਬੰਦੀ ਵਿਚ ਸ਼ਾਮਲ ਹੋ ਗਿਆ। ਡਰਦੇ ਪ੍ਰੋਫ਼ੈਸਰ ਨੇ ਲੈਕਚਰ ਪੂਰੇ ਕਰ ਦਿੱਤੇ।... (ਪੰਨਾ 385)

ਭ੍ਰਿਸ਼ਟ ਪੁਲਸ ਅਫ਼ਸਰਾਂ, ਸਵਾਰਥੀ ਜੱਜਾਂ ਅਤੇ ਮੌਕਾਪ੍ਰਸਤ ਧਾਰਮਿਕ ਆਗੂਆਂ ਦੇ ਨਾਲ-ਨਾਲ ਮਿੱਤਰ ਸੈਨ ਮੀਤ ਨੇ ਪੰਜਾਬ ਦੀਆਂ ਪ੍ਰਗਤੀਸ਼ੀਲ ਪਾਰਟੀਆਂ ਦੇ ਮਾਨਵਤਾਵਾਦੀ ਚਰਿੱਤਰ ਨੂੰ ਵੀ ਪੇਸ਼ ਕੀਤਾ ਹੈ। ਪੰਜਾਬ ਸਟੂਡੈਂਟਸ ਯੂਨੀਅਨ ਅਤੇ ਤਰਕਸ਼ੀਲ ਸੋਸਾਇਟੀਆਂ ਨੇ ਅੱਜ ਦੇ ਗੰਧਲੇ ਸਮਿਆਂ ਵਿਚ ਵੀ ਆਪਣੀ ਨਿਰਮਲ ਸੋਚ ਨੂੰ ਦੂਸ਼ਿਤ ਨਹੀਂ ਹੋਣ ਦਿੱਤਾ। ਇਹ ਲੋਕ ਪੰਜਾਬੀ ਸਮਾਜ ਵਿਚੋਂ ਭ੍ਰਿਸ਼ਟ ਸ਼ਾਸਨ ਵਿਵਸਥਾ ਅਤੇ ਜੜ੍ਹ ਹੋ ਚੁੱਕੇ ਧਾਰਮਿਕ ਰਸਮ ਰਿਵਾਜਾਂ ਦੀ ਰਹਿੰਦ-ਖੂੰਹਦ ਨੂੰ ਹੂੰਝ ਕੇ ਇਕ ਨਵੇਂ ਅਤੇ ਸਵਸਥ ਸਮਾਜ ਦਾ ਨਿਰਮਾਣ ਕਰਨ ਲਈ ਪ੍ਰਯਤਨਸ਼ੀਲ ਹਨ। ਇਨ੍ਹਾਂ ਦੀ ਸਮਾਜਿਕ-ਸਭਿਆਚਾਰ ਨੂੰ ਦੇਣ ਉੱਤੇ ਟਿੱਪਣੀ ਕਰਦਾ ਹੋਇਆ ਲੇਖਕ ਲਿਖਦਾ ਹੈ:

> ਉਨ੍ਹਾਂ ਦੀ ਜੱਥੇਬੰਦੀ ਜਾਤ ਦੇ ਆਧਾਰ ਤੇ ਨਹੀਂ ਜਮਾਤ ਦੇ ਆਧਾਰ ਤੇ ਸਮਾਜ ਨੂੰ ਦੋ ਹਿਸਿਆਂ ਵਿਚ ਵੰਡਦੀ ਹੈ। ਉਹ ਉਪਰਲੀ ਜਮਾਤ ਵਲੋਂ ਹੇਠਲੀ ਜਮਾਤ ਦੀ ਲੁੱਟ ਦੇ ਖਿਲਾਫ ਸਨ। ਉਹ ਮਿਹਨਤਕਸ਼ਾਂ ਨੂੰ ਆਪਣਾ ਹੱਕ ਦਿਵਾਉਣ ਲਈ ਜੂਝ ਰਹੇ ਸਨ। ਇਸ ਲਕਸ਼ ਦੀ ਪ੍ਰਾਪਤੀ ਲਈ ਉਹ ਲੋਕ ਪੱਖ ਸਾਹਿਤ ਦਾ ਪ੍ਰਚਾਰ ਕਰਦੇ ਹਨ।... ਉਨ੍ਹਾਂ ਤਰਕਸ਼ੀਲ ਸੋਸਾਇਟੀ ਵੀ ਬਣਾਈ ਹੋਈ ਹੈ। ਲੋਕਾਂ ਨੂੰ ਟੂਣੇ ਟਾਮਆਂ ਅਤੇ ਵਹਿਮਾਂ ਭਰਮਾਂ ਤੋਂ ਸੁਚੇਤ ਕਰਨ ਲਈ ਉਹ ਸਾਧਾਂ ਸੰਤਾਂ ਨੂੰ ਵੰਗਾਰਦੇ

> ਹਨ।... ਉਹ ਖਾੜਕੂ ਜਥੇਬੰਦੀਆਂ ਵਾਂਗ ਧਰਮ ਪ੍ਰਚਾਰ ਨਹੀਂ ਕਰਦੇ; ਉਹ ਤਾਂ ਭਾਅ ਜੀ ਦੇ ਡਰਾਮੇ ਕਰਾ ਕੇ ਲੋਕਾਂ ਨੂੰ ਲੋਕ ਲੋਕ ਮੁਕਤੀ ਰਾਹ ਦੱਸਦੇ ਹਨ।

**ਤਫ਼ਤੀਸ਼** ਇਕ ਭੋਗੇ ਹੋਏ ਯਥਾਰਥ ਦੀ ਰਚਨਾ ਹੈ। ਇਸੇ ਲਈ ਲੇਖਕ ਨੇ ਇਸ ਯਥਾਰਥ ਨਾਲ ਸੰਬੰਧਿਤ ਹਰ ਨਿਕੇ-ਨੰਨੇ ਵੇਰਵੇ ਦੀ ਵਿਆਖਿਆ ਬੜੇ ਵਿਸਥਾਰ ਵਿਚ ਕੀਤੀ ਹੈ। ਇਸ ਨਾਵਲ ਦੇ ਬ੍ਰਿਤਾਂਤ ਤੋਂ ਲੇਖਕ ਦੀ ਉਸ ਉਤੇਜਨਾ ਅਤੇ ਟੈਨਸ਼ਨ ਬਾਰੇ ਵੀ ਕਾਫ਼ੀ ਮਾਲੂਮ ਹੋ ਜਾਂਦਾ ਹੈ ਜੋ ਲੇਖਕ ਨੇ ਇਸ ਯਥਾਰਥ ਵਿਚੋਂ ਦੀ ਗੁਜ਼ਰਦਿਆਂ ਹੋਇਆਂ ਮਹਿਸੂਸ ਕੀਤੀ ਸੀ। ਸ਼ਾਇਦ ਇਸੇ ਕਾਰਨ ਨਾਵਲ ਦੇ ਬ੍ਰਿਤਾਂਤ ਵਿਚ ਕੁਝ 'ਮੋਨਾਟਨੀ' ਵੀ ਆ ਗਈ ਹੈ। ਕੁਝ ਪੰਨੇ ਪੜ੍ਹ ਲੈਣ ਤੋਂ ਬਾਅਦ ਗੰਭੀਰ ਪਾਠਕ ਨੂੰ ਆਉਣ ਵਾਲੇ ਵੇਰਵਿਆਂ ਦੇ ਚਰਿਤਰ ਬਾਰੇ ਪੂਰਵਾਭਾਸ ਹੋਣ ਲੱਗਦਾ ਹੈ। ਹੋ ਸਕਦਾ ਹੈ ਕਿ ਨਾਵਲ ਕਲਾ ਦੀ ਦ੍ਰਿਸ਼ਟੀ ਤੋਂ ਇਹ ਗੱਲ ਦੋਸ਼ਪੂਰਨ ਰਹੀ ਹੋਵੇ ਪਰੰਤੂ, ਲੇਖਕ ਨੇ ਆਪਣੀ ਵਿਚਾਰਧਾਰਕ ਪਕੜ ਨੂੰ ਕਿਧਰੇ ਵੀ ਕਮਜ਼ੋਰ ਨਹੀਂ ਹੋਣ ਦਿੱਤਾ। ਪੰਜਾਬੀ ਨਾਵਲ ਵਿਚ ਇਕ ਅਸਲੋਂ ਨਵੇਂ ਵਿਸ਼ੇ ਨੂੰ ਪ੍ਰਮਾਣੀਕ ਢੰਗ ਨਾਲ ਪੇਸ਼ ਕਰਨ ਵਿਚ ਮਿੱਤਰ ਸੈਨ ਮੀਤ ਕਾਫ਼ੀ ਸਫ਼ਲ ਰਿਹਾ ਹੈ।

## ਤਫ਼ਤੀਸ਼: ਪੰਜਾਬੀ ਨਾਵਲ ਵਿਚ ਨਵਾਂ ਵਿਧਾਨ

**-ਮਹਿਲ ਸਿੰਘ**

ਮਿੱਤਰ ਸੈਨ ਮੀਤ ਦਾ ਨਵਾਂ ਨਾਵਲ **ਤਫ਼ਤੀਸ਼** (1990) ਪੰਜਾਬੀ ਨਾਵਲ ਦੀਆਂ ਪ੍ਰਚੱਲਿਤ ਲੀਹਾਂ ਤੋਂ ਹੱਟ ਕੇ ਲਿਖਿਆ ਗਿਆ ਨਾਵਲ ਹੈ। ਪੰਜਾਬੀ ਨਾਵਲ ਵਿਚ ਇਕ ਪਾਸੇ ਨਾਨਕ ਸਿੰਘ ਤੇ ਕੰਵਲ ਪਰੰਪਰਾ ਦੇ ਕਹਾਣੀ ਪ੍ਰਧਾਨ ਨਾਵਲ ਹਨ ਤੇ ਦੂਜੇ ਪਾਸੇ ਸੇਠੀ ਤੇ ਤਸਨੀਮ ਵਰਗੇ ਲੇਖਕਾਂ ਦੇ ਪੱਛਮੀ ਤਕਨੀਕਾਂ ਉਤੇ ਆਧਾਰਿਤ ਆਧੁਨਿਕਤਾਵਾਦੀ ਨਾਵਲ। **ਤਫ਼ਤੀਸ਼** ਨਾ ਤਾਂ ਕਹਾਣੀ ਪ੍ਰਧਾਨ ਨਾਵਲ ਹੈ ਅਤੇ ਨਾ ਹੀ ਪੱਛਮੀ ਵਿਧੀਆਂ/ਜੁਗਤਾਂ ਦਾ ਅਨੁਸਾਰੀ। ਇਸ ਨਾਵਲ ਵਿਚ ਪਹਿਲੀ ਵਾਰ ਇਕ ਘਟਨਾ ਦੁਆਲੇ ਬੁਣ ਵੇਰਵਿਆਂ ਨੂੰ ਵਿਅੰਗ ਤੇ ਕਟਾਖ਼ਸ਼ ਦੀ ਨਸ਼ਤਰ ਦੇ ਪ੍ਰਵਾਹ ਨਾਲ ਪੇਸ਼ ਕੀਤਾ ਗਿਆ ਹੈ। ਭਾਵੇਂ ਗੁਰਦਿਆਲ ਸਿੰਘ ਦੇ ਨਾਵਲਾਂ ਤੋਂ ਹੀ ਪੰਜਾਬੀ ਨਾਵਲ ਵਿਚ ਕਟਾਖ਼ਸ਼ੀ-ਬਿਰਤੀ ਪ੍ਰਵੇਸ਼ ਕਰ ਚੁੱਕੀ ਹੈ ਪਰ ਗੁਰਦਿਆਲ ਸਿੰਘ ਦੇ ਨਾਵਲਾਂ ਵਿਚ ਵੀ ਕਹਾਣੀ ਲਕੀਰੀ ਬਿਰਤਾਂਤ ਦੇ ਵਿਚ ਹੀ ਅੱਗੇ-ਪਿੱਛੇ ਵੱਧਦੀ ਹੈ। ਰਚਨਾ-ਦ੍ਰਿਸ਼ਟੀ ਦੇ ਪੱਖੋਂ ਨਵਾਂ ਤੇ ਵਿਕਸਤ ਹੋਣ ਦੇ ਬਾਵਜੂਦ ਗੁਰਦਿਆਲ ਸਿੰਘ ਦਾ ਨਾਵਲੀ ਜਗਤ ਰੂਪ-ਰਚਨਾ ਦੇ ਪੱਖੋਂ ਪਰੰਪਰਾ ਨਾਲ ਕਾਫ਼ੀ ਬਰ ਮੇਚਦਾ ਹੈ। **ਤਫ਼ਤੀਸ਼** ਨਾਵਲ ਵਿਚ ਇਕ ਘਟਨਾ ਨੂੰ ਆਧਾਰ ਬਣਾ ਕੇ ਉਸ ਦੁਆਲੇ ਸਮਾਜਕ-ਸਥਿਤੀ ਦੇ ਵਿਭਿੰਨ ਪਾਸਾਰ ਇਸ ਤਰ੍ਹਾਂ ਬੁਣੇ ਗਏ ਹਨ ਕਿ ਨਾ ਤਾਂ ਇਸ ਨਾਵਲ ਦਾ ਬਿਰਤਾਂਤਕ ਖ਼ਾਕਾ ਕੁਝ ਇਕ ਪਾਤਰਾਂ ਤੱਕ ਸੀਮਤ ਹੈ ਤੇ ਨਾ ਹੀ ਇਸ ਵਿਚ ਕਹਾਣੀ ਕਿਸੇ ਲਕੀਰੀ-ਬਿਰਤਾਂਤ ਵਿਚ ਤੁਰਦੀ ਹੈ।

ਇਸ ਨਾਵਲ ਵਿਚ ਬੰਟੀ ਨਾਂ ਦੇ ਬੱਚੇ ਦੇ ਅਗਵਾ ਅਤੇ ਕਤਲ ਹੋ ਜਾਣ ਦੀ ਘਟਨਾ ਪੇਸ਼ ਹੋਈ ਹੈ। ਇਸ ਇਕ ਘਟਨਾ ਦੀ ਪ੍ਰਧਾਨਤਾ ਕਰਕੇ ਹੀ ਇਸ ਨਾਵਲ ਦੀ ਦਿੱਖ ਨਿੱਕੀ ਕਹਾਣੀ ਵਰਗੀ ਜਾਪਦੀ ਹੈ। ਇਸ ਘਟਨਾ ਨੂੰ ਪਿਛੋਕੜ ਵਿਚ ਰੱਖ ਕੇ ਲੇਖਕ ਸਮਾਜਕ ਤਾਣ-ਬਾਣੇ ਦੀਆਂ ਵਿਭਿੰਨ ਤੰਦਾਂ ਦਾ ਵਿਸਥਾਰ ਵਿਚ ਪਾਜ ਉਘਾੜਦਾ ਹੈ। ਇਸ ਘਟਨਾ ਨਾਲ ਜੁੜੇ ਹੋਰਨਾਂ ਵੇਰਵਿਆਂ ਦੀ ਡੂੰਘਾਈ ਅਤੇ ਪਾਸਾਰ ਹੀ ਇਸ ਰਚਨਾ ਵਿਚ ਨਾਵਲੀਅਤ ਪੈਦਾ ਕਰਦੇ ਹਨ। ਇਹ ਵੇਰਵੇ ਪੁਲਸ, ਵਪਾਰੀ ਵਰਗ ਅਫ਼ਸਰਸ਼ਾਹੀ ਤੇ ਰਾਜਸੀ ਕਾਰਕੁਨਾਂ ਦੇ ਇਤਿਹਾਸਕ ਤੇ ਮਾਨਸਿਕ ਯਥਾਰਥ ਦੀਆਂ ਤੰਦਾਂ ਨਾਲ ਜੁੜੇ ਸਮੁੱਚੇ ਸਮਾਜ ਦੀ ਤਸਵੀਰ ਨਿਹਾਰਦੇ ਹਨ।

**ਤਫ਼ਤੀਸ਼** ਨਾਵਲ ਦਾ ਥੀਮ ਪੁਲਸ ਦੀ ਕਾਰਗੁਜ਼ਾਰੀ ਤੇ ਇਸ ਦੇ ਕਿਰਦਾਰ ਨਾਲ ਸੰਬੰਧਿਤ ਹੈ। ਬੰਟੀ ਦੀ ਤਲਾਸ਼ ਵਿਚ ਲੱਗੀ ਪੁਲਸ ਆਪਣੇ ਨਿੱਜੀ ਮੁਫ਼ਾਦਾਂ ਅਤੇ ਸ਼ੋਹਰਤ ਲਈ ਅਜੇਹੇ ਢੰਗ ਤਰੀਕੇ ਅਪਨਾਉਂਦੀ ਹੈ ਕਿ ਮਸਲਾ ਹੱਲ ਹੋਣ ਦੀ ਥਾਂ ਹੋਰ ਉਲਝ ਜਾਂਦਾ ਹੈ। ਪੁਲਸ ਦੇ ਕਾਰਕੁਨ ਕਾਤਲ ਲੱਭਣ ਨਾਲੋਂ ਆਪਣੀ ਤਰੱਕੀ ਲਈ ਸਾਜ਼ਗਾਰ ਮਾਹੌਲ ਬਣਾਉਣ ਦੇ ਆਹਰ ਵਿਚ ਲੱਗੇ ਵਿਖਾਈ ਦੇਂਦੇ ਹਨ। ਸਬ-ਇਨਸਪੈਕਟਰ 'ਮਨਬੀਰ ਦਾ ਮਨ ਤਰੱਕੀ ਲੈਣ ਉੱਤੇ ਤੁਲਿਆ ਹੋਇਆ ਸੀ। ਉਸਨੂੰ ਅਗਵਾਕਾਰਾਂ ਦੀ ਕੋਈ ਪ੍ਰਵਾਹ ਨਹੀਂ। ਅਸਲੀ ਨਾ ਵੀ ਲੱਭੇ ਤਾਂ ਕੀ ਹੈ। ਦੋ ਚਾਰ ਹੋਰਾਂ ਨੂੰ ਹੀ ਗੱਡੀ ਚੜ੍ਹਾ ਦੇਵੇਗਾ। ਅੱਗੇ ਕਿਹੜਾ ਅਫ਼ਸਰਾਂ ਦੇ ਆਖੇ ਬੰਦੇ ਮਾਰੇ ਨਹੀਂ। ਇਕ ਦੋ ਆਪਣੇ ਲਈ ਮਾਰ ਦਿੱਤੇ ਤਾਂ ਕਿਹੜਾ ਪਹਾੜ ਡਿੱਗ ਪੈਣੈ' (ਪੰਨਾ 83) ਬੂਝਾ ਸਿੰਘ ਵਰਗੇ ਥਾਣੇਦਾਰ ਵੀ ਤਲਾਸ਼ੀ ਦੌਰਾਨ ਸ਼ਰਾਬ, ਅਫ਼ੀਮ ਤੇ ਚੋਰੀ ਦੇ ਕੇਸ ਬਣਾਉਣ ਵਿਚ ਰੁਝੇ ਵਿਖਾਈ ਦੇਂਦੇ ਹਨ। 'ਬੂਝਾ ਸਿੰਘ ਨੂੰ ਨਾ ਤਾਂ ਬੰਟੀ ਨਾਲ ਮਤਲਬ ਸੀ, ਨਾ ਉਸ ਦੇ ਅਗਵਾਕਾਰਾਂ ਨਾਲ। ਉਸਨੂੰ ਆਪਣੀ ਲੀਹ ਤੋਂ ਲੱਥੀ ਗੱਡੀ ਨੂੰ ਥਾਂ ਸਿਰ ਲਿਆਉਣ ਦਾ ਫ਼ਿਕਰ ਸੀ।' (ਪੰਨਾ 174)

ਬੰਟੀ ਦੀ ਤਲਾਸ਼ ਦੌਰਾਨ ਪੁਲਸ ਨੂੰ ਆਪਣੇ ਵਿਰੋਧੀਆਂ ਦਾ ਮੱਕੂ ਠੱਪਣ ਦਾ ਮੌਕਾ ਮਿਲ ਜਾਂਦਾ ਹੈ। ਪੁਲਸ ਦੇ ਇਸ ਤਸ਼ੱਦਦੀ ਵਤੀਰੇ ਕਾਰਣ ਜਨਤਾ ਅਗਵਾਕਾਰਾਂ ਦੀ ਕੋਈ ਸੂਹ ਦੇਣ ਲਈ ਪੁਲਸ ਦੇ ਵਿਰੋਧ ਵਿਚ ਡੱਟ ਜਾਂਦੀ ਹੈ। ਡਿਪਟੀ ਨੌਨਿਹਾਲ ਸਿੰਘ 'ਤਫ਼ਤੀਸ਼ ਹੱਥ ਵਿਚ ਲੈਂਦਿਆਂ ਪਹਿਲਾਂ ਉਨ੍ਹਾਂ ਬੰਦਿਆਂ ਦੀ ਲਿਸਟ ਬਣਾਈ, ਜਿਹੜੇ ਉਸਨੂੰ ਟਿਚ ਕਰਕੇ ਸਮਝਦੇ ਸਨ ਅਤੇ ਜਿਨ੍ਹਾਂ ਨੂੰ ਉਸਨੇ ਪਹਿਲੀ ਰਾਤ ਹੀ ਚੁੱਕਣਾ ਸੀ।' (ਪੰਨਾ 94) ਖੁੱਡੀ ਵਾਲਾ ਨੰਬਰਦਾਰ, ਠੇਕੇਦਾਰ ਮੇਜਰ, ਪੱਬੀ, ਟੈਕਸੀ ਯੂਨੀਅਨ ਦਾ ਪ੍ਰਧਾਨ ਅਤੇ ਫ਼ਕੀਰਈ ਵਰਗੇ ਡਿਪਟੀ ਦੇ ਕਹਿਰ ਦਾ ਇਸ ਲਈ ਸ਼ਿਕਾਰ ਹੁੰਦੇ ਹਨ, ਕਿਉਂਕਿ ਉਪਰਲੇ ਅਫ਼ਸਰਾਂ ਨਾਲ ਸਿੱਧਾ ਸੰਪਰਕ ਤੇ ਲੈਣ ਦੇਣ ਕਰਕੇ ਇਹ ਹੇਠਲੇ ਅਫ਼ਸਰਾਂ ਤੋਂ ਜ਼ਰਾ ਬੇਪ੍ਰਵਾਹ ਹਨ। ਇਨ੍ਹਾਂ ਕੋਲੋਂ ਮੂੰਹ ਮੰਗਿਆ ਪੈਸਾ ਤੇ ਯੋਗ ਮਾਣ ਸਤਿਕਾਰ ਨਾ ਮਿਲਣ ਕਰਕੇ ਡਿਪਟੀ ਲਈ ਤਫ਼ਤੀਸ਼ ਇਨ੍ਹਾਂ ਨੂੰ ਸ਼ਰੇਆਮ ਬੇਇਜ਼ਤ ਕਰਨ ਤੇ ਸਬਕ ਸਿਖਾਉਣ ਦਾ ਵਧੀਆ ਮੌਕਾ ਸੀ।' ਪੁਲਸ ਦੀ ਇਸ ਨਾਦਰਸ਼ਾਹੀ ਤੋਂ ਸਪਸ਼ਟ ਹੈ ਕਿ ਸਾਡਾ 'ਅਖੌਤੀ ਲੋਕਤੰਤਰ' ਅਸਲ ਵਿਚ ਫ਼ੌਜੀ ਅਥਵਾ ਪੁਲਸ ਪ੍ਰਬੰਧ ਹੀ ਹੈ।

ਸਭ ਪੁਲਸ ਮੁਲਾਜਮਾਂ ਦੀ ਦੌੜ ਪੈਸਾ ਇਕੱਠਾ ਕਰਨ ਦੀ ਹੈ। ਇਸ ਦੌੜ ਵਿਚ ਇਹ ਇਕ ਦੂਜੇ ਨੂੰ ਪਛਾੜਨ ਦੀ ਆਪਾਧਾਪੀ ਵਿਚ ਲੱਗੇ ਇਕ ਦੂਜੇ ਦਾ ਵਿਰੋਧ ਕਰਦੇ ਹਨ। ਥਾਣੇ ਵਿਚ ਬੈਠੇ ਮੁਨਸ਼ੀ ਦੀ ਤਮੰਨਾ ਸੀ 'ਡਿਪਟੀ ਦਾ ਇਥੋਂ ਤੁਰ ਜਾਣਾ। ਉਹ ਚਾਹੁੰਦਾ ਸੀ ਡਿਪਟੀ ਦਹਿਸ਼ਤਗਪਸੰਦਾਂ ਦੀ ਗੋਲੀ ਦਾ ਸ਼ਿਕਾਰ ਹੋਵੇ। (ਪੰਨਾ 139) ਜੇ ਇਹ ਨਹੀਂ ਤਾਂ ਉਸਦਾ ਤਬਾਦਲਾ ਹੋ ਜਾਵੇ। ਆਪਣੀ ਅੰਦਰੂਨੀ ਗੁੱਟਬੰਦੀ ਵਿਚ ਇਹ ਮੁਲਾਜ਼ਮ ਇਕ ਦੂਜੇ ਨੂੰ ਮਰਿਆ ਭਾਲਦੇ ਹਨ। ਕਹਿਣ ਨੂੰ ਅਨੁਸ਼ਾਸਨ ਕਾਇਮ ਰੱਖਣ ਵਾਲੀ ਇਹ ਫੋਰਸ ਆਪਣੀ ਅੰਦਰੂਨੀ ਸ਼ਰੀਕਬਾਜ਼ੀ ਵਿਚ ਖ਼ੁਦ ਹੀ ਅਨੁਸ਼ਾਸਣਹੀਨ ਹੋਈ ਦਿਸਦੀ ਹੈ। ਇਸ ਕਰਕੇ ਲੇਖਕ ਇਸ ਨੂੰ ਦਿੱਖ ਤੇ ਅਸਲੇ ਪੱਖੋਂ ਡਿਸਪਲਨਰ ਫੋਰਸ ਕਹਿਣਾ ਫ਼ਜ਼ੂਲ ਸਮਝਦਾ ਹੈ। ਇਹ ਮੁਲਾਜ਼ਮ ਉਨ੍ਹਾਂ ਥਾਨਿਆਂ ਵਿਚ ਬਦਲੀ ਕਰਾਉਦ ਦੀ ਸੋਚਦੇ ਰਹਿੰਦੇ ਹਨ ਜਿਥੇ ਵੱਧ ਦਹਿਸ਼ਤਗਰਦੀ ਤੇ ਸਮਗਲਿੰਗ ਚਲਦੀ ਹੋਵੇ। ਬਦਲੀਆਂ ਦੀ ਤਾਕਤ ਜ਼ਿਆਦਾਤਰ ਰਾਜਸੀ ਨੇਤਾਵਾਂ ਕੋਲ ਹੈ। ਇਸ ਕਰਕੇ ਇਹ ਜਾਇਜ਼ ਨਾਜਾਇਜ਼ ਢੰਗ ਨਾਲ ਇਨ੍ਹਾਂ ਨੇਤਾਵਾਂ ਨੂੰ ਖੁਸ਼ ਕਰਕੇ ਇਨ੍ਹਾਂ ਨਾਲ ਸੰਬੰਧ ਬਣਾਉਣ ਦੇ ਆਹਰ ਵਿਚ ਲੱਗੇ ਦਿਖਾਈ ਦੇਂਦੇ ਹਨ। ਸਬ-ਇਨਸਪੈਕਟਰ ਮਨਬੀਰ ਇਸੇ ਕਰਕੇ ਚੋਣਾਂ ਦੌਰਾਨ ਆਪਣੇ ਹਮਦਰਦ ਨੇਤਾਵਾਂ ਨੂੰ ਹੈ ਜਤਾਉਣ ਲਈ ਦਿਨ ਰਾਤ ਇਕ ਕਰ ਦੇਂਦਾ ਹੈ। ਮਨਬੀਰ ਨਾਜਾਇਜ਼ ਸ਼ਰਾਬ ਤੇ ਅਫ਼ੀਮ ਵਾਲਿਆਂ ਨੂੰ ਖੁਲ੍ਹੀ ਛੁੱਟੀ ਦੇ ਦੇਂਦਾ ਹੈ ਤੇ ਇਸ ਬਦਲੇ 'ਮਨਬੀਰ ਦੀ ਇਕੋ ਸ਼ਰਤ ਸੀ। ਉਹ ਸਾਰੇ ਸਰਦਾਰ ਦੀ ਡਟ ਕੇ ਮਦਦ ਕਰਨ।' (ਪੰਨਾ 81) ਪੁਲਿਸ ਰਾਜਸੀ ਨੇਤਾਵਾਂ ਦੇ ਗੱਠਜੋੜ ਨਾਲ ਧਾੜਵੀ ਕਿਰਦਾਰ ਨਿਭਾਉਂਦੀ ਹੈ ਅਤੇ ਆਪਣੇ ਹਿੱਤਾਂ ਲਈ ਚੋਰ-ਬਾਜ਼ਾਰੀ ਨੂੰ ਉਤਸ਼ਾਹਿਤ ਕਰਦੀ ਹੈ। ਇਸ ਤਰ੍ਹਾਂ ਪੁਲਸ ਮੁਲਾਜ਼ਮ ਤੇ ਮੁਲਜ਼ਮ ਵਿਚ ਭਿੰਨ ਭੇਦ ਮਿਟ ਗਿਆ ਦਿਸਦਾ ਹੈ।

ਰਾਜਸੀ ਕਾਰਕੁਨ ਭਾਵੇਂ ਲੋਕਾਂ ਦੀ ਮੰਗ ਉਤੇ ਬੰਟੀ ਦੀ ਤਲਾਸ਼ ਲਈ ਯੋਗ ਤੋਂ ਯੋਗ ਪੁਲਸ ਅਫ਼ਸਰਾਂ ਦੀ ਡਿਊਟੀ ਲਾਉਂਦੇ ਹਨ ਪਰ ਇਨ੍ਹਾਂ ਬਦਲੀਆਂ ਦੇ ਬਾਵਜੂਦ ਪੁਲਸ-ਵਿਹਾਰ ਨਹੀਂ ਬਦਲਦਾ। ਹਰ ਨਵੇਂ ਪੁਲਸੀਏ ਦੀ ਕਾਰਗੁਜ਼ਾਰੀ ਆਮ ਜਨਤਾ ਉਤੇ ਹੀ ਤਸ਼ੱਦਦ ਦਾ ਨਵਾਂ ਰੂਪ ਬਣ ਨਿਬੜਦੀ ਹੈ। ਲੋਕਾਂ ਦੀਆਂ ਅੱਖੀਂ ਘੱਟਾ ਪਾਉਣ ਤੇ ਆਪਣੀ ਯੋਗਤਾ ਸਿੱਧ ਕਰਨ ਲਈ ਅਖ਼ੀਰ ਪੁਲਸ ਪਾਲੇ ਤੇ ਮੀਤੇ ਵਰਗੇ ਮਾਮੂਲੀ ਚੋਰਾਂ ਨੂੰ ਹੀ ਬੰਟੀ ਦੇ ਕਾਤਲਾਂ ਵਜੋਂ ਪੇਸ਼ ਕਰ ਦੇਂਦੀ ਹੈ।

ਐਸ.ਪੀ. ਖ਼ਾਨ, ਤੇ ਸਬ ਇਨਸਪੈਕਟਰ ਅਮੀ ਚੰਦ ਭਾਵੇਂ ਪੁਲਿਸ ਵਿਚੋਂ ਹਨ ਪਰ ਇਹ ਪੁਲਸ ਵਰਗੇ ਨਹੀਂ ਹਨ। ਇਹ ਆਪਣੇ ਕਰਤੱਵ ਪ੍ਰਤੀ ਸੁਹਿਰਦ ਤੇ ਇਮਾਨਦਾਰ ਹਨ। ਪਰ ਸਮੁੱਚੇ ਪੁਲਸ ਵਿਹਾਰ ਵਿਚ ਅਜੇਹੀਆਂ ਪਾਕ-ਇੱਟਾਂ ਦੀ ਗਿਣਤੀ ਨਾ-ਮਾਤਰ ਹੀ ਹੈ। ਸਮੁੱਚੀ ਭਰਿਸ਼ਟ ਸਥਿਤੀ ਨੂੰ ਅਜੇਹੇ ਟਾਵੇਂ ਅਫ਼ਸਰ ਕੋਈ ਨਵਾਂ ਮੋੜ ਦੇਣ ਤੋਂ ਅਸਮਰਥ ਹੋਏ ਮਨ ਹੀ ਮਨ ਖਿੱਝਦੇ ਰਹਿੰਦੇ ਹਨ।

ਪੁਲਸ ਦੇ ਨਾਲ ਨਾਲ ਗੌਣ ਰੂਪ ਵਿਚ ਅਥਵਾ ਰੀਮ ਦੀ ਪੱਧਰ ਉਤੇ ਰਾਜਸੀ ਕਾਰਕਨਾਂ ਦੇ ਅਮਲ ਤੇ ਚਰਿਤਰ ਦੇ ਆਲੋਚਨਾਤਮਿਕ ਵੇਰਵੇ ਵੀ ਇਸ ਨਾਵਲ ਵਿਚ ਮਿਲਦੇ ਹਨ। ਇਹ ਨੇਤਾ ਧਾਰਮਿਕ ਤੇ ਫਿਰਕੂ ਨਾਹਰਿਆਂ ਦੀ ਪੌੜੀ ਰਾਹੀਂ ਰਾਜਸੀ ਤਾਕਤ ਤੱਕ ਪੁਜਣ ਲਈ ਯਤਨਸ਼ੀਲ ਵਿਖਾਈ ਦੇਂਦੇ ਹਨ। ਜਾਤੀ ਤੇ ਧਾਰਮਿਕ ਸਮੱਸਿਆਵਾਂ ਰਾਜਸੀ ਕਾਰਕੁਨਾਂ ਲਈ ਇਕ ਤਰ੍ਹਾਂ ਵੋਟ ਬੈਂਕ ਹਨ। ਅਜੇਹੇ ਹਿੱਤਾਂ ਖ਼ਾਤਿਰ ਇਹ ਅਜੇਹੀਆਂ ਸਮੱਸਿਆਵਾਂ ਨੂੰ ਉਤੇਜਿਤ ਕਰਨ ਦੀਆਂ ਚਾਲਾਂ ਚਲਦੇ ਹਨ। ਆਪਣੇ ਖੁਦੇ ਰਾਜਸੀ ਵਿਕਾਰ ਨੂੰ ਮੁੜ ਬਹਾਲ ਕਰਨ ਲਈ ਧਰਮ ਇਨ੍ਹਾਂ ਲਈ ਸੌਖਾ ਤੇ ਕਾਰਗਰ ਹਥਿਆਰ ਹੈ। ਬਾਬੂ ਤੇ ਲਾਲੇ ਕੋਲ 'ਚੋਣਾਂ ਲੜਨ ਦਾ ਹੋਰ ਤਾਂ ਕੋਈ ਮੁੱਦਾ ਨਹੀਂ ਸੀ। ਮਾਹੌਲ ਨੂੰ ਫ਼ਿਰਕੂ ਰੰਗ ਦੇਣ ਤੇ ਤੁਲੇ ਹੋਏ ਸਨ।' (ਪੰਨਾ 249) ਆਜ਼ਾਦੀ ਤੋਂ ਪਿਛੋਂ ਤੇ ਖ਼ਾਸ ਕਰਕੇ ਸਤਵੇਂ ਦਹਾਕੇ ਤੋਂ ਬਾਅਦ ਦੇ ਰਾਜਸੀ ਵਿਹਾਰ ਨੇ ਸਾਡੀਆਂ ਸਮੱਸਿਆਵਾਂ ਨੂੰ ਵਧੇਰੇ ਜਟਿਲ ਤੇ ਸੂਖਮ ਬਣਾ ਦਿੱਤਾ ਹੈ। ਸਮਾਜ ਨੂੰ ਨਿਰਵਿਘਨ ਤੇ ਨਿਯੰਤਰਣ ਵਿਚ ਚਲਾਉਣ ਵਾਲੇ ਰਾਜਸੀ ਮਾਹਿਰਾਂ ਨੇ ਆਪਣੀ ਚੌਧਰ ਅਤੇ ਸ਼ੋਹਰਤ ਬਣਾਈ ਰੱਖਣ ਲਈ ਜਨਸਧਾਰਨ ਨੂੰ ਆਪਣੇ ਵਿਚ ਹੀ ਉਲਝਾ ਰੱਖਿਆ ਹੈ। ਨੈਤਿਕਤਾ, ਦਿਆਨਤਦਾਰੀ ਤੇ ਇਮਾਨਦਾਰੀ ਵਰਗੀਆਂ ਕਦਰਾਂ ਅਜੋਕੀ ਰਾਜਨੀਤੀ ਵਿਚ ਬੀਤੇ ਦੀ ਚੀਜ਼ ਬਣ ਕੇ ਰਹਿ ਗਈਆਂ ਹਨ। ਇਸ ਸਿਸਟਮ ਦੇ ਗੰਗਾ ਜਦ ਗੰਗੋਤਰੀ ਤੋਂ ਹੀ ਮੈਲੀ ਹੈ ਤਾਂ ਅੱਗੋਂ ਇਸ ਦੇ ਸਾਫ਼ ਹੋਣ ਦੀ ਆਸ ਕਿਵੇਂ ਕੀਤੀ ਜਾ ਸਕਦੀ ਹੈ। ਜਿਹਾ ਰਾਜਾ ਤਿਹੀ ਪਰਜਾ। ਜੇ ਮੁੱਖ ਮੰਤਰੀ ਆਪਣੀ ਕੁਰਸੀ ਚਲਾਉਣ ਲਈ ਪੁੱਠੇ ਸਿੱਧੇ ਹੁਕਮ ਸੁਣਾ ਰਿਹਾ ਹੈ ਤਾਂ ਅਫ਼ਸਰਾਂ ਨੂੰ ਕੀ ਚੱਟੀ ਪਈ ਹੈ ਆਪਣੀ ਕੁਰਸੀ ਨੂੰ ਖ਼ਤਰੇ ਵਿਚ ਪਾਉਣ ਦੀ।' (ਪੰਨਾ 28) ਭ੍ਰਿਸ਼ਟ ਤੇ ਮੌਕਾਪ੍ਰਸਤ ਰਾਜਨੀਤੀ ਦੇ ਥੱਲੇ ਹੀ ਅੱਗੇ ਹਰ ਮਹਿਕਮਾ ਨੰਗੀ ਚਿੱਟੀ ਲੁੱਟ ਮਚਾਈ ਬੈਠਾ ਹੈ।

**ਤਫ਼ਤੀਸ਼** ਨਾਵਲ ਵਿਚ ਰੀਮ ਦੀ ਪੱਥਰ ਤੇ ਵਪਾਰੀਆਂ ਤੇ ਅਫ਼ਸਰਾਂ ਦਾ ਕਿਰਦਾਰ ਵੀ ਫੋਲਿਆ ਗਿਆ ਹੈ। ਆਮ ਕਰਕੇ ਸਾਰੇ ਨਾਵਲ ਵਿਚ ਹੀ ਪਰ ਖਾਸ ਕਰਕੇ ਕਾਂਡ 10 ਵਿਚ ਇਹ ਫੋਲਾਫਾਲੀ ਬੜੇ ਮਾਰਮਿਕ ਰੂਪ ਵਿਚ ਪੇਸ਼ ਹੋਈ ਹੈ। ਸਾਡੀ ਇਹ ਵਪਾਰਕ ਤੇ ਅਫ਼ਸਰ ਸ਼੍ਰੇਣੀ ਨਵ-ਅਮੀਰ ਸ਼੍ਰੇਣੀ ਹੈ। ਸੱਤਰਵਿਆਂ ਤੋਂ ਬਾਅਦ ਤੇਜ਼ੀ ਨਾਲ ਹੋਏ ਪੂੰਜੀਵਾਦੀ ਵਿਕਾਸ ਵਿਚ ਇਸ ਸ਼੍ਰੇਣੀ ਦੇ ਨਵੇਂ ਧੰਦਿਆਂ ਰਾਹੀਂ ਵਾਰੇ ਨਿਆਰੇ ਹੋਏ ਹਨ। ਇਹ ਵਿਰਸੇ ਵਜੋਂ ਖ਼ਾਨਦਾਨੀ ਅਮੀਰ ਸ਼੍ਰੇਣੀ ਨਹੀਂ। 'ਸਤਪਾਲ ਜਿਹੜਾ ਸ਼ੈਲਰਾਂ ਵਿਚ ਮੁਨੀਮੀ ਕਰਦਾ ਕਰਦਾ ਸ਼ੈਲਰਾਂ ਦਾ ਮਾਲਕ ਦਾ ਮਾਲਕ ਬਣ ਗਿਆ ਸੀ।' (ਪੰਨਾ 152) ਪਿੱਛਲਝਾਤ ਜੁਗਤ ਰਾਹੀਂ ਹਰ ਵਪਾਰੀ, ਅਫ਼ਸਰ ਤੇ ਸਮਗਲਰ ਦਾ ਇਤਿਹਾਸਕ ਪਿਛਵਾੜਾ ਚਿਤ੍ਰਿਆ ਗਿਆ ਹੈ। 'ਬੰਤੇ ਦੇ ਬਾਪ ਨੇ ਸਾਰੀ ਉਮਰ ਆੜਤੀਆਂ ਦੀਆਂ ਦੁਕਾਨਾਂ ਤੇ ਜੋ ਝਾੜੂ ਮਾਰਿਆ ਸੀ ਤਾਂ ਕੀ ਹੋਇਆ? ਬੰਤਾ ਅੱਜ ਕੱਲ੍ਹ ਲੱਖਾਂ ਵਿਚ ਖੇਡਦਾ ਸੀ।' (ਪੰਨਾ 128) 'ਮੋਟੀ ਗੋਗੜ ਵਾਲਾ ਇਹ ਠੇਕੇਦਾਰ ਪੰਦਰਾਂ ਸਾਲ ਪਹਿਲਾਂ ਸੁੱਕੇ ਕਾਨੇ ਵਰਗਾ ਹੁੰਦਾ ਸੀ। ਸਾਰਾ ਦਿਨ ਟਾਟਕਾਂ ਵਾਲੇ ਠੇਕੇ ਤੇ ਗੱਦੀ ਤੇ ਬੈਠਾ ਰਹਿੰਦਾ। ਉਸ ਸਮੇਂ ਉਹ ਕੇਵਲ ਇਕ ਕਰਿੰਦਾ ਸੀ।' (ਪੰਨਾ 148) ਵਪਾਰੀਆਂ ਦੇ ਨਾਲ ਨਾਲ ਲੇਖਕ ਨੇ ਸਰਕਾਰੀ ਮੁਲਾਜ਼ਮਾਂ ਦੇ ਪਿਛੋਕੜ ਨੂੰ ਵੀ ਪੇਸ਼ ਕੀਤਾ ਹੈ। 'ਓਵਰਸੀਅਰ...

ਦੀ ਕੋਠੀ ਵਿਚ ਸੰਗਰਮਰ ਅਤੇ ਪੱਥਰ ਇਉਂ ਲੱਗਿਆ ਸੀ, ਜਿਵੇਂ ਠੱਲੀ ਵਾਲਾ ਸੇਠ ਹੋਵੇ। ਪੋਤੜੇ ਫਰੋਲੇ ਜਾਣ ਤਾਂ ਪਤਾ ਲੱਗੇਗਾ ਕਿ ਓਵਰਸੀਅਰ ਦਾ ਬਾਪ ਪੁਲਸ ਦੀ ਵਰਦੀ ਸਿਉਂ ਕੇ ਗੁਜ਼ਾਰਾ ਕਰਦਾ ਸੀ।' (ਪੰਨਾ 158) ਪੁਲਸ ਸਬ ਇਨਸਪੈਕਟਰ ਅਮੀ ਚੰਦ ਨੂੰ 'ਮਾਡਲ ਟਾਊਨ ਦੀਆਂ ਸਾਰੀਆਂ ਕੋਠੀਆਂ ਦੇ ਮਾਲਕ ਚੋਰ, ਠੱਗ ਅਤੇ ਲੁਟੇਰੇ ਨਜ਼ਰ ਆਉਂਦੇ ਸਨ। ਕੋਈ ਰਿਸ਼ਵਤਖੋਰ ਸੀ, ਕੋਈ ਬਲੈਕੀਆ। ਹੈਰਾਨੀ ਦੀ ਗੱਲ ਇਹ ਸੀ ਕਿ ਨਾ ਸਮਾਜ ਇਨ੍ਹਾਂ ਨੂੰ ਮੁਜਰਮ ਗਰਦਾਨਦਾ ਸੀ ਤੇ ਨਾ ਕਾਨੂੰਨ। ਉਲਟਾ ਦੋਵੇਂ ਇਨ੍ਹਾਂ ਨੂੰ ਇਜ਼ਤ ਨਾਲ ਦੇਖਦੇ ਸਨ।' (ਪੰਨਾ 118) ਸਮਾਜ ਦੇ ਇਸ ਤਬਕੇ ਦਾ ਇਕੋ ਇਕ ਰੱਬ ਪੈਸਾ ਹੈ। ਪੈਸੇ ਦੇ ਲਾਲਚ ਵਿਚ ਇਹ ਵਰਗ ਸਭ ਅਸੂਲ ਛਿੱਕੇ ਤੇ ਟੰਗੀ ਬੈਠਾ ਹੈ। ਇਨ੍ਹਾਂ ਦੇ ਚਰਿਤਰ ਤੋਂ ਸਪਸ਼ਟ ਹੈ ਕਿ ਪੈਸੇ ਦਾ ਲਾਲਚੀ ਇਹ ਉੱਚ ਵਰਗ ਪੈਸੇ ਖ਼ਾਤਿਰ ਵਧੇਰੇ ਜੁਰਮ ਕਰਦਾ ਹੈ।

ਨਾਵਲਕਾਰ ਦੀ ਖੂਬੀ ਇਹ ਹੈ ਕਿ ਉਹ ਕਿਸੇ ਪੁਲਸ ਅਫ਼ਸਰ, ਨੇਤਾ ਜਾਂ ਵਪਾਰੀ ਦੇ ਭ੍ਰਿਸ਼ਟ ਕਿਰਦਾਰ ਨੂੰ ਕਿਸੇ ਖਲਨਾਇਕੀ ਸੰਦਰਭ ਵਿਚ ਨਹੀਂ ਚਿਤਰਦਾ। ਸਗੋਂ, ਸਮੁੱਚੀ ਰਾਜਸੀ, ਸਰਕਾਰੀ ਤੇ ਵਪਾਰਕ ਵਿਵਸਥਾ ਨੂੰ ਹੀ ਖਲਨਾਇਕੀ ਸੰਦਰਭ ਵਿਚ ਪੇਸ਼ ਕੀਤਾ ਗਿਆ ਹੈ। ਲੇਖਕ ਵਿਅਕਤੀ ਦੇ ਖੋਟ ਨਾਲੋਂ ਵਿਵਸਥਾ ਦੇ ਖੋਟ ਨੂੰ ਆਪਣੇ ਵਿਅੰਗ ਦਾ ਨਿਸ਼ਾਨਾ ਬਣਾਉਂਦਾ ਹੈ। ਲੇਖਕ ਨੇ ਕਿਸੇ ਤੰਦ ਦੇ ਵਿਗੜੇ ਹੋਣ ਦੀ ਥਾਂ ਸਮੁੱਚੀ ਤਾਣੀ ਦੇ ਹੀ ਵਿਗੜਣ ਅਥਵਾ ਆਵਾ ਊਤ ਜਾਣ ਦੀ ਤਸਵੀਰ ਪੇਸ਼ ਕੀਤੀ ਹੈ। ਪੂੰਜੀਵਾਦੀ ਸਮਾਜ ਦਾ ਸੰਕਟ ਹੀ ਇਹ ਹੈ ਕਿ ਇਸ ਵਿਚ ਵਿਕਾਸ ਸਿਰਫ਼ ਸਮਾਜ ਦਾ ਕੁਝ ਹਿੱਸਾ ਹੀ ਕਰਦਾ ਹੈ। ਵਧੇਰੇ ਜਨਸਮੂਹ ਜਾਂ ਤਾਂ ਖੜੌਤ ਹੰਢਾਉਂਦਾ ਹੈ ਤੇ ਜਾਂ ਦਿਨੋ ਦਿਨ ਹੋਰ ਨਿਘਰਦਾ ਜਾ ਰਿਹਾ ਹੈ। ਦਿਨੋ ਦਿਨ ਵੱਧ ਰਿਹਾ ਅਜੇਹਾ ਪਾੜਾ ਹੀ ਕਈ ਕਿਸਮ ਦੀ ਅਫ਼ਰਾਤਫ਼ਰੀ ਦਾ ਕਾਰਣ ਬਣ ਰਿਹਾ ਹੈ।

ਨਿਰਾ ਇਤਿਹਾਸਕ ਹੀ ਨਹੀਂ, ਇਸ ਨਾਵਲ ਵਿਚ ਹਰ ਪਾਤਰ ਦੀਆਂ ਸੋਚਾਂ, ਖਾਹਸ਼ਾਂ ਤੇ ਮਨਸੂਬਿਆਂ ਦਾ ਮਾਨਸਿਕ ਯਥਾਰਥ ਵੀ ਪੇਸ਼ ਹੋਇਆ ਹੈ। ਥਾਣੇ ਵਿਚ ਬੈਠੇ ਪੁਲਸੀਏ ਬਾਹਰੋਂ ਆਈਆਂ ਆਸਾਮੀਆਂ ਤੇ ਸਿਫ਼ਾਰਸ਼ੀਆਂ ਨੂੰ ਵੇਖ ਕੇ ਕਿਸ ਤਰ੍ਹਾਂ ਦੀ ਪ੍ਰਤੀਕਿਰਿਆਂ ਤੇ ਅਨੁਮਾਨ ਲਗਾਉਂਦੇ ਹਨ, ਦਾ ਮਾਨਸਿਕ ਦਵੰਦ ਲੇਖਕ ਨੇ ਵਿਸਤ੍ਰਿਤ ਰੂਪ ਵਿਚ ਪੇਸ਼ ਕੀਤਾ ਹੈ। ਬੰਟੀ ਦੀ ਮਾਂ ਕਾਂਤਾ ਦਾ ਕਿਰਦਾਰ ਤਾਂ ਬਹੁਤਾ ਉਘੜਦਾ ਹੀ ਉਸਦੀ ਮਨੋ-ਸਥਿਤੀ ਰਾਹੀਂ ਹੈ। ਬੰਟੀ ਦੇ ਕਤਲ ਹੋ ਜਾਣ ਤੇ ਘਰ ਆਏ ਮੁੱਖ ਮੰਤਰੀ ਦੀ ਕਾਰਗੁਜ਼ਾਰੀ ਤੇ ਸ਼ਹਿਰ ਵਾਲਿਆਂ ਦੀ ਮੁੱਖ ਮੰਤਰੀ ਲਈ ਕੀਤੀ ਆਉ-ਭਗਤ ਤੋਂ ਕਾਂਤਾ ਦੇ ਮਨ ਵਿਚ ਕਈ ਸੰਦੇਹ ਤੇ ਸਵਾਲ ਉੱਠਦੇ ਹਨ। ਮੁੱਖ ਮੰਤਰੀ ਵਲੋਂ ਮਿਲੀ ਮਾਇਕ ਤੇ ਹੋਰ ਸਹਾਇਤਾ ਕਾਂਤਾ ਨੂੰ ਬੰਟੀ ਦੀ ਲਾਸ਼ ਦੇ ਮੁੱਲ ਸਮਾਨ ਦਿੱਸਦੀ ਹੈ। **ਤਫ਼ਤੀਸ਼** ਨਾਵਲ ਵਿਚ ਮਾਨਸਿਕ ਯਥਾਰਥ ਦੀ ਇਹ ਜੁਗਤ ਟੁੱਟਵੇਂ ਰੂਪ ਵਿਚ ਨਹੀਂ ਬਲਕਿ ਨਿਰੰਤਰ ਪ੍ਰਵਾਹ ਵਜੋਂ ਸਮੁੱਚੀ ਰਚਨਾ ਦੇ ਆਰ ਪਾਰ ਫੈਲੀ ਹੋਈ ਹੈ।

ਇਸ ਨਾਵਲ ਦਾ ਮੁੱਖ ਥੀਮ ਭਾਵੇਂ ਖਾੜਕੂ ਲਹਿਰ ਦੇ ਵਿਹਾਰ ਤੇ ਇਤਿਹਾਸਕ ਪਿਛੋਕੜ ਨੂੰ ਚਿਤ੍ਰਣ ਨਾਲ ਸੰਬੰਧਿਤ ਨਹੀਂ ਹੈ ਪਰ ਵਿਰਲੇ ਟਾਵੇਂ ਰੂਪ ਵਿਚ ਇਸ ਲਹਿਰ ਦੇ ਕਾਰਕੁਨਾਂ ਤੇ ਉਨ੍ਹਾਂ ਦੇ ਪਿਛੋਕੜ ਦੀ ਕਨਸੋਅ ਮਿਲਦੀ ਹੈ। ਇਸ ਲਹਿਰ ਦੇ ਉਦਭਵ ਨੂੰ ਲੇਖਕ ਕਿਸੇ ਇਕ ਕਾਰਣ ਨਾਲ ਨਹੀਂ ਜੋੜਦਾ। ਸ਼ਿੰਦਾ ਆਪਣੇ ਭਰਾਵਾਂ ਤੋਂ ਆਪਣੇ ਹਿੱਸੇ ਦੀ ਜ਼ਮੀਨ ਛੁਡਾਉਣ ਲਈ ਇਸ ਲਹਿਰ ਵਿਚ ਸ਼ਾਮਿਲ ਹੋ ਜਾਂਦਾ ਹੈ। ਲੱਛੂ ਮਿਸਤਰੀ ਦਾ ਮੁੰਡਾ ਵਰਕਸ਼ਾਪ ਫੇਲ੍ਹ ਹੋ ਜਾਣ ਕਾਰਣ ਇਸ ਲਹਿਰ ਵਿਚ ਆ ਰਲਦਾ ਹੈ। ਹਰੇ ਇਨਕਲਾਬ ਤੋਂ ਬਾਅਦ ਕਿਸਾਨੀ ਵਿਚ ਫੈਲੀ ਦਿਸਦੀ ਅਤੇ ਅਣਦਿਸਦੀ ਬੇਰੁਜ਼ਗਾਰੀ ਕਾਰਣ ਨੌਜਵਾਨ ਵਰਗ ਇਸ ਲਹਿਰ ਦਾ ਬਾਲਣ ਬਣ ਰਿਹਾ ਹੈ। 'ਮੱਧਵਰਗੀ ਨੌਜਵਾਨ ਵਿਹਲਾ ਰਹਿ ਕੇ

ਬਗਾਵਤ ਨਹੀਂ ਕਰੇਗਾ ਤਾਂ ਹੋਰ ਕੀ ਕਰੇਗਾ? ਉਹ ਘਰ ਦਾ ਰਿਹਾ ਨਾ ਘਾਟ ਦਾ।' (ਪੰਨਾ 114) ਵਧੇਰੇ ਕਰਕੇ ਕਿਸਾਨੀ ਵਿਚੋਂ ਪੈਦਾ ਹੋਈ ਇਸ ਖਾੜਕੂ ਲਹਿਰ ਦੇ ਉਦਭਵ, ਚਰਿਤਰ, ਕਾਰਗੁਜ਼ਾਰੀ ਤੇ ਇਤਿਹਾਸਕ ਪਿਛੋਕੜ ਦੀ ਵਿਸਤ੍ਰਿਤ ਜਾਣਕਾਰੀ ਸਾਨੂੰ ਜਸਬੀਰ ਮੰਡ ਦੇ ਨਾਵਲ **ਅੱਗ ਦੇ ਬੀਜ** (ਦੋ ਭਾਗ: 1986, 1990) ਵਿਚੋਂ ਮਿਲਦੀ ਹੈ। **ਤਫ਼ਤੀਸ਼** ਨਾਵਲ ਵਿਚ ਅਜੇਹਾ ਅਧਿਐਨ ਅਲਪ ਤੇ ਇਕਹਿਰੇ ਪ੍ਰਭਾਵ ਵਾਲਾ ਹੈ। ਇਸ ਦਾ ਮੁੱਖ ਥੀਮ ਪੁਲਸ ਅਤੇ ਇਸ ਵਿਵਸਥਾ ਉੱਤੇ ਕਾਬਜ਼ ਹੋਰ ਅੰਗਾਂ ਦੀ ਪੜਚੋਲ ਨਾਲ ਸੰਬੰਧਿਤ ਹੈ। ਸ਼ਹਿਰ ਵਿਚ ਵੱਸੀਆਂ 'ਗੰਦੀਆਂ ਬਸਤੀਆਂ' ਦੇ ਵਸਨੀਕਾਂ, ਮੰਗਤਿਆਂ, ਸਾਂਸੀਆਂ ਤੇ ਵਾਣ-ਵਟਣਿਆਂ ਦੀ ਦਰਦਨਾਕ ਸਥਿਤੀ ਦੇ ਅੰਸ਼ਕ ਵੇਰਵੇ ਦੀ **ਤਫ਼ਤੀਸ਼** ਨਾਵਲ ਵਿਚ ਮਿਲਦੇ ਹਨ। ਇਹ ਲੋਕ ਇਤਿਹਾਸ ਦੇ ਕਿਸੇ ਮੋੜ ਉਤੇ ਧੰਦੇ ਖੁਸ ਜਾਣ ਕਰਕੇ ਨਿੱਕੀਆਂ-ਮੋਟੀਆਂ ਚੋਰੀਆਂ ਨਾਲ ਢਿੱਡ ਭਰਦੇ ਸਨ। 'ਨਾ ਸਾਂਸੀ ਖ਼ਾਨਦਾਨੀ ਮੁਜਰਮ ਸਨ ਨਾ ਮੰਗਤੇ। ਮਾੜੇ ਹਾਲਾਤ ਨੇ ਉਨ੍ਹਾਂ ਨੂੰ ਮੁਜਰਮ ਬਣਾਇਆ ਸੀ।' (ਪੰਨਾ 24) ਭਾਵੇਂ ਇਹ ਹੁਣ ਮਜ਼ਦੂਰੀ ਧੰਦਿਆਂ ਵੱਲ ਰੁਚਿਤ ਹੋ ਗਏ ਜਾਂ ਹੋ ਰਹੇ ਹਨ ਪਰ ਸਾਡੇ ਦਿੱਖ ਵਜੋਂ ਲੋਕਤੰਤਰੀ ਪਰ ਅਸਲ ਵਜੋਂ ਫ਼ੌਜੀ ਅਥਵਾ ਪੁਲਸ-ਪ੍ਰਬੰਧ ਦੀ ਨਜ਼ਰ ਵਿਚ ਇਹ ਅਜੇ ਵੀ ਮੁਜਰਮ ਹਨ। ਬੰਟੀ ਦੀ ਤਲਾਸ਼ ਵਿਚ ਲੱਗੀ ਪੁਲਸ ਇਨ੍ਹਾਂ ਨਿਆਸਰੇ ਲੋਕਾਂ ਨੂੰ ਵੀ ਆਪਣੇ ਕਹਿਰ ਦੀ ਨਿਸ਼ਾਨਾ ਬਣਾਉਂਦੀ ਹੈ। ਇਨ੍ਹਾਂ ਦੱਬੇ ਕੁਚਲੇ ਵਰਗਾਂ ਨਾਲ ਸੰਬੰਧਿਤ ਪਾਲੇ ਤੇ ਮੀਤੇ ਵਰਗਿਆਂ ਉੱਤੇ ਹੀ ਅਖੀਰ ਬੰਟੀ ਦਾ ਕਤਲ ਮੜ੍ਹਿਆ ਜਾਂਦਾ ਹੈ। ਕੁਸ਼ਟ-ਆਸ਼ਰਮ ਵਿਚ ਰਹਿੰਦੇ ਮੰਗਤਿਆਂ ਦੀ ਹਾਲਾਤ ਵੇਖਦਿਆਂ ਹੋਲਦਾਰ ਦੇਸ ਰਾਜ ਅਤੇ ਉਸ ਦੇ ਸਾਥੀ ਸਿਪਾਹੀਆਂ ਦਾ ਉਥੇ ਖਲੋਣਾ ਮੁਸ਼ਕਲ ਹੋ ਜਾਂਦਾ ਹੈ। ਇਨ੍ਹਾਂ ਲੋਕਾਂ ਦੀ ਹਾਲਤ ਵੇਖਦਿਆਂ ਮਨੁੱਖੀ ਹੋਂਦ ਬਾਰੇ ਕਈ ਸ਼ੰਕੇ ਤੇ ਸੰਦੇਹ ਖੜੇ ਹੁੰਦੇ ਹਨ। ਮਨੁੱਖ ਆਪਣੀ ਕਿਸਮਤ ਉਪਰੋਂ ਲੈ ਕੇ ਆਉਂਦਾ ਹੈ, ਦੇ ਅਧਿਆਤਮਕ ਵਿਸ਼ਵਾਸ ਦੀ ਅਮਲੀ ਹਕੀਕਤ ਇਹ ਹੈ ਕਿ ਮਨੁੱਖੀ ਕਿਸਮਤ ਅਮਲ ਵਿਚ ਇਹ ਸਿਸਟਮ ਹੀ ਡੌਲਦਾ ਹੈ। ਮਾਡਲ ਟਾਊਨ ਦੀਆਂ ਕੋਠੀਆਂ ਦੇ ਸਮਵਿਥ ਝੁੱਗੀਆਂ ਦੇ ਕੁੰਭੀ ਨਰਕ ਦੀ ਤਸਵੀਰਕਸ਼ੀ ਨਾਲ ਸਮਾਜ ਦੀ ਅੰਤਰ-ਜਮਾਤੀ ਸਥਿਤੀ ਸਾਹਮਣੇ ਆਉਂਦੀ ਹੈ। ਝੁੱਗੀਆਂ ਵਿਚ ਰਹਿ ਰਹੇ ਇਹ ਲੋਕ ਜੀਵਨ ਨਹੀਂ, ਜੂਨ, ਭੋਗਦੇ ਨਜ਼ਰ ਆਉਂਦੇ ਹਨ। ਇਹ ਲੋਕ ਹਰ ਕਿਸਮ ਦੀ ਸਿਆਸਤ ਤੋਂ ਕੋਹਾ ਦੂਰ ਹਨ। ਇਹ ਪਾਤਰ ਆਪਣੀ ਸਥਿਤੀ ਵਿਚ ਸਿੱਲ ਪੱਥਰ ਹੋਏ ਨਜ਼ਰ ਆਉਂਦੇ ਹਨ। ਇਸ ਨਾਵਲ ਵਿਚ ਇਹ ਅੰਤਰ-ਜਮਾਤੀ ਵੇਰਵੇ ਤਾਂ ਹਨ ਪਰ ਅੰਤਰ-ਜਮਾਤੀ ਸਥਿਤੀ ਦਾ ਆਪਸ ਵਿਚ ਕੋਈ ਤਨਾਓ ਜਾਂ ਭੇੜ ਦਾ ਹਿੱਸਾ ਨਾਵਲੀ ਯਥਾਰਥ ਦਾ ਹਿੱਸਾ ਨਹੀਂ ਹੈ। ਅੰਤਰ-ਜਮਾਤੀ ਸੋਝੀ ਦੇ ਕੁਝ ਵੇਰਵੇ ਮੱਧ ਵਰਗ ਵਿਚੋਂ ਪੈਦਾ ਹੋਈਆਂ ਅਗਾਂਹਵਧੂ ਜਥੇਬੰਦੀਆਂ ਦੇ ਵਿਹਾਰ ਤੋਂ ਨਜ਼ਰ ਆਉਂਦੇ ਹਨ।

ਸੰਘਰਸ਼ ਸੰਮਤੀ, ਪ੍ਰਗਤੀਵਾਦੀ ਤੇ ਤਰਕਸ਼ੀਲ ਜੱਥੇਬੰਦੀ ਦੇ ਮੈਂਬਰ ਵੀ ਬੰਟੀ ਦੀ ਤਲਾਸ਼ ਸਮੇਂ ਪੁਲਸ ਤਸ਼ੱਦਦ ਦਾ ਸ਼ਿਕਾਰ ਬਣਦੇ ਹਨ। ਪਰ ਹੋਰਨਾਂ ਦੀ ਤਰ੍ਹਾਂ ਨਾ ਤਾਂ ਇਹ ਪੁਲਸ ਦੇ ਹਾੜੇ ਕੱਢਦੇ ਹਨ ਤੇ ਨਾ ਹੀ ਸਿਫ਼ਾਰਸ਼ਾਂ ਜਾਂ ਪੈਸੇ ਨਾਲ ਆਪਣਾ ਬਚਾ ਕਰਦੇ ਹਨ। ਇਹ ਜਥੇਬੰਦੀਆਂ ਆਪਣੇ ਦਬਾਅ ਤੇ ਉਸਾਰੂ ਢੰਗ ਤਰੀਕਿਆਂ ਨਾਲ ਆਪਣੀ ਰਾਖੀ ਕਰਦੀਆਂ ਹਨ। ਇਨ੍ਹਾਂ ਚੇਤਨ ਜਥੇਬੰਦੀਆਂ ਦੇ ਨੇਤਾ ਇਕ ਪਾਸੇ ਆਪਣੇ ਰੁਹਬ ਤੇ ਦਬਾਅ ਨਾਲ ਥਾਣੇ ਵਿਚੋਂ ਆਪਣਾ ਬੰਦਾ ਉਠਾ ਲੈਂਦੇ ਹਨ ਤੇ ਦੂਜੇ ਪਾਸੇ ਇਹ ਚੰਡੀਗੜ੍ਹ ਤੋਂ ਵਾਰੰਟ ਅਫ਼ਸਰ ਲਿਆ ਕੇ ਲਾਲ ਸਿੰਘ ਵਰਗੇ ਥਾਣੇਦਾਰ ਉਤੇ ਰੇਡ ਕਰਾ ਦੇਂਦੇ ਹਨ। ਇਹ ਜਥੇਬੰਦੀਆਂ ਪੁਲਿਸ ਨਾਲ ਡੱਟਵੇਂ ਤੇ ਤਿੱਖੇ ਵਿਰੋਧ ਦਾ ਪੈਂਤੜਾ ਅਪਣਾਉਂਦੀਆਂ ਹਨ। ਮੁੱਖ

ਮੰਤਰੀ ਤੇ ਪੁਲਿਸ ਦੇ ਦੰਭੀ ਕਿਰਦਾਰ ਦਾ ਪਾਜ ਵੀ ਇਹ ਜਥੇਬੰਦੀਆਂ ਹੀ ਉਘਾੜਦੀਆਂ ਹਨ। ਭਾਵੇਂ ਅਗਾਂਹਵਧੂ ਸੰਘਰਸ਼ ਸੰਮਤੀ ਦੇ ਨੁਮਾਇੰਦੇ ਇਸ ਵਿਵਸਥਾ ਦੇ ਸਾਧਨਾਂ ਰਾਹੀਂ ਹੀ ਲਾਲ ਸਿੰਘ ਵਰਗਿਆਂ ਨੂੰ ਨੱਥ ਪਾਉਂਦੇ ਹਨ ਪਰ ਇਨ੍ਹਾਂ ਦੀ ਸਮੁੱਚੀ ਕਾਰਗੁਜ਼ਾਰੀ ਸੁਧਾਰਕ ਭਾਵਨਾ ਵਾਲੀ ਨਹੀਂ ਹੈ। ਅਸਲ ਵਿਚ ਇਹ ਸੰਮਤੀਆਂ ਬੁਨਿਆਦੀ ਤਬਦੀਲੀ ਲਈ ਸਮੁੱਚੀ ਲੋਕਾਈ ਨੂੰ ਚੇਤਨ ਕਰਨ ਦੇ ਆਹਰ ਵਿਚ ਲੱਗੀਆਂ ਵਿਖਾਈ ਦੇਂਦੀਆਂ ਹਨ। ਇਸ ਕਰਕੇ ਇਨ੍ਹਾਂ ਦਾ ਵਿਸ਼ਵਾਸ 'ਸੁਧਾਰ' ਦੀ ਥਾਂ 'ਇਨਕਲਾਬ' ਭਾਵਨਾ ਵਾਲਾ ਹੈ। ਲੇਖਕ ਕਿਸੇ ਪਾਤਰ ਦੇ ਵਿਗੜੇ ਚਰਿੱਤਰ ਨੂੰ ਨਾਨਕ ਸਿੰਘ ਦੀ ਤਰ੍ਹਾਂ ਕਿਤੇ ਵੀ ਸੁਧਰਦਾ ਨਹੀਂ ਵਿਖਾਉਂਦਾ। ਪੁਲਸ ਦੰਡ ਤੋਂ ਆਕੀ ਹੋਇਆ ਸਰਕਾਰੀ ਵਕੀਲ ਗੁਰਮੀਤ ਅਖ਼ੀਰ ਆਪਣੇ ਅਹੁਦੇ ਤੋਂ ਅਸਤੀਫ਼ਾ ਦੇ ਕੇ 'ਇਸ ਭੈੜੇ ਨਿਜਾਮ ਤੋਂ ਮੁਕਤੀ' ਦਿਵਾਉਣ ਵਾਲੀਆਂ ਅਤੇ ਚੰਗੇਰਾ ਭਵਿੱਖ ਸਿਰਜਣ ਵਾਲੀਆਂ ਜਥੇਬੰਦੀਆਂ ਦੇ ਰਾਹ ਪੈ ਜਾਂਦਾ ਹੈ। ਚੰਗੇਰੇ ਭਵਿੱਖ ਲਈ ਸੁਪਨੇ ਲੈਣਾ ਬੰਦੀ ਦੀ ਫ਼ਿਤਰਤ ਹੈ। ਸੁਪਨਿਆਂ ਦੇ ਨਕਸ਼ਾਂ ਨੂੰ ਅਮਲੀ ਰੂਪ ਦੇਣ ਲਈ ਸੰਘਰਸ਼ ਵਿੱਢਣਾ ਜਿਊਂਦੀਆਂ ਜਾਗਦੀਆਂ ਜਮਾਤਾਂ ਤੇ ਕੌਮਾਂ ਦੀ ਨਿਸ਼ਾਨੀ ਹੈ। ਸਮਾਜ ਦੇ ਹਰ ਪੜਾਅ ਉਤੇ ਸੰਘਰਸ਼ ਵਿਚ ਹੀ ਬੰਦੇ ਦੀ ਪਛਾਣ ਤੇ ਸ਼ਾਨ ਰਹੀ ਹੈ। ਲੇਖਕ ਨੇ ਗੁਰਮੀਤ ਤੇ ਅਗਾਂਹਵਧੂ ਜਥੇਬੰਦੀਆਂ ਦੇ ਕਿਰਦਾਰ ਨੂੰ ਅਜੇਹੀ ਪਛਾਣ ਵਜੋਂ ਹੀ ਉਲੀਕਣ ਦੀ ਕੋਸ਼ਿਸ਼ ਕੀਤੀ ਹੈ। ਲੇਖਕ ਦੀ ਖ਼ੂਬੀ ਇਹ ਹੈ ਕਿ ਉਸ ਨੇ ਪ੍ਰਗਤੀ ਜਾਂ ਕ੍ਰਾਂਤੀ ਦੇ ਆਦਰਸ਼ ਨੂੰ ਨਾਹਰੇ ਵਜੋਂ ਆਪਣੀ ਰਚਨਾ ਉਤੇ ਭਾਰੂ ਨਹੀਂ ਹੋਣ ਦਿੱਤਾ। ਸਾਡੇ ਕਹੇ ਅਥਵਾ ਮੰਨੇ ਜਾਂਦੇ ਪ੍ਰਗਤੀਵਾਦੀ ਨਾਵਲਕਾਰ ਜਸਵੰਤ ਸਿੰਘ ਕੰਵਲ ਦੇ ਨਾਵਲਾਂ ਵਿਚ ਅਕਸਰ ਇਹ ਆਦਰਸ਼ ਭਾਰੂ ਹੋਏ ਦਿਸਦੇ ਹਨ। ਗੁਰਮੀਤ ਤੇ ਹੋਰ ਸੰਘਰਸ਼ ਸੰਮਤੀਆਂ ਦਾ ਵਿਹਾਰ ਸਥਿਤੀ ਦੇ ਸੱਚ ਵਜੋਂ ਸੁਭਾਵਕ ਰੂਪ ਵਿਚ ਸਾਹਮਣੇ ਆਉਂਦਾ ਹੈ। ਇਸ ਨਾਵਲ ਵਿਚ ਜੋ ਅਸੁਭਾਵਕ ਹੈ ਉਹ ਵੀ ਭਵਿਖਮੁਖੀ ਯਥਾਰਥ ਦੀ ਸੁਭਾਵਕਤਾ ਨਾਲ ਜੁੜਿਆ ਦਿਸਦਾ ਹੈ।

ਇਸ ਨਾਵਲ ਦੀ ਜੇ ਕੋਈ ਸਮੱਸਿਆ ਹੈ ਤਾਂ ਉਹ ਰੂਪ-ਰਚਨਾ ਦੇ ਪੱਖੋਂ ਇਕ ਤਾਂ ਸਿਧੇ ਵਰਣਨ ਦੀ ਹੈ ਤੇ ਦੂਜੀ ਨਿਰਣੇ ਦੇਣ ਦੀ। ਮਿਸਾਲ ਦੇ ਤੌਰ ਤੇ ਪੱਤਰਕਾਰ ਦਰਵੇਸ਼ ਦੇ ਕਪਟੀ ਕਿਰਦਾਰ ਬਾਰੇ ਸਿਰਫ਼ ਦੱਸਿਆ ਜਾਂਦਾ ਹੈ, ਉਸਦੇ ਅਜੇਹੇ ਵਿਹਾਰ ਨੂੰ ਚਿਤ੍ਰਿਆ ਜਾਂ ਵਿਖਾਇਆ ਨਹੀਂ ਜਾਂਦਾ। 'ਦਰਵੇਸ਼ ਉਹ ਨਾਂ ਦਾ ਹੀ ਸੀ ਕਿੱਤੇ ਰਾਖ਼ਸ਼ਾਂ ਵਾਲੇ ਹੀ ਸਨ। ਇਕ ਛੋਟੀ ਜਿਹੀ ਪ੍ਰੈਸ ਲਾਈ ਹੋਈ ਸੀ। ਹਫ਼ਤਾਵਾਰ ਅਖ਼ਬਾਰ ਕੱਢਣ ਲਈ। ਤਰ੍ਹਾਂ ਤਰ੍ਹਾਂ ਦੇ ਸਕੈਂਡਲ ਛਾਪਣ ਲਈ... ਸਕੈਂਡਲ ਦਬਾਉਣੇ ਹੋਣ ਤਾਂ ਵੱਡੇ ਵੱਡੇ ਇਸ਼ਤਿਹਾਰ ਅਖ਼ਬਾਰ ਨੂੰ ਦੇਵੋ। ਚੰਦੇ ਭਰੋ।' (ਪੰਨਾ 24) ਦੂਜੀ ਉਕਾਈ ਇਹ ਹੈ ਕਿ ਲੇਖਕ ਵਪਾਰੀਆਂ, ਅਫ਼ਸਰਾਂ ਦੇ ਵਿਹਾਰ ਨੂੰ ਚਿਤਰਦਾ ਹੋਇਆ ਅਖ਼ੀਰ ਉਨ੍ਹਾਂ ਦੇ ਕਿਰਦਾਰ ਬਾਰੇ ਆਪ ਹੀ ਨਿਰਣਾ ਦੇ ਦੇਂਦਾ ਹੈ। ਲੇਖਕ ਨੂੰ ਜਾਂ ਤਾਂ ਪਾਠਕਾਂ ਦੀ ਬੌਧਿਕਤਾ ਉਤੇ ਭਰੋਸਾ ਨਹੀਂ ਤੇ ਜਾਂ ਉਹ ਰਚਨਾ ਨੂੰ ਆਮ ਪਾਠਕਾਂ ਦੀ ਸਮਝ ਵਿਚ ਲਿਆਉਣ ਲਈ ਆਪ ਹੀ ਸਾਰੇ ਕਾਰਜ ਨਿਬੇੜਨਾ ਚਾਹੁੰਦਾ ਹੈ। ਸਾਹਿਤ ਨੂੰ ਸਵਾਲਾਂ, ਸ਼ੰਕਿਆਂ ਦੀ ਪ੍ਰਤੀਕਮਈ ਭਾਸ਼ਾ ਮੰਨਿਆ ਜਾਂਦਾ ਹੈ। ਅਖ਼ਬਾਰੀ ਮਸਾਲੇ ਦੀ ਤਰ੍ਹਾਂ ਵਿਖਿਆਨ ਅਕਸਰ ਹੀ ਕਲਾ ਕ੍ਰਿਤ ਲਈ ਘਾਤਕ ਮੰਨਿਆ ਜਾਂਦਾ ਹੈ। ਪਰ **ਤਫ਼ਤੀਸ਼** ਨਾਵਲ ਵਿਚ ਇਹ ਟਿੱਪਣੀਆਂ ਨਾਨਕ ਸਿੰਘ ਅਤੇ ਕੰਵਲ-ਪਰੰਪਰਾ ਦੇ ਨਾਵਲਾਂ ਦੀਆਂ ਆਦੇਸ਼ਾਤਮਕ ਟਿੱਪਣੀਆਂ ਤੋਂ ਬਿਲਕੁਲ ਵੱਖਰੇ ਸੁਭਾਅ ਵਾਲੀਆਂ ਹਨ। ਨਾਨਕ ਸਿੰਘ ਤੇ ਕੰਵਲ ਜਿਥੇ ਆਪਣੇ ਨਾਵਲਾਂ ਵਿਚ ਆਦਰਸ਼ ਦੇ ਪ੍ਰਚਾਰ ਲਈ ਲੰਮੇ-ਲੰਮੇ ਵਿਖਿਆਨ ਦੇਣ ਲੱਗ ਪੈਂਦੇ ਹਨ ਉਥੇ ਮਿੱਤਰ ਸੈਨ ਮੀਤ ਕਿਸੇ ਆਦਰਸ਼ ਦੇ ਪ੍ਰਚਾਰ ਵੱਲ ਰੁਚਿਤ ਨਹੀਂ ਹੁੰਦਾ। ਮੀਤ ਦੀਆਂ ਇਹ ਟਿੱਪਣੀਆਂ ਪਾਤਰਾਂ ਦੇ ਵਿਹਾਰ ਤੇ ਚਰਿੱਤਰ ਨਾਲ ਸੰਬੰਧਿਤ ਹਨ ਤੇ ਇਹ ਪਾਤਰਾਂ ਦੇ

ਇਤਿਹਾਸਕ ਤੇ ਮਾਨਸਿਕ ਪਿਛੋਕੜ ਨਾਲ ਜੁੜ ਕੇ ਐਸੇ ਗੁੰਦਵੇਂ ਰੂਪ ਵਿਚ ਹੋਈਆਂ ਹਨ ਕਿ ਉਕਾਈ ਜ਼ਿਆਦਾ ਨਹੀਂ ਰੜਕਦੀ।

ਹਿੰਦੀ ਲੇਖਕ ਸ੍ਰੀ ਲਾਲ ਸ਼ੁਕਲ ਨੇ ਆਪਣੇ ਨਾਵਲ **ਰਾਗ ਦਰਬਾਰੀ** (1976) ਵਿਚ ਰਾਜਸੀ ਭ੍ਰਿਸ਼ਟਾਚਾਰ ਨੂੰ ਵਿਅੰਗਾਤਮਕ ਸ਼ੈਲੀ ਵਿਚ ਪੇਸ਼ ਕੀਤਾ ਹੈ। ਪਰ ਇਹ ਲੇਖਕ ਕਿਤੇ ਕਿਤੇ ਲੱਚਰ ਵਿਅੰਗ ਵੱਲ ਉਲਾਰ ਹੋਇਆ ਪ੍ਰਤੀਤ ਹੁੰਦਾ ਹੈ। ਅਜੇਹਾ ਵਿਅੰਗ ਬਹੁਤੀ ਵਾਰ ਪਾਠਕ ਦੇ ਸਸਤੇ ਸੁਹਜ-ਸੁਆਦ ਤੇ ਮਨੋਰੰਜਨ ਦੀ ਤ੍ਰਿਪਤੀ ਦਾ ਸਾਧਨ ਬਣ ਜਾਂਦਾ ਹੈ। **ਤਫ਼ਤੀਸ਼** ਨਾਵਲ ਵਿਚ ਵਿਅੰਗ ਦੀ ਹਸਾਉਣੀ ਪਿਰਤ ਤਾਂ ਹੈ ਪਰ ਕਿਸੇ ਕਿਸਮ ਦਾ ਕੋਹਜਾ ਜਾਂ ਲੱਚਰ ਵਿਅੰਗ ਇਸ ਨਾਵਲ ਦੀ ਬਣਤਰ ਦਾ ਹਿੱਸਾ ਨਹੀਂ ਹੈ। ਸਗੋਂ, ਇਹ ਪਿਰਤ ਬੌਧਿਕ ਹਰਕਤ ਨਾਲ ਜੁੜੀ ਸਮੁੱਚੀ ਵਿਵਸਥਾ ਪ੍ਰਤੀ ਕਈ ਸ਼ੰਕੇ ਖੜੇ ਕਰਦੀ ਹੈ। ਰਾਜਸੀ ਕਾਰਕੁਨ ਆਪਣੇ ਹਿੱਤਾਂ ਖਾਤਿਰ ਕਿਵੇਂ ਹੇਠਲਿਆਂ ਨੂੰ ਆਪਣੇ ਮੁਤਾਬਕ ਢਾਲਦੇ ਤੇ ਵਰਤਦੇ ਹਨ, ਦੀ ਆਲੋਚਨਾਤਮਿਕ ਪੇਸ਼ਕਾਰੀ ਇਸ ਨਾਵਲ ਦਾ ਅਹਿਮ ਲੱਛਣ ਹੈ। ਪੁਲਸ ਦਾ ਭ੍ਰਿਸ਼ਟ ਕਿਰਦਾਰ ਇਸ ਸਿਸਟਮ ਦੇ ਅੰਗ ਵਜੋਂ ਸਾਹਮਣੇ ਆਉਂਦਾ ਹੈ। ਭਾਵੇਂ ਲੇਖਕ ਨੇ ਇਸ ਵਿਵਸਥਾ ਦੇ ਵਿਭਿੰਨ ਅੰਗਾਂ ਨੂੰ ਨਿਖੇਧਾਤਮਕ ਦ੍ਰਿਸ਼ਟੀ ਤੋਂ ਚਿਤ੍ਰਿਆ ਹੈ ਪਰ ਇਸ ਚਿਤ੍ਰਣ ਵਿਚੋਂ ਲੇਖਕ ਦੇ ਨਫ਼ਰਤੀ ਲਹਿਜੇ ਦਾ ਅਭਾਵ ਹੀ ਹੈ।

ਖ਼ਲਨਾਇਕ ਹੀ ਨਹੀਂ, ਨਾਇਕ ਜਾਂ ਕੇਂਦਰੀ ਪਾਤਰ ਵੀ ਇਸ ਨਾਵਲ ਵਿਚੋਂ ਅਲੋਪ ਹੈ। ਸਮਾਜਕ-ਵਿਵਸਥਾ ਦੇ ਵਿਭਿੰਨ ਅੰਗਾਂ ਤੇ ਨੁਮਾਇੰਦਿਆਂ ਦਾ ਜੁੜਵਾਂ ਤੇ ਸਮੁੱਚਾ ਚਿਤ੍ਰਣ ਹੀ ਕੇਂਦਰੀ ਥੀਮ ਵਜੋਂ ਉਭਰਦਾ ਹੈ। ਪੰਜਾਬੀ ਨਾਵਲ ਵਿਚ ਅਜਿਹੀ ਪੇਸ਼ਕਾਰੀ ਨਵੀਂ ਤੇ ਵਿਲੱਖਣ ਚੀਜ਼ ਹੈ। ਸਾਡੇ ਚਰਚਿਤ ਨਾਵਲਕਾਰ ਗੁਰਦਿਆਲ ਸਿੰਘ ਦੇ ਨਾਵਲਾਂ ਵਿਚ ਵੀ ਕੁਝ ਇਕ ਕੇਂਦਰੀ ਤੇ ਖਲਪਾਤਰਾਂ ਦੁਆਲੇ ਹੀ ਸਾਂਸਕ੍ਰਿਤਕ ਆਧਾਰ ਹੀ ਖਲਨਾਇਕੀ ਸੰਦਰਭ ਵਿਚ ਪੇਸ਼ ਹੋਇਆ ਹੈ ਪਰ ਫਿਰ ਵੀ ਉਸਦਾ ਨਾਵਲੀ ਬਿਰਤਾਂਤ ਕੁਝ ਇਕ ਕੇਂਦਰੀ ਪਾਤਰਾਂ ਦੁਆਲੇ ਹੀ ਘੁੰਮਦੇ ਹਨ। ਮਿੱਤਰ ਸੈਨ ਮੀਤ ਦੇ ਇਸ ਨਾਵਲ ਵਿਚ ਸਮੁੱਚਾ ਸਿਸਟਮ ਤੇ ਇਸ ਉੱਤੇ ਕਾਬਜ਼ ਕਾਰਕੁਨ ਹੀ ਨਾਇਕ ਤੇ ਖ਼ਲਨਾਇਕ ਰੂਪ ਵਿਚ ਪੇਸ਼ ਹੋਏ ਹਨ। ਨਾਇਕ ਇਸ ਲਈ ਕਿ ਇਹ ਹਾਕਮ ਆਪਣੇ ਹਿੱਤਾਂ ਲਈ ਹੇਠਲਿਆਂ ਨੂੰ ਵਰਤਦੇ ਤੇ ਤੋੜ-ਮਰੋੜ ਕੇ ਆਪਣੀਆਂ ਚੰਮ ਦੀਆਂ ਚਲਾਉਂਦੇ ਹਨ। ਇਨ੍ਹਾਂ ਦਾ ਅਜੇਹਾ ਵਿਹਾਰ ਹੀ ਜਨਸਾਧਾਰਨ ਲਈ ਸਮੱਸਿਆਵਾਂ ਨੂੰ ਸੰਕਟ ਹੈ ਸੋਮੇ ਵਜੋਂ ਖ਼ਲਨਾਇਕਤਾ ਦਾ ਪ੍ਰਭਾਵ ਪਾਉਂਦਾ ਹੈ।

**ਤਫ਼ਤੀਸ਼** ਨਾਵਲ ਦਾ ਅੰਤ ਨਾ ਤਾਂ ਸੁਖਾਂਤ ਹੈ ਤੇ ਨਾ ਦੁਖਾਂਤ। ਨਾਵਲ ਸ਼ਾਸਤਰੀ ਸੁਖਾਂਤ ਨਾਵਲ ਨੂੰ ਯਥਾਰਥ ਚਿਤ੍ਰਣ ਵਿਚ ਊਣਾ ਤੇ ਦੁਖਾਂਤ ਨਾਵਲ ਨੂੰ ਯਥਾਰਥ ਚਿਤ੍ਰਣ ਵਿਚ ਪੂਰਾ ਮੰਨਦੇ ਹਨ। ਪਰ ਇਸ ਤੱਕੜੀ ਤੋਲ ਦੇ ਕਿਸੇ ਵੀ ਛਾਬੇ ਵਿਚ **ਤਫ਼ਤੀਸ਼** ਨਾਵਲ ਨੂੰ ਰੱਖਣਾ ਸੰਭਵ ਨਹੀਂ ਹੈ। ਸੁਖਾਂਤ ਨਾਵਲ ਇਹ ਇਸ ਕਰਕੇ ਨਹੀਂ ਕਿਉਂਕਿ ਇਸ ਵਿਚ ਕਿਤੇ ਵੀ ਤੇ ਕਿਸੇ ਵੀ ਸਮੱਸਿਆ ਦਾ ਕੋਈ ਸਰਲ ਸਿੱਧਾ ਹੱਲ ਵਿਖਾਈ ਨਹੀਂ ਦੇਂਦਾ। ਦੂਜੇ ਪਾਸੇ ਤ੍ਰਾਸਦਿਕ ਅੰਤ ਵਰਗੇ ਪ੍ਰਭਾਵ ਦਾ ਵੀ ਇਸ ਨਾਵਲ ਵਿਚ ਅਭਾਵ ਹੀ ਹੈ। ਬੰਟੀ ਦੇ ਅਗਵਾ ਹੋਣ ਦਾ ਮਸਲਾ ਸ਼ੁਰੂ ਤੋਂ ਅਖੀਰ ਤੱਕ ਰਹੱਸ ਬਣਿਆ ਰਹਿੰਦਾ ਹੈ। ਬੰਟੀ ਦੀ ਮਾਂ ਕਾਂਤਾ ਦਾ ਪ੍ਰਭਾਵ ਦੁਖਾਂਤ ਪਾਤਰ ਵਾਲਾ ਹੈ। ਪਰ ਇਹ ਨਾਵਲ ਦਾ ਥੀਮ ਨਹੀਂ, ਕੇਵਲ ਰੀਮ ਹੈ। ਉਂਜ ਵੀ ਇਹ ਪਾਤਰ ਗੌਣ ਰੂਪ ਵਿਚ ਨਾਵਲ ਦੇ ਅੱਧ ਵਿਚਕਾਰ ਹੀ ਅਲੋਪ ਹੋ ਜਾਂਦਾ ਹੈ। ਇਸ ਪਾਤਰ ਦਾ ਦੁਖਾਂਤ ਪ੍ਰਭਾਵ ਇਕ ਪ੍ਰਵਾਹ ਵਜੋਂ ਨਹੀਂ ਬਲਕਿ ਇਕ ਝਲਕ ਵਜੋਂ ਹੈ। ਨਿਰੋਲ ਦੁਖਾਂਤ ਜਾਂ ਸੁਖਾਂਤ ਨਾ ਹੋ ਕੇ ਵੀ ਇਸ ਰਚਨਾ ਦੀ

ਆਲੋਚਨਾਤਮਿਕ ਪਾਹ ਕਿਤੇ ਵੀ ਮੱਠੀ ਨਹੀਂ ਪੈਂਦੀ। ਨਾਵਲ ਦੇ ਅਖ਼ੀਰ ਉੱਤੇ ਸਰਕਾਰੀ ਵਕੀਲ ਗੁਰਮੀਤ ਦਾ ਇਨਕਲਾਬੀ ਜੱਥੇਬੰਦੀਆਂ ਦੇ ਰਾਹ ਪੈ ਜਾਣ ਕਾਰਜ ਕਿਸੇ ਆਸ਼ਾ ਦਾ ਸੂਚਕ ਤਾਂ ਹੋ ਸਕਦਾ ਹੈ ਪਰ ਇਸ ਨੂੰ ਸੁਖਾਂਤ ਕਹਿਣਾ ਸੰਭਵ ਨਹੀਂ, ਕਿਉਂਕਿ ਇਨ੍ਹਾਂ ਜੱਥੇਬੰਦੀਆਂ ਨੂੰ ਵਿਵਸਥਾ ਨਾਲ ਟਕਰਾਉਣ ਦੇ ਸਿੱਟੇ ਵਜੋਂ ਕਿਸ ਕਿਸ ਸੰਕਟ ਵਿਚੋਂ ਗੁਜ਼ਰਨਾ ਪੈਂਦਾ ਹੈ, ਦੀ ਆਲੋਚਨਾਤਮਿਕ ਤਸਵੀਰ ਵੀ ਸਾਹਮਣੇ ਆਉਂਦੀ ਹੈ।

ਇਸ ਨਾਵਲ ਵਿਚ ਸੁਪਨਿਆਂ ਤੇ ਪ੍ਰਾਪਤੀ ਦੇ ਗ਼ਾਇਬ ਵਿਚੋਂ ਤਨਾਓ ਜਾਂ ਵਿਸ਼ਾਦ ਵਰਗੀ ਕੋਈ ਪੇਸ਼ਕਾਰੀ ਵਿਖਾਈ ਨਹੀਂ ਦੇਂਦੀ। ਇੰਜ ਜਾਪਦਾ ਹੈ ਜਿਵੇਂ ਸਾਧਨ-ਵਿਹੂਣੇ ਵਿਅਕਤੀਆਂ ਨੇ ਵਿਵਸਥਾ ਦੇ ਦਬਾਅ ਅਧੀਨ ਸੁਪਨੇ ਲੈਣਾ ਹੀ ਛੱਡ ਦਿੱਤਾ ਹੋਵੇ ਅਤੇ ਸੱਤਾ ਤੇ ਕਾਬਜ਼ ਵਿਅਕਤੀਆਂ ਦੇ ਸਭ ਕੁਝ ਪੈਰੀਂ ਡਿੱਗਾ ਨਜ਼ਰ ਆਉਂਦਾ ਹੈ। ਜਾਂ ਇੰਜ ਕਹਿ ਲਿਆ ਜਾਵੇ ਕਿ ਸਮੁੱਚੇ ਜਨਸਾਧਾਰਨ ਦੇ ਜੀਵਨ ਵਿਚ ਥੁੜ੍ਹਾਂ ਤੇ ਦੁੱਖਾਂ-ਤਕਲੀਫ਼ਾਂ ਤੋਂ ਸਿਵਾ ਕੁਝ ਨਹੀਂ ਤੇ ਕਾਬਜ਼ ਪਾਤਰਾਂ ਦੀ ਹਰ ਪਾਸੇ ਚੜ੍ਹ ਮੱਚੀ ਹੋਈ ਹੈ।

ਇਸ ਨਾਵਲ ਵਿਚ ਹਰ ਵੇਰਵਾ ਵਿਅੰਗ ਤੇ ਕਟਾਖ਼ਸ਼ ਦੀ ਵਿਧੀ ਰਾਹੀਂ ਪੇਸ਼ ਕੀਤਾ ਗਿਆ ਹੈ। ਇਸ ਵਿਧੀ ਰਾਹੀਂ ਲੇਖਕ ਇਸ ਵਿਵਸਥਾ ਦਾ ਪਾਜ ਹੀ ਨਹੀਂ ਉਘਾੜਦਾ, ਸਗੋਂ ਇਸ ਦੀ ਖਿੱਲੀ ਵੀ ਉਡਾਉਂਦਾ ਹੈ। ਇਹ ਵਿਧੀ ਨਾਨਕ ਸਿੰਘ ਜਾਂ ਕੰਵਲ ਪਰੰਪਰਾ ਦੇ ਨਾਵਲਾਂ ਦੀ ਤਰ੍ਹਾਂ ਬਿਜਲੀ ਦੀ ਲਿਸ਼ਕ ਵਾਂਗ ਕਿਤੇ ਕਿਤੇ ਤੇ ਕਦੇ ਸਾਹਮਣੇ ਨਹੀਂ ਆਉਂਦੀ, ਸਗੋਂ ਨਿਰੰਤਰ ਪ੍ਰਵਾਹ ਵਜੋਂ ਸ਼ੁਰੂ ਤੋਂ ਅੰਤ ਜਾਰੀ ਰਹਿੰਦੀ ਹੈ। ਨਾਨਕ ਸਿੰਘ ਦੇ ਕਰੁਣਾਰਸ ਤੇ ਕੰਵਲ ਵਾਲੇ ਬੀਰਰਸ ਦੀ ਥਾਂ ਇਸ ਨਾਵਲ ਵਿਚ ਬੌਧਿਕਤਾ ਤੇ ਮੁਸਕਰਾਹਟ ਦੀ ਤਨਜ਼ ਭਾਰੂ ਹੈ।

# ਤਫ਼ਤੀਸ਼: ਦੁਖਾਂਤ ਕਿ ਸੁਖਾਂਤ

**-ਡਾ. ਰਮਿੰਦਰ**

ਮਿੱਤਰ ਸੈਨ ਮੀਤ ਦਾ ਨਾਵਲ **ਤਫ਼ਤੀਸ਼** (1990) ਪੰਜਾਬੀ ਨਾਵਲ ਦੇ ਇਤਿਹਾਸ ਵਿਚ ਇਕ ਚਰਚਿਤ ਨਾਵਲ ਹੈ। **ਤਫ਼ਤੀਸ਼** ਤੋਂ ਪਹਿਲਾਂ ਵੀ ਮਿੱਤਰ ਸੈਨ ਮੀਤ ਨੇ **ਅੱਗ ਦੇ ਬੀਜ** (1971) ਤੇ **ਕਾਫ਼ਲਾ** (1986) ਨਾਵਲ ਲਿਖੇ ਹਨ, ਪਰ ਇਕ ਨਾਵਲਕਾਰ ਦੇ ਤੌਰ ਤੇ ਮੀਤ ਦੀ ਪਛਾਣ **ਤਫ਼ਤੀਸ਼** ਨਾਵਲ ਨਾਲ ਹੀ ਬਣੀ ਹੈ। ਸੁਰਿੰਦਰ ਸਿੰਘ ਨਰੂਲਾ ਦੇ **ਪਿਉ ਪੁੱਤਰ** (1946), ਸੁਰਜੀਤ ਸਿੰਘ ਸੇਠੀ ਦੇ **ਇਕ ਖ਼ਾਲੀ ਪਿਆਲਾ** (1960) ਤੇ ਗੁਰਦਿਆਲ ਸਿੰਘ ਦੇ **ਮੜ੍ਹੀ ਦਾ ਦੀਵਾ** (1964) ਵਰਗੇ ਨਾਵਲਾਂ ਨਾਲ ਜਿਵੇਂ ਪੰਜਾਬੀ ਨਾਵਲ ਦੇ ਇਤਿਹਾਸ ਵਿਚ ਨਵੇਂ ਮੋੜ ਆਉਂਦੇ ਹਨ, ਤਿਵੇਂ **ਤਫ਼ਤੀਸ਼** ਨਾਵਲ ਵੀ ਵਿਲੱਖਣ ਰਚਨਾਤਮਕ ਬਣਤਰ ਕਾਰਣ ਵਿਸ਼ੇਸ਼ ਚਰਚਾ ਦਾ ਵਿਸ਼ਾ ਬਣਿਆ ਹੈ। ਪੰਜਾਬੀ ਨਾਵਲ ਦੀ ਸਮੀਖਿਆ ਨੇ ਨਾਵਲੀ ਰਚਨਾਵਾਂ ਦੇ ਸਮੁੱਚੇ ਸੁਭਾਉ ਦੇ ਆਧਾਰ ਤੇ ਦੁਖਾਂਤ ਅਤੇ ਸੁਖਾਂਤ ਦੀਆਂ ਦੋ ਕੋਟੀਆਂ ਸਵੀਕਾਰ ਕੀਤੀਆਂ ਹਨ, ਪਰ **ਤਫ਼ਤੀਸ਼** ਇਕ ਅਜੇਹੀ ਰਚਨਾ ਹੈ ਜੋ ਇਨ੍ਹਾਂ ਪੂਰਵ ਨਿਸ਼ਚਿਤ ਕੋਟੀਆਂ ਵਿਚ ਪੂਰੀ ਤਰ੍ਹਾਂ ਫਿਟ ਨਹੀਂ ਹੁੰਦੀ। ਪੰਜਾਬੀ ਨਾਵਲ ਦੀ ਪਰੰਪਰਾ ਵਿਚ ਇਸ ਰਚਨਾ ਨੂੰ ਕਿਸ ਨਵੀਂ ਕੋਟੀ ਦੇ ਅੰਤਰਗਤ ਰੱਖਿਆ ਜਾਵੇ? ਇਹ ਪ੍ਰਸ਼ਨ ਇਸ ਨਾਵਲ ਦੀ ਵਿਲੱਖਣ ਰਚਨਾ ਦ੍ਰਿਸ਼ਟੀ ਦੀ ਪਛਾਣ ਦਾ ਮਸਲਾ ਹੈ। ਕੀ ਇਹ ਨਾਵਲ ਸੁਖਾਂਤ ਹੈ ਜਾਂ ਦੁਖਾਂਤ ਜਾਂ ਕੁਝ ਹੋਰ? ਇਸ ਦਾ ਨਿਤਾਰਾ ਕਰਨ ਲਈ ਨਾਵਲੀ ਪਾਠ ਦੀਆਂ ਵਿਭਿੰਨ ਤੰਦਾਂ ਤੇ ਤਹਿਆਂ ਨੂੰ ਫਰੋਲਣ ਦੀ ਲੋੜ ਹੈ।

ਅੰਗਰੇਜ਼ੀ ਸਾਮਰਾਜ ਨੇ ਪੰਜਾਬ ਉੱਪਰ ਕਬਜ਼ੇ ਤੋਂ ਬਾਅਦ ਅਮਨ ਕਾਨੂੰਨ ਅਤੇ ਪ੍ਰਸ਼ਾਸਕੀ ਲੋੜਾਂ ਲਈ ਕਈ ਨਵੇਂ ਮਹਿਕਮਿਆਂ ਦੀ ਸਥਾਪਨਾ ਕੀਤੀ। ਇਸ ਦੇ ਸਿੱਟੇ ਵਜੋਂ ਹੀ ਪੁਲਸ, ਅਦਾਲਤਾਂ, ਜੇਲ੍ਹਾਂ ਅਤੇ ਅਫ਼ਸਰਸ਼ਾਹੀ ਵਗੈਰਾ ਦੇ ਕਈ ਵਿਭਾਗ ਤੇ ਸੰਸਥਾਵਾਂ ਹੋਂਦ ਵਿਚ ਆਈਆਂ। ਇਨ੍ਹਾਂ ਸੰਸਥਾਵਾਂ ਨੂੰ ਕਾਇਮ ਕਰਨ ਦਾ ਮੂਲ ਮਨੋਰਥ ਸਾਮਰਾਜ ਦੀ ਬਸਤੀਆਂ ਉੱਪਰ ਪਕੜ ਨੂੰ ਹੋਰ ਮਜ਼ਬੂਤ ਕਰਨਾ ਸੀ। ਇਸ ਕਰਕੇ ਇਨ੍ਹ ਦੀ ਕਾਰਜਸ਼ੀਲਤਾ ਲੋਕ ਹਿਤੂ ਜਾਂ ਕਲਿਆਣਕਾਰੀ ਹੋਣ ਦੇ ਮੁਕਾਬਲੇ ਕੇਵਲ ਸਟੇਟ ਦੇ ਇਕ ਸ਼ੋਸ਼ਣਕਾਰੀ ਅਤੇ ਦਮਨਕਾਰੀ ਸੰਦ ਦੇ ਰੂਪ ਵਿਚ ਹੀ ਸਾਹਮਣੇ ਆਉਣ ਲੱਗੀ, ਪਰ ਸੁਤੰਤਰਤਾ ਤੋਂ ਬਾਅਦ ਵੀ ਇਨ੍ਹਾਂ ਸੰਸਥਾਵਾਂ ਦਾ ਚਰਿੱਤਰ ਅਤੇ ਢਾਂਚਾ ਪਹਿਲਾਂ ਦੀ ਤਰ੍ਹਾਂ ਹੀ ਜਿਉਂ ਦਾ ਤਿਉਂ ਕਾਇਮ ਰਿਹਾ। ਇਕ ਪਾਸੇ ਪੂੰਜੀਵਾਦੀ ਅਤੇ ਸ਼ਹਿਰੀਕਰਣ ਦੇ ਰੂਪ ਵਿਚ ਸੱਭਿਅਤਾ ਨੇ ਵਿਕਾਸ ਕੀਤਾ ਅਤੇ ਦੂਜੇ ਪਾਸੇ ਇਸ ਦੇ ਸਮਾਨੰਤਰ ਇਨ੍ਹਾਂ ਸੰਸਥਾਵਾਂ ਦੀ ਮਨਫ਼ੀ ਭੂਮਿਕਾ ਨੰਗੇ-ਚਿੱਟੇ ਰੂਪ ਵਿਚ ਸਾਹਮਣੇ ਆਉਣ ਲੱਗੀ। ਇਸ ਕਾਰਣ ਅਮਨ ਕਾਨੂੰਨ ਦੀ ਥਾਂ ਜੁਰਮ ਅਤੇ ਨਿਆਂ ਦੀ ਬਜਾਏ ਅਨਿਆਂ ਦੇ ਬੋਲ-ਬਾਲੇ ਦੀ ਚੜ੍ਹ ਮੱਚਣ ਲੱਗੀ। ਪੂੰਜੀਵਾਦ ਦੇ ਅਸਾਵੇਂ ਵਿਕਾਸ ਕਾਰਣ ਇਕ ਪਾਸੇ ਸਾਧਨ-ਸੰਪਨ ਸ਼੍ਰੇਣੀਆਂ ਅਤੇ ਉਕਤ ਸੰਸਥਾਵਾਂ ਦੌਲਤ ਅਤੇ ਜਾਇਦਾਦ ਨੂੰ ਸੰਚਿਤ ਕਰਨ ਲੱਗਦੀਆਂ ਹਨ ਅਤੇ ਦੂਜੇ ਪਾਸੇ ਗੁਰਬਤ ਵਿਚ ਬੇਹਿਸਾਬ ਵਾਧੇ ਕਾਰਨ ਨਿੱਕੇ-ਨਿੱਕੇ ਜਰਾਇਮ ਪੇਸ਼ਾ ਗਿਰੋਹ ਉਤਪੰਨ ਹੋਣ ਲੱਗਦੇ ਹਨ। ਇਸ ਤਰ੍ਹਾਂ ਪੂਰੀ ਦੀ ਪੂਰੀ ਵਿਵਸਥਾ ਜੀਵਨ ਦੇ ਆਦਰਸ਼ਕ ਮੁੱਲਾਂ ਨੂੰ ਤਿਲਾਂਜਲੀ ਦੇ ਕੇ ਗ਼ੈਰ-ਮਨੁੱਖੀ ਕਦਰਾਂ ਦੀ ਡੂੰਘੀ ਰਸਾਤਲ ਵਿਚ ਡਿੱਗ ਪੈਂਦੀ ਹੈ। **ਤਫ਼ਤੀਸ਼** ਨਾਵਲ ਦਾ ਥੀਮ ਵਿਵਸਥਾ ਦੇ ਅਜੇਹੇ ਸੰਕਟ ਦੇ ਵਿਭਿੰਨ ਪੱਖਾਂ ਨਾਲ ਸੰਬੰਧਿਤ ਹੈ।

**ਤਫ਼ਤੀਸ਼** ਨਾਵਲ ਦਾ ਥੀਮ ਮੁੱਖ ਰੂਪ ਵਿਚ ਪੁਲਸ-ਕਿਰਦਾਰ ਨਾਲ ਸੰਬੰਧਿਤ ਹੈ। ਪੁਲਸ ਕਿਰਦਾਰ ਦੇ ਨਾਲ ਨਾਲ ਇਸ ਵਿਚ ਵਪਾਰੀ ਵਰਗ ਅਤੇ ਸਿਆਸੀ ਸਮਾਜੀ ਕਾਰਕੁੰਨਾਂ ਦੀ ਮਾਨਸਿਕ ਬਣਤਰ ਤੇ ਵਿਹਾਰ ਨੂੰ ਵੀ ਪੇਸ਼ ਕੀਤਾ ਗਿਆ ਹੈ। ਇਸ ਨਾਵਲ ਦੀ ਵਿਸ਼ੇਸ਼ਤਾਈ ਇਹ ਹੈ ਕਿ ਇਸ ਵਿਚ ਹਰ ਵਿਅਕਤੀ ਜਾਂ ਮਹਿਕਮੇ ਦੇ ਕਿਰਦਾਰ ਨੂੰ ਅਜੋਕੀ ਪੂੰਜੀਵਾਦੀ ਵਿਵਸਥਾ ਦੇ ਅੰਗ ਵਜੋਂ ਚਿਤ੍ਰਿਆ ਗਿਆ ਹੈ। ਇਸ ਪ੍ਰਕਾਰ ਇਸ ਨਾਵਲ ਦਾ ਹਰ ਵਿਅਕਤੀ ਪਾਤਰ ਕਿਸੇ ਨਾ ਕਿਸੇ ਕੋਟੀ ਦਾ ਪ੍ਰਤਿਨਿਧੀ ਪਾਤਰ ਹੋ ਨਿਬੜਦਾ ਹੈ।

ਇਸ ਨਾਵਲ ਵਿਚ ਅਗਵਾ ਹੋਏ ਬੱਚੇ ਬੰਟੀ ਦੀ ਤਲਾਸ਼ ਵਿਚ ਲੱਗੀ ਪੁਲਸ ਇਸ ਤਰ੍ਹਾਂ ਕਿਰਿਆਸ਼ੀਲ ਹੁੰਦੀ ਹੈ ਕਿ ਬੰਟੀ ਜਿਊਂਦਾ ਲੱਭਣ ਦੀ ਥਾਂ ਉਸ ਦੀ ਲਾਸ਼ ਲੱਭਦੀ ਹੈ। ਪੁਲਸ ਅ ਫ਼ਸਰ ਅਗਵਾ ਦੀ ਘਟਨਾ ਨੂੰ ਪੈਸਾ ਬਟੋਰਨ ਤੇ ਆਪਣੀ ਤਰੱਕੀ ਦੇ ਸਾਧਨ ਵਜੋਂ ਵਰਤਦੇ ਹਨ। ਥਾਣੇਦਾਰ ਬੂਝਾ ਸਿੰਘ, ਸਬ-ਇੰਸਪੈਕਟਰ ਮਨਬੀਰ ਤੇ ਡਿਪਟੀ ਨੌਨਿਹਾਲ ਸਿੰਘ ਵਰਗੇ ਅਫ਼ਸਰ ਅਜੇਹੇ ਸਮੇਂ ਆਪਣੀ ਆਰਥਿਕਤਾ ਨੂੰ 'ਹਰੀ ਭਰੀ' ਕਰਨ ਲਈ ਪੂਰੇ ਜਲਾਲ ਵਿਚ ਆਉਂਦੇ ਹਨ। ਬੂਝਾ ਸਿੰਘ ਤਲਾਸ਼ੀ ਦੌਰਾਨ ਆਮ ਲੋਕਾਂ ਤੇ ਅਫ਼ੀਮ, ਸ਼ਰਾਬ ਦੇ ਕੇਸ ਬਣਾ ਕੇ ਆਪਣੀ ਤਰੱਕੀ ਦਾ ਰਾਹ ਖੋਲ੍ਹਦਾ ਹੈ। ਸਬ-ਇੰਸਪੈਕਟਰ ਮਨਬੀਰ 'ਬੰਦੇ ਫੜਣ' ਤੇ 'ਮਾਰਨ ਦੀ ਦਹਿਸ਼ਤ ਦੁਆਰਾ ਮੋਟੀ ਉਗਰਾਹੀ ਵਿਚ ਵਿਸ਼ਵਾਸ ਰੱਖਦਾ ਹੈ। ਡਿਪਟੀ ਨੌਨਿਹਾਲ ਸਿੰਘ ਅਜੇਹੇ ਸਮੇਂ ਵੇਲੇ ਸਿਰ ਮਹੀਨਾ ਨਾ ਪੁਚਾਉਣ ਵਾਲੀਆਂ ਅਤੇ ਵਿਹਰੀਆਂ ਆਸਾਮੀਆਂ ਨੂੰ ਕੁਟਾਪਾ ਚਾੜ੍ਹ ਕੇ ਖ਼ਰੀਆਂ ਕਰ ਲੈਂਦਾ ਹੈ। ਇਸ ਤਰ੍ਹਾਂ ਇਹ ਪੁਲਸੀਏ ਸਮਾਜ ਦੇ ਮੁਲਾਜ਼ਮ ਨਾ ਰਹਿ ਕੇ ਮੁਲਜ਼ਮ ਬਣੇ ਆਮ ਲੋਕਾਂ ਦੇ ਦੁੱਖਾਂ ਦਾ ਕਾਰਣ ਬਣਦੇ ਹਨ। ਆਪਣੇ ਫ਼ਰਜ਼ਾਂ ਦੇ ਕਾਨੂੰਨੀ ਦਾਇਰਿਆਂ ਨੂੰ ਭੁੱਲਿਆ ਇਹ ਮਹਿਕਮਾ ਆਪਣੇ ਕੈਰੀਅਰ ਦੀ ਦੌੜ ਵਿਚ ਲੱਗਾ ਵਿਖਾਈ ਦੇਂਦਾ ਹੈ। ਇਸ ਤਰ੍ਹਾਂ ਸਮਾਜ ਵਿਚ ਅਮਨ-ਕਾਨੂੰਨ ਬਣਾਈ ਰੱਖਣ ਵਾਲੀ ਪੁਲਸ ਸਮਾਜ ਵਿਚ ਬੇਚੈਨੀ ਅਤੇ ਬਦਅਮਨੀ ਪੈਦਾ ਕਰਨ ਦਾ ਕਾਰਣ ਬਣ ਜਾਂਦੀ ਹੈ। ਰਾਜਸੀ ਨੇਤਾ ਪੁਲਸ ਨੂੰ ਕਿਵੇਂ ਆਪਣੇ ਹਿਤਾਂ ਲਈ ਵਰਤਦੇ ਹਨ ਅਤੇ ਪੁਲਸ ਅਫ਼ਸਰ ਕਿਵੇਂ ਵੱਧ ਪੈਸੇ ਵਾਲੇ ਥਾਣਿਆਂ ਵਿਚ ਬਦਲੀ ਕਰਾਉਣ ਲਈ ਇਨ੍ਹਾਂ ਨੇਤਾਵਾਂ ਨੂੰ ਖੁਸ਼ ਕਰਦੇ ਹਨ, ਦਾ ਝਰੋਖਾ ਵੀ ਇਸ ਨਾਵਲ ਵਿਚ ਖੁੱਲ੍ਹਦਾ ਹੈ। ਮਨਬੀਰ ਚੋਣਾਂ ਦੌਰਾਨ ਸ਼ਰਾਬ, ਅਫ਼ੀਮ ਦਾ ਧੰਦਾ ਕਰਨ ਵਾਲਿਆਂ ਨੂੰ ਖੁੱਲ੍ਹੀ ਛੁੱਟੀ ਦੇ ਦੇਂਦਾ ਹੈ ਅਤੇ ਬਦਲੇ ਵਜੋਂ ਉਨ੍ਹਾਂ ਤੋਂ 'ਸਰਦਾਰ' ਦੀ ਮਦਦ ਦਾ ਵਚਨ ਲੈਂਦਾ ਹੈ। ਇਏ ਪੁਲਸ ਅਫ਼ਸਰ ਆਪਣੀ ਦਹਿਸ਼ਤ ਨਾਲ ਕਿਸੇ ਦੇ ਵੋਟ ਤੋੜਦੇ ਹਨ ਤੇ ਕਿਸੇ ਨਾਲ ਜੋੜਦੇ ਹਨ। ਇਸ ਤਰ੍ਹਾਂ ਸਾਡੀ ਅਖੌਤੀ ਲੋਕਤੰਤਰੀ ਪ੍ਰਣਾਲੀ ਪੁਲਸ ਦਬਦਬੇ ਹੇਠ ਧੱਕਾ ਪ੍ਰਣਾਲੀ ਦਾ ਰੂਪ ਧਾਰਦੀ ਨਜ਼ਰ ਆਉਂਦੀ ਹੈ। ਪੁਲਸ ਆਮ ਲੋਕਾਂ ਲਈ ਸਰਾਪ ਬਣੀ ਦਿਸਦੀ ਹੈ ਤੇ ਗ਼ੈਰ-ਕਾਨੂੰਨੀ ਧੰਦਾ ਕਰਨ ਵਾਲਿਆਂ ਲਈ ਵਰ। ਪੁਲਸ ਤੇ ਰਾਜਨੀਤੀ ਦੇ ਅਜੇਹੇ ਗਠਜੋੜ ਕਾਰਣ ਸਮੁੱਚੀ ਵਿਵਸਥਾ ਦੀ ਨਸ-ਨਸ ਵਿਚ ਭ੍ਰਿਸ਼ਟਾਚਾਰੀ ਤੇ ਲੁੱਟ ਖਸੁੱਟ ਦੀ ਧੂੜ ਭਰੀ ਨਜ਼ਰ ਆਉਂਦੀ ਹੈ। ਅਜੋਕੇ ਯੁੱਗ ਵਿਚ ਵੱਖ-ਵੱਖ ਅਹੁੱਦੇ ਸਮਾਜ ਦੀ ਲੁੱਟ ਦੇ ਪਲੇਟਫਾਰਮ ਬਣੇ ਜਾਪਦੇ ਹਨ। ਬਾਬੂ ਤੇ ਲਾਲੇ ਵਰਗੇ ਨੇਤਾ ਜਿਵੇਂ-ਕਿਵੇਂ ਸੱਤਾ ਹਾਸਿਲ ਕਰਨ ਲਈ ਧਾਰਮਿਕ ਤੇ ਜਾਤੀ ਨਾਹਰਿਆਂ ਦੀ ਆੜ ਲੈਂਦੇ ਹਨ। ਰਾਜਸੀ ਲੋਕਾਂ ਦੇ ਅਜੇਹੇ ਕੂਟ ਵਤੀਰੇ ਕਾਰਣ ਹੀ ਸ਼ਾਇਦ ਭਾਰਤ ਦੇ ਵੱਖ-ਵੱਖ ਖਿੱਤਿਆਂ ਵਿਚ ਜਾਤੀ ਤੇ ਧਾਰਮਿਕ ਵੱਖਵਾਦ ਨੂੰ ਬਲ ਮਿਲਿਆ ਹੈ। ਅਜੇਹੀ ਰਾਜਨੀਤੀ ਫਿਰਕਾਪ੍ਰਸਤੀ ਨੂੰ ਉਤਸ਼ਾਹਤ ਕਰਦੀ ਸਮੂਹ ਸਾਂਝੀ ਰਹਿਣੀ ਸਹਿਣੀ ਲਈ ਕਲੇਸ਼ ਦਾ ਕਾਰਣ ਬਣੀ ਹੈ। ਰਾਜਨੀਤੀ ਹੁਣ ਸਮਾਜ ਕਲਿਆਣ ਦਾ ਰਾਹ ਨਾ ਰਹਿ ਕੇ ਆਪਣਾ ਨਿੱਜ ਸੁਆਰਨ ਦਾ

ਜ਼ਰੀਆ ਬਣੀ ਨਜ਼ਰ ਆਉਂਦੀ ਹੈ। ਪੂੰਜੀਵਾਦੀ ਯੁੱਗ ਦੀਆਂ ਮੰਡੀ ਕੀਮਤਾਂ ਦੀ ਲਪੇਟ ਵਿਚ ਸਿਆਸਤ ਵੀ ਮੰਡੀ ਦੀ ਵਸਤ ਬਣੀ ਦਿਸਦੀ ਹੈ। ਰਾਜਨੀਤੀ ਦਾ ਅਜੇਹਾ ਬਦਲਿਆ ਚਰਿੱਤਰ ਹੀ ਅੱਗੇ ਵਿਭਿੰਨ ਮਹਿਕਮਿਆਂ ਦੇ ਨਿਘਾਰ ਦਾ ਆਧਾਰ ਬਣਦਾ ਹੈ। ਇਸ ਦੌਰ ਦੇ ਖੱਪਤੀ ਰੁਝਾਣ ਵਿਚ ਚਾਰ-ਚੁਫ਼ੇਰੇ ਨਿੱਜ ਸੁਆਰਨ ਦਾ ਹੀ ਬੋਲਬਾਲਾ ਹੋ ਗਿਆ ਹੈ।

**ਤਫ਼ਤੀਸ਼** ਨਾਵਲ ਵਿਚ ਵਪਾਰਕ ਤੇ ਅਫ਼ਸਰ ਸ਼੍ਰੇਣੀ ਦੀ ਚੜ੍ਹਤ ਤੇ ਇਸ ਦੇ ਪਿਛੋਕੜ ਨੂੰ ਵੀ ਫੈਲਿਆ ਗਿਆ ਹੈ। ਆਜ਼ਾਦੀ ਤੋਂ ਬਾਅਦ ਨਵੇਂ-ਨਵੇਂ ਵਪਾਰੀ ਤੇ ਨੌਕਰੀ ਪੇਸ਼ਾ ਧੰਦਿਆਂ ਨਾਲ ਜੁੜੀ ਸ਼੍ਰੇਣੀ ਦੀ ਸਭ ਪਾਸੇ ਚੜ੍ਹ ਮੱਚੀ ਵਿਖਾਈ ਦੇਂਦੀ ਹੈ। ਲੇਖਕ ਨੇ ਹਰ ਵਪਾਰੀ ਤੇ ਅਫ਼ਸਰ ਦੇ ਚਰਿੱਤਰ ਦੀ ਇਤਿਹਾਸਕ ਪੇਸ਼ਕਾਰੀ ਰਾਹੀਂ ਇਹ ਦ੍ਰਿੜ ਕੀਤਾ ਹੈ ਕਿ ਇਹ ਵਿਰਸੇ ਵਜੋਂ ਖਾਨਦਾਨੀ ਅਮੀਰ ਸ਼੍ਰੇਣੀ ਨਹੀਂ ਹੈ। ਸਤਪਾਲ ਮੁਨੀਮ ਤੋਂ ਸ਼ੈਲਰ ਮਾਲਕ ਬਣ ਜਾਂਦਾ ਹੈ। ਦੁਕਾਨਾਂ ਤੇ ਝਾੜੂ ਫੇਰਨ ਵਾੜੇ ਦਾ ਪੁੱਤ ਬੰਤਾ 'ਲੱਖਾਂ ਵਿਚ ਖੇਡਦਾ' ਵਿਖਾਇਆ ਗਿਆ ਹੈ। ਇਸੇ ਤਰ੍ਹਾਂ ਮੋਟੀ ਗੋਗੜ ਵਾਲਾ ਲੱਖਪਤੀ ਠੇਕੇਦਾਰ ਕਦੀ ਇਕ ਮਾਮੂਲੀ ਕਰਿੰਦਾ ਸੀ। ਸੰਗਮਰਮਰ ਦੀ ਕੋਠੀ ਵਿਚ ਰਹਿੰਦੇ ਓਵਰਸੀਅਰ ਦਾ ਪਿਉ ਕਦੀ ਪੁਲਸ ਦੀ ਵਰਦੀਆਂ ਸਿਉਂਕੇ ਗੁਜ਼ਾਰਾ ਕਰਦਾ ਸੀ। ਵਕੀਲਾਂ ਤੇ ਡਾਕਟਰਾਂ ਦੀਆਂ ਪਹਾੜ ਜਿੱਡੀਆਂ ਆਲੀਸ਼ਾਲ ਕੋਠੀਆਂ ਦੇ ਚਿਹਨ ਅਜੋਕੇ ਦੌਰ ਵਿਚ ਪਸਰੀ ਵੱਢੀ-ਖੋਰੀ ਤੇ ਹੇਰਾਫੇਰੀ ਦਾ ਪ੍ਰਗਟਾਵਾ ਹਨ। ਮਾਡਲ ਟਾਊਨ ਦੀਆਂ 'ਸੰਗਮਰਮਰੀ ਕੋਠੀਆਂ' ਵਿਚ ਰਹਿੰਦੇ ਇਹ 'ਵੱਡੇ ਲੋਕ' ਆਪਣੀ ਕੁਰੱਪਟ ਕਾਰਗੁਜ਼ਾਰੀ ਕਾਰਣ ਅਮੀ ਚੰਦ ਵਰਗੇ ਇਮਾਨਦਾਰ ਸਬ ਇੰਸਪੈਕਟਰ ਅੱਗੇ ਦੁੰਬ ਹਿਲਾਉਂਦੇ ਨਜ਼ਰ ਆਉਂਦੇ ਹਨ। ਹਰ ਕਿਸਮ ਦੀ ਮਾਣ-ਮਰਯਾਦਾ ਤੋਂ ਟੁੱਟੇ ਅਜੇਹੇ ਅਖੌਤੀ ਸ਼ਰੀਫ਼ਾਂ ਦਾ ਧਰਮ 'ਪੈਸਾ' ਹੈ। ਵਿਅੰਗ ਇਹ ਹੈ ਕਿ ਅਜੇਹੇ ਰਿਬਵਤਖੋਰ ਤੇ ਬਲੈਕੀਏ ਅਜੇਹੀਆਂ ਕਲੋਨੀਆਂ ਵਿਚ ਰਹਿੰਦੇ 'ਸ਼ਰੀਫ਼ ਸ਼ਹਿਰੀ' ਵਜੋਂ ਜਾਣੇ ਜਾਂਦੇ ਹਨ। ਇਹ ਸ਼ਹਿਰੀ ਸ਼੍ਰੇਣੀ ਚੋਰ ਬਾਜ਼ਾਰੀ ਜਾਂ ਚੋਰ ਮੋਰੀਆਂ ਰਾਹੀਂ ਹੀ ਆਰਥਿਕ ਖੁਸ਼ਹਾਲੀ ਨੂੰ ਪੁੱਜਦੀ ਵਿਖਾਈ ਗਈ ਹੈ। ਚੋਰਾਂ, ਮੁਲਾਜ਼ਮਾਂ ਲਈ ਹਊਏ ਵਜੋਂ ਜਾਣਿਆ ਜਾਂਦਾ ਅਮੀ ਚੰਦ ਵਰਗਾ ਪੁਲਸ ਅਫ਼ਸਰ ਅਜੇਹੇ 'ਆਧੁਨਿਕ ਚੋਰ' ਸਾਹਮਣੇ ਆਪਣੇ ਆਪ ਨੂੰ ਨਿਹੱਥਾ ਮਹਿਸੂਸ ਕਰਦਾ ਹੈ।

ਉਪਰੋਕਤ ਸ਼੍ਰੇਣੀਆਂ ਦੇ ਨਾਲ ਨਾਲ ਲੇਖਕ ਨੇ ਸ਼ਹਿਰ ਦੇ ਸਲੰਮ ਏਰੀਏ ਵਿਚ ਰਹਿੰਦੀਆਂ ਨਿਮਨ ਸ਼੍ਰੇਣੀਆਂ ਤੇ ਵੀ ਝਾਤ ਪਾਈ ਹੈ। ਬੱਚੇ ਦੀ ਤਲਾਸ਼ ਦੌਰਾਨ ਗੰਦੀਆਂ ਬਸਤੀਆਂ ਵਿਚ ਰਹਿੰਦੇ ਮੰਗਤੇ, ਸਾਂਸੀ ਤੇ ਵਾਣ ਵੱਟਣ ਵਾਲੇ ਵੀ ਪੁਲਸ ਦੇ ਕਹਿਰ ਦਾ ਨਿਸ਼ਾਨਾ ਬਣਦੇ ਹਨ। ਇਨ੍ਹਾਂ ਦੱਬੇ ਕੁਚਲੇ ਤੇ ਗਰੀਬ ਵਰਗਾਂ ਨਾਲ ਸੰਬੰਧਿਤ ਪਾਲੇ ਤੇ ਮੀਤੇ ਵਰਗੇ ਪਾਤਰਾਂ ਤੇ ਹੀ ਅਖ਼ੀਰ ਬੰਟੀ ਦਾ ਕਤਲ ਮੜ੍ਹਿਆ ਜਾਂਦਾ ਹੈ। ਸੁੱਖ-ਸਹੂਲਤਾਂ ਦੇ ਪੱਖੋਂ ਜਿਥੇ ਉਪਰਲਾ ਵਰਗ ਮਾਡਲ ਟਾਊਨ ਦੀਆਂ ਕੋਠੀਆਂ ਵਿਚ ਸਵਰਗ ਰੂਪੀ ਜੀਵਨ ਜਿਊਂਦਾ ਹੈ, ਉਥੇ ਇਹ ਨਿਮਨ ਵਰਗ ਝੁੱਗੀਆਂ ਝੌਂਪੜੀਆਂ ਤੇ ਕੁਸ਼ਟ ਆਸ਼ਰਮਾਂ ਵਿਚ ਨਰਕ ਰੂਪੀ ਜੀਵਨ ਜਿਊਂਦੇ ਹਨ। ਤਨ ਤੋਂ ਨੰਗੇ ਤੇ ਪੇਟੋਂ ਭੁੱਖੇ ਅਜੇਹੇ ਨਿਮਨ ਵਰਗ ਦਾ ਜੀਵਨ ਸਾਡੇ ਕਲਿਆਣਕਾਰੀ ਲੋਕਤੰਤਰ ਤੇ ਡੂੰਘਾ ਵਿਅੰਗ ਬਣ ਜਾਂਦਾ ਹੈ। ਅਜੇਹੇ ਵੇਰਵਿਆਂ ਕਾਰਣ ਇਸ ਨਾਵਲ ਵਿਚ ਸਮਾਜ ਦਾ ਅੰਤਰ-ਜਮਾਤੀ ਸੰਦਰਭ ਸਾਹਮਣੇ ਆਉਂਦਾ ਹੈ। ਕੁਸ਼ਟ ਆਸ਼ਰਮ ਦੀ ਤਲਾਸ਼ੀ ਲੈਂਦੇ ਹੌਲਦਾਰ ਦੇਸਰਾਜ ਨੂੰ 'ਅਖ਼ਬਾਰਾਂ' ਜਾਂ 'ਭਾਸ਼ਣਾਂ' ਵਿਚ ਗਰੀਬਾਂ ਨੂੰ ਵੰਡੇ ਜਾਂਦੇ ਕੰਬਲ ਤੇ ਰਜਾਈਆਂ 'ਕੋਰਾ ਝੂਠ' ਲੱਗਣ ਲੱਗ ਪੈਂਦੇ ਹਨ। ਇਸ ਤਰ੍ਹਾਂ ਇਹ ਨਾਵਲ ਸ਼ਹਿਰ ਦੀਆਂ ਵੱਖ ਵੱਖ ਸ਼੍ਰੇਣੀਆਂ ਦੇ ਰਹਿਣ-ਸਹਿਣ ਦਾ ਤਫ਼ਤੀਸ਼ੀ ਪ੍ਰਗਟਾ ਬਣ ਜਾਂਦਾ ਹੈ।

ਇਕ ਪਾਸੇ ਪੁਲਸ ਦੇ ਤਸ਼ੱਦਦੀ ਵਤੀਰੇ ਕਾਰਣ ਖਾੜਕੂ ਲਹਿਰ ਨੂੰ ਬਲ ਮਿਲਦਾ ਦੱਸਿਆ ਗਿਆ ਹੈ ਅਤੇ ਦੂਜੇ ਪਾਸੇ ਕੁਝ ਆਰਥਿਕ ਮਜਬੂਰੀਆਂ ਕਾਰਣ ਇਸ ਲਹਿਰ ਦਾ ਹਿੱਸਾ ਬਣਦੇ ਵਿਖਾਏ ਗਏ ਹਨ। ਸ਼ਿੰਦਾ ਭਰਾਵਾਂ ਕੋਲੋਂ ਆਪਣੇ ਹਿੱਸੇ ਦੀ ਜ਼ਮੀਨ ਨਾ ਮਿਲਣ ਕਰਕੇ ਖਾੜਕੂ ਬਣ ਜਾਂਦਾ ਹੈ। ਇਸ ਨਾਵਲ ਵਿਚ ਇਕ ਪਾਸੇ ਤਾਕਤ, ਅਹੁੱਦਿਆਂ ਤੇ ਸਾਧਨਾਂ ਉੱਤੇ ਕਬਜ਼ਾ ਜਮਾਈ ਅਤੇ ‘ਸਭ ਨਿਆਮਤਾਂ’ ਹਾਸਿਲ ਕਰੀ ਬੈਠੇ ਵਰਗ ਹਨ ਤੇ ਦੂਜੇ ਪਾਸੇ ਸਾਧਨ ਵਿਹੀਣ ਤੇ ਬੇਰੁਜ਼ਗਾਰ ਤਬਕਾ ਖਾੜਕੂ ਲਹਿਰ ਦੀ ਓਟ ਵਿਚ ਮਨਮਰਜ਼ੀ ਤੇ ਰਾਹਤ ਵਾਲਾ ਜੀਵਨ ਜਿਊਣਾ ਲੋਚਦਾ ਹੈ। ਅਜੋਕੇ ਯੁੱਗ ਦੇ ਅਸਾਵੇਂ ਆਰਥਿਕ ਵਿਕਾਸ ਤੇ ਵੱਧਦੇ ਜਮਾਤੀ ਪਾੜੇ ਨੂੰ ਹੀ ਅਜੇਹੀਆਂ ਲਹਿਰਾਂ ਦਾ ਕਾਰਣ ਦੱਸਿਆ ਗਿਆ ਹੈ।

ਇਸ ਰਚਨਾ ਦੀ ਖ਼ੂਬੀ ਇਹ ਹੈ ਕਿ ਇਸ ਵਿਚ ਕਿਸੇ ਇਕ ਵਿਅਕਤੀ ਜਾਂ ਮਹਿਕਮੇ ਨੂੰ ਖ਼ਲਨਾਂਇਕ ਦੇ ਰੂਪ ਵਿਚ ਪੇਸ਼ ਨਹੀਂ ਕੀਤਾ ਗਿਆ। ਇਸ ਨਾਵਲ ਵਿਚ ਸਮੁੱਚੀ ਵਿਵਸਥਾ ਹੀ ਖ਼ਲਨਾਇਕੀ ਰੂਪ ਵਜੋਂ ਪੇਸ਼ ਹੋਈ ਹੈ। ਸਾਰੇ ਵਿਭਾਗ ਜਾਂ ਮਹਿਕਮੇ ਹੀ ਸਮੁੱਚੀ ਵਿਵਸਥਾ ਦੇ ਅੰਗ ਵਜੋਂ ਅੰਤਰ-ਸੰਬੰਧਿਤ ਰੂਪ ਵਿਚ ਮਾਇਆਧਾਰੀ ਕਦਰਾਂ ਦੀ ਲਪੇਟ ਵਿਚ ਆਏ ਦਿਸਦੇ ਹਨ। ਪੁਲਸ, ਵਪਾਰੀ ਤੇ ਰਾਜਲੀਤਿਕ ਸ਼੍ਰੇਣੀ ਦਾ ਆਪਸੀ ਗਠਜੋੜ ਇਕ ਦੂਜੇ ਲਈ ਤਰੱਕੀ ਦਾ ਜਾਮਨ ਬਣਦਾ ਹੈ। ਐਸ.ਪੀ. ਖ਼ਾਨ ਤੇ ਸਬ ਇਨਸਪੈਕਟਰ ਅਮੀ ਚੰਦ ਵਰਗੇ ਵਿਰਲੇ ਟਾਵੇਂ ਇਮਾਨਦਾਰ ਅਫ਼ਸਰ ਆਪਣੇ ਚਾਰ-ਚੁਫ਼ੇਰੇ ਪਸਰੀ ਭ੍ਰਿਸ਼ਟਾਚਾਰੀ ਦੀ ਹਨੇਰਗਰਦੀ ਵਿਚ ਬੇਬਸ ਵਿਖਾਈ ਦੇਂਦੇ ਹਨ।

ਵਪਾਰੀ ਵਰਗ ਤੇ ਨੌਕਰਸ਼ਾਹੀ ਦੇ ਉਪਰੋਕਤ ਕਿਰਦਾਰ ਤੋਂ ਸਪੱਸ਼ਟ ਹੈ ਕਿ ਅਜੋਕੇ ਪੂੰਜੀਵਾਦੀ ਯੁੱਗ ਵਿਚ ਵਿਕਾਸ ਜਾਂ ਤਰੱਕੀ ਅਜੇਹੀ ਹੇਰਾਫੇਰੀ ਜਾਂ ਬੇਈਮਾਨੀ ਨਾਲ ਹੀ ਕੀਤੀ ਜਾ ਸਕਦੀ ਹੈ। ਇਹ ਨਾਵਲ ਅਜੇਹੇ ਰੁਝਾਣ ਦੇ ਵੱਧਦੇ ਜਾਂ ਡੂੰਘੇ ਹੁੰਦੇ ਜਾਣ ਦੀ ਵੀ ਸੂਚਨਾ ਦੇਂਦਾ ਹੈ। ਇਸ ਨਾਵਲ ਵਿਚ ਬੱਚੇ ਦੇ ਅਗਵਾ ਦੀ ਘਟਨਾ ਦੇ ਖ਼ਾਸ ਅਰਥ ਹਨ। ਆਮ ਤੌਰ ਤੇ ਬੱਚੇ ਨੂੰ ਭਵਿੱਖ ਦੇ ਪ੍ਰਤੀਕ ਵਜੋਂ ਪੇਸ਼ ਕੀਤਾ ਜਾਂਦਾ ਹੈ। ਇਸ ਨਾਵਲ ਵਿਚ ਬੱਚੇ ਦੇ ਅਗਵਾ ਤੇ ਮਾਰੇ ਜਾਣ ਦਾ ਵੇਰਵਾ ਅਜੋਕੀ ਵਿਵਸਥਾ ਵਿਚ ਅਜੇਹੀ ਹਨ੍ਹੇਰ-ਗਰਦੀ ਤੇ ਦੁਖਾਂਤ ਸਥਿਤੀ ਦੇ ਵੱਧਦੇ ਜਾਣ ਦਾ ਚਿੰਤਾਜਨਕ ਪ੍ਰਗਟਾਵਾ ਹੈ। ਬੱਚੇ ਦੇ ਅਗਵਾ ਤੇ ਮੌਤ ਦੀ ਘਟਨਾ ਨੂੰ ਅਜੋਕੇ ਮਾਹੌਲ ਵਿਚ ਪੰਜਾਬੀਅਤ ਦੀਆਂ ਪਰੰਪਰਕ ਕਦਰਾਂ ਦੇ ਅਗਵਾ ਤੇ ਖ਼ਤਮ ਹੋ ਜਾਣ ਦੇ ਚਿਹਨ ਵਜੋਂ ਵੀ ਵੇਖਿਆ ਜਾ ਸਕਦਾ ਹੈ।

ਇਸ ਨਾਵਲ ਵਿਚ ਪ੍ਰਗਤੀਵਾਦੀ ਪੈਂਤੜਾ ਵੀ ਵਿਦਮਾਨ ਹੈ। ਇਹ ਪੈਂਤੜਾ ਸਮੂਹਿਕ ਸੰਘਰਸ਼ ਵਿਚ ਵਿਸ਼ਵਾਸ ਦ੍ਰਿੜ ਕਰਦਾ ਹੈ। ਇਸ ਨਾਵਲ ਵਿਚ ਸੰਘਰਸ਼ ਸੰਮਤੀ ਤੇ ਤਰਕਸ਼ੀਲ ਜੱਥੇਬੰਦੀ ਦੇ ਮੈਂਬਰ ਆਪਣੇ ਸੰਘਰਸ਼ ਰਾਹੀਂ ਪੁਲਸ ਤਸ਼ੱਦਦ ਦਾ ਵਿਰੋਧ ਕਰਦੇ ਹਨ। ਇਹ ਮੈਂਬਰ ਆਪਣੇ ਜੱਥੇਬੰਦਕ ਦਬਦਬੇ ਨਾਲ ਵੀ ਪੁਲਸ ਦੇ ਪੰਜੇ ਵਿਚੋਂ ਆਪਣੇ ਬੰਦੇ ਛੁਡਾ ਲੈਂਦੇ ਹਨ ਤੇ ਕਾਨੂੰਨੀ ਹੱਥਕੰਡਿਆਂ ਨਾਲ ਵੀ ਲਾਲ ਸਿੰਘ ਵਰਗੇ ਥਾਣੇਦਾਰ ਨੂੰ ਮੁਅੱਤਲ ਕਰਾ ਦੇਂਦੇ ਹਨ। ਬਾਬੇ ਤੇ ਸਰਕਾਰੀ ਵਕੀਲ ਗੁਰਮੀਤ ਵਰਗੇ ਪਾਤਰ ਅਜੇਹੀ ਚੇਤਨਾ ਦੀ ਪ੍ਰਤੀਨਿਧਤਾ ਕਰਦੇ ਹਨ। ਇਹ ਸੰਘਰਸ਼ ਸੰਮਤੀਆਂ ਬੁਰਜਵਾਜੀ ਦੇ ਚਰਿੱਤਰ ਤੇ ਵਿਹਾਰ ਦਾ ਵੀ ਪਾਜ ਉਘਾੜਦੀਆਂ ਹਨ। ਅਜੇਹੀਆਂ ਸੰਮਤੀਆਂ ਦੇ ਨੇਤਾ ਕਿਵੇਂ ਸਰਕਾਰੀ ਜਬਰ ਦਾ ਸ਼ਿਕਾਰ ਹੁੰਦੇ ਹਨ ਜਾਂ ਅਜੇਹੇ ਰਾਹ ਤੇ ਚਲਦਿਆਂ ਕਿਹੜੀਆਂ ਮੁਸੀਬਤਾਂ ਦਾ ਸਾਹਮਣਾ ਕਰਨਾ ਪੈਂਦਾ ਹੈ, ਦੇ ਵੇਰਵੇ ਵੀ ਇਸ ਨਾਵਲ ਵਿਚ ਮਿਲਦੇ ਹਨ। ਇਨ੍ਹਾਂ ਸੰਮਤੀਆਂ ਦੇ ਵਿਹਾਰ ਰਾਹੀਂ ਸਰਕਾਰੀ ਜ਼ੁਲਮ ਜਾਂ ਤਸ਼ੱਦਦ ਨੂੰ ਠੱਲ੍ਹ ਪਾਉਣ ਦੀ ਆਸ ਵੀ ਪ੍ਰਗਟਾਈ ਗਈ ਹੈ। ਅਜੇਹੀ ਆਸ ਦੀ ਸੁਰ ਇਸ ਨਾਵਲ ਵਿਚ ਵਿਦਮਾਨ ਦੁਖਾਂਤ-ਸਥਿਤੀ ਦੀ ਪੀੜ

ਮੱਠੀ ਜਾਂ ਘੱਟ ਕਰਨ ਦਾ ਕਾਰਣ ਹੀ ਨਹੀਂ ਬਣਦੀ, ਸਗੋਂ ਇਸ ਤੋਂ ਨਿਜਾਤ ਦਿਵਾਉਣ ਦਾ ਵਾਅਦਾ ਵੀ ਪ੍ਰਸਤੁਤ ਕਰਦੀ ਹੈ ਪਰ ਅਜੇਹੀਆਂ ਸੰਮਤੀਆਂ ਦੇ ਸੰਘਰਸ਼ ਤੇ ਸਰਕਾਰੀ ਵਕੀਲ ਗੁਰਮੀਤ ਦੇ ਵਿਰੋਧ ਦੇ ਬਾਵਜੂਦ ਪੁਲਸ ਪਾਲੇ ਤੇ ਮੀਤੇ ਵਰਗੇ ਨਿਰਦੋਸ਼ਾਂ ਦੇ ਸਿਰ ਬੰਟੀ ਦਾ ਕਤਲ ਮੜ੍ਹ ਦੇਂਦੀ ਹੈ। ਨਾਵਲਕਾਰ ਸ਼ਾਇਦ ਇਹ ਪੇਸ਼ ਕਰਨਾ ਚਾਹੁੰਦਾ ਹੈ ਕਿ ਛੋਟੇ-ਮੋਟੇ ਸੰਘਰਸ਼ ਰਾਹੀਂ ਇਸ ਵਿਵਸਥਾ ਦੇ ਸਮੁੱਚੇ ਵਿਹਾਰ ਨੂੰ ਬਦਲਣਾ ਮੁਸ਼ਕਲ ਹੈ। ਕਿਸੇ ਬੁਨਿਆਦੀ ਜਾਂ ਇਤਿਹਾਸਕ ਤਬਦੀਲੀ ਲਈ ਕਿਸੇ ਵਡੇਰੇ ਸੰਘਰਸ਼ ਦੀ ਲੋੜ ਵੱਲ ਧਿਆਨ ਦਿਵਾਇਆ ਗਿਆ ਹੈ। ਇਸ ਨਾਵਲ ਦੀ ਪ੍ਰਗਤੀਵਾਦੀ ਸੁਰ ਜਸਵੰਤ ਸਿੰਘ ਕੰਵਲ ਦੇ ਨਾਵਲਾਂ ਵਿਚ ਪੇਸ਼ ਨਾਹਰਿਆਂ ਦੇ ਸਿੱਧੇ ਵਿਖਿਆਨ ਜਾਂ ਪ੍ਰਚਾਰ ਵਰਗੀ ਨਹੀਂ ਹੈ। **ਤਫ਼ਤੀਸ਼** ਨਾਵਲ ਵਿਚ ਅਜੇਹਾ ਪੈਂਤੜਾ ਅਲਪ ਤੇ ਅੰਸ਼ਕ ਤੱਥ ਵਜੋਂ ਸਾਡੇ ਸਮਕਾਲੀ ਯਥਾਰਥ ਦੇ ਕਿਸੇ ਸੀਮਤ ਸੱਚ ਦਾ ਹੀ ਹਾਣੀ ਜਾਪਦਾ ਹੈ।

ਪੂੰਜੀਵਾਦੀ ਵਰਗ ਦੇ ਖੱਪਤੀ ਰੁਝਾਣ ਵਿਚ ਸਰਕਾਰੀ ਵਿਵਸਥਾ ਦੇ ਹਰ ਅੰਗ ਵਿਚੋਂ ਨੈਤਿਕਤਾ, ਗ਼ੈਰਤ, ਸੁਹਿਰਦਤਾ, ਇਮਾਨਦਾਰੀ, ਮਾਨਵਵਾਦੀ, ਰਾਸ਼ਟਰੀ ਤੇ ਕਰਤੱਵ ਦੀ ਭਾਵਨਾ ਬੀਤੇ ਦੀ ਸ਼ੈਅ ਬਣ ਕੇ ਰਹਿ ਗਈ ਹੈ। ਇਸ ਨਾਵਲ ਵਿਚ ਤਰੱਕੀ ਤੇ ਪੈਸੇ ਦੀ ਦੌੜ ਵਿਚ ਲੱਗਾ ਹਰ ਮਹਿਕਮਾ ਅਤੇ ਵਰਗ ਬੇਈਮਾਨੀ, ਸ਼ੋਸ਼ਣ ਤੇ ਆਪ-ਹੁਦਰੇਪਣ ਦੀ ਲਪੇਟ ਵਿਚ ਆਇਆ ਦਿਸਦਾ ਹੈ। ਇਸ ਯੁੱਗ ਵਿਚ ਭ੍ਰਿਸ਼ਟਾਚਾਰੀ ਸਮਾਜਕ ਕਲਚਰ ਵਜੋਂ ਪ੍ਰਵਾਨਿਤ ਹੋ ਚੁੱਕੀ ਹੈ। ਇਸ ਨਾਵਲ ਵਿਚ ਕੂਟਤਾ ਕਿਸੇ ਇਕ ਪਾਤਰ ਵਿਚ ਨਹੀਂ, ਸਮੁੱਚੀ ਵਿਵਸਥਾ ਵਿਚ ਦਰਸਾਈ ਗਈ ਹੈ। ਇਸੇ ਕਰਕੇ ਇਸ ਨਾਵਲ ਵਿਚ ਨਾਇਕ ਹੀ ਨਹੀਂ, ਖ਼ਲਨਾਇਕ ਪਾਤਰਾਂ ਦਾ ਵੀ ਅਭਾਵ ਹੈ। ਅਜੋਕੀ ਵਿਵਸਥਾ ਦੇ ਵਿਭਿੰਨ ਅੰਗਾਂ ਦਾ ਕੁਰੱਪਟ ਵਿਹਾਰ ਹੀ ਖ਼ਲਨਾਇਕਤਾ ਦੇ ਰੂਪ ਵਜੋਂ ਪੇਸ਼ ਹੋਇਆ ਹੈ। ਨਾਇਕ ਜਾਂ ਖ਼ਲਨਾਇਕ ਪਾਤਰਾਂ ਦੀ ਅਣਹੋਂਦ ਕਾਰਣ ਇਸ ਨਾਵਲ ਵਿਚ ਦੁਖਾਂਤ ਕਿਸੇ ਇਕ ਜਾਂ ਕੁਝ ਪਾਤਰਾਂ ਨਾਲ ਨਹੀਂ ਵਾਪਰਦਾ, ਸਗੋਂ ਆਮ ਲੋਕਾਈ ਜਾਂ ਸਾਧਨ ਵਿਹੂਣਾ ਜਨਸਾਧਾਰਨ ਹੀ ਵਿਵਸਥਾ ਦੇ ਉਪਰੋਕਤ ਵਿਹਾਰ ਵਿਚ ਪਿਸਦਾ ਨਜ਼ਰ ਆਉਂਦਾ ਹੈ। ਇਸ ਕਰਕੇ **ਤਫ਼ਤੀਸ਼** ਨਾਵਲ ਵਿਚ ਪੇਸ਼ ਦੁਖਾਂਤ-ਸਥਿਤੀ ਗੁਰਦਿਆਲ ਸਿੰਘ ਦੇ ਨਾਵਲਾਂ ਨਾਲ ਸ਼ੁਰੂ ਹੋਈ ਦੁਖਾਂਤ-ਪਰੰਪਰਾ ਨਾਲੋਂ ਬਿਲਕੁਲ ਵੱਖਰੀ ਕਿਸਮ ਦੀ ਹੈ। ਗੁਰਦਿਆਲ ਸਿੰਘ ਦੇ ਨਾਵਲਾਂ ਵਿਚ (**ਪਰਸਾ** ਨਾਵਲ ਨੂੰ ਛੱਡ ਕੇ) ਕੇਂਦਰੀ ਪਾਤਰ ਕਾਬਜ਼ ਵਿਵਸਥਾ ਤੋਂ ਹਾਰਦੇ ਅੰਤ ਦੁਖਾਂਤਕ ਪਾਤਰ ਬਣ ਨਿਬੜਦੇ ਹਨ। **ਤਫ਼ਤੀਸ਼** ਵਿਚ ਅਗਵਾ ਲੜ ਕੇ ਬੰਟੀ ਦੀ ਮਾਂ ਦੀ ਸਥਿਤੀ ਭਾਵੇਂ ਦੁਖਾਂਤ ਪਾਤਰਾਂ ਵਰਗੀ ਹੈ ਪਰ ਇਹ ਪਾਤਰ ਨਾਵਲ ਦੇ ਅੱਧ-ਵਿਚਕਾਰ ਹੀ ਗੁੰਮ ਹੋ ਜਾਂਦਾ ਹੈ। ਇਸ ਤਰ੍ਹਾਂ ਅਜੇਹਾ ਵੇਰਵਾ ਇਸ ਨਾਵਲ ਦੀ ਮੁੱਖ ਨਹੀਂ, ਅੰਸ਼ਕ ਸੁਰ ਹੈ। **ਤਫ਼ਤੀਸ਼** ਨਾਵਲ ਵਿਚ ਕਾਬਜ਼ ਪ੍ਰਬੰਧ ਦੇ ਵੱਖ-ਵੱਖ ਅੰਗਾਂ ਦਾ ਸਮੁੱਚਾ ਅਮਾਨਵੀ ਤੇ ਕੁਰੱਪਟ ਵਿਹਾਰ ਦੀ ਆਮ ਲੋਕਾਈ ਲਈ ਪੀੜਾ ਜਾਂ ਦੁਖਾਂਤ ਦਾ ਕਾਰਨ ਬਣਦਾ ਹੈ। ਗੁਰਦਿਆਲ ਸਿੰਘ ਦੇ ਨਾਵਲਾਂ ਵਿਚ ਪਾਤਰਾਂ ਦੀ ਦੁਖਾਂਤ ਸਥਿਤੀ ਦੇ ਕਾਰਣ ਪਰੰਪਰਾਗਤ ਸਾਂਸਕ੍ਰਿਤਿਕ ਬਣਤਰ ਅਤੇ ਜਮਾਤੀ ਪਾੜੇ ਨਾਲ ਜੁੜੇ ਦਿਸਦੇ ਹਨ। **ਤਫ਼ਤੀਸ਼** ਨਾਵਲ ਵਿਚ ਸਰਕਾਰ ਤੇ ਸਰਕਾਰੀ ਅੰਗਾਂ ਦਾ ਵਿਹਾਰ ਅਜੇਹੀ ਸਥਿਤੀ ਲਈ ਜ਼ੁੰਮੇਵਾਰ ਬਣਦਾ ਹੈ। ਗੁਰਦਿਆਲ ਸਿੰਘ ਦੇ ਨਾਵਲੀ-ਸੰਸਾਰ ਵਿਚ ਵਿਦਮਾਨ ਦੁਖਾਂਤਕ ਸਥਿਤੀਆਂ ਵਿਚੋਂ ਨਿਰਾਸ਼ਾ ਜਾਂ ਸੋਗ ਦੀ ਖ਼ਾਸ ਭਾਹ ਝਲਕਦੀ ਹੈ ਪਰ ਮਿੱਤਰ ਸੈਨ ਮੀਤ ਨੇ ਮਸਖ਼ਰੀ ਤੇ ਵਿਅੰਗ ਦੀਆਂ ਜੁਗਤਾਂ ਰਾਹੀਂ ਸਮੁੱਚੇ ਵੇਰਵਿਆਂ ਨੂੰ ਕਰੁਣਾ ਤੇ ਨਿਰਾਸ਼ਾ ਦੇ ਪ੍ਰਭਾਵ ਤੋਂ ਮੁਕਤ ਰੱਖਿਆ ਹੈ।

ਇਸ ਨਾਵਲ ਵਿਚ ਸੰਘਰਸ਼ ਸੰਮਤੀਆਂ ਦਾ ਪ੍ਰਗਤੀਵਾਦੀ ਪੈਂਤੜਾ ਆਸ ਦੀ ਸੁਰ ਨਾਲ ਜੁੜਿਆ ਦਿਸਦਾ ਹੈ। ਅਜੇਹੀ ਸੁਰ ਅਕਸਰ ਹੀ ਸੁਖਾਂਤ ਭਾਵਨਾ ਦਾ ਪ੍ਰਭਾਵ ਪਾਉਂਦੀ ਹੈ ਪਰ ਅਜੇਹੀ ਸੁਰ ਦੇ ਬਾਵਜੂਦ ਇਹ ਸੁਖਾਂਤ ਨਾਵਲ ਨਹੀਂ ਹੈ। ਇਸ ਨਾਵਲ ਵਿਚ ਨਾ ਬੰਟੀ ਦੇ ਅਸਲ ਕਾਤਲ ਫੜ੍ਹੇ ਜਾਂਦੇ ਹਨ ਅਤੇ ਨਾ ਹੀ ਨਿਕਟ ਭਵਿੱਖ ਵਿਚ ਨੌਕਰਸ਼ਾਹੀ ਵਿਚ ਆਏ ਨਿਘਾਰ ਨੂੰ ਠੱਲ੍ਹ ਪੈਣ ਦਾ ਕੋਈ ਉਪਾਅ ਨਜ਼ਰ ਆਉਂਦਾ ਹੈ। ਸਗੋਂ ਪੂੰਜੀਵਾਦ ਦੇ ਵੱਧਦੇ ਪ੍ਰਭਾਵ ਨਾਲ ਅਜੇਹੇ ਨਿਘਾਰ ਦੇ ਹੋਰ ਪਸਰਣ ਤੇ ਡੂੰਘੇ ਹੋਣ ਦੀ ਸੰਭਾਵਨਾ ਬਣਦੀ ਹੈ। ਇਸ ਨਾਵਲ ਨੂੰ ਪੂਰਨ ਰੂਪ ਵਿਚ ਦੁਖਾਂਤ ਨਾਵਲ ਵੀ ਕਹਿਣਾ ਮੁਸ਼ਕਿਲ ਹੈ। ਜਦੋਂ ਦੁਖਾਂਤ ਕੁਝ ਇਕ ਪਾਤਰਾਂ ਦੀ ਥਾਂ ਸਮੁੱਚੀ ਵਿਵਸਥਾ ਦੇ ਵਿਹਾਰ ਵਿਚ ਦਰਸਾਇਆ ਜਾਵੇ ਤਾਂ ਇਹ ਵਿਵਸਥਾ ਦੇ ਸੱਚ ਵਜੋਂ ਸਾਰਿਆਂ ਲਈ ਮੁਸੀਬਤ ਦੇ ਰੂਪ ਵਿਚ ਜਰਨ ਜਾਂ ਸਹਿਣ ਵਾਲੀ ਸ਼ੈਅ ਬਣ ਜਾਂਦਾ ਹੈ। ਇਸ ਨਾਵਲ ਵਿਚ ਵਿਦਮਾਨ ਪ੍ਰਗਤੀਵਾਦੀ ਪੈਂਤੜਾ ਤੇ ਮਸਖ਼ਰੀ ਦਾ ਅੰਦਾਜ਼ ਵੀ ਅਜੋਕੀ ਵਿਵਸਥਾ ਦੇ ਦੁਖਾਂਤਕ ਡੰਗ ਨੂੰ ਮੱਠਾ ਕਰਨ ਦਾ ਕਾਰਣ ਬਣਦਾ ਹੈ। ਇਸ ਤਰ੍ਹਾਂ ਇਸ ਰਚਨਾ ਵਿਚ ਦੁਖਾਂਤ-ਸੁਖਾਂਤ ਦੀ ਦੋਹਰੀ-ਦ੍ਰਿਸ਼ਟੀ ਵਿਦਮਾਲ ਹੈ। ਇਸ ਦੁਵੱਲੀ-ਦ੍ਰਿਸ਼ਟੀ ਨਾਲ ਨਾਵਲ ਦਾ ਆਲੋਚਨਾਤਮਕ ਜਾਂ ਯਥਾਰਥਕ ਰੰਗ ਮੱਠਾ ਨਹੀਂ ਪੈਂਦਾ, ਬਲਕਿ ਗਾੜ੍ਹਾ ਹੋ ਜਾਂਦਾ ਹੈ। ਪ੍ਰਸਿੱਧ ਨਾਵਲ ਸ਼ਾਸਤਰੀ ਸ਼ਰੌਡਰ ਆਪਣੇ ਲੇਖ, 'The novel as a Genre' ਵਿਚ ਸੁਖਾਂਤ-ਦੁਖਾਂਤ ਦੇ ਦੋਵਾਂ ਪੱਖਾਂ ਨੂੰ ਹੀ ਨਾਵਲੀ ਵਿਧਾ ਦੇ ਜ਼ਰੂਰੀ ਲੱਛਣ ਦੱਸਦਾ ਹੈ। ਨਾਵਲ ਪਾਤਰਾਂ ਦੇ ਸੁਪਨਿਆਂ ਦੀ ਟੁੱਟ ਭੱਜ ਜਾਂ ਹਾਰ ਨੂੰ ਚਿਤਰਣ ਵਾਲੀ ਵਿਧਾ ਹੈ। ਇਸ ਕਾਰਣ ਸ਼ਰੌਡਰ ਇਸ ਨੂੰ ਦੁਖਾਂਤ ਵਿਧਾ ਮੰਨਦਾ ਹੈ ਪਰ ਦੁਖਾਂਤ-ਸਥਿਤੀ ਦਾ ਕਾਰਣ ਬਣਨ ਵਾਲੀਆਂ ਸ਼ਕਤੀਆਂ ਪ੍ਰਤੀ ਵਿਸ਼ੇਸ਼ ਸੂਝ ਦੇਣ ਸਦਕਾ ਉਹ ਨਾਵਲ ਨੂੰ ਸੁਖਾਂਤ ਦੱਸਦਾ ਹੈ। **ਤਫ਼ਤੀਸ਼** ਨਾਵਲ ਵਿਚ ਮਾਸੂਮ ਤੇ ਨਿਰਦੋਸ਼ ਲੋਕਾਈ ਦੇ ਮੁਸੀਬਤਾਂ ਵਿਚ ਘਿਰੇ ਹੋਣ ਦਾ ਚਿਤਰਣ ਵੀ ਹੈ ਅਤੇ ਮੁਸੀਬਤਾਂ ਲਈ ਜ਼ੁੰਮੇਵਾਰੀ ਸਰਕਾਰੀ ਮਸ਼ੀਨਰੀ ਜਾਂ ਵਿਵਸਥਾ ਦੇ ਸੂਖ਼ਮ ਪਹਿਲੂਆਂ ਦਾ ਗਿਆਨਵਰਧਕ ਪ੍ਰਗਟਾ ਵੀ। ਨਾਵਲ ਵਿਚ ਪੇਸ਼ ਪ੍ਰਗਤੀਵਾਦੀ ਸੁਰ ਵਿਚੋਂ ਅਜੇਹੀ ਕੂਟ ਵਿਵਸਥਾ ਵਿਰੁੱਧ ਜੱਥੇਬੰਦ ਹੋਣ ਤੇ ਟਕਰਾਉਣ ਵਿਚ ਵੀ ਵਿਸ਼ਵਸ ਬੱਝਦਾ ਹੈ। ਇਸ ਰਚਨਾ ਵਿਚ ਇਕ ਤਰ੍ਹਾਂ ਨਾਲ ਸੁਖਾਂਤ ਤੇ ਦੁਖਾਂਤ ਦੀ ਸੰਧੀ ਵਿਦਮਾਨ ਹੈ। ਇਸ ਕਰਕੇ ਇਹ ਨਾਵਲੀ ਵਿਧਾ ਦਾ ਨਿਵੇਕਲਾ ਪੈਟਰਨ ਬਣ ਜਾਂਦੀ ਹੈ। ਇਸ ਦਾ ਨਿਰੋਲ ਦੁਖਾਂਤ ਜਾਂ ਸੁਖਾਂਤ ਨਾ ਹੋਣਾ ਉਕਾਈ ਵਾਲੀ ਨਹੀਂ, ਪ੍ਰਾਪਤੀ ਵਾਲੀ ਗੱਲ ਹੈ।

## ਤਫ਼ਤੀਸ਼ ਦਾ ਵਿਸ਼ਲੇਸ਼ਣ

**-ਡਾ. ਸੁਖਦੇਵ ਸਿੰਘ ਖਾਹਰਾ**

ਮਿੱਤਰ ਸੈਨ ਮੀਤ ਨੇ ਪੰਜਾਬੀ ਨਾਵਲ ਦੇ ਖੇਤਰ ਵਿਚ ਆਪਣੀ ਯਾਤਰਾ **ਅੱਗ ਦੇ ਬੀਜ** (1971) ਦੇ ਪ੍ਰਕਾਸ਼ਨ ਨਾਲ ਆਰੰਭ ਕੀਤੀ ਸੀ। ਇਹ ਨਾਵਲ ਪੰਜਾਬੀ ਨਾਵਲ ਦੀ ਰੁਮਾਂਟਿਕ ਪ੍ਰਗਤੀਵਾਦੀ ਪ੍ਰਵਿਰਤੀ ਦੇ ਪ੍ਰਭਾਵ ਅਧੀਨ ਲਿਖਿਆ ਗਿਆ ਸੀ। ਇਸ ਵਿਚ ਮੱਧ ਸ਼੍ਰੇਣਿਕ ਨੌਜਵਾਨ ਪਾਤਰਾਂ ਦੇ ਵਿਵਸਥਾ ਪ੍ਰਤੀ ਵਿਅਕਤੀਵਾਦੀ ਉਪਭਾਵੁਕ ਵਿਦ੍ਰੋਹ ਦੇ ਮਾਧਿਅਮ ਰਾਹੀਂ ਵਿਵਸਥਾ-ਪਰਿਵਰਤਨ ਦੀ ਪਰਿਕਲਪਨਾ ਦੇ ਪ੍ਰਤਿਮਾਨ ਨੂੰ ਸਥਾਪਿਤ ਕੀਤਾ ਗਿਆ ਹੈ, ਜੋ ਨਾਵਲੀ ਬਿਰਤਾਂਤ ਦੇ ਅੰਤਲੇ ਹਿੱਸੇ ਵਿਚ ਵਿਅਕਤੀਵਾਦੀ ਸੁਧਾਰਵਾਦੀ ਪੈਂਤੜੇ ਦਾ ਧਾਰਨੀ ਬਣ ਜਾਂਦਾ ਹੈ। ਸਮਕਾਲੀਨ ਰਾਜਨੀਤਕ ਲਹਿਰ ਦੇ ਤੱਟਫ਼ੱਟ ਸਾਹਮਣੇ ਆਏ ਸਾਹਿਤਕ ਪਰਤੌ ਅਤੇ ਪੂਰਵਲੀ ਨਾਵਲੀ ਪਰੰਪਰਾ ਦੀਆਂ ਰੂੜ੍ਹੀਆਂ ਦੀ ਸੰਧੀ ਵਿਚੋਂ ਇਹ ਰਚਨਾ ਆਕਾਰ ਗ੍ਰਹਿਣ ਕਰਦੀ ਹੈ। ਇਸੇ ਕਰਕੇ ਹੀ ਇਹ ਰਚਨਾ ਪਰੰਪਰਾ ਵਿਚ ਹੀ ਖ਼ਪਤ ਹੋ ਕੇ ਰਹਿ ਜਾਂਦੀ ਹੈ। ਉਸਦਾ ਦੂਜਾ ਨਾਵਲ **ਕਾਫ਼ਲਾ** (1986) ਵੀ **ਅੱਗ ਦੇ ਬੀਜ** ਦੇ ਆਰ ਪਾਰ ਫੈਲੀ ਰਚਨਾ-ਦ੍ਰਿਸ਼ਟੀ ਅਤੇ ਰੂਪ-ਬਣਤਰ ਦੀ ਲਛਮਣ-ਰੇਖਾ ਵਿਚ ਹੀ ਘਿਰਿਆ ਹੋਇਆ ਨਜ਼ਰ ਆਉਂਦਾ ਹੈ। **ਤਫ਼ਤੀਸ਼** (1990) ਤੱਕ ਪਹੁੰਚ ਦੇ ਨਾਵਲਕਾਰ ਰੁਮਾਂਟਿਕ ਪ੍ਰਗਤੀਵਾਦੀ ਪਰੰਪਰਾ ਦੇ ਭੰਜਨ ਅਤੇ ਯਥਾਰਥਵਾਦੀ ਨਾਵਲ ਨਾਲ ਸੰਬਾਦਕ ਅੰਤਰ ਕਿਰਿਆ ਸਥਾਪਿਤ ਕਰਕੇ ਅਨੁਭਵ-ਖੇਤਰ, ਗਲਪ-ਦ੍ਰਿਸ਼ਟੀ ਅਤੇ ਵਿਧੀ ਦੇ ਪੱਖ ਤੋਂ ਅਜਿਹੇ ਮਾਪਦੰਡਾਂ ਦਾ ਸਿਰਜਨ ਕਰਦਾ ਹੈ, ਜਿਸ ਤੋਂ ਉਸ ਦੀ ਸਿਰਜਣਾਤਮਕ ਪ੍ਰਤਿਭਾ ਦੇ ਨਿਵੇਕਲੇ ਜਲੌਅ ਅਤੇ ਪੰਜਾਬੀ ਨਾਵਲ ਵਿਚ ਉਭਰ ਰਹੇ ਨਵੀਨ ਕਲਾਤਮਕ ਵਰਤਾਰੇ ਦੀ ਟੋਹ ਮਿਲਦੀ ਹੈ।

**ਤਫ਼ਤੀਸ਼** ਨਾਵਲ ਦਾ ਸਿਰਲੇਖ ਅਜਿਹੇ ਅਰਥਾਂ ਦਾ ਸੰਕੇਤਕ ਹੈ, ਜਿਸ ਵਿਚ ਗਲਪ-ਅਨੁਭਵ ਨੂੰ ਵੱਡ-ਆਕਾਰੀਆਂ ਘਟਨਾਵਾਂ ਦੇ ਰੂਪ ਵਿਚ ਗ੍ਰਹਿਣ ਕਰਨ ਦੇ ਵਿਪਰੀਤ ਨਿੱਕੇ ਤੋਂ ਨਿੱਕੇ ਵੇਰਵਿਆਂ ਦੇ ਮਹੱਤਵ ਨੂੰ ਸਵੀਕਾਰ ਕਰਕੇ ਪਛਾਣਣ ਦਾ ਜਤਨ ਕੀਤਾ ਜਾਂਦਾ ਹੈ। ਇਹ ਅਰਥ ਵਿਕੋਲਿਤਰੀਆਂ ਘਟਨਾਵਾਂ ਦੇ ਮੋਟੇ ਠੁੱਲ੍ਹੇ ਜੋੜ ਮੇਲ ਦੇ ਉਲਟ ਇਕ ਨਿਰੰਤਰ ਜੀਵੰਤ ਪ੍ਰਕਿਰਿਆ ਦਾ ਸੂਚਕ ਹੈ, ਜਿਸ ਦਾ ਸੁਭਾਉ ਖੋਜ ਮੂਲਕ ਅਤੇ ਵਿਧੀ ਵਿਸ਼ਲੇਸ਼ਣਕਾਰੀ ਹੈ। ਇਹ ਖੋਜ ਦਿਸਦੇ ਤਲ ਦੇ ਹੇਠਾਂ ਅਣਦਿਸਦਿਆਂ ਤਹਿਆਂ ਨੂੰ ਫ਼ਰੋਲਣ ਅਤੇ ਸੱਚ ਤੱਕ ਪਹੁੰਚਣ ਦਾ ਉਪਰਾਲਾ ਕਰਦੀ ਹੈ। ਨਾਵਲਕਾਰ ਨੇ ਇਸ ਵਿਸ਼ਲੇਸ਼ਣ ਨੂੰ ਤਨਜ਼ ਅਤੇ ਵਿਅੰਗ ਦੇ ਅਜਿਹੇ ਅਨੂਠੇ ਸੱਚਿਆਂ ਵਿਚ ਢਾਲਿਆ ਹੈ ਕਿ ਇਹ ਰਚਨਾ ਸੂਚਨਾ ਅਤੇ ਸਿਰਜਨ ਦੇ ਸੰਸਲੇਸ਼ਣ ਅਤੇ ਅਨੰਦ ਦੇ ਮਾਧਿਅਮ ਰਾਹੀਂ ਸੋਝੀ ਵਿਸਤਾਰ ਦੇ ਪ੍ਰਯੋਜਨ ਨਾਲ ਜੁੜ ਜਾਂਦੀ ਹੈ। ਨਾਵਲ ਦੇ ਆਰੰਭ ਵਿਚ ਨਾਵਲਕਾਰ ਵੱਲੋਂ ਸੁਪ੍ਰਸਿੱਧ ਰੂਸੀ ਗਲਪਕਾਰ ਅੰਤਨ ਚੈਖ਼ੋਵ ਦਾ ਅੰਕਿਤ ਕੀਤਾ ਗਿਆ ਕਥਨ ਇਸ ਦੀ ਪ੍ਰੋੜ੍ਹਤਾ ਕਰਦਾ ਹੈ:

> ਮੈਂ ਲੋਕਾਂ ਨੂੰ ਕੇਵਲ ਇਹੀ ਦੱਸਣਾ ਚਾਹੁੰਦਾ ਹਾਂ ਕਿ ਜੋ ਜੀਵਨ ਉਹ ਜੀ ਰਹੇ ਹਨ, ਉਹ ਕਿੰਨਾ ਘਟੀਆ ਅਤੇ ਰੁਖਾ ਹੈ। ਜਦੋਂ ਉਹ ਇਹ ਗੱਲ ਸਮਝ ਜਾਣਗੇ, ਉਹ ਇਸ ਨੂੰ ਜ਼ਰੂਰ ਬਦਲ ਦੇਣਗੇ। ਜਦ ਤੱਕ ਲੋਕ ਨਵੀਂ ਜ਼ਿੰਦਗੀ ਜੀਣ ਨਹੀਂ ਲੱਗ ਪੈਂਦੇ, ਮੈਂ ਇਹ ਗੱਲ ਬਾਰ ਬਾਰ ਕਹਿੰਦਾ ਰਹਾਂਗਾ।

ਅਸਲ ਵਿਚ ਨਾਵਲ ਦਾ ਸਿਰਲੇਖ ਅਤੇ ਨਾਵਲਕਾਰ ਦੁਆਰਾ ਦਿੱਤੀ ਚੈਖ਼ਵ ਦੀ ਟਿੱਪਣੀ ਅੰਤਰ-ਸੰਬੰਧਿਤ ਹੋ ਕੇ ਇਸ ਰਚਨਾ ਦੀ ਯਥਾਰਥਵਾਦੀ ਗਲਪ-ਦ੍ਰਿਸ਼ਟੀ ਦਾ ਰਾਹ ਖੋਲ੍ਹਦੇ ਹਨ। ਇਹ ਯਥਾਰਥਵਾਦ ਜੀਵਨ ਦੀ ਅਸਲੀਅਤ ਨੂੰ ਮਨੋਇੱਛਤ ਦਿਸ਼ਾ ਅਤੇ ਦਸ਼ਾ ਵਿਚ ਤਬਦੀਲ ਕਰਨ ਤੋਂ ਪਹਿਲਾਂ ਇਸ ਅਸਲੀਅਤ ਦੀ ਜਟਿਲਤਾ ਨੂੰ ਗਾਲਪਿਕ ਚੌਖਟੇ ਵਿਚ ਢਾਲਣ ਦਾ ਸੁਝਾਅ ਦੇਂਦਾ ਹੈ, ਪਰ ਸਵਾਲ ਇਹ ਹੈ ਕਿ ਯਥਾਰਥਵਾਦ ਦੇ ਇਸ ਦਿਸ਼ਾ-ਨਿਰਦੇਸ਼ ਨੂੰ ਗ੍ਰਹਿਣ ਕਰਨ ਵਾਲੇ ਹੋਰ ਨਾਵਲਕਾਰਾਂ ਦੀਆਂ ਰਚਨਾਵਾਂ ਦੇ ਮੁਕਾਬਲੇ ਤੇ **ਤਫ਼ਤੀਸ਼** ਦੀ ਵੱਖਰਤਾ ਕਿਸ ਗੱਲ ਵਿਚ ਹੈ।

ਇਸ ਨਾਵਲ ਦੇ ਕੇਂਦਰ ਵਿਚ ਇਕ ਮਾਸੂਮ ਬਾਲ ਪਾਤਰ ਬੰਟੀ ਦੇ ਅਗਵਾ ਦੀ ਘਟਨਾ ਹੈ। ਇਹ ਘਟਨਾ ਸਮਕਾਲ ਵਿਚ ਵਾਪਰ ਰਹੇ ਵਰਤਾਰੇ ਦੇ ਅਖ਼ਬਾਰੀ ਪ੍ਰਕਾਸ਼ਨ ਦੇ ਨੁਕਤੇ ਨਿਗਾਹ ਤੋਂ ਇਕ ਸਾਧਾਰਣ ਘਟਨਾ ਪ੍ਰਤੀਤ ਹੋ ਸਕਦੀ ਹੈ ਪਰ **ਤਫ਼ਤੀਸ਼** ਦੇ ਕਰਤਾ ਨੇ ਇਸ ਘਟਨਾ ਦੇ ਆਲੇ ਦੁਆਲੇ ਬੁਣੇ ਹੋਏ ਤਾਣੇ ਦੇ ਅੰਤਰ-ਸੰਬੰਧਾਂ ਦੀਆਂ ਤੰਦਾਂ ਦੀ ਨੁਹਾਰ ਨੂੰ ਗਲਪ-ਚਿਤਰਾਂ ਦੀ ਲੜੀ ਵਿਚ ਪਰੋ ਕੇ ਇਕ ਅਜਿਹੇ ਨਾਵਲੀ ਸੰਗਠਨ ਦਾ ਨਿਰਮਾਣ ਕੀਤਾ ਹੈ, ਜਿਸ ਵਿਚ ਇਹ ਘਟਨਾ ਮਰਕਜ਼ੀ ਚਿਹਨ ਦਾ ਦਰਜਾ ਪ੍ਰਾਪਤ ਕਰ ਲੈਂਦੀ ਹੈ। ਓਪਰੀ ਨਜ਼ਰੇ ਵੇਖਿਆਂ ਇਹ ਚਿਹਨ ਨਾਵਲ ਦੇ ਆਰੰਭ ਤੋਂ ਲੈ ਕੇ ਅੰਤ ਤੱਕ ਇਸ ਦੀ ਬਿਰਤਾਂਤ ਗਤੀ ਵਿਚ ਅਣਖੁਲ੍ਹਿਆ ਹੀ ਯਾਤਰਾ ਕਰਦਾ ਦਿਸਦਾ ਹੈ। ਇਸ ਦੇ ਅਣਖੁਲ੍ਹੇ ਦਿਸਣ ਦੇ ਬਾਵਜੂਦ ਇਸ ਨਾਲ ਜੁੜੇ ਹੋਏ ਕੁਝ ਬੁਨਿਆਦੀ ਪ੍ਰਸ਼ਨ ਨਾਵਲ ਦੀ ਬਿਰਤਾਂਤ ਗਤੀ ਵਿਚੋਂ ਬਾਰ ਬਾਰ ਸਿਰ ਚੁੱਕਦੇ ਹਨ: ਅਗਵਾ ਹੋਇਆ ਮਾਸੂਮ ਬਾਲ ਪਾਤਰ ਕਿਸਦੀ ਅਲਾਮਤ ਹੈ? ਉਸ ਨੂੰ ਕਿਸਨੇ ਅਗਵਾ ਕੀਤਾ? ਉਸ ਦਾ ਕਤਲ ਪੰਜਾਬੀ ਸੰਸਕ੍ਰਿਤੀ ਦੀ ਕਿਸ ਕਦਰ ਨੂੰ ਮੁਕਾਉਣ ਦਾ ਯਤਨ ਹੈ? ਇਹਨਾਂ ਪ੍ਰਸ਼ਨਾਂ ਦੇ ਸਿੱਧੇ ਤੌਰ ਤੇ ਉੱਤਰ ਨਾ ਦੇ ਕੇ ਨਾਵਲਕਾਰ ਨਾਵਲ ਦੇ ਵਿਧਾ-ਸ਼ਾਸਤ੍ਰੀ ਅਤੇ ਗਿਆਨ-ਸ਼ਾਸਤ੍ਰੀ ਪਹਿਲੂਆਂ ਦਾ ਨਵਾਂ ਪਰਿਪੇਖ ਸਿਰਜਦਾ ਹੈ। ਨਾਵਲਕਾਰ ਆਪਣੇ ਤੋਂ ਪਹਿਲੇ ਨਾਵਲਕਾਰਾਂ ਦੀ ਤਰ੍ਹਾ ਗਲਪ-ਅਨੁਭਵ ਦੀ ਹਰੇਕ ਤੰਦ ਨੂੰ ਸਮੇਟਣਾ ਜ਼ਰੂਰੀ ਨਹੀਂ ਸਮਝਦਾ। ਇਸ ਪ੍ਰਕਾਰ ਉਹ ਪਰਮਾਤਮਾ ਦੀ ਤਰ੍ਹਾਂ ਨਾਵਲਕਾਰ ਦੇ 'ਇਕ ਮੁਕੰਮਲ ਤੇ ਸਵੈ ਸੰਪਨ' ਦੁਨੀਆਂ ਦੇ ਸਿਰਜਕ ਹੋਣ ਦੀ ਮਿੱਥ ਨੂੰ ਤੋੜਦਾ ਹੈ। ਇਸ ਦਾ ਗਿਆਨ-ਸ਼ਾਸਤ੍ਰੀ ਪੱਖ ਇਹ ਬਣਦਾ ਹੈ ਕਿ ਨਾਵਲ ਵੱਲੋਂ ਪ੍ਰਦਾਨ ਕੀਤਾ ਜਾਂਦਾ ਜੀਵਨ ਦਾ ਗਿਆਨ ਸੰਪੂਰਣ ਨਹੀਂ ਹੁੰਦਾ। ਨਾਵਲਕਾਰ ਦਾ ਯਤਨ ਤਾਂ ਕਲਾਤਮਕ ਧਰਾਤਲ ਉੱਤੇ ਜੀਵਨ ਲੀਲ੍ਹਾ ਦੀਆਂ ਵੰਨਗੀ ਭਰਪੂਰ ਅਤੇ ਅਰਥ ਉਤਪਾਦਨ ਦੇ ਪੱਖੋਂ ਜ਼ਰਖੇਜ਼ ਦ੍ਰਿਸ਼ ਲੜੀਆਂ ਦੇ ਮਾਧਿਅਮ ਰਾਹੀਂ ਗਿਆਨ ਦੇ ਵੱਧ ਤੋਂ ਵੱਧ ਸੋਮਿਆਂ ਦੀ ਤਲਾਸ਼ ਕਰਨਾ ਹੁੰਦਾ ਹੈ। ਨਾਵਲ ਦੀ ਦੁਨੀਆਂ ਵਿਚ ਇਹ ਸੋਮੇ ਦ੍ਰਿਸ਼ਟੀ, ਅਨੁਭਵ ਅਤੇ ਵਿਧੀ ਦੀ ਸੰਤੁਲਿਤ ਸੰਧੀ ਰਾਹੀਂ ਨਿਰਮਿਤ ਹੁੰਦੇ ਹਨ। **ਤਫ਼ਤੀਸ਼** ਦੀ ਖ਼ੂਬੀ ਇਹ ਹੈ ਕਿ ਇਸ ਵਿਚ ਮਰਕਜ਼ੀ ਚਿਹਨ ਇਕ ਬੁਝਾਰਤ ਦੇ ਰੂਪ ਵਿਚ ਪ੍ਰਸਤੁਤ ਹੋਇਆ ਹੈ। ਨਾਵਲਕਾਰ ਨੇ ਸਭ ਕੁਝ ਜਾਣਦੇ ਹੋਣ ਦੀ ਉਪਭਾਵੁਕਤਾ ਤੋਂ ਮੁਕਤ ਹੋ ਕੇ ਗਿਆਨ ਸ਼ਾਸਤ੍ਰ ਦੇ ਪ੍ਰਚਲਿਤ ਤੇ ਪ੍ਰਵਾਣਿਤ ਮਾਡਲਾਂ ਦੇ ਤਿਆਗ ਰਾਹੀਂ ਪ੍ਰੌਢ ਬੌਧਿਕਤਾ ਦਾ ਪ੍ਰਮਾਣ ਦਿੱਤਾ ਹੈ। ਉਸਨੇ ਰਵਾਇਤ ਦੀ ਤਰ੍ਹਾਂ ਇਸ ਬੁਝਾਰਤ ਦਾ ਕੋਈ ਇਕੋ ਇਕ ਜਾਂ ਸਿੱਧਾ ਉੱਤਰ ਨਹੀਂ ਦਿੱਤਾ। ਉਸਨੇ ਇਸ ਬੁਝਾਰਤ ਨੂੰ ਬੁਝਾਣ ਲਈ ਇਸ ਨਾਲ ਜੁੜੀਆਂ ਵੱਧ ਤੋਂ ਵੱਧ ਸੰਭਾਵਨਾਵਾਂ ਨੂੰ ਸਿਰਜਨ ਦਾ ਜਤਨ ਕੀਤਾ ਹੈ। **ਤਫ਼ਤੀਸ਼** ਵਿਚਲੀ ਬੁਝਾਰਤ ਅਤੇ ਇਸ ਦੇ ਇਰਦ ਗਿਰਦ ਸਿਰਜੀਆਂ ਗਈਆਂ ਸੰਭਾਵਨਾਵਾਂ ਦੇ ਅੰਤਰ-ਸੰਬੰਧਾਂ ਨੂੰ ਘੋਖਣ ਲਈ ਨਿਸਚੈ ਹੀ ਸੁਚੇਤ ਪੜ੍ਹਤ ਦੀ ਜ਼ਰੂਰਤ ਹੈ।

**ਤਫ਼ਤੀਸ਼** ਦੇ ਕੁਝ ਵਿਦਵਾਨ ਆਲੋਚਕਾਂ ਨੇ ਬੰਟੀ ਦੇ ਅਗਵਾ ਦੀ ਘਟਨਾ ਨੂੰ ਨਾਵਲ ਦੀ ਬਣਤਰ ਵਿਚ ਵਿਸ਼ੇਸ਼ ਸਥਾਨ ਨਹੀਂ ਦਿੱਤਾ। ਮਰਕਜ਼ੀ ਚਿਹਨ ਸਵੀਕਾਰ ਕਰਨਾ ਤਾਂ ਦੂਰ ਰਿਹਾ, ਉਹਨਾਂ ਨੇ ਇਸ ਨੂੰ ਮਰਕਜ਼ੀ ਘਟਨਾ ਵੀ ਨਹੀਂ

ਮੰਨਿਆ। ਅਜਿਹਾ ਇਸ ਕਰਕੇ ਹੋਇਆ ਹੈ ਕਿ ਜਿਵੇਂ ਨਾਵਲਕਾਰ ਆਪਣੀ ਸਿਰਜਨ-ਪ੍ਰਕਿਰਿਆ ਦੌਰਾਨ ਜੀਵਨ ਦੇ ਵਿਸਤ੍ਰਿਤ ਖਿਲਾਰੇ ਵਿਚੋਂ ਘਟਨਾਵਾਂ ਨੂੰ ਛੱਡਦਾ/ਚੁਣਦਾ ਹੈ, ਉਸੇ ਤਰ੍ਹਾਂ ਹੀ ਵਿਦਵਾਨ ਆਲੋਚਕਾਂ ਨੇ ਵੀ ਸਮੀਖਿਆ ਕਰਦਿਆਂ ਨਾਵਲ ਦੀਆਂ ਘਟਨਾਵਾਂ ਨੂੰ ਛੱਡਣਾ/ਚੁਣਨਾ ਸ਼ੁਰੂ ਕਰ ਦਿੱਤਾ। ਨਾਵਲਕਾਰ ਨੂੰ ਤਾਂ ਚੋਣ ਕਰਨ ਦੀ ਖੁਲ੍ਹ ਪ੍ਰਾਪਤ ਹੈ ਪਰ ਸਮੀਖਿਆਕਾਰਾਂ ਵੱਲੋਂ ਲਈ ਗਈ ਅਜਿਹੀ ਖੁਲ੍ਹ ਨਾਵਲੀ ਕ੍ਰਿਤ ਨੂੰ ਇਕ ਸਾਮੱਗਰ ਇਕਾਈ ਵਜੋਂ ਗ੍ਰਹਿਣ ਕਰਨ ਦੇ ਰਾਹ ਵਿਚ ਬਾਧਾ ਬਣਦੀ ਹੈ। ਸਵਾਲ ਇਹ ਹੈ ਕਿ ਉਹ ਘਟਨਾ ਜਿਸਦੇ ਇਰਦ ਗਿਰਦ ਨਾਵਲ ਦ ਸਮੁੱਚਾ ਬਿਰਤਾਂਤ ਉਸਰਦਾ ਹੈ, ਬਿਰਤਾਂਤ ਨੂੰ ਉਸਾਰਨ ਦਾ ਕੇਵਲ ਬਹਾਨਾ ਮਾਤਰ ਹੈ ਜਾਂ ਨਾਵਲ ਦੀ ਦੁਨੀਆਂ ਵਿਚ ਉਸਦਾ ਕੋਈ ਵਿਸ਼ੇਸ਼ ਅਰਥ ਹੈ? ਨਾਵਲ ਦੀ ਦੁਨੀਆਂ ਵਿਚ ਹਰੇਕ ਘਟਨਾ ਜਾਂ ਵੇਰਵੇ ਦਾ ਕੋਈ ਨਾ ਕੋਈ ਕਲਾਤਮਕ ਪ੍ਰਕਾਰਜ ਹੁੰਦਾ ਹੈ। ਇਥੋਂ ਤੱਕ ਕਿ ਜਿਨ੍ਹਾਂ ਨੂੰ ਨਾਵਲ ਰਚਨਾ ਵਿਚਲੇ ਵਾਧੂ ਵੇਰਵੇ ਵੀ ਕਿਹਾ ਜਾਂਦਾ ਹੈ, ਉਹਨਾਂ ਦੀ ਵੀ ਕੋਈ ਨਾ ਕੋਈ ਰਚਨਾਤਮਕ ਭੂਮਿਕਾ ਹੁੰਦੀ ਹੇ। ਇਸ ਪ੍ਰਸੰਗ ਵਿਚ ਨਾਵਲ ਦੀ ਸੰਰਚਨਾ ਦੇ ਕੇਂਦਰ ਵਿਚ ਟਿਕੀ ਬੰਟੀ ਦੇ ਅਗਵਾ ਦੀ ਘਟਨਾ ਨੂੰ ਜੀਵਨ ਦੀ ਮਹਿਜ਼ ਇਕ ਮਾਮੂਲੀ ਜਿਹੀ ਘਟਨਾ ਦੀ ਥਾਵੇਂ ਨਾਵਲ ਰਚਨਾ ਦੇ ਕੇਂਦਰੀ ਕਲਾਤਮਕ ਤੱਤ ਵਜੋਂ ਪਛਾਨਣ ਦੀ ਲੋੜ ਹੈ। ਇਸ ਦੀ ਕਲਾਤਮਕਤਾ ਦੀ ਵਿਆਖਿਆ ਇਸ ਨੂੰ ਚਿਹਨ ਦੇ ਤੌਰ ਤੇ ਗ੍ਰਹਿਣ ਕੀਤਿਆਂ ਹੀ ਸੰਭਵ ਹੋ ਸਕਦੀ ਹੈ। ਇਸ ਦੇ ਅਭਾਵ ਵਿਚ ਇਸ ਘਟਨਾ ਨੂੰ ਬੁਝਾਰਤ ਰੂਪੀ ਮਰਕਜ਼ੀ ਚਿਹਨ ਵਜੋਂ ਬਾਕੀ ਦੇ ਨਾਵਲੀ ਬਿਰਤਾਂਤ ਨਾਲ ਜੋੜ ਕੇ ਵੇਖ ਸਕਣਾ ਮੁਸ਼ਕਲ ਹੋਵੇਗਾ।

ਇਸ ਨਾਵਲ ਦਾ ਮਰਕਜ਼ੀ ਚਿਹਨ ਸਮਾਜ-ਸਭਿਆਚਾਰਕ ਜੀਵਨ ਦੀਆਂ ਬਹੁਤ ਸਾਰੀਆਂ ਦਿਸ਼ਾਵਾਂ ਵਿਚ ਫ਼ੈਲਦਾ ਹੈ। ਇਹ ਦਿਸ਼ਾਵਾਂ ਪੁਲੀਸ-ਪ੍ਰਬੰਧ, ਨਿਆਇ ਪਾਲਕਾ, ਬਿਓਰੋਕਰੇਸੀ, ਸਮਾਜਕ ਸਭਿਆਚਾਰਕ ਸੰਸਥਾਵਾਂ ਅਤੇ ਜੱਥੇਬੰਦੀਆਂ ਦੀ ਕਾਰਜ ਕੁਸ਼ਲਤਾ, ਰਾਜਨੀਤਕ ਸਰਗਰਮੀਆਂ ਅਤੇ ਆਮ ਵਸੋਂ ਦੇ ਵਿਭਿੰਨ ਤਬਕਿਆਂ ਦੇ ਰੋਜ਼ਮਰਾ ਦੇ ਜੀਵਨ ਦੇ ਬਹੁਪਰਤੀ ਪਾਸਾਰਾਂ ਨੂੰ ਆਪਣੇ ਕਲਾਵੇ ਵਿਚ ਸਮੇਟਦੀਆਂ ਹਨ। ਇਹਨਾਂ ਵੱਖ ਵੱਖ ਪੱਖਾਂ ਨਾਲ ਪਾਠਕਾਂ ਦਾ ਹਰ ਰੋਜ਼ ਵਾਹ ਪੈਂਦਾ ਹੈ ਅਤੇ ਉਹ ਇਹਨਾਂ ਬਾਰੇ ਕਈ ਕੁਝ ਜਾਣਦੇ ਵੀ ਹਨ। ਜੀਵਨ ਦੀ ਗਤੀਵਿਧੀ ਵਿਚ ਇਕ ਤਾਂ ਪਾਠਕ ਇਹਨਾਂ ਨੂੰ ਅਲੱਗ ਅਲੱਗ ਪੱਧਰ ਉੱਪਰ ਗ੍ਰਹਿਣ ਕਰਦੇ ਹਨ; ਦੂਜਾ ਉਹਨਾਂ ਦੀ ਦ੍ਰਿਸ਼ਟੀ ਵਧੇਰੇ ਕਰਕੇ ਇਹਨਾਂ ਦੇ ਦਿਸਦੇ ਰੂਪਾਂ ਤੱਕ ਹੀ ਮਹਿਦੂਦ ਰਹਿੰਦੀ ਹੈ। **ਤਫ਼ਤੀਸ਼** ਦੀ ਵਿਸ਼ੇਸ਼ਤਾ ਇਹ ਹੈ ਕਿ ਇਸ ਵਿਚ ਇਹਨਾਂ ਸਾਰੇ ਪੱਖਾਂ ਦੇ ਦਿਸਦੇ ਅਤੇ ਅਣਦਿਸਦੇ ਪਾਸਾਰਾਂ ਦੀ ਅੰਤਰ ਕਿਰਿਆ ਦੇ ਇਕ ਦੂਜੇ ਨਾਲ ਸੁਭਾਵਿਕ ਰੂਪ ਵਿਚ ਜੁੜੇ ਹੋਣ ਦੀ ਹਕੀਕਤ ਦੀ ਨੁਹਾਰ ਇਸ ਪ੍ਰਕਾਰ ਉਲੀਕੀ ਗਈ ਹੈ ਕਿ ਵਿਵਸਥਾ ਦਾ ਵੱਡ ਆਕਾਰਾ ਵਰਤਾਰਾ ਗਤੀਸ਼ੀਲ ਗਲਪ-ਬਿੰਬ ਵਿਚ ਢਲ ਜਾਂਦਾ ਹੈ। ਨਾਵਲਕਾਰ ਨੇ ਇਸਦੀ ਵਿਉਂਤਕਾਰੀ ਲਈ ਪੰਜਾਬ ਦੇ ਇਕ ਕਸਬੇ/ਸ਼ਹਿਰ ਦੇ ਮੁਕੰਮਲ ਨਕਸ਼ੇ ਨੂੰ ਸਨਮੁੱਖ ਰੱਖਿਆ ਹੈ। ਉਸ ਨੇ ਇਸ ਨਕਸ਼ੇ ਦੇ ਹਰ ਇਕ ਬਿੰਦੂ ਉੱਤੇ ਵਾਪਰ ਰਹੀ ਮਨੁੱਖੀ ਗਤੀਵਿਧੀ ਅਤੇ ਇਸਦੀਆਂ ਕਸਬੇ/ਸ਼ਹਿਰ ਤੋਂ ਬਾਹਰ ਫੈਲੀਆਂ ਤਣਾਵਾਂ ਦੇ ਅੰਤਰ-ਸੰਬੰਧਾਂ ਦੇ ਚਿਤ੍ਰਣ ਰਾਹੀਂ ਇਕ ਸਾਮਗਰਤਾ ਨੂੰ ਉਜਾਗਰ ਕਰਨ ਦਾ ਉਪਰਾਲਾ ਕੀਤਾ ਹੈ। ਇਸ ਸਾਮਗਰਤਾ ਦੇ ਮਾਧਿਅਮ ਰਾਹੀਂ ਉਸਰਿਆ ਇਹ ਗਲਪ-ਬਿੰਬ ਨਿਜ਼ਾਮ ਦੇ ਵੇਗ ਦੇ ਵਿਵਿਧ ਰੂਪਾਂ ਦੀ ਪੇਸ਼ਕਾਰੀ ਰਾਹੀਂ ਇਸਦੇ ਚਰਿਤਰ ਨੂੰ ਉਘਾੜਦਾ ਅਤੇ ਇਸਦੇ ਤਰਕ ਨੂੰ ਤਲਾਸ਼ਣ ਦਾ ਜਤਨ ਕਰਦਾ ਹੈ। ਨਾਵਲ ਦੇ ਮਰਕਜ਼ੀ ਚਿਹਨ ਵਿਚੋਂ ਸਾਡੀ ਵਿਵਸਥਾ ਵਿਚਲੀ ਅਮਾਨਵੀਕਰਣ ਦੀ ਜਿਸ ਮਰਜ਼ ਦਾ ਪਤਾ ਲੱਗਦਾ ਹੈ,

ਨਾਵਲੀ ਬਿਰਤਾਂਤ ਦੇ ਵਿਭਿੰਨ ਘਟਨਾ-ਪ੍ਰਸੰਗਾਂ ਵਿਚ ਇਹ ਨਿਰੰਤਰ ਡੂੰਘੀ ਹੁੰਦੀ ਜਾਂਦੀ ਅਤੇ ਵਿਕਰਾਲ ਰੂਪ ਵਿਚ ਧਾਰਨ ਕਰਦੀ ਜਾਂਦੀ ਹੈ।

ਵਿਸਤ੍ਰਿਤ ਕੈਨਵਸ ਵਾਲਾ ਇਹ ਨਾਵਲ ਪਾਤਰਾਂ ਦੀ ਬਹੁਤ ਵੱਡੀ ਗਿਣਤੀ ਰਾਹੀਂ ਉਸਰਿਆ ਹੈ। ਹਰੇਕ ਕੋਟੀ ਦੇ ਪਾਤਰਾਂ ਦੀ ਆਪਣੇ ਅੰਦਰੂਨੀ ਘੇਰੇ ਵਿਚ ਅਤੇ ਦੂਜੀਆਂ ਕੋਟੀਆਂ ਦੇ ਪਾਤਰਾਂ ਨਾਲ ਸਾਂਝ ਵੀ ਹੈ ਅਤੇ ਵੱਖਰਤਾ ਵੀ। ਇਸ ਪ੍ਰਕਾਰ ਪਾਤਰਾਂ ਅਤੇ ਉਹਨਾਂ ਨਾਲ ਸੰਬੰਧਿਤ ਘਟਨਾਵਾਂ ਦੀ ਵੱਡੀ ਗਿਣਤੀ ਇਕੋ ਵੇਲੇ ਦੁਹਰਾਉ ਅਤੇ ਵਿਵਿਧਤਾ ਦੇ ਸੂਤਰਾਂ ਰਾਹੀਂ ਮੂਰਤੀਮਾਨ ਬਣਦੀ ਹੈ। ਨਾਵਲ ਵਿਚਲਾ ਇਹ ਦੁਹਰਾਉ ਕੋਈ ਨੁਕਸ ਨਹੀਂ, ਸਗੋਂ ਚੈਖ਼ੋਵ ਦੀ ਟਿੱਪਣੀ ਵਿਚ ਅਰਥ ਭਰਪੂਰ ਗੱਲ ਨੂੰ 'ਬਾਰ ਬਾਰ' ਕਹਿਣ ਦੀ ਲੋੜ ਦੇ ਦਿਸ਼ਾ-ਨਿਰਦੇਸ਼ ਦਾ ਅਨੁਸਰਣ ਕਰਦਾ ਹੈ। ਇਹ ਇਕ ਤਰ੍ਹਾਂ ਨਾਲ ਵੱਡੇ ਪੈਮਾਨੇ ਉੱਤੇ ਫ਼ੈਲੀ ਵਬਾਅ ਦਾ ਦਰੁਸਤ ਡਾਇਅਗਨੋਜ਼ ਕਰਨ ਲਈ ਰੋਗੀਆਂ ਦੀ ਵੱਡੀ ਗਿਣਤੀ ਦੇ ਬਾਰ ਬਾਰ ਟੈਸਟ ਕਰਨ ਵਰਗੀ ਗੱਲ ਹੈ। ਉਸ ਤਰ੍ਹਾਂ ਵੀ ਬੇਸਿਰ ਪੈਰ ਸ਼ੋਰ ਨਾਲ ਭਰੀ ਹੋਈ ਅਜੋਕੀ ਦੁਨੀਆਂ ਵਿਚ ਕਿਸੇ ਵੀ ਗੱਲ ਨੂੰ ਸੰਚਾਰਨ ਅਤੇ ਪ੍ਰਸਾਰਣ ਲਈ ਦੁਹਰਾਉ ਅਨਿਵਾਰੀ ਜੁਗਤ ਬਣ ਗਿਆ ਹੈ। ਸੂਚਨਾ ਅਤੇ ਗਿਆਨ ਦੇ ਸੀ.ਐਨ.ਐਨ. ਵਰਗੇ ਅੰਤਰ-ਰਾਸ਼ਟਰੀ ਚੈਨਲ ਇਸ ਦਾ ਪ੍ਰਤੱਖ ਪ੍ਰਮਾਣ ਹਨ, ਜਿਨ੍ਹਾਂ ਉੱਪਰ ਵਿਸ਼ੇਸ਼ ਲੋੜਾਂ ਅਤੇ ਹਿੱਤਾਂ ਦੀ ਪੂਰਤੀ ਲਈ ਇਕੋ ਫ਼ੀਚਰ ਨੂੰ ਕਈ ਕਈ ਵਾਰ ਵਿਖਾਇਆ ਜਾਂਦਾ ਹੈ। ਇਸ ਪ੍ਰਕਾਰ **ਤਫ਼ਤੀਸ਼** ਵਿਚਲਾ ਦੁਹਰਾਉ ਅਜੋਕੀ ਪਰਿਸਥਿਤੀ ਦੀਆਂ ਚੁਣੌਤੀਆਂ ਦੇ ਪ੍ਰਤਿ ਉੱਤਰ ਵਿਚ ਇਕ ਕਾਰਗਰ ਕਲਾਤਮਕ ਜੁਗਤ ਦਾ ਰੂਪ ਧਾਰਨ ਕਰ ਲੈਂਦਾ ਹੈ।

ਇਸ ਨਾਵਲ ਵਿਚ ਸਭ ਤੋਂ ਵਧੇਰੇ ਗਿਣਤੀ ਪੁਲੀਸ ਮਹਿਕਮੇ ਨਾਲ ਸੰਬੰਧਿਤ ਪਾਤਰਾਂ ਦੀ ਹੈ। ਇਹਨਾਂ ਵਿਚ ਸੰਤਰੀ ਮੁਖਤਿਆਰ ਦੇ ਪਾਤਰ ਤੋਂ ਆਰੰਭ ਹੋ ਕੇ ਉੱਚ ਤੋਂ ਉੱਚ ਅਧਿਕਾਰੀਆਂ ਤੱਕ ਦੇ ਪਾਤਰ ਸ਼ਾਮਿਲ ਹਨ। **ਤਫ਼ਤੀਸ਼** ਵਿਚ ਅਮਨ, ਕਾਨੂੰਨ ਅਤੇ ਸੁਰੱਖਿਅਤਾ ਲਈ ਕਾਇਮ ਕੀਤੇ ਗਏ ਇਯ ਮਹਿਕਮੇ ਦੀ ਕਾਰਗੁਜ਼ਾਰੀ ਉੱਪਰ ਪਏ ਪਰਦੇ ਨੂੰ ਜਿਸ ਬੇਬਾਕੀ ਨਾਲ ਹਟਾਇਆ ਗਿਆ ਹੈ, ਪੰਜਾਬੀ ਗਲਪ ਵਿਚ ਇਸਦੀ ਮਿਸਾਲ ਮਿਲਣੀ ਅਸੰਭਵ ਹੈ। ਸਬ ਇਨਸਪੈਕਟਰ ਅਮੀ ਚੰਦ ਅਤੇ ਐਸ.ਪੀ. ਖ਼ਾਨ ਦੇ ਪਾਤਰਾਂ ਨੂੰ ਛੱਡ ਕੇ ਇਸ ਮਹਿਕਮੇ ਦੇ ਸਾਰੇ ਪਾਤਰ ਭ੍ਰਿਸ਼ਟਾਚਾਰ ਦੀ ਦਲਦਲ ਵਿਚ ਲਗਾਤਾਰ ਧਸਦੇ ਜਾਂਦੇ ਹਨ। ਇਹ ਭ੍ਰਿਸ਼ਟਾਚਾਰ ਇਹਨਾਂ ਪਾਤਰਾਂ ਦੇ ਜੀਵਨ ਦਾ ਏਨਾ ਸੁਭਾਵਿਕ ਅੰਗ ਬਣ ਗਿਆ ਹੈ ਕਿ ਇਸ ਦੇ ਸਨਮੁੱਖ ਇਸ ਮਹਿਕਮੇ ਦੇ ਅਮਨ, ਕਾਨੂੰਨ ਅਤੇ ਸੁਰੱਖਿਅਤਾ ਨਾਲ ਜੁੜੇ ਆਦਰਸ਼ ਉਪਹਾਸ ਲੱਗਦੇ ਹਨ। ਨਾਵਲ ਵਿਚ ਇਸ ਮਹਿਕਮੇ ਦੇ ਪਾਤਰਾਂ ਨੂੰ ਅਗਵਾ ਹੋਏ ਬੱਚੇ ਦੀ 'ਤਫ਼ਤੀਸ਼' ਦਾ ਕੰਮ ਸੌਂਪਿਆ ਜਾਂਦਾ ਹੈ ਪਰ ਉਹਨਾਂ ਦੀ 'ਕਾਰਜਕੁਸ਼ਲਤਾ' ਉਲਟਾ ਦਿਸ਼ਾਵਾਂ ਵਿਚ ਪ੍ਰਗਟ ਹੁੰਦੀ ਹੈ। ਨਤੀਜੇ ਵਜੋਂ ਇਹ 'ਕਾਰਜਕੁਸ਼ਲਤਾ' 'ਤਫ਼ਤੀਸ਼' ਨਾ ਰਹਿ ਕੇ ਇਸ ਦੀ ਪੈਰੋਡੀ ਬਣ ਜਾਂਦੀ ਹੈ। ਇਹ ਪੈਰੋਡੀ ਪੂੰਜੀਵਾਦੀ-ਜਾਗੀਰੂ ਖ਼ਾਸੇ ਵਾਲੀ ਭਾਰਤੀ ਸਟੇਟ ਦੇ ਬਸਤੀਵਾਦੀ ਪਿਛੋਕੜ ਵਾਲੇ ਮੁੱਖ ਅੰਗ ਪੁਲੀਸ ਮਹਿਕਮੇ ਦੇ ਪਾਤਰ ਸਮੂਹ ਦੇ ਕਿਰਦਾਰ ਦਾ ਦਿਲਚਸਪ ਅਤੇ ਪ੍ਰਤਿਨਿਧ ਖ਼ਾਕਾ ਉਲੀਕਦੀ ਹੈ। ਇਸੇ ਤਰ੍ਹਾਂ ਨਿਆਇ ਪਾਲਿਕਾ ਵਿਚ ਵੀ ਮੈਜਿਸਟਰੇਟ ਜੁਨੇਜਾ ਦੇ ਪਾਤਰ ਨੂੰ ਛੱਡ ਕੇ ਨਾਇਬ ਕੋਰਟ ਤੋਂ ਲੈ ਕੇ ਜੱਜਾਂ ਤੱਕ ਦੇ ਸਭ ਪਾਤਰਾਂ ਦੇ ਪ੍ਰਸੰਗ ਵਿਚ ਵਿਵਸਥਾ ਦੇ ਵਿਆਪਕ ਭ੍ਰਿਸ਼ਟਾਚਾਰ ਦੀ ਇਕ ਕੜੀ ਰੂਪਮਾਨ ਹੁੰਦੀ ਹੈ, ਜਿਸ ਦੇ ਅੰਤਰਗਤ ਬੇਇਨਸਾਫ਼ੀ, ਇਨਸਾਫ਼ ਦੀ ਥਾਂ ਮੱਲ ਲੈਂਦੀ ਹੈ। ਮੁਕਾਬਲੇ ਦੀ ਦੌੜ ਵਿਚ ਧਨ, ਜਾਇਦਾਦ ਅਤੇ ਤਰੱਕੀ ਨਾਲ ਜੁੜੀਆਂ ਬੇਲਗਾਮ ਲਾਲਸਾਵਾਂ ਇਹਨਾਂ ਸਾਰੇ ਪਾਤਰਾਂ ਦੇ ਵਿਅਕਤਿਤਵ ਦੀਆਂ ਮੂਲ ਸੰਚਾਲਕ ਹਨ। ਇਹਨਾਂ ਦੀ ਪੂਰਤੀ ਲਈ ਉਹ ਨਿੱਜੀ ਰੰਜਸ਼ਾਂ, ਵਿਭਚਾਰ, ਝੂਠ, ਫ਼ਰੇਬ, ਪਾਖੰਡ, ਜਬਰ, ਤਸ਼ੱਦਦ ਆਦਿ

ਦੇ ਰੂਪ ਵਿਚ ਅਨੇਕ ਹਰਬੇ ਵਰਤਦੇ ਹਨ। ਅਮਾਨਵੀਕਰਣ ਦੇ ਇਸ ਅੰਨ੍ਹੇ ਬੋਲੇ ਵਹਿਣ ਵਿਚ ਵਹੇ ਹੋਏ ਉਹ ਕਦੇ ਕਦੇ ਮੂਲ ਮਾਨਵੀ ਕਦਰਾਂ ਦੇ ਸਨਮੁਖ ਵੀ ਹੁੰਦੇ ਹਨ, ਪਰ ਅਮਾਨਵੀਕਰਣ ਦਾ ਵਹਿਣ ਏਨਾ ਪ੍ਰਬਲ ਹੈ ਕਿ ਮੂਲ ਮਾਨਵੀ ਕਦਰਾਂ ਦੀ ਚੇਤਨਾ ਦਮ ਤੋੜ ਦੇਂਦੀ ਹੈ।

ਵਿਵਸਥਾ ਦੇ ਪ੍ਰਬੰਧਕੀ ਢਾਂਚੇ ਨਾਲ ਸੰਬੰਧਿਤ ਪਾਤਰ ਆਪਣੀ ਆਪਣੀ ਕੋਟੀ ਅਤੇ ਇਸ ਦੀ ਅੰਦਰੂਨੀ ਦਰਜਾਬੰਦੀ ਦੇ ਪ੍ਰਤਿਨਿਧ ਤਾਂ ਹਨ ਹੀ। ਪ੍ਰਤਿਨਿਧ ਹੋਣ ਦੇ ਨਾਲ ਨਾਲ ਅਹੁੱਦੇ, ਘਰੇਲੂ ਪਿਛੋਕੜ, ਸ਼੍ਰੇਣਿਕ, ਜਾਤਪਾਤੀ ਆਦਿ ਵਿਭਿੰਨ ਸੰਦਰਭਾਂ ਕਰਕੇ ਇਹਨਾਂ ਪਾਤਰਾਂ ਦੀ ਇਕ ਦੂਜੇ ਤੋਂ ਵੱਖਰਤਾ ਵੀ ਉਜਾਗਰ ਕੀਤੀ ਗਈ ਹੈ। ਇਸ ਵੱਖਰਤਾ ਨੂੰ ਇਹਨਾਂ ਪਾਤਰਾਂ ਦੀਆਂ ਸੋਚਾਂ ਅਤੇ ਵਤੀਰੇ ਦੇ ਵਿਅਕਤੀਗਤ ਪਾਸਾਰ ਹੋਰ ਪ੍ਰਤੱਖ ਬਣਾਉਂਦੇ ਹਨ। ਸੰਤਰੀ, ਮੁਨਸ਼ੀ, ਸਬ ਇਨਸਪੈਕਟਰ, ਇਨਸਪੈਕਟਰ, ਡੀ.ਐਸ.ਪੀ., ਐਸ.ਪੀ., ਐਸ.ਐਸ.ਪੀ. ਆਦਿ ਪਾਤਰ ਸਟੇਟ ਦੇ ਚਰਿਤਰ ਦੀ ਪ੍ਰਤਿਨਿਧਤਾ ਤਾਂ ਕਰਦੇ ਹੀ ਹਨ ਪਰ ਨਾਲ ਹੀ ਅਹੁੱਦੇ ਦੀ ਤਬਦੀਲੀ ਨਾਲ ਇਹਨਾਂ ਦੇ ਤਰੀਕਾਕਾਰ ਵਿਚ ਭਿੰਨਤਾ ਆ ਜਾਂਦੀ ਹੈ। ਅਹੁੱਦਾ ਇਕੋ ਹੋਣ ਦੀ ਸੂਰਤ ਵਿਚ ਵੀ ਹੋਰਨਾਂ ਸੰਦਰਭਾਂ ਦੇ ਫ਼ਲਸਰੂਪ ਪਾਤਰਾਂ ਦੀ ਆਪਸੀ ਭਿੰਨਤਾ ਨੂੰ ਮੂਰਤੀਮਾਨ ਬਣਾਇਆ ਗਿਆ ਹੈ। ਸ਼ਿਵ ਪ੍ਰਸ਼ਾਦ ਅਤੇ ਮਨਬੀਰ ਸਿੰਘ ਦੀ ਪਾਤਰ-ਉਸਾਰੀ ਦੇ ਤੁਲਨਾਤਮਕ ਅਧਿਐਨ ਰਾਹੀਂ ਨਾਵਲਕਾਰ ਦੀ ਵਿਵਿਧਤਾ ਸਿਰਜਨ ਦੀ ਯੋਗਤਾ ਦਾ ਪਤਾ ਲੱਗਦਾ ਹੈ। ਪਾਤਰਾਂ ਦੇ ਪ੍ਰਤਿਨਿਧ ਅਤੇ ਵਿਅਕਤੀਕ੍ਰਿਤ ਰੂਪਾਂ ਦੇ ਸੁਮੇਲ ਰਾਹੀਂ ਸਾਧਾਰਣ ਅਤੇ ਵਿਸ਼ੇਸ਼ ਮਨੁੱਖਾਂ ਦੀ ਸਾਧਾਰਣਤਾ ਅਤੇ ਵਿਸ਼ਿਸ਼ਟਤਾ ਨੂੰ ਇਕ ਦੂਜੀ ਦੇ ਪਰਿਪੇਖ ਨਾਲ ਯੁਕਤ ਕਰਕੇ ਰੂਪਮਾਨ ਕਰਨ ਦਾ ਉਪਰਾਲਾ ਕੀਤਾ ਗਿਆ ਹੈ। ਇਸੇ ਕਰਕੇ ਪ੍ਰਬੰਧਕੀ ਢਾਂਚੇ ਵਿਚ ਸ਼ਾਮਿਲ ਅਮੀ ਚੰਦ, ਖ਼ਾਨ ਅਤੇ ਜੁਨੇਜਾ ਵਰਗੇ ਪਾਤਰ ਆਪਣੀ ਈਮਾਨਦਾਰੀ ਅਤੇ ਸੁਹਿਰਦਤਾ ਦੇ ਫ਼ਲਸਰੂਪ ਵਿਸ਼ੇਸ਼ ਨਜ਼ਰ ਆਉਂਦੇ ਹੋਏ ਵੀ ਮਾਨਵੀ ਸੰਭਾਵਨਾਵਾਂ ਦੇ ਕਿਸੇ ਉਚੇਰੇ ਮੰਡਲ ਦੇ ਜੀਵ ਨਹੀਂ ਬਣਦੇ। ਉਹ ਸੱਭਿਆਚਾਰ ਦੇ ਵਿਆਪਕ ਵਰਤਾਰੇ ਦੇ ਵਿਪਰੀਤ ਇਸਦੇ ਆਦਰਸ਼ਕ ਮੁੱਲਾਂ ਦੇ ਪ੍ਰਤੀਕ ਅਵੱਸ਼ ਹਨ ਪਰ ਉਹਨਾਂ ਦੀ ਇਹ ਵਿਸ਼ਿਸ਼ਟਤਾ ਉਹਨਾਂ ਦੀ ਸੋਚ ਅਤੇ ਵਤੀਰੇ ਦੀ ਵਿਅਕਤੀਗਤ ਉਪਲਬਧੀ ਮਾਤਰ ਹੀ ਹੈ। ਨਤੀਜੇ ਵਜੋਂ ਇਹਨਾਂ ਦੀ ਵਿਅਕਤੀਗਤ ਵਿਸ਼ਿਸ਼ਟਤਾ ਸਵੈਮਾਣ ਦੇ ਮੋਰਚੇ ਨਾਲ ਜੁੜੇ ਗੌਰਵ ਨੂੰ ਪ੍ਰਤੀਬਿੰਬਤ ਕਰਦੀ ਹੋਈ ਵੀ ਵਿਆਪਕ ਵਰਤਾਰੇ ਦੇ ਸ਼ਕਤੀਵਰ ਵਹਿਣ ਦੇ ਸਨਮੁੱਖ ਬੇਵਸੀ ਦੀ ਭਾਗੀ ਬਣ ਜਾਂਦੀ ਹੈ।

ਸਾਧਾਰਣਤਾ ਅਤੇ ਵਿਸ਼ਿਸ਼ਟਤਾ ਦੀ ਅੰਤਰ ਸੰਬੰਧਿਤਤਾ **ਤਫ਼ਤੀਸ਼** ਨਾਵਲ ਦੇ ਪਾਤਰਾਂ ਦੀਆਂ ਦੂਅਆਂ ਕੋਟੀਆਂ ਦੀ ਉਸਾਰੀ ਵਿਚ ਵੀ ਮੂਰਤੀਮਾਨ ਬਣਦੀ ਹੈ। ਰਾਜਨੀਤੀ, ਮਾਡਲ ਟਾਊਨ ਦੀਆਂ ਕੋਠੀਆਂ ਵਿਚ ਰਹਿੰਦੇ ਅਖੌਤੀ ਸਾਊ ਲੋਕਾਂ ਦੇ ਜੀਵਨ ਅਤੇ ਸਮਾਜਕ ਧਾਰਮਕ ਸੰਸਥਾਵਾਂ ਆਦਿ ਦੇ ਪ੍ਰਸੰਗ ਵਿਚ ਜਿਥੇ ਇਹ ਵਿਸ਼ਿਸ਼ਟਤਾ ਭੇਖ ਬਣੀ ਬੈਠੀ ਹੈ, ਨਾਵਲ ਦੀ ਵਿਅੰਗਭਾਵੀ ਦ੍ਰਿਸ਼ਟੀ ਇਸਦੇ ਲੰਗਾਰਨ ਦਾ ਪ੍ਰਕਾਰਜ ਨਿਭਾਉਂਦੀ ਹੈ। ਇਸ ਪ੍ਰਕਾਰ ਇਹਨਾਂ ਕੋਟੀਆਂ ਦੇ ਪਾਤਰਾਂ ਦੀ ਬਾਹਰੀ ਆਦਰਸ਼ਕ ਦਿੱਖ ਅਤੇ ਤਹਿ ਹੇਠ ਕਿਰਿਆਸ਼ੀਲ ਅਮਾਨਵੀ ਕਦਰਾਂ ਉੱਪਰ ਆਧਾਰਿਤ ਵਾਸਤਵਿਕ ਜੀਵਨ ਜਾਂਚ ਦਾ ਦਵੰਦ ਪ੍ਰਗਟ ਹੋ ਜਾਂਦਾ ਹੈ। ਇਹ ਵਿਅੰਗਭਾਵੀ ਦ੍ਰਿਸ਼ਟੀ ਕਦੇ ਸਹਾਨੁਭੂਤੀ, ਕਦੇ ਆਲੋਚਨਾਤਮਕ ਸੁਰ ਅਤੇ ਕਦੇ ਦੋਵਾਂ ਦੇ ਮਿਸ਼ਰਤ ਰੂਪਾਂ ਰਾਹੀਂ ਇਸ ਦਵੰਦ ਦੀਆਂ ਬਾਰੀਕੀਆਂ ਦਾ ਮਹਾਂਦਰਾ ਉਲੀਕਦੀ ਹੈ। ਇਕ ਪਾਸੇ ਨਿਮਨ ਜਾਤੀਆਂ ਅਤੇ ਕਬੀਲਿਆਂ ਦੇ ਜਰਾਇਮ ਪੇਸ਼ਾ ਪਾਤਰ ਹਨ, ਜਿਹਨਾਂ ਦੇ ਪ੍ਰੋਲੇਤਾਰੀਆਂ ਤੋਂ ਲੁੰਪਨ ਬਣ ਜਾਣ ਦੇ ਸਫ਼ਰ ਨੂੰ ਹੀਣ ਆਰਥਿਕਤਾ ਅਤੇ ਸੱਭਿਆਚਾਰਕ ਚੇਤਨਾ ਦੇ ਸੰਕਟ ਦੇ ਸੰਦਰਭ ਵਿਚ ਸਹਾਨੁਭੂਤੀ ਨਾਲ ਉਜਾਗਰ

ਕੀਤਾ ਗਿਆ ਹੈ। ਦੂਜੇ ਪਾਸੇ ਸਮਗਲਿੰਗ, ਠੇਕੇਦਾਰੀ ਅਤੇ ਵਪਾਰ ਆਦਿ ਖੇਤਰਾਂ ਦੇ ਪਾਤਰ ਹਨ; ਜਿਹਨਾਂ ਦੇ ਚਰਿਤਰ ਨੂੰ ਤੀਖਣ ਆਲੋਚਨਾਤਮਕ ਸੁਰ ਨਾਲ ਉਘਾੜਿਆ ਗਿਆ ਹੈ। ਇਹ ਸਹਾਨੁਭੂਤੀ ਜਾਂ ਆਲੋਚਨਾਤਮਕ ਸੁਰ ਕਿਸੇ ਪਾਤਰ ਦੇ ਚਰਿਤਰ-ਚਿਤ੍ਰਣ ਪ੍ਰਤੀ ਕਿਸੇ ਰਿਆਇਤ ਜਾਂ ਨਿੰਦਿਆਭਾਵੀ ਉਲਾਰ ਦੀ ਸੂਚਕ ਨਹੀਂ, ਸਗੋਂ ਉਹਨਾਂ ਦੀ ਸਥਿਤੀ ਦੀ ਵਾਸਤਵਿਕਤਾ ਦੇ ਵਸਤੂਪੂਰਕ ਵਿਸ਼ਲੇਸ਼ਣ ਦੀ ਬੁਨਿਆਦੀ ਲੋੜ ਬਣ ਜਾਂਦੀ ਹੈ। **ਤਫ਼ਤੀਸ਼** ਵਿਚ ਬੱਚੇ ਦੀ ਲਾਸ਼ ਦੇ ਪੋਸਟ ਮਾਰਟਮ ਦੀ ਸਥਿਤੀ ਵਿਚ ਜੋਗਿੰਦਰ ਦੇ ਪਾਤਰ ਦੀ ਉਸਾਰੀ ਸਹਾਨੁਭੂਤੀ ਅਤੇ ਆਲੋਚਨਾਤਮਕ ਸੁਰ ਦੇ ਜਿਸ ਸਨਿਮਵੈ ਨਾਲ ਕੀਤੀ ਗਈ ਹੈ, ਉਸ ਤੋਂ ਇਸ ਪਾਤਰ ਦੀ ਵਸਤੂ-ਸਥਿਤੀ ਅਤੇ ਮਨੋ-ਸਥਿਤੀ ਦੇ ਵਸਤੂਪੂਰਕ ਵਿਸ਼ਲੇਸ਼ਣ ਦਾ ਰਾਹ ਖੁੱਲ੍ਹਦਾ ਹੈ।

**ਤਫ਼ਤੀਸ਼** ਨਾਵਲ ਵਿਚ ਪਾਤਰਾਂ ਦੀ ਵਸਤੂ-ਸਥਿਤੀ ਅਤੇ ਮਨੋ-ਸਥਿਤੀ ਦੇ ਵਸਤੂਪੂਰਕ ਵਿਸ਼ਲੇਸ਼ਣ ਲਈ ਹਰ ਇਕ ਪਾਤਰ ਨੂੰ ਇਕੋ ਵੇਲੇ ਇਕਾਲਕ ਅਤੇ ਬਹੁਕਾਲਕ ਸੰਦਰਭ ਵਿਚ ਟਿਕਾਇਆ ਗਿਆ ਹੈ। ਨਾਵਲ ਦਾ ਬਿਰਤਾਂਤ ਸਮੇਂ ਦੇ ਇਕ ਬਿੰਦੂ ਉੱਤੇ ਇਕ ਜਾਂ ਇਕ ਤੋਂ ਵਧੇਰੇ ਥਾਵਾਂ ਉੱਤੇ ਵਿਚਰ ਰਹੇ ਪਾਤਰਾਂ ਅਤੇ ਵਾਪਰ ਰਹੀਆਂ ਘਟਨਾਵਾਂ ਦੇ ਅੰਤਰ ਸੰਬੰਧਾਂ ਦੀ ਦਿਸ਼ਾ ਵਿਚ ਵੀ ਫ਼ੈਲਦਾ ਹੈ ਅਤੇ ਹਰ ਇਕ ਪਾਤਰ ਦੇ ਅਤੀਤ ਵਿਚ ਵੀ ਉਤਰਦਾ ਹੈ। ਇਸ ਤਰ੍ਹਾਂ ਹਰ ਪਾਤਰ ਦੇ ਵਰਤਮਾਨ ਦੀ ਸਮਕਾਲੀਨਤਾ ਅਤੇ ਬੀਤੇ ਦੀ ਇਤਿਹਾਸਮੁਖਤਾ ਦਾ ਜੀਵੰਤ ਰਿਸ਼ਤਾ ਸਮੂਰਤ ਬਣ ਜਾਂਦਾ ਹੈ। ਇਹ ਸਮੂਰਤਨ ਨਾਵਲਕਾਰ ਦੀ ਪਰਪੱਕ ਇਤਿਹਾਸ-ਦ੍ਰਿਸ਼ਟੀ ਰਾਹੀਂ ਬੰਦੇ ਦੇ ਜਮਾਂਦਰੂ ਬੁਰੇ ਜਾਂ ਚੰਗੇ ਹੋਣ ਦੇ ਭਰਮ ਨੂੰ ਤੋੜਦਾ ਅਤੇ ਉਸਦੇ ਸੁਭਾਉ ਦੀਆਂ ਜੜ੍ਹਾਂ ਨੂੰ ਗੁੰਝਲਦਾਰ ਆਰਥਕ ਅਤੇ ਸਮਾਜ-ਸੱਭਿਆਚਾਰਕ ਤਾਣੇ ਵਿਚੋਂ ਲੱਭਦਾ ਹੈ। ਇਸ ਤਰ੍ਹਾਂ ਇਸ ਨਾਵਲ ਦੀ ਇਤਿਹਾਸ-ਦ੍ਰਿਸ਼ਟੀ, ਇਸਦੀ ਗਲਪ-ਦ੍ਰਿਸ਼ਟੀ ਦਾ ਅਨਿਵਾਰੀ ਅੰਗ ਬਣ ਕੇ ਜੀਵਨ ਦੇ ਜਟਿਲ ਯਥਾਰਥ ਨੂੰ ਇਸਦੀ ਗਤੀਸ਼ੀਲਤਾ ਸਹਿਤ ਅੰਕਿਤ ਕਰਨ ਦੇ ਸਮਰੱਥ ਬਣਦੀ ਹੈ।

**ਤਫ਼ਤੀਸ਼** ਨਾਵਲ ਵਿਚ ਪੇਸ਼ ਹੋਏ ਯਥਾਰਥ ਦਾ ਸੰਬੰਧ ਕਿਉਂਕਿ ਸਮਕਾਲੀ ਵਿਵਸਥਾ ਦੇ ਜਬਰਕਾਰੀ ਅਤੇ ਦਮਨਕਾਰੀ ਸਰੋਕਾਰਾਂ ਨਾਲ ਹੈ, ਇਸ ਲਈ ਇਸ ਦਾ ਵਸਤੂਪੂਰਕ ਚਿਤ੍ਰਣ ਇਕ ਬਹੁਤ ਵੱਡੀ ਚੁਣੌਤੀ ਸੀ, ਜਿਸ ਨੂੰ ਇਸ ਨਾਵਲ ਨੇ ਸਰ ਕੀਤਾ ਹੈ। ਇਹ ਇਸ ਕਰਕੇ ਵੀ ਮਹੱਤਵਪੂਰਣ ਹੈ ਕਿ ਨਾਵਲਕਾਰ, ਜੋ ਖ਼ੁਦ ਇਸ ਵਿਵਸਥਾ ਦਾ ਅੰਗ ਰੂਪ ਹੈ, ਇਸ ਤੋਂ ਰਚਨਾਤਮਕ ਵਿੱਥ ਕਾਇਮ ਕਰਕੇ ਇਸਦੇ ਚਿਤ੍ਰਣ ਪ੍ਰਤੀ ਰੁਚਿਤ ਹੁੰਦਾ ਹੈ। ਨਾਵਲਕਾਰ ਲਈ ਦੂਰ ਬੀਤੇ ਸਮੇਂ ਦੇ ਯਥਾਰਥ ਤੋਂ ਅਜੇਹੀ ਵਿੱਥ ਸਥਾਪਿਤ ਕਰਨੀ ਤਾਂ ਸ਼ਾਇਦ ਏਨੀ ਮੁਸ਼ਕਿਲ ਨਾ ਹੋਵੇ, ਪਰ ਸਮਕਾਲੀ ਸਥਿਤੀ ਦੇ ਸਿਰਜਨ ਵੇਲੇ ਵਿਵਸਥਾ ਦੇ ਵਿਭਿੰਨ ਪ੍ਰਕਾਰ ਦੇ ਦਬਾਉ, ਰੁਕਾਵਟ ਬਣਦੇ ਹਨ। ਇਸ ਲਈ ਉਚੇਰੀ ਕਿਸਮ ਦੀ ਜੁਰਅੱਤ ਅਤੇ ਸਾਹਸ ਤਾਂ ਲੋੜੀਂਦੇ ਹੀ ਹਨ ਪਰ ਇਹ ਇਕੱਲੇ ਵਸਤੂਪੂਰਕ ਵਿਸ਼ਲੇਸ਼ਣ ਦਾ ਆਧਾਰ ਨਹੀਂ ਬਣਦੇ। ਉਤੇਜਨਾ ਅਤੇ ਉਪਭਾਵੁਕਤਾ ਇਸ ਜੁਰਅੱਤ ਅਤੇ ਸਾਹਸ ਦੇ ਮੁੱਲ ਨੂੰ ਅਸਲੀਅਤ ਦੀ ਇਕਪਾਸੜ ਅਤੇ ਸਤਹੀ ਤਸਵੀਰਕਸ਼ੀ ਰਾਹੀਂ ਸੰਗੋੜ ਦੇਂਦੀਆਂ ਹਨ। ਜਸਵੰਤ ਸਿੰਘ ਕੰਵਲ ਦਾ ਨਾਵਲ **ਲਹੂ ਦੀ ਲੋਅ** ਸਟੇਟ ਦੇ ਜਬਰ ਨੂੰ ਬੇਨਕਾਬ ਕਰਨ ਸਮੇਂ ਜੁਰਅੱਤ ਅਤੇ ਸਾਹਸ ਦਾ ਪ੍ਰਮਾਣ ਤਾਂ ਦੇਂਦਾ ਹੈ ਪਰ ਉਪਭਾਵੁਕਤਾ ਦੇ ਗੂੜ੍ਹ ਵਾਯੂਮੰਡਲ ਕਾਰਣ ਇਹ ਹਕੀਕਤ ਦੀ ਗਹਿਰਾਈ ਨੂੰ ਮਾਪਣ ਤੋਂ ਉੱਕ ਜਾਂਦਾ ਹੈ। ਨਾਵਲਕਾਰ ਦੇ ਮੱਧ ਸ਼੍ਰੇਣਿਕ ਭਾਵ ਸੰਸਕਾਰ ਹਕੀਕਤ ਦੀ ਪੇਸ਼ਕਾਰੀ ਉੱਪਰ ਇਸ ਕਦਰ ਹਾਵੀ ਹੋ ਜਾਂਦੇ ਹਨ ਕਿ ਆਤਮਪਰਕੀ ਪੇਤਲੇ ਗਲਪ-ਬਿੰਬ ਦੇ ਨਾਲ ਨਾਲ ਇਹ ਰਚਨਾ ਕਈ ਸਵੈ ਵਿਰੋਧਤਾਈਆਂ ਦਾ ਸ਼ਿਕਾਰ ਵੀ ਹੋ ਜਾਂਦੀ ਹੈ। **ਤਫ਼ਤੀਸ਼** ਦੀ ਵਿਸ਼ੇਸ਼ਤਾ ਇਹ ਹੈ ਕਿ ਇਸਦੇ ਵਿਅੰਗਭਾਵੀ ਗਲਪ-ਚਿਤਰਾਂ

ਦੀ ਲੜੀ ਜੁਰਅੱਤ ਅਤੇ ਸਾਹਸ ਤੋਂ ਅੱਗੇ ਡੂੰਘੀ ਸੋਝੀ ਨਾਲ ਜੁੜੀ ਹੋਈ ਹੈ। ਇਹ ਡੂੰਘੀ ਸੋਝੀ ਇਕ ਅਜੇਹੀ ਸਿਰਜਣਾਤਮਕ ਸੰਵੇਦਨਾ ਦੀ ਲਖਾਇਕ ਹੈ, ਜਿਸ ਵਿਚ ਨਾਵਲਕਾਰ ਨੂੰ ਵਸਤੂਪਰਕਤਾ ਤੇ ਮੁਕਾਮ ਤੱਕ ਪਹੁੰਚਣ ਲਈ ਇਕ ਤਰ੍ਹਾਂ ਸਵੈ ਨੂੰ ਡੀਕਲਾਸੀਫ਼ਾਈ ਕਰਨ ਵਰਗੇ ਬਿਖੜੇ ਅਮਲ ਵਿਚੋਂ ਗੁਜ਼ਰਨਾ ਪੈਂਦਾ ਹੈ। **ਤਫ਼ਤੀਸ਼** ਵਿਚ ਮਿੱਤਰ ਸੈਨ ਮੀਤ ਇਸ ਮੁਕਾਮ ਤੱਕ ਸਾਲਮੀਅਤ ਹਿਤ ਪਹੁੰਚਣ ਲਈ ਜਤਨਸ਼ੀਲ ਦਿਸਦਾ ਹੈ।

ਇਸ ਨਾਵਲ ਵਿਚ ਅਗਾਂਹਵਧੂ ਵਿਚਾਰਾਂ ਦੇ ਧਾਰਨੀ ਵਿਅਕਤੀ ਪਾਤਰਾਂ ਅਤੇ ਜੱਥੇਬੰਦੀਆਂ ਦਾ ਉਲੇਖ ਵੀ ਆਉਂਦਾ ਹੈ, ਜੋ ਸਟੇਟ ਦੇ ਜਬਰ ਅਤੇ ਦਮਨ ਦੇ ਖਿਲਾਫ਼ ਆਪਣੀਆਂ ਸੀਮਤ ਸੰਭਾਵਨਾਵਾਂ ਸਹਿਤ ਕਿਰਿਆਸ਼ੀਲ ਹਨ। ਇਹਨਾਂ ਦਾ ਇਹ ਸੰਘਰਸ਼ ਸੀਮਤ ਸਫ਼ਲਤਾਵਾਂ ਦੇ ਦਾਇਰੇ ਤੱਕ ਮਹਿਦੂਦ ਰਹਿੰਦਾ ਹੈ, ਜਿਸ ਨਾਲ ਵਿਵਸਥਾ ਦੀ ਮੁੱਖ ਧਾਰਾ ਨੂੰ ਕੋਈ ਬਹੁਤਾ ਫ਼ਰਕ ਨਹੀਂ ਪੈਂਦਾ। ਇਹ ਸੰਘਰਸ਼ ਦਾਅਵਾ ਤਾਂ ਬੁਨਿਆਦੀ ਪਰਿਵਰਤਨ ਦੀ ਧਾਰਨੀ ਵਿਸ਼ਵ ਵਿਆਪੀ ਵਿਚਾਰਧਾਰਾ ਦੇ ਅਨੁਸਾਰੀ ਹੋਣ ਦਾ ਕਰਦਾ ਹੈ, ਪਰ ਇਸ ਦੀ ਵਿਹਾਰਕਤਾ ਮੱਧ ਸ਼੍ਰੇਣੀ ਦੀਆਂ ਪ੍ਰਗਤੀਸ਼ੀਲ ਪ੍ਰੇਰਣਾਵਾਂ ਰਾਹੀਂ ਪ੍ਰਗਟ ਹੁੰਦੀ ਹੈ। ਇਸੇ ਕਰਕੇ ਇਹ ਆਰਥਿਕ-ਰਾਜਨੀਤਕ ਸੰਘਰਸ਼ਾਂ ਤੋਂ ਟੁੱਟੇ ਮੱਧ ਸ਼੍ਰੇਇਕ ਸੱਭਿਆਚਾਰਕ ਉਪਰਾਲਿਆਂ ਰਾਹੀਂ ਮੰਚਿਤ ਹੁੰਦਾ ਹੈ। **ਤਫ਼ਤੀਸ਼** ਦੀ ਖ਼ੂਬੀ ਇਹ ਹੈ ਕਿ ਇਸ ਵਿਚ ਅਜਿਹੇ ਉਪਰਾਲਿਆਂ ਦੀ ਸੀਮਾ ਅਤੇ ਸੰਭਾਵਨਾ ਦੋਵਾਂ ਨੂੰ ਹੀ ਪਛਾਣਿਆ ਗਿਆ ਹੈ। ਨਾਵਲਕਾਰ ਇਹਨਾਂ ਨੂੰ ਨਾ ਤਾਂ ਕਿਸੇ ਮੈਗਨੀਫ਼ਾਈਡ ਗਲਪ-ਚਿਤਰ ਵਿਚ ਢਾਲਦਾ ਹੈ ਤੇ ਨਾ ਹੀ ਇਹਨਾਂ ਨੂੰ ਘਟਾ ਕੇ ਪ੍ਰਸਤੁਤ ਕਰਦਾ ਹੈ। ਨਾਵਲ ਦੇ ਅੰਤਲੇ ਭਾਗ ਵਿਚ ਪੁਲਸ ਵੱਲੋਂ ਬੰਟੀ ਦੇ ਅਗਵਾ ਤੇ ਕਤਲ ਦੇ ਦੋਸ਼ ਵਿਚ ਦੋ ਗਰੀਬੜੇ ਅਤੇ ਬੇਗੁਨਾਹ ਵਿਅਕਤੀ ਪਾਤਰਾਂ ਨੂੰ ਜਬਰੀ ਫਸਾ ਲਿਆ ਜਾਂਦਾ ਹੈ। ਇਸ ਦੇ ਪ੍ਰਤਿਕਰਮ ਵਿਚ ਸਰਕਾਰੀ ਵਕੀਲ ਗੁਰਮੀਤ ਅਸਤੀਫ਼ਾ ਦੇ ਕੇ ਲੋਕ ਸੰਘਰਸ਼ ਵਿਚ ਸ਼ਾਮਿਲ ਹੋ ਜਾਂਦਾ ਹੈ। ਇਸ ਪਾਤਰ ਵਿਸ਼ੇਸ਼ ਦਾ ਅਜਿਹਾ ਪ੍ਰਤਿਕਰਮ ਮੱਧ ਸ਼੍ਰੇਇਕ ਉਪਭਾਵੁਕ ਮਾਨਸਿਕ ਬਣਤਰ ਦਾ ਪਰਤੌਂ ਹੋਣ ਕਰਕੇ ਪ੍ਰਗਤੀਸ਼ੀਲਤਾ ਦੇ ਉਕਤ ਦਾਇਰੇ ਵਿਚ ਹੀ ਸਿਮਟ ਜਾਂਦਾ ਹੈ। ਨਾਵਲ ਨੂੰ ਪੁਸਤਕ ਰੂਪ ਵਿਚ ਸਮਾਪਤ ਕਰਦਾ ਇਹ ਪ੍ਰਤਿਕਰਮ ਗਲਪ-ਬਿੰਬ ਨੂੰ ਖੁਲ੍ਹਿਆਂ ਛੱਡ ਦੇਣ ਕਰਕੇ ਰੁਮਾਂਟਿਕ ਪ੍ਰਗਤੀਵਾਦੀ ਨਾਵਲ ਦੀ ਪ੍ਰਗਤੀਸ਼ੀਲਤਾ ਦੀ ਹਰ ਹੀਲੇ ਜਿੱਤ ਦਰਸਾਉਣ ਵਾਲੀ ਸਮਾਪਨ ਰੂੜ੍ਹੀ ਤੋਂ ਮੁਕਤ ਰਹਿੰਦਾ ਹੈ। ਇਹ ਇਸ ਕਰਕੇ ਸੰਭਵ ਹੋਇਆ ਹੈ ਕਿ ਨਾਵਲਕਾਰ **ਤਫ਼ਤੀਸ਼** ਵਿਚ ਪ੍ਰਸਤੁਤ ਹੋਈ ਮੁੱਖ ਧਾਰਾ ਅਤੇ। ਇਸਦੇ ਸਮਾਨੰਤਰ ਕਿਰਿਆਸ਼ੀਲ ਪ੍ਰਗਤੀਸ਼ੀਲ ਅੰਸ਼ਾਂ ਦੇ ਵਾਸਤਵਿਕ ਸਰੂਪ ਨੂੰ ਪਛਾਣ ਕੇ ਇਹਨਾਂ ਨੂੰ ਨਾਵਲੀ ਸੰਸਾਰ ਵਿਚ ਇਕ ਸੰਤੁਲਿਤ ਤਨਾਸਬ ਵਿਚ ਸਥਾਪਿਤ ਕਰਨ ਦੀ ਕੋਸ਼ਿਸ਼ ਕਰਦਾ ਹੈ।

ਪੁਸਤਕ ਰੂਪ ਵਿਚ **ਤਫ਼ਤੀਸ਼** ਦੇ ਸਮਾਪਤ ਹੋਣ ਤੋਂ ਬਾਅਦ ਵੀ ਸਵਾਲ ਬਣਿਆ ਰਹਿੰਦਾ ਹੈ ਕਿ ਮਾਸੂਮੀਅਤ ਅਤੇ ਭਵਿੱਖ ਦੇ ਚਿਹਨ ਬੱਚੇ ਦਾ ਅਗਵਾ ਕਰਤਾ ਅਤੇ ਕਾਤਲ ਕੌਣ ਹੈ? ਇਹ ਕੋਈ ਇਕ ਜਾਂ ਕੁਝ ਵਿਅਕਤੀ ਪਾਤਰ ਨਹੀਂ, ਸਗੋਂ ਪੂਰੀ ਦੀ ਪੂਰੀ ਵਿਵਸਥਾ ਹੈ, ਜੋ ਮਾਨਵੀ ਕਦਰਾਂ ਨੂੰ ਨਿਰੰਤਰ ਨਿਗਲ ਰਹੀ ਹੈ। ਸਾਡੇ ਜੀਵਨ ਦੀ ਭਵਿੱਖਮੁਖੀ ਦਿਸ਼ਾ ਇਹਨਾਂ ਕਦਰਾਂ ਦੇ ਲਗਾਤਾਰ ਨਿਘਾਰ ਵੱਲ ਦੀ ਹੈ। ਅੰਸ਼ਕ ਸੱਚ ਵਜੋਂ ਸਕ੍ਰਿਅ ਪ੍ਰਗਤੀਸ਼ੀਲ ਸ਼ਕਤੀਆਂ ਦੇ ਸੀਮਤ ਜਤਨਾਂ ਨਾਲ ਇਸ ਨਿਘਾਰ ਨੂੰ ਕਿਧਰੇ ਕੋਈ ਮਾੜਾ ਪੈਂਦਾ ਨਜ਼ਰ ਨਹੀਂ ਆਉਂਦਾ। ਅਮਾਨਵੀਕਰਣ ਦੇ ਜਟਿਲ ਅਤੇ ਵਿਵਿਧ ਰੂਪਾਂ ਨੂੰ ਵਿਅੰਗਭਾਵੀ ਦ੍ਰਿਸ਼ਟੀ ਨਾਲ ਚਿਤਰਦੀ ਅਤੇ ਵਸਤੂਪਰਕ ਵਿਸ਼ਲੇਸ਼ਣ ਵਿਚ ਢਾਲਦੀ ਇਹ ਨਾਵਲ

ਰਚਨਾ ਪਾਠਕ ਨੂੰ ਇਸ ਗੱਲ ਦੀ ਚਿੰਤਾ ਲਾਉਂਦੀ ਹੈ ਕਿ ਜੋ ਜੀਵਨ ਉਹ ਜੀਅ ਰਿਹਾ ਹੈ, ਉਹ ਜੀਣ ਜੋਗਾ ਨਹੀਂ। ਇਹ ਚਿੰਤਾ ਹੀ ਅਗਲੇਰੀ **ਤਫ਼ਤੀਸ਼** ਲਈ ਲੋੜੀਂਦੇ ਚਿੰਤਨ ਦਾ ਬੀਜ ਰੂਪ ਹੈ।

## ਨਾਵਲਕਾਰ ਮਿੱਤਰ ਸੈਨ ਮੀਤ ਨਾਲ ਮੁਲਾਕਾਤ

**ਮੁਲਾਕਾਤ ਕਰਤਾ: ਡਾ. ਸੁਖਦੇਵ ਸਿੰਘ ਖਾਹਰਾ**

ਪ੍ਰਸ਼ਨ: ਤੁਹਾਡੇ ਜੀਵਨ ਦੀਆਂ ਪਰਿਵਾਰਿਕ/ਭਾਈਚਾਰਕ ਪਰਿਸਥਿਤੀਆਂ (ਜਨਮ ਤੋਂ ਲੈ ਕੇ ਹੁਣ ਤੱਕ) ਕਿਸ ਰੂਪ ਵਿਚ ਤੁਹਾਡੀ ਰਚਨਾਕਾਰੀ ਨੂੰ ਪ੍ਰਭਾਵਤ ਕਰਦੀਆਂ ਹਨ। (ਲਿਖਣ ਸਮੱਗਰੀ ਦੇ ਰੂਪ ਵਿਚ, ਪ੍ਰੇਰਣਾ ਸਰੋਤਾਂ ਦੇ ਤੌਰ ਤੇ ਜਾਂ ਦ੍ਰਿਸ਼ਟੀਕੋਣ ਨੂੰ ਨਿਰਧਾਰਿਤ ਕਰਨ ਵਿਚ)।

ਉੱਤਰ: ਮੇਰਾ ਜਨਮ 1952 ਈ. ਵਿਚ ਅਤਿ ਨਿਮਨ-ਵਰਗੀ ਪਰਿਵਾਰ ਵਿਚ ਹੋਇਆ ਸੀ। ਮੇਰੇ ਪਿਤਾ ਜੀ ਪਟਵਾਰੀ ਸਨ। ਪਹਿਲਾਂ ਪਰਿਵਾਰ ਉਨ੍ਹਾਂ ਦੇ ਨਾਲ ਨਾਲ ਰਹਿੰਦਾ ਸੀ। ਜੀਵਨ ਦੇ ਪਹਿਲੇ ਅੱਠ ਨੌਂ ਸਾਲ ਪਿੰਡ ਵਿਚ ਗੁਜ਼ਰੇ। ਅਨਭੋਲ ਮਨ ਨੇ ਜਿੱਥੇ ਪੇਂਡੂ ਜੀਵਨ ਨੂੰ ਆਪਣੇ ਅੰਦਰ ਸਮੋ ਲਿਆ, ਉਥੇ ਕਿਰਸਾਣੀ ਦੇ ਦੁੱਖ ਦਰਦ ਵੀ ਅਚੇਤ ਤੌਰ ਤੇ ਜ਼ਿਹਨ ਵਿਚ ਉਕਰੇ ਗਏ। ਸੰਨ 1962 ਵਿਚ ਅਸੀਂ ਪੱਕੇ ਤੌਰ ਤੇ ਬਰਨਾਲੇ ਟਿਕ ਗਏ। ਪੈਸੇ ਦੀ ਘਾਟ ਕਾਰਨ ਪਿਤਾ ਜੀ ਜਿਹੜਾ ਕੱਚਾ ਪੱਕਾ ਘਰ ਖਰੀਦ ਸਕੇ ਉਹ ਅਜਿਹੇ ਮੁਹੱਲੇ ਵਿਚ ਸੀ, ਜਿਥੇ ਦਲਿਤਾਂ ਦੇ ਦਲਿਤ 'ਧਾਨਕੇ' ਰਹਿੰਦੇ ਸਨ। (ਬਰਨਾਲੇ ਵਿਚ 'ਧਾਨਕੇ' ਉਸ ਜਾਤੀ ਨੂੰ ਆਖਿਆ ਜਾਂਦਾ ਹੈ ਜਿਹੜੇ ਲੋਕਾਂ ਦਾ ਮਲ ਚੁੱਕਦੇ ਹਨ, ਨਾਲੀਆਂ ਨਾਲੇ ਸਾਫ਼ ਕਰਦੇ ਹਨ) ਕੁਝ ਘਰ ਚੂਹੜਿਆਂ ਦੇ ਵੀ ਸਨ (ਕੁਝ ਹੁਣ ਤੱਕ ਵੀ ਹਨ)। ਘਰ ਤੋਂ ਚਾਰ ਪੰਜ ਸੌ ਗ਼ਜ਼ ਦੇ ਫ਼ਾਸਲੇ ਤੇ ਸਾਂਸੀਆਂ ਦੀਆਂ ਕੁੱਲੀਆਂ ਸਨ, ਸਿਵੇ ਸਨ ਜਿਥੇ ਹਰ ਸਮੇਂ ਮੁਰਦੇ ਸੜਦੇ ਰਹਿੰਦੇ ਸਨ। ਇਸ ਤਰ੍ਹਾਂ ਮੇਰਾ ਲੜਕਪਨ ਦਲਿਤ ਸਾਥੀਆਂ, ਉਨ੍ਹਾਂ ਦੀਆਂ ਕੁੱਲੀਆਂ ਵਿਚਕਾਰ ਉਨ੍ਹਾਂ ਦੇ ਦੁੱਖਾਂ ਤਕਲੀਫ਼ਾਂ ਨਾਲ ਸਾਂਝਾਂ ਪਾਉਂਦੇ ਬੀਤਿਆ। ਇਸ ਆਲੇ ਦੁਆਲੇ ਨੇ ਮੈਨੂੰ ਦਲਿਤ ਵਰਗ ਦੀਆਂ ਸਮੱਸਿਆਵਾਂ ਦਾ ਮੁੱਢਲਾ ਗਿਆਨ ਬਖ਼ਸ਼ਿਆ, ਜਿਹੜਾ ਹੁਣ ਤੱਕ ਮੇਰੀਆਂ ਰਚਨਾਵਾਂ ਵਿਚ ਮੇਰਾ ਸਹਾਈ ਹੈ।

ਇਹੋ ਲੋਕ ਮੇਰੀ ਲਿਖਣ ਸਮੱਗਰੀ ਦਾ ਮੁੱਖ ਸੋਮਾ ਹਨ, ਮੇਰੇ ਪ੍ਰੇਰਣਾ ਸਰੋਤ ਅਤੇ ਮੇਰੇ ਦ੍ਰਿਸ਼ਟੀਕੋਣ ਦੇ ਸਿਰਜਕ ਹਨ।

ਇਨ੍ਹਾਂ ਲੋਕਾਂ ਦੀ ਭੈੜੀ ਹਾਲਤ ਮਨ ਵਿਚ ਪ੍ਰਸ਼ਨ ਪੈਦਾ ਕਰਦੀ ਸੀ ਕਿ ਇਹ 'ਨਰਕ' ਕਿਉਂ ਭੋਗ ਰਹੇ ਹਨ? ਕਾਲਜ ਗਿਆ ਤਾਂ ਨਕਸਲੀ ਲਹਿਰ ਜ਼ੋਰ ਤੇ ਸੀ। ਉੱਧਰ ਝੁਕਾ ਹੋਇਆ ਤਾਂ ਇਸ ਭੈੜੀ ਦਸ਼ਾ ਦੇ ਕਾਰਨ ਪਤਾ ਲੱਗਣ ਲੱਗੇ। ਜ਼ਿੰਦਗੀ ਦਾ ਹੋਰ ਗੂੜ੍ਹਾ ਤਜਰਬਾ ਇਨ੍ਹਾਂ ਸਮੱਸਿਆਵਾਂ ਦਾ ਹੱਲ ਵੀ ਸੁਝਾਣ ਲੱਗਾ।

ਇਸੇ ਪ੍ਰਸ਼ਨ ਨਾਲ ਸਬੰਧਤ ਇਕ ਨੁਕਤਾ ਹੋਰ ਵੀ। ਸਾਡੇ ਪਰਿਵਾਰ ਵਿਚ ਨਿਰੋਲ ਪੰਜਾਬੀ ਸੱਭਿਆਚਾਰ ਭਾਰੂ ਸੀ। ਕੋਈ ਧਾਰਮਿਕ ਸੰਸਕਾਰ ਨਹੀਂ ਪਨਪ ਸਕਿਆ। ਘਰ ਵਿਚ ਕੋਈ ਪਾਠ-ਪੂਜਾ ਨਹੀਂ ਸੀ ਹੁੰਦੀ, ਕੋਈ ਵਹਿਮ ਭਰਮ ਨਹੀਂ ਸੀ ਪਾਲਿਆ ਜਾਂਦਾ, ਨਾ ਕੋਈ ਆਡੰਬਰ ਰਚਿਆ ਜਾਂਦਾ

ਸੀ। ਸਾਰੇ ਧਰਮਾਂ ਦਾ ਸਨਮਾਨ ਹੁੰਦਾ ਸੀ। ਇਸ ਤਰ੍ਹਾਂ ਮੇਰਾ ਬਚਪਨ ਧਾਰਮਿਕ ਸੰਸਕਾਰਾਂ ਦੀ ਜਕੜ ਤੋਂ ਮੁਕਤ ਰਿਹਾ। ਪਿੱਛੋਂ ਵਿਗਿਆਨਕ ਸੋਚ ਅਪਨਾਉਣ ਵਿਚ ਮੈਨੂੰ ਸੌਖ ਰਹੀ।

ਇਸ ਤਰ੍ਹਾਂ ਦਾ ਸੀ ਮੇਰਾ ਪਿਛੋਕੜ।

ਪ੍ਰਸ਼ਨ: ਵਿਦਿਅਕ ਪ੍ਰਾਪਤੀਆਂ ਅਤੇ ਕਿੱਤੇ ਦਾ ਸੰਦਰਭ।

ਉੱਤਰ: 1972 ਵਿਚ ਮੈਂ ਬੀ.ਏ. (ਆਨਰਜ਼ ਇਨ ਮੈਥ) ਨਾਲ ਕੀਤਾ ਹੈ। ਇਸ ਇਮਤਿਹਾਨ ਵਿਚ ਮੈਂ ਯੂਨੀਵਰਸਿਟੀ ਵਿਚ ਪਹਿਲੇ ਸਥਾਨ ਤੇ ਰਿਹਾ ਸੀ ਤੇ ਮੈਨੂੰ ਗੋਲਡ ਮੈਡਲ ਮਿਲਿਆ ਸੀ। ਐਲ.ਐਲ.ਬੀ. ਮੈਂ 1976 ਵਿਚ ਪੰਜਾਬ ਯੂਨੀਵਰਸਿਟੀ ਕੈਂਪਸ ਚੰਡੀਗੜ੍ਹ ਤੋਂ ਕੀਤੀ ਹੈ। ਸ਼ਾਮ ਦੀਆਂ ਕਲਾਸਾਂ ਵਿਚ। ਦਿਨੇ ਨੌਕਰੀ ਕਰਦਾ ਸੀ। ਐਲ.ਐਲ.ਬੀ. ਵਿਚੋਂ ਵੀ ਮੈਂ ਯੂਨੀਵਰਸਿਟੀ ਵਿਚੋਂ ਦੂਜੇ ਸਥਾਨ ਤੇ ਰਿਹਾ ਸੀ। ਵਿਚਕਾਰ ਦੀ ਗਿਆਨੀ ਅਤੇ ਬੀ.ਐਡ. ਵੀ ਕਰ ਲਈ। ਜਨਵਰੀ 1979 ਤੋਂ ਸਰਕਾਰੀ ਵਕੀਲ ਹਾਂ।

ਵਿਦਿਅਕ ਯੋਗਤਾਵਾਂ ਅਤੇ ਕਿੱਤੇ ਨੇ ਮੇਰੀ ਰਚਨਾ ਨੂੰ ਬਹੁਤ ਪ੍ਰਭਾਵਿਤ ਕੀਤਾ ਹੈ। ਹਿਸਾਬ ਦਾ ਵਿਦਿਆਰਥੀ ਝਟ ਪੱਟ ਫੈਸਲੇ ਲੈਣ, ਇਕੋ ਨਤੀਜੇ ਤੇ ਪੁੱਜਣ ਅਤੇ ਸਹੀ ਫੈਸਲੇ ਕਰਨ ਦਾ ਆਦੀ ਬਣ ਜਾਂਦਾ ਹੈ। ਇਹ ਵਿਸ਼ਾ ਬੰਦੇ ਨੂੰ ਸਮੇਂ ਦਾ ਪਾਬੰਦ ਬਣਨ ਦਾ ਆਦੀ ਵੀ ਬਣਾਉਂਦਾ ਹੈ।

ਵਕਾਲਤ ਦਾ ਧੰਧਾ ਕਲਪਨਾ ਸ਼ਕਤੀ ਤੇਜ਼ ਕਰਨ, ਤਰਕ, ਪਰਖ, ਚਤੁਰਾਈ, ਆਪਣਾ ਪੱਖ ਪੇਸ਼ ਕਰਨ ਦੀ ਸਮਰੱਥਾ ਅਤੇ ਆਲੋਚਨਾਤਮਿਕ ਦ੍ਰਿਸ਼ਟੀਕੋਣ ਅਪਣਾਉਣ ਵਿਚ ਸਹਾਈ ਸਿੱਧ ਹੁੰਦਾ ਹੈ। ਕੜੀ ਮਿਹਨਤ ਦੋਵੇਂ ਵਿਸ਼ੇ ਹੀ ਭਾਲਦੇ ਹਨ। ਇਕ ਵਧੀਆ ਲੇਖਕ ਬਣਨ ਲਈ ਇਨ੍ਹਾਂ ਗੁਣਾਂ ਦਾ ਹੋਣਾ ਜ਼ਰੂਰੀ ਹੈ, ਜਿਹੜੇ ਮੈਨੂੰ ਮੇਰੀ ਵਿਦਿਅਕ ਯੋਗਤਾ ਅਤੇ ਕਿੱਤੇ ਨੇ ਪ੍ਰਦਾਨ ਕੀਤੇ ਹਨ।

ਸਰਕਾਰੀ ਵਕੀਲ ਹੋਣ ਕਾਰਨ ਮੈਨੂੰ ਪੁਲਿਸ ਅਤੇ ਨਿਆਂ-ਪਾਲਿਕਾ ਨੂੰ ਬਹੁਤ ਹੀ ਨੇੜਿਉਂ ਦੇਖਣ ਦਾ ਮੌਕਾ ਮਿਲਿਆ ਹੈ। ਇਸੇ ਕਿੱਤੇ ਕਾਰਨ ਮੈਂ ਸਾਹਿਤਕ ਖੇਤਰ ਵਿਚ ਵਿਸ਼ੇ ਦੀ ਕੁਝ ਨਵੀਨਤਾ ਲਿਆ ਸਕਿਆ ਹਾਂ।

ਮੇਰੇ ਕਿੱਤੇ ਅਤੇ ਰਚਨਾ ਦਾ ਗੂੜ੍ਹਾ ਸਬੰਧ ਹੈ।

ਪ੍ਰਸ਼ਨ: ਰਚਨਾਕਾਰੀ ਆਰੰਭ ਕਰਨ ਦਾ ਪਿਛੋਕੜ?

ਉੱਤਰ: ਦਸਵੀਂ ਵਿਚ ਮੇਰਾ ਇਕ ਜਮਾਤੀ ਸੀ ਪਰਗਟ ਸਿੰਘ ਖਾਰਾ। ਉਸ ਦੀਆਂ ਕੁਝ ਰਚਨਾਵਾਂ **ਬਾਲ ਸੰਦੇਸ਼** ਵਿਚ ਛਪੀਆਂ। ਸ਼ੁਰੂ ਤੋਂ ਹੀ ਮੇਰੇ ਵਿਚ ਹਰ ਕੰਮ ਵਿਚ ਮੋਹਰੀ ਰਹਿਣ ਦੀ ਪ੍ਰਵਿਰਤੀ। ਮੈਂ ਸੋਚਿਆ ਮੈਨੂੰ ਵੀ ਲਿਖਣਾ ਅਤੇ ਛਪਣਾ ਚਾਹੀਦਾ ਹੈ। ਉਸ ਦੀ ਪ੍ਰੇਰਣਾ ਕਾਰਨ ਮੈਂ ਵੀ ਕਹਾਣੀਆਂ ਲਿਖੀਆਂ ਜੋ **ਬਾਲ ਸੰਦੇਸ਼** (1967-68) ਵਿਚ ਹੀ ਛਪੀਆਂ। ਇਹ ਮੇਰੀ ਰਚਨਾਕਾਰੀ ਦਾ ਆਰੰਭ ਸੀ।

ਕਾਲਜ ਸਮੇਂ ਨਕਸਲੀ ਲਹਿਰ ਜ਼ੋਰ ਤੇ ਸੀ। ਮਨ ਵਿਚ ਪਿਛੜੇ ਵਰਗ ਲਈ ਕੁਝ ਦਰਦ ਪਹਿਲਾਂ ਹੀ ਸੀ। ਇਸ ਲਹਿਰ ਨੇ ਦਰਦ ਨੂੰ ਨਵੇਂ ਰੂਪ ਵਿਚ ਢਾਲ ਦਿੱਤਾ। ਬੰਦੂਕ ਤਾਂ ਨਾ ਚੁੱਕ ਹੋਈ ਕਲਮ ਦਾ ਰੁਖ਼

ਇਧਰ ਨੂੰ ਕਰ ਲਿਆ। **ਸਰਦਲ** ਵਿਚ ਮੇਰੀਆਂ ਕਹਾਣੀਆਂ ਧੜਾ ਧੜ ਛਪੀਆਂ। ਇਸ ਨਾਲ ਮੈਨੂੰ ਹੋਰ ਉਤਸ਼ਾਹ ਮਿਲਿਆ। ਗੁਰਸ਼ਰਨ ਭਾਅ ਜੀ ਦੀ ਪ੍ਰੇਰਣਾ ਨੇ ਮੈਨੂੰ ਪੱਕੇ ਤੌਰ ਤੇ ਸਾਹਿਤਕ ਪਿੜ ਵਿਚ ਸਥਾਪਿਤ ਕਰ ਦਿੱਤਾ। ਉਨ੍ਹਾਂ ਹੀ ਮੇਰਾ ਪਹਿਲਾ ਨਾਵਲ **ਅੱਗ ਦੇ ਬੀਜ** (1971) ਛਾਪਿਆ ਸੀ।

ਪ੍ਰਸ਼ਨ: ਨਾਵਲਕਾਰੀ ਦੇ ਖੇਤਰ ਵਿਚ **ਅੱਗ ਦੇ ਬੀਜ** ਤੋਂ **ਤਫ਼ਤੀਸ਼** ਤੱਕ ਦੀ ਯਾਤਰਾ ਬਾਰੇ ਅਨੁਭਵ (ਰੁਮਾਂਟਿਕ ਪ੍ਰਗਤੀਵਾਦ ਤੋਂ ਆਲੋਚਨਾਤਮਕ ਯਥਾਰਥਵਾਦ ਤੱਕ)

ਉੱਤਰ: ਮਾਰਕਸੀ ਫ਼ਲਸਫ਼ਾ ਇੰਨਾ ਆਸਾਨ ਨਹੀਂ ਕਿ ਦਸਵੀਂ ਬਾਰ੍ਹਵੀਂ ਪੜ੍ਹਦੇ ਮੁੰਡੇ ਦੇ ਆਸਾਨੀ ਨਾਲ ਸਮਝ ਆ ਜਾਵੇ। ਜਿਵੇਂ ਪਹਿਲਾਂ ਨਕਸਲੀਆਂ ਨੇ ਬਿਨਾਂ ਲੋਕ-ਲਹਿਰ ਤਿਆਰ ਕਰੇ ਹਥਿਆਰ ਚੁੱਕ ਲਏ ਸਨ ਅਤੇ ਸੋਚਿਆ ਸੀ ਕਿ ਇਨਕਲਾਬ ਆਪੇ ਬੰਦੂਕ ਦੀ ਨਾਲੀ ਵਿਚੋਂ ਨਿਕਲ ਆਏਗਾ, ਉਸੇ ਤਰ੍ਹਾਂ ਦੀ ਕੱਚ-ਘੜ ਸੋਚ ਮੇਰੀ ਸੀ। ਉਸ ਸਮੇਂ ਦੇ ਮੇਰੇ ਪਾਤਰ ਵੀ ਝਟਪਟ ਇਨਕਲਾਬੀ ਬਣ ਜਾਂਦੇ ਹਨ। ਮੇਰੀ ਇਹ ਧਾਰਨਾ **ਅੱਗ ਦੇ ਬੀਜ** (1971), **ਪੁਨਰਵਾਸ** (ਕਹਾਣੀ-ਸੰਗ੍ਰਹਿ: 1970 ਤੋਂ 1973 ਤੱਕ ਦੀਆਂ) ਅਤੇ **ਕਾਫ਼ਲਾ** (ਨਾਵਲ: 1973) ਤੱਕ ਬਣੀ ਰਹੀ।

ਫੇਰ 1973 ਤੋਂ 1985 ਤੱਕ ਮੈਂ ਚੁਪ ਰਿਹਾ।

ਦੂਸਰੇ ਦੌਰ (1985 ਤੋਂ ਬਾਅਦ) 'ਚ ਪੁੱਜਣ ਤੱਕ ਸਿਧਾਂਤਕ ਸੂਝ ਵੀ ਵਧੀ, ਜ਼ਿੰਦਗੀ ਨੂੰ ਹੋਰ ਨੇੜੇ ਹੋ ਕੇ ਵੀ ਦੇਖਿਆ ਅਤੇ ਵਿਸ਼ਲੇਸ਼ਣ ਕਰਨ ਦੀ ਸਮਰੱਥਾ ਵੀ ਵਧੀ। ਉਪਰੋਂ ਸੋਨੇ ਤੇ ਸੁਹਾਗੇ ਦਾ ਕੰਮ ਕੀਤਾ ਕਾਮਰੇਡ ਸੁਰਜੀਤ ਗਿੱਲ ਨੇ। ਉਨ੍ਹਾਂ ਨਾਲ ਮੇਰਾ ਸੰਪਰਕ ਦਰਸ਼ਨ ਗਿੱਲ (ਬਠਿੰਡਾ) ਰਾਹੀਂ ਹੋਇਆ ਸੀ। ਜੇ ਉਹ ਮੈਨੂੰ ਸਮੇਂ ਸਮੇਂ ਸੇਧ ਨਾ ਦਿੰਦੇ ਤਾਂ ਮੈਂ ਉਹ ਸਾਹਿਤ ਕਦੇ ਵੀ ਨਾ ਰਚ ਸਕਦਾ ਜਿਹੜਾ ਮੈਂ ਹੁਣ ਰਚ ਰਿਹਾ ਹਾਂ।

ਸੁਰਜੀਤ ਗਿੱਲ ਤੋਂ ਇਲਾਵਾ ਮੈਨੂੰ ਡਾ.ਟੀ.ਆਰ. ਵਿਨੋਦ, ਡਾ.ਰਘਬੀਰ ਸਿੰਘ ਸਿਰਜਣਾ ਅਤੇ ਡਾ.ਸੁਰਜੀਤ ਭੱਟੀ ਦੀ ਆਲੋਚਨਾ ਨੇ ਵੀ ਆਲੋਚਨਾਤਮਕ ਯਥਾਰਥਵਾਦ ਦਾ ਰਾਹ ਦਿਖਾਇਆ।

**ਪੁਨਰਵਾਸ** ਅਤੇ **ਕਾਫ਼ਲਾ** ਤੇ ਹੋਈਆਂ ਗੋਸ਼ਟੀਆਂ ਵਿਚ ਸੁਰਜੀਤ ਗਿੱਲ ਹੋਰਾਂ ਸਿਖਾਇਆ ਕਿ ਇਕੱਲੀ ਭੁੱਖ ਜਾਂ ਗਰੀਬੀ ਹੀ ਬੰਦੇ ਨੂੰ ਇਨਕਲਾਬੀ ਨਹੀਂ ਬਣਾਉਂਦੀ। ਸਮੁੱਚੀਆਂ ਪਰਿਸਥਿਤੀਆਂ ਬੰਦੇ ਨੂੰ ਇਨਕਲਾਬੀ ਬਣਾਉਂਦੀਆਂ ਹਨ। ਪਰਿਸਥਿਤੀਆਂ ਨੂੰ ਚਿਤਰੋ।

**ਲਾਮ** ਕਹਾਣੀ-ਸੰਗ੍ਰਿਹ ਰਾਹੀਂ ਮੈਂ ਯਥਾਰਥਵਾਦੀ ਢੰਗ ਨਾਲ ਇਨ੍ਹਾਂ ਪਰਿਸਥਿਤੀਆਂ ਨੂੰ ਚਿਤਰਣ ਦਾ ਯਤਨ ਕੀਤਾ। ਕੋਟਕਪੂਰੇ **ਲਾਮ** ਤੇ ਹੋਈ ਗੋਸ਼ਟੀ ਦੌਰਾਨ ਭੱਟੀ ਹੋਰਾਂ ਦੱਸਿਆ ਕਿ ਅਜਿਹੀਆਂ ਪਰਿਸਥਿਤੀਆਂ ਪੈਦਾ ਕਿਉਂ ਹੁੰਦੀਆਂ ਹਨ? ਕਾਰਣਾਂ ਦਾ ਜ਼ਿਕਰ ਵੀ ਰਚਨਾ ਵਿਚ ਹੋਣਾ ਜ਼ਰੂਰੀ ਹੈ।

ਕੁਝ ਹੋਰ ਕਹਾਣੀਆਂ ਲਿਖੀਆਂ ਤਾਂ ਡਾ.ਟੀ.ਆਰ. ਵਿਨੋਦ ਹੋਰਾਂ ਸੁਝਾ ਦਿੱਤਾ ਕਿ ਮਾੜੀਆਂ ਪਰਿਸਥਿਤੀਆਂ ਵਿਚੋਂ ਨਿਕਲਣ ਦਾ ਕੋਈ ਰਸਤਾ ਵੀ ਦਿਖਾਈ ਦੇਣਾ ਚਾਹੀਦਾ ਹੈ।

ਇਸ ਤਰ੍ਹਾਂ ਵਿਦਵਾਨ ਆਲੋਚਕਾਂ ਤੋਂ ਸਿੱਖਦਾ ਸਿੱਖਦਾ ਮੈਂ **ਤਫ਼ਤੀਸ਼** ਤੱਕ ਪੁੱਜਾ ਹਾਂ। ਹੋਰ ਸਿੱਖਣ ਅਤੇ ਵਧੀਆ ਲਿਖਣ ਦਾ ਯਤਨ ਜਾਰੀ ਹੈ।

ਪ੍ਰਸ਼ਨ: ਪਾਠਕਾਂ ਅਤੇ ਆਲੋਚਨਾਤਮਕ ਹਲਕਿਆਂ ਵੱਲੋਂ **ਤਫ਼ਤੀਸ਼** ਬਾਰੇ ਮਿਲੇ ਹੁੰਗਾਰੇ ਬਾਰੇ ਤੁਹਾਡਾ ਪ੍ਰਤੀਕਰਮ (ਇਸ ਨਾਵਲ ਬਾਰੇ ਪ੍ਰਾਪਤ ਆਲੋਚਨਾ ਤੋਂ ਸੰਤੁਸ਼ਟੀ ਜਾਂ ਅਸੰਤੁਸ਼ਟੀ)

ਉੱਤਰ: ਪਾਠਕਾਂ ਅਤੇ ਆਲੋਚਕਾਂ ਦੋਹਾਂ ਤੋਂ ਮੈਨੂੰ ਭਰਪੂਰ ਅਤੇ ਹੈਰਾਨੀ ਜਨਕ ਹੁੰਗਾਰਾ ਮਿਲਿਆ ਹੈ। ਇਸ ਨਾਵਲ ਨੇ ਇਹ ਧਾਰਨਾ ਤੋੜੀ ਹੈ ਕਿ ਪੰਜਾਬੀ ਆਲੋਚਕ ਪੱਖਪਾਤੀ ਹਨ ਜਾਂ ਕਿ ਪੰਜਾਬੀ ਵਿਚ ਪਾਠਕ ਨਹੀਂ।

ਪਹਿਲਾਂ ਪਾਠਕਾਂ ਦੀ ਗੱਲ: ਪਹਿਲੇ ਹੀ ਹੱਲੇ ਇਸ ਨਾਵਲ ਦੇ ਦੋ ਐਡੀਸ਼ਨ ਛਪੇ। ਪਹਿਲਾ ਮੁਕਤਾ ਪ੍ਰਕਾਸ਼ਨ ਅੰਮ੍ਰਿਤਸਰ ਨੇ ਛਾਪਿਆ ਅਤੇ ਦੂਜਾ ਲੋਕਗੀਤ ਪ੍ਰਕਾਸ਼ਨ ਸਰਹਿੰਦ ਨੇ। ਮੁਕਤਾ ਪ੍ਰਕਾਸ਼ਨ ਨੇ ਹਜ਼ਾਰ ਕਾਪੀ ਛਾਪੀ ਅਤੇ ਲੋਕਗੀਤ ਵਾਲੇ ਨੇ ਤਿੰਨ ਹਜ਼ਾਰ। ਹੁਣ ਤੱਕ ਦੋਵੇਂ ਐਡੀਸ਼ਨ ਖ਼ਤਮ ਹਨ। ਤੀਸਰਾ ਐਡੀਸ਼ਨ (ਸਤੰਬਰ 1992 ਤੱਕ) ਤਿਆਰ ਹੈ, ਜਿਹੜਾ ਕਿ ਲਾਹੌਰ ਬੁੱਕ ਸ਼ਾਪ ਵੱਲੋਂ ਕੱਢਿਆ ਜਾਣਾ ਹੈ। ਇਹ ਨਾਵਲ ਕਿੰਨੇ ਕੁ ਪਾਠਕਾਂ ਨੇ ਪੜ੍ਹਿਆ ਉਸਦੀ ਇਹ ਪਹਿਲੀ ਕਸਵੱਟੀ ਹੈ।

ਦੂਸਰੇ ਮੇਰੇ ਕੋਲ ਪਾਠਕਾਂ ਦੇ ਸੈਂਕੜੇ ਖ਼ਤ ਹਨ। ਇਨ੍ਹਾਂ ਵਿਚ ਦਸਵੀਂ ਵਿਚ ਪੜ੍ਹਦੇ ਵਿਦਿਆਰਥੀ ਵੀ ਹਨ, ਜੇਲ੍ਹਾਂ ਵਿਚ ਸੜਦੇ ਕੈਦੀ ਵੀ, ਵਕੀਲ ਜੱਜ ਅਤੇ ਪੁਲਿਸ ਅਫ਼ਸਰ ਵੀ। ਡਾ.ਅਤਰ ਸਿੰਘ ਵੀ ਅਤੇ ਡਾ.ਕੇਸਰ ਸਿਘ ਕੇਸਰ ਵੀ। ਕਿਸੇ ਨੇ ਫ਼ਿਲਮ ਬਨਾਉਣ ਦੀ ਇੱਛਾ ਪਰਗਟ ਕੀਤੀ। ਕਿਸੇ ਨੇ ਟੀ.ਵੀ. ਸੀਰੀਅਲ ਅਤੇ ਕਿਸੇ ਨੇ ਨਾਟਕ।

ਇਹ ਨਾਵਲ ਗਿਆਨੀ ਜ਼ੈਲ ਸਿੰਘ ਨੇ ਵੀ ਪੜ੍ਹਿਆ ਅਤੇ ਸੁਰਜੀਤ ਸਿੰਘ ਬਰਨਾਲੇ ਨੇ ਵੀ।

ਸਿਆਸੀ ਪੱਖੋਂ ਜਿਥੇ ਇਸ ਨਾਵਲ ਨੂੰ ਪੰਜਾਬ ਲੋਕ ਸੱਭਿਆਚਾਰ ਮੰਚ ਨੇ ਅਪਣਾਇਆ, ਉੱਥੇ ਖ਼ਾਲਸਤਾਨੀ ਜੱਥੇਬੰਦੀ ਦਲ-ਖਾਲਸਾ ਇੰਟਰਨੈਸ਼ਨਲ ਨੇ ਵੀ ਪ੍ਰਸੰਸਾ ਪੱਤਰ ਭੇਜਿਆ।

ਦੂਜੀ ਗੱਲ ਆਲੋਚਕਾਂ ਦੀ: ਪੰਜਾਬੀ ਦੇ ਲਗਭਗ ਹਰ ਸਥਾਪਿਤ ਆਲੋਚਕ ਨੇ ਇਸ ਨਾਵਲ ਨੂੰ ਪੜ੍ਹਿਆ ਹੈ। ਬਹੁਤ ਸਾਰੇ ਚੋਟੀ ਦੇ ਆਲੋਚਕਾਂ ਨੇ ਖੋਜ-ਪੱਤਰ ਵੀ ਲਿਖੇ ਹਨ, ਜਿਨ੍ਹਾਂ ਵਿਚੋਂ ਕੁਝ ਇਸੇ ਪੁਸਤਕ ਵਿਚ ਸ਼ਾਮਲ ਹਨ।

ਗੁਰੂ ਨਾਨਕ ਦੇਵ ਯੂਨੀਵਰਸਿਟੀ ਨੇ ਜਿਥੇ ਇਸ ਨੂੰ ਆਪਣੇ ਐਮ.ਏ. ਦੇ ਸਿਲੇਬਸ ਵਿਚ ਲਾ ਕੇ ਇਸ ਰਚਨਾ ਨੂੰ ਮਾਨਤਾ ਦਿੱਤੀ ਹੈ, ਉੱਥੇ ਪੰਜਾਬੀ ਯੂਨੀਵਰਸਿਟੀ ਅਤੇ ਪੰਜਾਬ ਯੂਨੀਵਰਸਿਟੀ ਨੇ ਇਸ ਉੱਪਰ ਐਮ.ਫਿਲ. ਕਰਵਾ ਕੇ ਇਸ ਦਾ ਮਾਣ ਵਧਾਇਆ ਹੈ।

ਇਸ ਤੋਂ ਵੱਧ ਕੋਈ ਲੇਖਕ ਕੀ ਚਾਹ ਸਕਦਾ ਹੈ?

ਮੈਂ ਪਾਠਕਾਂ ਅਤੇ ਆਲੋਚਕਾਂ ਦੋਹਾਂ ਤੋਂ ਪੂਰੀ ਤਰ੍ਹਾਂ ਸੰਤੁਸ਼ਟ ਹਾਂ ਅਤੇ ਉਨ੍ਹਾਂ ਦਾ ਰਿਣੀ ਹਾਂ। ਉਨ੍ਹਾਂ ਦਾ ਇਹ ਹੁੰਗਾਰਾ ਮੈਨੂੰ ਹੋਰ ਵਧੀਆ ਲਿਖਣ ਲਈ ਪ੍ਰੇਰਣਾ ਦਿੰਦਾ ਰਹੇਗਾ।

ਪ੍ਰਸ਼ਨ: ਬਾਬਾ ਗੁਰਦਿਤ ਸਿੰਘ ਜੀ ਦੇ ਪਾਤਰ ਅਤੇ **ਤਫ਼ਤੀਸ਼** ਨਾਵਲ ਦੇ ਅੰਤ ਬਾਰੇ ਆਲੋਚਕਾਂ ਦੀਆਂ ਟਿੱਪਣੀਆਂ ਬਾਰੇ ਤੁਹਾਡੀ ਰਾਏ?

ਉੱਤਰ: ਹਰ ਚੰਗੇ ਵਿਚਾਰ ਨੂੰ ਮੈਂ ਖਿੜੇ ਮੱਥੇ ਸਵੀਕਾਰ ਕਰਦਾ ਹਾਂ। ਬਾਬਾ ਜੀ ਅਤੇ ਨਾਵਲ ਦੇ ਅੰਤ ਬਾਰੇ ਪ੍ਰਗਟਾਏ ਆਲੋਚਕਾਂ ਦੇ ਵਿਚਾਰਾਂ ਨਾਲ ਮੈਂ ਸਹਿਮਤ ਨਹੀਂ ਹਾਂ। ਇੰਨੇ ਭੈੜੇ ਹਾਲਾਤ ਦੇ ਬਾਵਜੂਦ ਵੀ ਪੰਜਾਬ ਵਿਚ ਇਕ ਧਿਰ ਅਜਿਹੀ ਹੈ, ਜਿਹੜੀ ਹਰ ਤਰ੍ਹਾਂ ਦੇ ਅਤਿਆਚਾਰ ਵਿਰੁੱਧ ਲੜ ਰਹੀ ਹੈ। ਸੈਂਕੜੇ ਯੋਧਿਆਂ ਨੇ ਮਨੁੱਖਤਾ ਦੀ ਰਾਖੀ ਲਈ ਆਪਣੀਆਂ ਜਾਨਾਂ ਵਾਰੀਆਂ ਹਨ। ਜੇ ਇਹ ਧਿਰ ਕਮਜ਼ੋਰ ਵੀ ਹੈ ਤਾਂ ਸਾਡਾ ਫ਼ਰਜ਼ ਬਣਦਾ ਹੈ ਕਿ ਅਸੀਂ ਇਸ ਧਿਰ ਦੇ ਹੱਥ ਮਜ਼ਬੂਤ ਕਰੀਏ। ਆਖ਼ਿਰ ਜਿੱਤ ਇਸੇ ਧਿਰ ਦੀ ਹੋਏਗੀ।

ਪ੍ਰਸ਼ਨ: ਕੀ ਤੁਸੀਂ ਸਮਝਦੇ ਹੋ ਕਿ **ਤਫ਼ਤੀਸ਼** ਨਾਵਲ ਵਿਚ ਜੋ ਮਸਲੇ ਤੁਸੀਂ ਉਭਾਰਨੇ ਚਾਹੇ ਸਨ, ਆਲੋਚਕਾਂ ਨੇ ਉਹਨਾਂ ਨੂੰ ਸਹੀ ਪਰਿਪੇਖ ਵਿਚ ਪਕੜਿਆ ਹੈ। ਕੀ ਕੋਈ ਅਜਿਹਾ ਨੁਕਤਾ ਹੈ ਜੋ ਆਲੋਚਕਾਂ ਦੀ ਪਕੜ ਵਿਚ ਨਾ ਆਇਆ ਹੋਵੇ।

ਉੱਤਰ: ਬੜੇ ਯੋਜਨਾਬੱਧ ਢੰਗ ਨਾਲ ਇਸ ਨਾਵਲ ਵਿਚ ਮੈਂ ਸੈਂਕੜੇ ਤਰ੍ਹਾਂ ਦੇ ਮਸਲੇ ਉਭਾਰਨ ਦਾ ਯਤਨ ਕੀਤਾ ਹੈ। ਆਲੋਚਕਾਂ ਨੇ ਹਾਲੇ ਇਸਨੂੰ ਤਕਨੀਕੀ ਪੱਖ ਤੋਂ ਹੀ ਜ਼ਿਆਦਾ ਪਰਖਿਆ ਹੈ। ਵਿਸ਼ੇ ਪੱਖੋਂ ਵੀ ਹਾਲੇ ਇਸ ਨੂੰ ਰਵਾਇਤੀ ਸਮਾਜਿਕ ਦ੍ਰਿਸ਼ਟੀਕੋਣ ਤੋਂ ਹੀ ਪਰਖਿਆ ਗਿਆ ਹੈ। ਮੈਂ ਨਿਆਂ-ਪ੍ਰਬੰਧ, ਕਾਨੂੰਨ-ਵਿਗਿਆਨ, ਜੁਰਮ-ਵਿਗਿਆਨ ਅਤੇ ਪੰਜਾਬ ਦੀ ਅਜੋਕੀ ਸਥਿਤੀ ਦੇ ਇਕ ਅਹਿਮ ਪਹਿਲੂ (ਪੁਲਿਸ) ਨੂੰ ਵਿਸਥਾਰ ਸਹਿਤ ਚਿਤਰਿਆ ਹੈ। ਇਨ੍ਹਾਂ ਨੁਕਤਿਆਂ ਤੇ ਹਾਲੇ ਆਲੋਚਕਾਂ ਦੀ ਨਜ਼ਰ ਨਹੀਂ ਪਈ। (ਪੁਸਤਕ ਵਿਚਲੇ ਲੇਖ ਪੜ੍ਹ ਕੇ ਸ਼ਾਇਦ ਤੁਸੀਂ ਆਪਣੀ ਰਾਇ ਬਦਲ ਲਉ।)

ਪ੍ਰਸ਼ਨ: **ਤਫ਼ਤੀਸ਼** ਨਾਵਲ ਦੀ ਤਕਨੀਕ ਬਾਰੇ ਕੁਝ ਕਹਿਣਾ ਚਾਹੋ? ਕੀ ਇਸਦੀ ਘਾੜਤ ਸੁਚੇਤ ਸੀ ਜਾਂ ਅਚੇਤ ਹੀ ਦਿਸਦਾ ਅਜਿਹਾ ਰੂਪਗਤ ਚੌਖਟਾ ਉਸਰ ਗਿਆ।

ਉੱਤਰ: ਮੇਰੇ ਜ਼ਿਹਨ ਵਿਚ ਵਿਸ਼ਾ ਸੀ। ਵਿਸ਼ਾ ਇੰਨਾ ਵਿਸ਼ਾਲ ਸੀ ਕਿ ਨਾਵਲ ਦੀ ਕੋਈ ਵੀ ਪਰੰਪਰਾਗਤ ਵਿਧੀ ਉਸ ਨੂੰ ਪ੍ਰਗਟਾ ਨਹੀਂ ਸੀ ਸਕਦੀ। ਤਕਨੀਕ ਨੇ ਆਪਣਾ ਰਾਹ ਆਪ ਬਣਾਇਆ ਹੈ। ਸੁਚੇਤ ਹੋ ਕੇ ਮੈਂ ਕਿਸੇ ਤਕਨੀਕ ਦੀ ਕਾਢ ਨਹੀਂ ਕੱਢੀ।

ਪ੍ਰਸ਼ਨ: ਪੰਜਾਬੀ ਨਾਵਲ ਦੀ ਅਜੋਕੀ ਸਥਿਤੀ ਬਾਰੇ ਤੁਹਾਡੀ ਰਾਏ?

ਉੱਤਰ: ਇਸ ਉੱਤਰ ਨੂੰ ਮੇਰਾ ਅਹੰਕਾਰ ਨਾ ਸਮਝਣਾ। ਪੰਜਾਬੀ ਨਾਵਲ ਦੀ ਸਥਿਤੀ ਬਹੁਤੀ ਚੰਗੀ ਨਹੀਂ ਹੈ। ਸਮੁੱਚੇ ਤੌਰ ਤੇ ਨਾਵਲਕਾਰਾਂ ਦੀ ਗਿਣਤੀ ਵੀਹ ਪੰਝੀ ਤੋਂ ਵੱਧ ਨਹੀਂ ਹੈ। ਖੋਜ-ਭਰਪੂਰ ਨਾਵਲਾਂ ਦੀ ਬਹੁਤ ਘਾਟ ਹੈ। ਕਿਰਸਾਨੀ, ਮੱਧ-ਵਰਗ, ਵਰਜਿਤ-ਰਿਸ਼ਤੇ ਜਾਂ ਪੰਜਾਬ ਦੀ ਅਜੋਕੀ ਸਥਿਤੀ ਵਰਗੇ ਘਸੇ ਪਿਟੇ ਵਿਸ਼ਿਆਂ ਤੇ ਹੀ ਨਾਵਲ ਰਚਿਆ ਜਾ ਰਿਹਾ ਹੈ। ਇਸੇ ਲਈ ਨਾ ਨਾਵਲਾਂ ਦਾ ਨੋਟਿਸ ਲਿਆ ਜਾ ਰਿਹੈ ਨਾ ਨਾਵਲਕਾਰਾਂ ਦਾ। ਨਵੇਂ ਨਵੇਂ ਵਿਸ਼ਿਆਂ ਤੇ ਨਾਵਲ ਲਿਖੇ ਜਾਣ ਦੀ ਜ਼ਰੂਰਤ ਹੈ।

ਪ੍ਰਸ਼ਨ: ਸਮਕਾਲੀ ਅਤੇ ਪੂਰਵਕਾਲੀ ਪੰਜਾਬੀ ਨਾਵਲਕਾਰਾਂ ਬਾਰੇ ਤੁਹਾਡੇ ਵਿਚਾਰ?

ਉੱਤਰ: ਵਿਦਿਆਰਥੀ ਜੀਵਨ ਵਿਚ ਨਾਨਕ ਸਿੰਘ, ਕੰਵਲ, ਗੁਰਦਿਆਲ ਸਿੰਘ ਅਤੇ ਟਿਵਾਣਾ ਪ੍ਰਭਾਵਿਤ ਕਰਦੇ ਰਹੇ। ਹੁਣ ਜਦੋਂ ਕਿ ਨਾਵਲ ਦੇ ਵਿਧੀ-ਵਿਧਾਨ ਅਤੇ ਲੋਕਾਂ ਦੀਆਂ ਅਸਲ ਸਮੱਸਿਆਵਾਂ ਦੀ ਸਮਝ ਆਉਣ ਲੱਗੀ ਹੈ ਤਾਂ ਪੰਜਾਬੀ ਦਾ ਏਈ ਵੀ ਨਾਵਲਕਾਰ ਮੈਨੂੰ ਟੁੰਬ ਨਹੀਂ ਰਿਹਾ।

ਪ੍ਰਸ਼ਨ: ਬਦੇਸ਼ੀ ਨਾਵਲਕਾਰਾਂ ਤੋਂ ਕਿਸੇ ਰੂਪ ਵਿਚ ਪ੍ਰਭਾਵਿਤ?

ਉੱਤਰ: ਬਚਪਨ ਤੋਂ ਹੀ ਮੈਂ ਰੂਸੀ ਸਾਹਿਤ ਪੜ੍ਹਦਾ ਰਿਹਾ ਹਾਂ। ਗੋਰਕੀ, ਟਾਲਸਟਾਏ ਅਤੇ ਚੈਖ਼ਵ ਨੇ ਮੈਨੂੰ ਸਭ ਤੋਂ ਵੱਧ ਪ੍ਰਭਾਵਿਤ ਕੀਤਾ ਹੈ। ਬੀ.ਏ. ਕਰਦੇ ਸਮੇਂ ਹੈਮਿੰਗਵੇ ਦਾ ਨਾਵਲ **ਬੁੱਢਾ ਅਤੇ ਸਮੁੰਦਰ** (Oldman and the Sea) ਵੀ ਪੜ੍ਹਿਆ ਸੀ। ਉਹ ਅੱਜ ਤੱਕ ਜ਼ਿਹਨ ਤੇ ਛਾਇਆ ਹੋਇਆ ਹੈ।

ਪ੍ਰਸ਼ਨ: ਨਾਵਲਕਾਰੀ ਦੇ ਖੇਤਰ ਵਿਚ ਭਵਿਖਤ ਯੋਜਨਾਵਾਂ?

ਉੱਤਰ: **ਤਫ਼ਤੀਸ਼** ਰਾਹੀਂ ਜਿਥੇ ਪੁਲਿਸ-ਸੱਭਿਆਚਾਰ ਚਿਤਰਣ ਦਾ ਯਤਨ ਕੀਤਾ ਹੈ, ਉੱਥੇ **ਕਟਹਿਰਾ** ਰਾਹੀਂ ਨਿਆਂ-ਪਾਲਿਕਾ ਨਾਲ ਪਾਠਕਾਂ ਦੀ ਸਾਂਝ ਪਵਾਵਾਂਗਾ। ਤਿੰਨ ਸਾਲ ਤੋਂ ਇਸੇ ਨਾਵਲ ਤੇ ਕੰਮ ਕਰ ਰਿਹਾ ਹਾਂ। ਅਗਲੇ ਸਾਲ ਛਪ ਜਾਏਗਾ।

ਜਦੋਂ ਵੀ ਲਿਖਾਂਗਾ ਕਿਸੇ ਨਵੇਂ ਵਿਸ਼ੇ ਤੇ ਲਿਖਾਂਗਾ। ਨਹੀਂ ਤਾਂ ਨਹੀਂ ਲਿਖਾਂਗਾ। ਹਾਲੇ ਇਹ ਯੋਜਨਾ ਹੈ।